

Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 04; January 27, 2024    20451 N. Plum Grove Rd., Palatine, IL 60074    Ph:847-359-0746, Fax:847-705-9388


# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਸਲਾ ਭਖਿਆ

## ਰਿਹਾਈ ਦੀ ਅਰਜ਼ੀ ਸੱਤਵੀਂ ਵਾਰ ਰੱਦ

**ਅੰਮ੍ਰਿਤਸਰ:** ਦਿੱਲੀ ਸਰਕਾਰ ਵੱਲੋਂ ਕੈਦੀਆਂ ਦੀ ਰਿਹਾਈ ਸਬੰਧੀ ਰਿਵਿਊ ਬੋਰਡ ਵਿਚ ਸਿੱਖ ਬੰਦੀ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੀ ਅਰਜ਼ੀ ਸੱਤਵੀਂ ਵਾਰ ਰੱਦ ਕਰਨ ਦਾ ਮਾਮਲਾ ਭਖ ਗਿਆ ਹੈ। ਇਹ ਅਰਜ਼ੀ ਉਸ ਸਮੇਂ ਰੱਦ ਕੀਤੀ ਗਈ ਹੈ ਜਦੋਂ ਕਤਲ ਅਤੇ ਜਬਰ ਜਨਾਹ ਜਿਹੇ ਸੰਗੀਨ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਿਹਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ 50 ਦਿਨ ਦੀ ਪੈਰੋਲ ਉਤੇ ਬਾਹਰ ਆਇਆ ਹੋਇਆ ਹੈ। ਜਥੇਬੰਦੀਆਂ ਨੇ ਇਸ ਨੂੰ ਸਿੱਖਾਂ ਨਾਲ ਵਿਤਕਰਾ ਕਰਾਰ ਦਿੰਦਿਆਂ ਸਰਕਾਰਾਂ ਦੀ ਨੀਅਤ ਉਤੇ ਸਵਾਲ ਚੁੱਕੇ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਦਿੱਲੀ ਪ੍ਰਦੇਸ਼ ਸਰਕਾਰ ਸਿੱਖਾਂ ਨਾਲ ਵਿਤਕਰੇ ਵਾਲਾ ਰਵੱਈਆ ਰੱਖ ਰਹੀ ਹੈ। ਪਹਿਲਾਂ ਵੀ 6 ਵਾਰ ਦਿੱਲੀ ਦੀ ਪ੍ਰਦੇਸ਼ ਸਰਕਾਰ ਦਾ 'ਸੈਨਟੈਂਸ ਰਿਵਿਊ ਬੋਰਡ' ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਜੋ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿਚ ਨਜ਼ਰਬੰਦ ਹਨ, ਦੀ ਰਿਹਾਈ ਦੀ ਅਰਜ਼ੀ ਨੂੰ ਰੱਦ ਕਰ ਚੁੱਕਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਅਤੇ ਕੇਂਦਰ ਸਰਕਾਰ ਵੱਲੋਂ ਸਿੱਖ ਮਸਲਿਆਂ 'ਤੇ ਲਏ ਯੂ-ਟਰਨ ਸਪਸ਼ਟ ਕਰਦੇ ਹਨ ਕਿ ਇਹ ਲੋਕ ਸੌੜੇ ਸਿਆਸੀ ਹਿੱਤਾਂ ਖਾਤਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਆ ਹਨ। ਦੋਵਾਂ ਹਕੂਮਤਾਂ ਦਾ ਇਕੋ ਏਜੰਡਾ ਹੈ। ਹਾਲਾਂਕਿ ਆਮ



ਆਦਮੀ ਪਾਰਟੀ ਦਾ ਤਰਕ ਹੈ ਕਿ ਦਿੱਲੀ ਅੱਧੀ ਸਟੇਟ ਹੈ, ਇਸ ਕੋਲ ਮੁਕੰਮਲ ਤਾਕਤਾਂ ਨਹੀਂ। ਇਸ ਦੀ ਪੁਲਿਸ ਤੇ ਕਾਨੂੰਨ ਵਿਵਸਥਾ ਕੇਂਦਰ ਸਰਕਾਰ ਤੇ ਐਲ.ਜੀ. ਦੇ ਹੱਥ ਵਿਚ ਹੁੰਦੀ ਹੈ। ਸਾਰੇ ਮਾਮਲੇ 'ਸੈਨਟੈਂਸ ਰਿਵਿਊ ਬੋਰਡ' ਦੁਆਰਾ ਦੇਖੇ ਜਾਂਦੇ ਹਨ।

ਯਾਦ ਰਹੇ ਕਿ ਰਿਵਿਊ ਬੋਰਡ ਦੀ ਬੈਠਕ ਦੌਰਾਨ 46 ਕੇਸਾਂ ਵਿਚੋਂ 14 ਕੈਦੀਆਂ ਦੀ ਰਿਹਾਈ ਦੀ ਅਪੀਲ ਨੂੰ ਹਰੀ ਝੰਡੀ ਦੇ ਦਿੱਤੀ ਹੈ; ਇਸ ਦੌਰਾਨ 32 ਕੈਦੀਆਂ ਦੀ ਜਲਦ ਰਿਹਾਈ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਗਿਆ ਹੈ। ਖਾਰਜ ਕੀਤੀਆਂ ਗਈਆਂ ਪਟੀਸ਼ਨਾਂ ਦੀ ਸੂਚੀ ਵਿਚ ਪ੍ਰੋ. ਭੁੱਲਰ ਦਾ ਨਾਂ ਵੀ ਸ਼ਾਮਲ ਹੈ। ਸਿੱਖ ਜਥੇਬੰਦੀਆਂ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਲੰਮੇ ਸਮੇਂ ਤੋਂ ਸੰਘਰਸ਼ ਵਿੱਢਿਆ ਹੋਇਆ ਹੈ। ਜਥੇਬੰਦੀਆਂ ਵਿਚ ਰੋਸ ਹੈ ਕਿ ਸਜ਼ਾ ਪੂਰੀ ਕਰਨ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਸਾਜ਼ਿਸ਼ ਤਹਿਤ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ।

*(ਬਾਕੀ ਸਫਾ 6 'ਤੇ)*

### ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣ ਉਤੇ ਸਵਾਲ

**ਚੰਡੀਗੜ੍ਹ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਵਾਰ-ਵਾਰ ਪੈਰੋਲ ਦੇਣ ਉਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਇਤਰਾਜ਼ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਡੇਰਾ ਮੁਖੀ ਨਾਲ ਸਰਕਾਰ ਦੀ ਇਹ ਵਿਸ਼ੇਸ਼ ਹਮਦਰਦੀ ਸਵਾਲ ਖੜ੍ਹੇ ਕਰਦੀ ਹੈ। ਇਹ ਸਿੱਧੇ ਤੌਰ 'ਤੇ ਸਿਆਸਤ ਤੋਂ ਪ੍ਰੇਰਿਤ ਵਰਤਾਰਾ ਹੈ। ਦੇਸ਼ ਵਿਚ ਸਰਕਾਰਾਂ ਦੋਹਰੀ ਨੀਤੀ ਅਪਣਾ ਰਹੀਆਂ ਹਨ। ਇਕ ਪਾਸੇ ਗੰਭੀਰ ਦੋਸ਼ਾਂ ਹੇਠ ਸਜ਼ਾ ਕੱਟ ਰਹੇ ਵਿਅਕਤੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ; ਦੂਜੇ ਪਾਸੇ ਤਿੰਨ-ਤਿੰਨ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖਾਂ ਬਾਰੇ ਪੱਖਪਾਤੀ ਰਵੱਈਆ ਅਪਣਾਇਆ ਜਾ ਰਿਹਾ ਹੈ।

# ਮੋਦੀ ਹੁਣ 'ਰਾਮ ਸਿਆਸਤ' 'ਤੇ ਸਵਾਰ ਹੋਇਆ

**ਅਯੁੱਧਿਆ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਅਯੁੱਧਿਆ 'ਚ ਅੱਧੇ-ਅਧੂਰੇ ਬਣੇ ਰਾਮ ਮੰਦਰ ਦਾ ਉਦਘਾਟਨ ਕਰ ਕੇ 2024 ਦੀਆਂ ਲੋਕ ਸਭਾ ਚੋਣਾਂ ਬਾਰੇ ਆਪਣੀ ਰਣਨੀਤੀ ਸਪਸ਼ਟ ਕਰ ਦਿੱਤੀ ਹੈ। ਭਾਜਪਾ ਦੀ ਇਸ 'ਕਾਹਲੀ' ਉਤੇ ਕਈ ਹਿੰਦੂ ਆਗੂਆਂ ਨੇ ਵੀ ਸਵਾਲ ਚੁੱਕੇ ਹਨ। ਹਾਲਾਂਕਿ ਭਾਜਪਾ ਨੇ ਆਪਣਾ ਇਰਾਦਾ ਸਪਸ਼ਟ ਕਰ ਦਿੱਤੀ ਹੈ ਕਿ ਇਸ ਵਾਰ ਵੀ ਚੋਣਾਂ ਲੋਕ ਮਸਲਿਆਂ ਦੀ ਥਾਂ ਰਾਸ਼ਟਰਵਾਦ ਅਤੇ ਧਾਰਮਿਕ ਓਟ ਆਸਰੇ ਹੀ ਲੜੀਆਂ ਜਾਣਗੀਆਂ। ਭਾਜਪਾ ਰਾਮ ਮੰਦਰ ਨੂੰ ਆਪਣੀ ਵੱਡੀ ਪ੍ਰਾਪਤੀ ਵਜੋਂ ਪ੍ਰਚਾਰ ਰਹੀ ਹੈ ਅਤੇ ਹਿੰਦੂ ਵੋਟਾਂ ਨੂੰ ਇਕ ਪਾਸੇ ਭੁਗਤਾਉਣ ਲਈ ਪੂਰੀ ਵਾਹ ਲਾ ਰਹੀ ਹੈ।

ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਮਨਸੂਖ ਕਰਨ ਦੇ ਨਾਲ ਨਾਲ ਸਾਂਝਾ ਸਿਵਲ ਕੋਡ ਲਾਗੂ ਕਰਨ ਅਤੇ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ ਦੀ ਉਸਾਰੀ ਜਿਹੇ ਮੁੱਦੇ ਕਈ ਦਹਾਕਿਆਂ ਤੋਂ ਭਾਜਪਾ ਦੇ ਏਜੰਡੇ ਉਤੇ ਰਹੇ ਹਨ। ਭਗਵਾ ਧਿਰ ਨੇ ਆਪਣੇ ਤਕਰੀਬਨ ਦੋ ਦਹਾਕਿਆਂ ਦੀ ਸੱਤਾ ਵਿਚ ਆਪਣੇ ਇਸ 'ਟੀਚੇ' ਨੂੰ ਪੂਰਾ ਕਰ ਲਿਆ ਹੈ। ਧਾਰਾ 370 ਮਨਸੂਖ ਕਰਨ ਤੋਂ ਬਾਅਦ ਰਾਮ ਮੰਦਰ ਵਾਲੇ ਏਜੰਡੇ ਨੂੰ ਸਿਰੇ ਚਾੜ੍ਹ ਲਿਆ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਗਰਭ ਗ੍ਰਹਿ 'ਚ 84 ਸੈਕਿੰਡ ਦੇ ਮਹੂਰਤ ਦੌਰਾਨ ਹੋਈ ਪ੍ਰਾਣ ਪ੍ਰਤਿਸ਼ਠਾ ਨਾਲ ਮੰਦਰ ਵਿਚ ਕਈ ਧਾਰਮਿਕ ਰਸਮਾਂ ਕੀਤੀਆਂ। ਬਾਅਦ 'ਚ ਉਨ੍ਹਾਂ ਭਗਵਾਨ ਰਾਮ ਦੇ ਬਾਲ ਰੂਪ ਵਾਲੀ 51 ਇੰਚ ਦੀ ਮੂਰਤੀ ਅੱਗੇ ਡੰਡਵਤ ਪ੍ਰਣਾਮ ਕੀਤਾ। ਵਿਰੋਧੀ ਧਿਰ ਦੇ ਆਗੂ ਸਮਾਗਮ ਨੂੰ ਸੰਘ ਅਤੇ ਭਾਜਪਾ ਦਾ ਪ੍ਰੋਗਰਾਮ ਦੱਸ ਕੇ ਇਸ ਤੋਂ ਲਾਂਭੇ ਰਹੇ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ 'ਚ ਰਾਮ ਲੱਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਨਵੇਂ ਯੁੱਗ ਦੇ ਆਗਾਜ਼ ਦਾ ਪ੍ਰਤੀਕ ਕਰਾਰ ਦਿੱਤਾ ਹੈ। ਉਨ੍ਹਾਂ ਲੋਕਾਂ ਨੂੰ ਅਗਲੇ ਇਕ ਹਜ਼ਾਰ ਸਾਲਾਂ ਦੇ ਮਜ਼ਬੂਤ, ਵਿਸ਼ਾਲ ਅਤੇ ਪਵਿੱਤਰ ਭਾਰਤ ਦੀ ਨੀਂਹ ਬਣਾਉਣ ਦਾ ਸੱਦਾ ਦਿੱਤਾ।

ਉਧਰ, ਵਿਰੋਧੀ ਧਿਰ ਦਾ ਆਖਣਾ ਹੈ ਕਿ ਇਹ ਸਾਰਾ ਕੁਝ ਇਸੇ ਸਾਲ ਹੋ ਰਹੀਆਂ ਲੋਕ ਸਭਾ ਵਿਚ ਵੋਟਾਂ ਬਟੋਰਨ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਮੋਦੀ ਸਰਕਾਰ ਕੋਲ ਆਪਣੀ ਕਾਰਕਰਦਗੀ ਦਿਖਾਉਣ ਲਈ ਕੁਝ ਵੀ ਨਹੀਂ ਹੈ, ਇਸੇ ਲਈ ਹੁਣ ਧਾਰਮਿਕ ਮਸਲੇ ਉਭਾਰ ਕੇ ਵੋਟਾਂ ਹਾਸਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।


## One stop shop for all your taxi needs

**The Friendly Group Ltd.**
**Chelsea Taxi Brokers**
Ph: 212-947-9833, 212-695-0601

*40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ*

*All types of insurance*
** Medallion transfers*
** Accident claims*
** Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।*

*Ask us about Purchase or new buyer and financing.

# ਕੈਲੀਫੋਰਨੀਆਂ ਦੀ ਸਟੇਟ ਅਸੈਂਬਲੀ ਵਿਚ ਡਾ. ਸਵੈਮਾਨ ਸਿੰਘ ਦਾ ਸਨਮਾਨ

**ਸੈਕਰਾਮੈਂਟੋ:** ਕੁਝ ਲੋਕ ਆਪਣੇ ਲਈ ਜਿਉਂਦੇ ਨੇ, ਪਰ ਕੁਝ ਲੋਕ ਦੂਸਰਿਆਂ ਲਈ ਵੀ ਕੁਝ ਨਾ ਕੁਝ ਕਰਨਾ ਚਹੁੰਦੇ ਨੇ। ਐਸੀ ਹੀ ਮਨੁੱਖਤਾ ਨੂੰ ਪ੍ਰਣਾਈ ਸ਼ਖਸੀਅਤ ਡਾ. ਸਵੈਮਾਨ ਸਿੰਘ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਅਤੇ ਮਾਨਵਤਾ ਲਈ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਕੈਲੀਫੋਰਨੀਆ ਰਾਜ ਵਿਧਾਨ ਸਭਾ ਦਾ ਵੱਕਾਰੀ ਸਨਮਾਨ ਮਿਲਿਆ। ਐਵਾਰਡ ਲਈ ਮਤਾ ਡਾ: ਜਮੀਤ ਬੈਂਸ ਵੱਲੋਂ ਲਿਆਂਦਾ ਗਿਆ। ਡਾ. ਬੈਂਸ ਨੇ 5 ਰਿਵਰ ਸੰਸਥਾ ਵੱਲੋਂ ਵਿਸ਼ਵ ਭਰ ਦੇ ਨਾਲ-ਨਾਲ ਅਮਰੀਕਾ ਵਿਚ ਵੀ ਕੀਤੇ ਜਾ ਰਹੇ ਮਹਾਨ ਕਾਰਜਾਂ ਦੀ ਸ਼ਲਾਘਾ ਕੀਤੀ।

ਡਾ. ਸਵੈਮਨ ਸਿੰਘ, ਰੋਚੈਸਟਰ, ਮਿਨੇਸੋਟਾ ਯੂਐਸਏ ਵਿਖੇ ਮੇਓ ਕਲੀਨਿਕ, ਵਿਸ਼ਵ ਦੇ ਨੰਬਰ ਇੱਕ ਹਸਪਤਾਲ ਵਿਚ ਹਾਰਟ ਟਰਾਂਸਪਲਾਂਟ ਅਤੇ ਐਡਵਾਂਸਡ ਹਾਰਟ ਫੇਲੀਅਰ ਦੇ ਖੇਤਰ ਵਿਚ ਬੋਰਡ-ਪ੍ਰਮਾਣਿਤ ਕਾਰਡੀਓਲੋਜਿਸਟ ਅਤੇ ਕਲੀਨਿਕਲ ਇੰਸਟ੍ਰਕਟਰ ਵਜੋਂ ਕੰਮ ਕਰ ਰਹੇ ਹਨ। ਸਮਾਗਮ ਵਿਚ ਕੈਲੀਫੋਰਨੀਆ ਦੇ ਆਸ-ਪਾਸ ਦੀਆਂ ਕਈ ਮਹਾਨ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਡਾ. ਸਿੰਘ ਦੇ ਸਮਰਥਨ ਵਿਚ ਆਈਆਂ ਸੰਸਥਾਵਾਂ ਵਿਚ ਇੰਡੋ-ਅਮੈਰੀਕਨ ਹੈਰੀਟੇਜ ਫੋਰਮ, ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ, ਭਾਰਤੀ ਸੱਭਿਆਚਾਰਕ ਅਤੇ ਵਿਦਿਅਕ ਸੰਸਥਾਵਾਂ ਯੂਬਾ ਸਿਟੀ, ਵਰਲਡ ਸਿੱਖ ਫੈਡਰੇਸ਼ਨ, ਸਿੱਖ ਸੰਗਤ ਆਫ਼ ਰਿਵਰਸਾਈਡ, ਲਾਸ ਏਂਜਲਸ, ਸੈਨ ਫਰਾਂਸੀਸਕੋ, ਸੈਨ ਹੋਜੇ, ਬੇਕਰਸਫੀਲਡ, ਫਰਿਜ਼ਨੋ, ਫੇਅਰਫੀਲਡ, ਸਟੌਕਟਨ ਅਤੇ ਸੈਕਰਾਮੈਂਟੋ ਆਦਿ ਦੇ ਨਾਮ ਜ਼ਿਕਰਯੋਗ ਹਨ।



ਪਿਛਲੇ ਲੰਮੇ ਸਮੇਂ ਤੋਂ ਡਾ. ਸਵੈਮਾਨ ਸਿੰਘ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਅਨੁਸਾਰ ਲਗਾਤਾਰ ਕੰਮ ਕਰਦੇ ਆ ਰਹੇ ਨੇ। ਉਹ ਇੱਕ ਅਜਿਹੀ ਦੁਨੀਆ ਬਣਾਉਣ ਲਈ ਯਤਨਸ਼ੀਲ ਹੈ ਜਿੱਥੇ ਹਰ ਵਿਅਕਤੀ ਨੂੰ ਜ਼ਰੂਰੀ ਸਰੋਤਾਂ ਅਤੇ ਮੌਕਿਆਂ ਤੱਕ ਪਹੁੰਚਣ ਲਈ ਮੌਕਾ ਜ਼ਰੂਰ ਮਿਲੇ। ਇਹ ਸਨਮਾਨ ਉਨ੍ਹਾਂ ਦੀ ਸੰਸਥਾ ਅਤੇ ਇਸਦੀ ਸਮਰਪਿਤ ਟੀਮ ਲਈ ਆਪਣੇ ਪ੍ਰਭਾਵਸ਼ਾਲੀ ਕੰਮ ਨੂੰ ਜਾਰੀ ਰੱਖਣ ਅਤੇ ਮਨੁੱਖਤਾ ਦੀ ਸੇਵਾ ਵਿਚ ਹੋਰ ਉਚਾਈਆਂ ਤੱਕ ਪਹੁੰਚਣ ਲਈ ਇੱਕ ਪ੍ਰੇਰਣਾ ਵਜੋਂ ਕੰਮ ਕਰੇਗਾ।

ਇਸ ਮੌਕੇ ਡਾ: ਸਿੰਘ ਨੇ ਕਿਸਾਨ ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ 733 ਕਿਸਾਨਾਂ ਨੂੰ ਯਾਦ ਕੀਤਾ। ਉਨ੍ਹਾਂ ਨੇ ਦੁਨੀਆ ਭਰ ਦੇ ਬਹੁਤ ਸਾਰੇ ਨਾਗਰਿਕਾਂ ਦੇ ਯਤਨਾਂ ਨੂੰ ਵੀ ਉਜਾਗਰ ਕੀਤਾ ਜੋ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹਾਇਤਾ ਲਈ ਅੱਗੇ ਆਏ ਹਨ। ਡਾ: ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੈਡੀਸਨ, ਵਾਤਾਵਰਨ ਅਤੇ ਸਿੱਖਿਆ ਦੇ ਖੇਤਰਾਂ ਵਿਚ ਹਾਲ ਹੀ ਵਿਚ ਪਾਏ ਯੋਗਦਾਨ ਲਈ ਉਨ੍ਹਾਂ ਦੀਆਂ ਸੇਵਾਵਾਂ ਨੂੰ ਵੀ ਸਲਾਹਿਆ ਗਿਆ।

**-ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਦਵਿੰਦਰ ਸਿੰਘ ਮਾਂਗਟ ਦੀ ਪੁਸਤਕ ਰਿਲੀਜ਼

ਸਰੀ: ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਇਸ ਸਾਲ ਦੀ ਪਹਿਲੀ ਮਾਸਿਕ ਮਿਲਣੀ 13 ਜਨਵਰੀ ਨੂੰ ਬਾਅਦ ਦੁਪਹਿਰ 12:30 ਵਜੇ ਹੋਈ, ਜਿਸ ਵਿਚ ਲੇਖਕ ਦਵਿੰਦਰ ਸਿੰਘ ਮਾਂਗਟ ਦੀ ਅੰਗਰੇਜ਼ੀ ਦੀ ਪੁਸਤਕ "ਔਰੀਜਨ ਔਫ਼ ਦਿ ਸਿੰਘ ਸਭਾ ਮੂਵਮੈਂਟ ਐਂਡ ਇਟਸਲੀਗੇਸੀ" ਦਾ ਲੋਕ ਅਰਪਣ ਕੀਤਾ ਗਿਆ। ਇਹ ਸਮਾਗਮ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿਚ ਪ੍ਰਧਾਨ ਪ੍ਰਿਤਪਾਲ ਗਿੱਲ, ਲੇਖਕ ਦਵਿੰਦਰ ਸਿੰਘ ਮਾਂਗਟ, ਸ. ਮੋਤਾ ਸਿੰਘ ਝਤਿਾ ਅਤੇ ਦਰਸ਼ਨ ਸੰਘਾ ਸਟੇਜ 'ਤੇ ਸੁਸ਼ੋਭਿਤ ਹੋਏ। ਸਮਾਗਮ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ ਨੇ ਕੀਤੀ। ਸਟੇਜ ਦੀ ਕਾਰਵਾਈ ਦਰਸ਼ਨ ਸੰਘਾ ਨੇ ਨਿਭਾਈ।

ਸ਼ੋਕ ਮਤੇ ਵਿਚ ਕਾਮਰੇਡ ਹਰਬੰਸ ਸਿੰਘ ਢਿੱਲੋਂ ਜੋ ਕਿ ਪਿਛਲੇ ਦਿਨੀਂ ਅਚਾਨਕ ਸਦੀਵੀ ਵਿਛੋੜਾ ਦੇ ਗਏ ਨੂੰ ਸਭਾ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਕੁਝ ਬੁਲਾਰਿਆਂ ਤੋਂ ਬਾਅਦ ਪੁਸਤਕ




ਬਾਬਤ ਸੰਖੇਪ ਸਹਿਤ ਪ੍ਰਿਤਪਾਲ ਗਿੱਲ, ਡਾ. ਪ੍ਰਿਥੀਪਾਲ ਸੋਹੀ, ਪ੍ਰੋ. ਕਸ਼ਮੀਰਾ ਸਿੰਘ ਗਿੱਲ, ਪੂਰਨ ਸਿੰਘ, ਦਵਿੰਦਰ ਬੈਨੀਪਾਲ, ਹਰਿੰਦਰ ਕੌਰ ਸੋਹੀ, ਪ੍ਰੇਮ ਸਿੰਘ ਬਿੰਨਗ ਵੱਲੋਂ ਪਰਚੇ ਪੜ੍ਹੇ ਗਏ। ਲੇਖਕ ਦਵਿੰਦਰ ਸਿੰਘ ਮਾਂਗਟ ਵੱਲੋਂ ਆਪਣੀ ਪੁਸਤਕ ਬਾਰੇ ਜਾਣਕਾਰੀ ਦਿੱਤੀ ਗਈ।

ਉਪਰੰਤ ਪ੍ਰਧਾਨਗੀ ਮੰਡਲ, ਲੇਖਕ ਦੀ ਪਤਨੀ, ਬੋਰਡ ਮੈਂਬਰ ਅਤੇ ਜਿਨ੍ਹਾਂ ਨੇ ਪਰਚੇ ਪੜ੍ਹੇ ਦੀ ਹਾਜ਼ਰੀ 'ਚ ਲੇਖਕ ਦਵਿੰਦਰ ਸਿੰਘ ਮਾਂਗਟ ਦੀ ਅੰਗ੍ਰੇਜ਼ੀ ਦੀ ਪੁਸਤਕ "ਔਰੀਜਨ ਔਫ਼ ਦਿ ਸਿੰਘ ਸਭਾ ਮੂਵਮੈਂਟ ਐਂਡ ਇਟਸਲੀਗੇਸੀ' ਰਿਲੀਜ਼ ਕੀਤੀ ਗਈ। ਲੇਖਕ ਅਤੇ ਉਸਦੀ ਪਤਨੀ ਨੂੰ ਸਭਾ ਵੱਲੋਂ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ ਵੱਲੋਂ ਗੀਤ ਸ਼ਹੀਦ ਮੇਵਾ ਸਿੰਘ ਲੋਪੋਕੇ ਦੀ ਯਾਦ ਵਿਚ ਤਰਨੰਮ ਵਿਚ ਪੇਸ਼ ਕੀਤਾ ਗਿਆ।

ਇਸ ਮੌਕੇ ਪੰਜਾਬੀ ਸਾਹਿਤ ਸਭਾ ਸਿਆਟਲ ਦੇ ਪ੍ਰਧਾਨ ਬਲਿਹਾਰ ਸਿੰਘ ਲੇਲ੍ਹ, ਹਰਚੰਦ ਸਿੰਘ ਗਿੱਲ, ਮੀਤ ਪ੍ਰਧਾਨ ਸੁਰਜੀਤ ਸਿੰਘ ਮਾਧੋਪੁਰੀ, ਇੰਦਰਪਾਲ ਸਿੰਘ ਸੰਧੂ, ਦਰਸ਼ਨ ਸੰਘਾ, ਮਾਸਟਰ ਅਮਰੀਕ ਸਿੰਘ ਲੇਲ੍ਹ, ਅਮਰੀਕ ਪਲਾਹੀ, ਹਰਪਾਲ ਸਿੰਘ ਬਰਾੜ, ਇੰਦਰਜੀਤ ਸਿੰਘ ਧਾਮੀ, ਕਵਿੰਦਰ ਚਾਂਦ, ਚਰਨ ਸਿੰਘ, ਪ੍ਰੇਮ ਸਿੰਘ ਬਿੰਨਗ, ਕੁਲਦੀਪ ਗਿੱਲ, ਨਰਿੰਦਰ ਬਾਹੀਆ, ਪ੍ਰੋ. ਦਵਿੰਦਰ ਪਾਲ ਕੌਰ, ਡਾਕਟਰ ਲਖਵਿੰਦਰ ਸਿੰਘ, ਮਨਜੀਤ ਸਿੰਘ ਮਲ੍ਹਾ ਆਦਿ ਸ਼ਾਮਿਲ ਹੋਏ। ਕਵੀ ਦਰਬਾਰ ਵਿਚ ਸਭ ਸਾਹਿਤ ਪ੍ਰੇਮੀਆਂ ਅਤੇ ਲੇਖਕਾਂ ਨੇ ਆਪਣੀਆਂ ਰਚਨਾਵਾਂ ਨਾਲ ਇਸ ਸਮਾਗਮ ਨੂੰ ਰੋਚਕ ਬਣਾਇਆ।

ਅੰਤ ਵਿਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭ ਦਾ ਧੰਨਵਾਦ ਕੀਤਾ ਅਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

**- ਰੂਪਿੰਦਰ ਖਹਿਰਾ ਰੂਪੀ**

# ਡਾ. ਮਾਨ ਸਿੰਘ ਢੀਂਡਸਾ ਵਲੋਂ ਮਨਰੀਤ ਗਰੇਵਾਲ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਮੁਲਾਂਕਣ

**ਸਟਾਕਟਨ:** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 13 ਜਨਵਰੀ ਨੂੰ ਸਥਾਨਕ ਟਰੇਕੇ ਪਬਲਿਕ ਲਾਇਬਰੇਰੀ ਵਿਖੇ ਡਾ. ਮਾਨ ਸਿੰਘ ਢੀਂਡਸਾ, ਪ੍ਰੋਫੈਸਰ ਸੇਵਾਮੁਕਤ (ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਸਾਹਿਤਕ ਸਮਾਗਮ ਰਚਾਇਆ ਗਿਆ।





ਸਮਾਗਮ ਦੇ ਅਰੰਭ ਵਿਚ ਹਰਜਿੰਦਰ ਪੰਧੇਰ ਨੇ ਡਾ. ਸਾਹਿਬ ਦੇ ਪ੍ਰਭਾਵਸ਼ਾਲੀ ਅਧਿਆਪਨ ਜੀਵਨ ਅਤੇ ਹੋਰ ਲੋਕਪੱਖੀ ਕਾਰਜਾਂ 'ਤੇ ਰੋਸ਼ਨੀ ਪਾਈ। ਡਾ. ਮਾਨ ਸਿੰਘ ਨੇ ਮਨਰੀਤ ਗਰੇਵਾਲ ਦੀਆਂ ਸਾਹਿਤਕ ਕ੍ਰਿਤਾਂ ਦੀ ਸਮਾਲੋਚਨਾ ਕਰਦਿਆਂ ਕਿਹਾ ਕਿ ਉਹ ਜ਼ਮੀਨੀ ਪੱਧਰ ਨਾਲ ਜੁੜੀਆਂ ਸਮੱਸਿਆਵਾਂ ਦੀ ਗੱਲ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿਚ ਪੰਜਾਬ ਦੀ ਹਰ ਵਰਗ ਦੀ ਔਰਤ ਦੇ ਮੁਹੱਬਤ, ਆਰਥਿਕ, ਸਮਾਜਿਕ ਪੱਧਰ ਦੇ ਦੁੱਖ ਦੇਖੇ ਜਾ ਸਕਦੇ ਹਨ। ਜਿਸ ਤੋਂ ਛੁਟਕਾਰਾ ਪਾਉਣ ਲਈ ਉਹ ਯਤਨਸ਼ੀਲ ਰਹਿੰਦੀਆਂ ਹਨ। ਦਿਮਾਗੀ ਪੱਧਰ 'ਤੇ ਪੱਛੜੀ ਅੰਧਵਿਸ਼ਵਾਸਾਂ ਵਿਚ ਫਸੀ ਔਰਤ ਦੀ ਤਰਸਯੋਗ ਹਾਲਤ ਨੂੰ ਵੀ ਅਣਛੋਹਿਆ ਨਹੀਂ ਛੱਡਿਆ ਗਿਆ। ਕੁੱਝ ਕਹਾਣੀਆਂ ਵਿਚ ਔਰਤ ਪਾਤਰ ਆਪਣੀ ਸੋਚ ਦਾ ਹਾਣੀ ਲੱਭਣ ਲਈ ਵੀ ਯਤਨਸ਼ੀਲ ਹਨ।

ਮਨਰੀਤ ਦੀ ਨਾਵਲ ਸਿਰਜਣਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਨਾਵਲ, ਮਸ਼ੀਨੀਕਰਨ ਦੇ ਯੁੱਗ ਵਿਚ ਦਿਹਾਤੀ ਅਤੇ ਸ਼ਹਿਰੀ ਸਮਾਜ ਵਿਚਲੇ ਪਾੜੇ ਨੂੰ ਜਿੱਥੇ ਬੰਦੇ ਵਿਚੋਂ ਬੰਦਾ ਮਨਫੀ ਹੋ ਰਿਹਾ ਹੈ ਨੂੰ ਬਾਖੂਬੀ ਚਿਤਰਦਾ ਹੈ। ਉਨ੍ਹਾਂ ਮਨਰੀਤ ਗਰੇਵਾਲ ਨੂੰ ਪੀਐੱਚਡੀ ਦੀ ਡਿਗਰੀ ਮਿਲਣ ਅਤੇ ਸਾਹਿਤ ਸਭਾ ਦੇ ਜਨਰਲ ਸਕੱਤਰ ਦਾ ਅਹੁਦਾ ਸੰਭਾਲਣ ਦੀ ਵਧਾਈ ਵੀ ਦਿੱਤੀ।

ਸਮਾਗਮ ਦੇ ਦੂਸਰੇ ਭਾਗ ਕਵੀ ਦਰਬਾਰ ਵਿਚ ਨਵੇਂ ਉਭਰਦੇ ਕਵੀਆਂ ਨੇ ਹਿੱਸਾ ਲਿਆ। ਅਰੰਭ ਅਮਰਪਾਲ ਸਿੰਘ ਕੰਬੋਜ ਨੇ ਖੂਬਸੂਰਤ ਸ਼ੇਅਰ, "ਕੀਹਦੇ 'ਤੇ ਹੱਕ ਆਪਣਾ ਹੁੰਦੈ, ਕਿਹੜਾ ਹੱਕ ਪਰਾਇਆ, ਫਿਰ ਦੁਬਾਰਾ ਨਵੇਂ ਸਿਰੇ ਤੋਂ ਨਵੀਆਂ ਕਦਰਾਂ ਸਿੱਖ ਰਿਹਾ ਹਾਂ।" ਸੁਣਾਉਂਦਿਆਂ ਕੀਤਾ।

ਨਰਿੰਦਰ ਨਵਲ ਨੇ, "ਤੁਰਦੇ ਨੇ ਜੋ ਕੰਡਿਆਂ 'ਤੇ ਫੁੱਲਾਂ ਦੇ ਖੁਆਬ ਲੈ ਕੇ, ਮੁੜਦੇ ਨੇ ਸੱਜਣਾਂ ਉਹ ਸੂਹੇ ਗੁਲਾਬ ਲੈ ਕੇ" ਬੀਬੀ ਅਨੰਤ ਕੌਰ ਜਿਨ੍ਹਾਂ ਨੂੰ ਪੰਜਾਬੀ, ਹਿੰਦੀ, ਉਰਦੂ ਭਾਸ਼ਾਵਾਂ ਵਿਚ ਛਪਣ ਦਾ ਮਾਣ ਹਾਸਲ ਹੈ, ਨੇ ਆਪਣੀ ਸ਼ਾਇਰੀ, "ਅਸੀਂ ਪੀਲੇ ਪੱਤ ਖ਼ਿਜ਼ਾਵਾਂ ਦੇ, ਸਾਨੂੰ ਖੌਫ਼ ਨੇ ਤੇਜ਼ ਹਵਾਵਾਂ ਦੇ" ਸੁਣਾਈ। ਸੁਬੀਤ ਨੂਰ ਨੇ, "ਕੁਛ ਲੋਗ ਗਮ ਕੋ ਪੀ ਲੇਤੇ ਹੈਂ, ਔਰ ਹਮ ਹੈਂ ਕਿ ਜੀਅ ਲੇਤੇ ਹੈਂ" ਨਾਲ ਮਹਿਫਲ ਵਿਚ ਰੰਗ ਭਰਿਆ।

ਹਰਪ੍ਰੀਤ ਸ਼ਾਹ ਢਿੱਲੋਂ ਨੇ, "ਇੱਕ ਸ਼ਿਵ ਹੈ ਮੇਰੇ ਅੰਦਰ ਵੀ ਜਾਗਦਾ, ਗੀਤ ਅਹੁੜਿਆ ਅਸਾਂ ਨੂੰ ਬਿਰਹਾ ਦੇ ਰਾਗ ਦਾ', ਡਾ. ਜਗਜੀਤ ਸਿੰਘ ਨੇ, "ਖੁਦਾ ਬਨਾਇਆ ਥਾ ਉਸ ਕੋ, ਵ੍ਹ ਮੇਰਾ ਰਕੀਬ ਬਨ ਕੇ ਗਿਆ", ਮਾਨ ਸਿੰਘ ਮਾਨ ਨੇ, "ਤਿਲਾ ਤੈਨੂੰ ਸਾੜ ਕੇ, ਖੁਸ਼ੀਆਂ ਮੰਗ ਰਿਹਾਂ, ਪਰ ਮੈਂ ਵੀ ਜਾਣਾਂ ਕਿ ਧੋਖੇ 'ਚੋਂ ਲੰਘ ਰਿਹਾਂ', ਪਰਮਿੰਦਰ ਸਿੰਘ ਪਰਵਾਨਾ ਨੇ ਆਪਣੀ ਕਵਿਤਾ 'ਕਿਸਮਤ', "ਜ਼ਮੀਨ ਨਾਲ ਜੁੜੋ, ਜ਼ਮੀਨ ਤੋਂ ਸਿੱਖੋ, ਜੋ ਵਿਕਾਸ ਦਾ ਦਮ ਭਰਦੀ ਹੈ" ਸੁਣਾਈ।

ਡਾ. ਗੋਬਿੰਦਰ ਸਿੰਘ ਸਮਰਾਓ ਨੇ ਆਪਣੀ ਕਵਿਤਾ ਵਿਚ ਸਿੱਖੀ ਦੀ ਤਸਵੀਰ ਪੇਸ਼ ਕੀਤੀ। ਫਕੀਰ ਸਿੰਘ ਮੱਲ੍ਹੀ ਨੇ ਪੰਜਾਬੀ ਬੋਲੀ ਪ੍ਰਤੀ ਸਾਹਿਤ ਸਭਾ ਦੇ ਤਰੱਦਦ ਦੀ ਸਿਫਤ ਕਰਦਿਆਂ ਸਾਹਿਤ ਪ੍ਰਤੀ ਆਪਣੇ ਸੁਹਿਰਦ ਵਿਚਾਰ ਪੇਸ਼ ਕੀਤੇ।

ਮਨਜੀਤ ਕੌਰ ਸੰਧੂ ਜੋ ਇਸ ਸਾਹਿਤ ਸਭਾ ਦੇ ਮੁਢਲੇ ਮੈਂਬਰਾਂ ਵਿਚੋਂ ਇਕ ਅਤੇ ਪ੍ਰਬੰਧਕ ਹਨ, ਨੇ ਸੁਹਿਰਦਤਾ ਨਾਲ ਡਿਊਟੀ ਨਿਭਾਈ। ਮਨਰੀਤ ਗਰੇਵਾਲ ਨੇ ਆਪਣੇ ਸ਼ਾਇਰੋ-ਸ਼ਾਇਰੀ ਦੇ ਅੰਦਾਜ਼ 'ਚ ਬਾਖੂਬੀ ਮੰਚ ਸੰਚਾਲਨ ਕੀਤਾ। ਉਪਰੋਕਤ ਤੋਂ ਇਲਾਵਾ ਸਭਾ ਦੀ ਹਾਜ਼ਰੀ ਲਵਾਉਣ ਵਾਲਿਆਂ ਵਿਚ ਬੀਬੀ ਮਨਜੀਤ ਕੌਰ, ਤਾਰਾ ਸਾਗਰ, ਗੁਰਵਿੰਦਰ ਸਿੰਘ, ਤ੍ਰਿਪਤ ਕੌਰ, ਜਗਦੀਸ਼ ਕੌਰ ਅਤੇ ਹੋਰ ਪਤਵੰਤੇ ਸੱਜਣ ਸ਼ਾਮਲ ਸਨ।

**ਰਿਪੋਰਟ: ਹਰਜਿੰਦਰ ਪੰਧੇਰ**
**ਫੋਨ: 209 610 5055**

# ਪੱਤਰਕਾਰ ਗੁਰਪ੍ਰੀਤ ਸਿੰਘ ਦੀ ਕਿਤਾਬ '1984 : ਜਦੋਂ ਉਹ ਸਿੱਖਾਂ ਲਈ ਆਏ' ਰਿਲੀਜ਼

**ਸਰੀ:** ਪੱਤਰਕਾਰ ਅਤੇ ਲੇਖਕ ਗੁਰਪ੍ਰੀਤ ਸਿੰਘ ਦੀ ਨਵੀਂ ਕਿਤਾਬ '1984 : ਜਦੋਂ ਉਹ ਸਿੱਖਾਂ ਲਈ ਆਏ' ਰਿਲੀਜ਼ ਕਰਨ ਹਿਤ ਬੀਤੇ ਦਿਨੀਂ ਸਟਰਾਅ ਬੇਰੀ ਹਿੱਲ ਲਾਇਬਰੇਰੀ ਸਰੀ ਵਿਖੇ ਸਮਾਗਮ ਕੀਤਾ ਗਿਆ। ਸਮਾਗਮ ਦੇ ਆਰੰਭ ਵਿਚ ਪ੍ਰੋਗਰਾਮ ਦੇ ਸੰਚਾਲਕ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੇ ਸੱਦੇ 'ਤੇ, ਕੈਨੇਡਾ ਦੇ ਮੋਢੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ (ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ) ਨੂੰ ਯਾਦ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।



ਸਮਾਗਮ ਦੇ ਪਹਿਲੇ ਬੁਲਾਰੇ ਜੈਨੇਫਰ ਸ਼ੈਰਫ ਨੇ ਮੂਲ ਵਾਸੀਆਂ ਦੀ ਧਰਤੀ 'ਤੇ ਵਿਚਾਰ-ਚਰਚਾ ਦੀ ਸ਼ੁਰੂਆਤ ਕੀਤੀ। ਸਮਾਗਮ ਦੀ ਵਿਲੱਖਣਤਾ ਇਹ ਸੀ ਕਿ ਲੇਖਕ ਗੁਰਪ੍ਰੀਤ ਸਿੰਘ ਦੀ ਧੀ ਸ਼ਾਇਸਤਾ ਸਿੰਘ ਦੇ 16ਵੇਂ ਜਨਮ ਦਿਨ 'ਤੇ, ਇਹ ਕਿਤਾਬ ਰਿਲੀਜ਼ ਕਰਾਈ ਗਈ। ਇਸ ਸਮਾਗਮ ਰਾਹੀਂ ਇਹ ਨਵੀਂ ਪਿਰਤ ਪਈ ਕਿ ਧੀਆਂ-ਪੁੱਤਾਂ ਦੇ ਜਨਮ ਦਿਨਾਂ ਨੂੰ ਕਿਤਾਬਾਂ ਦੀਆਂ ਸੌਗਾਤਾਂ ਰਾਹੀਂ ਮਨਾਇਆ ਜਾਵੇ। ਬੁਲਾਰਿਆਂ ਵਿਚ ਪੁਸਤਕ ਦੇ ਲੇਖਕ ਗੁਰਪ੍ਰੀਤ ਸਿੰਘ, ਚਿੱਤਰਕਾਰ ਜਰਨੈਲ ਸਿੰਘ, ਇਮਤਿਆਜ਼ ਪੋਪਟ, ਹਰਪ੍ਰੀਤ ਸਿੰਘ ਸੇਖਾ, ਸੁਨੀਲ ਕੁਮਾਰ, ਜਗਤਾਰ ਸਿੰਘ ਸੰਧੂ, ਕੁਲਵਿੰਦਰ ਸਿੰਘ ਢਿੱਲੋਂ, ਕਵਲਜੀਤ ਸਿੰਘ ਸਮੇਤ ਪ੍ਰਮੁੱਖ ਸ਼ਖਸੀਅਤਾਂ ਨੇ ਸੰਬੋਧਨ ਕਰਦਿਆਂ ਮੌਜੂਦਾ ਸਮੇਂ ਦੀਆਂ ਚੁਣੌਤੀਆਂ ਅਤੇ ਹਕੂਮਤਾਂ ਦੀਆਂ ਧੱਕੇਸ਼ਾਹੀਆਂ ਤੋਂ ਇਲਾਵਾ, ਨੌਜਵਾਨ ਪੀੜ੍ਹੀ ਨੂੰ ਇਤਿਹਾਸ ਨਾਲ ਜੋੜਨ ਬਾਰੇ ਖੁੱਲ੍ਹੀ ਚਰਚਾ ਕੀਤੀ। ਅੰਤ ਵਿਚ ਕੈਨੇਡਾ ਬੀਸੀ ਦੀ ਵਿੱਦਿਆ ਮੰਤਰੀ ਰਚਨਾ ਸਿੰਘ ਨੇ ਸਮਾਗਮ ਵਿਚ ਸ਼ਾਮਿਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਅਤੇ ਕਿਤਾਬ ਤੇ ਲੇਖਕ ਨਾਲ ਜੁੜੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਜ਼ਿਕਰਯੋਗ ਹੈ ਕਿ ਇਹ ਕਿਤਾਬ ਅੰਗਰੇਜ਼ੀ ਵਿਚ ਗੁਰਪ੍ਰੀਤ ਸਿੰਘ ਵੱਲੋਂ ਲਿਖੀ ਗਈ ਹੈ, ਜਿਸ ਦਾ ਪੰਜਾਬੀ ਅਨੁਵਾਦ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ ਅਤੇ ਕਿਤਾਬ ਵਿਚਲੀਆਂ ਪੇਂਟਿੰਗਜ਼ ਜਰਨੈਲ ਸਿੰਘ ਚਿੱਤਰਕਾਰ ਵੱਲੋਂ ਤਿਆਰ ਕੀਤੀਆਂ ਗਈਆਂ ਹਨ।ਪੁਸਤਕ ਰਿਲੀਜ਼ ਮੌਕੇ ਗੁਰਪ੍ਰੀਤ ਸਿੰਘ ਅਤੇ ਰੈਡੀਕਲ ਦੇਸੀ ਵੱਲੋਂ ਏਅਰ ਇੰਡੀਆ ਬੰਬ ਧਮਾਕੇ ਦੀ ਮੁੜ ਜਾਂਚ ਲਈ ਤਿਆਰ ਕੀਤੀ ਗਈ ਪਟੀਸ਼ਨ ਨੂੰ ਸਰੋਤਿਆਂ ਅਤੇ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। **-ਹਰਦਮ ਮਾਨ**

# ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਐਟਲਾਂਟਾ (ਜਾਰਜੀਆ)**: ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਦੀ ਕਮੇਟੀ ਦੀ 14ਵੀਂ ਵਾਰ ਸਰਬਸੰਮਤੀ ਨਾਲ ਚੋਣ ਹੋਈ। ਲੰਘੇ ਐਤਵਾਰ ਹਫਤਾਵਾਰੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਮੁੱਖ ਗ੍ਰੰਥੀ ਗਿਆਨੀ ਗੁਰਿੰਦਰਪਾਲ ਸਿੰਘ ਦੇ ਅਰਦਾਸ ਕਰਨ ਉਪਰੰਤ ਸਾਲਾਨਾ ਜਨਰਲ ਬਾਡੀ ਦੀ ਮੀਟਿੰਗ ਸ਼ੁਰੂ ਹੋਈ।



ਇਸ ਦੌਰਾਨ ਸਰਬਸੰਮਤੀ ਨਾਲ ਸ. ਹਰਨੇਕ ਸਿੰਘ ਸੇਖੋਂ ਨੂੰ ਪ੍ਰਧਾਨ, ਅਮਰਜੀਤ ਸਿੰਘ ਨੂੰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਨੂੰ ਸੈਕਟਰੀ, ਇੰਦਰਜੀਤ ਸਿੰਘ ਮੋਖਾ ਨੂੰ ਖਜ਼ਾਨਚੀ, ਕਮਲਵੀਰ ਕੌਰ ਨੂੰ ਸੋਸ਼ਲ ਕੋਆਰਡੀਨੇਟਰ ਚੁਣਿਆ ਗਿਆ। ਬੋਰਡ ਦੇ ਨਵੇਂ ਮੈਂਬਰਾਂ ਵਿਚ ਸ. ਜਸਵੀਰ ਸਿੰਘ ਢੀਂਡਸਾ, ਜਗਰੂਪ ਸਿੰਘ, ਹਰਪਾਲ ਸਿੰਘ ਬੈਂਸ, ਦਿਲਬਾਗ ਸਿੰਘ ਖੈਰਾ, ਹਰਗੁਰਤੇਗ ਸਿੰਘ ਨੂੰ ਸ਼ਾਮਲ ਕੀਤਾ ਗਿਆ। ਬੋਰਡ ਦੇ ਇਕ ਸਾਲ ਬਾਕੀ ਸੇਵਾ ਵਾਲੇ ਮੈਂਬਰਾਂ ਵਿਚ ਬਲਿਹਾਰ ਸਿੰਘ, ਨਰਿੰਦਰ ਸਿੰਘ ਦਿਓਲ, ਹਰਪ੍ਰੀਤ ਸਿੰਘ ਬੈਂਸ ਹਨ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੀ ਕਮੇਟੀ ਦੀ ਚੋਣ ਇਕ ਸਾਲ ਬਾਅਦ ਕੀਤੀ ਜਾਂਦੀ ਹੈ। ਬੋਰਡ ਦੇ ਮੈਂਬਰ ਦੋ ਸਾਲ ਵਾਸਤੇ ਚੁਣੇ ਜਾਂਦੇ ਹਨ। ਪਿਛਲੇ 13-14 ਸਾਲਾਂ ਤੋਂ ਸੰਗਤ ਬਿਨਾਂ ਚੋਣ ਤੋਂ ਹੀ ਸਰਬਸੰਮਤੀ ਨਾਲ ਕਮੇਟੀ ਅਤੇ ਬੋਰਡ ਮੈਂਬਰਾਂ ਦੀ ਸਿਲੈਕਸ਼ਨ ਵਿਧੀ ਨਾਲ ਨਾਮਜ਼ਦਗੀ ਕਰਦੀ ਹੈ। ਇਸ ਵਾਰ ਯੂਥ ਨੂੰ ਵੀ ਪ੍ਰਤੀਨਿਧਤਾ ਦਿੱਤੀ ਗਈ ਹੈ। ਗੁਰਦੁਆਰਾ ਸਾਹਿਬ ਦੀ ਬਿਲਡਿੰਗ ਐਕਸਟੈਨਸ਼ਨ ਦੇ ਕਾਰਜ ਵੀ ਵਿਚਾਰ ਅਧੀਨ ਹਨ।




# Matrimonials

## ਲੜਕੀ ਦੀ ਲੋੜ ਹੈ

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Arora Sikh family looking for a suitable match in USA or Canada for clean-shaven highly placed Sikh Surgeon in New York, USA, age 53, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

## ਲੜਕੇ ਦੀ ਲੋੜ ਹੈ

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

# ਪੰਨੂ ਮਾਮਲਾ: ਨਿਖਿਲ ਗੁਪਤਾ ਨੂੰ ਅਮਰੀਕਾ ਹਵਾਲੇ ਕਰਨ ਦੀ ਤਿਆਰੀ!

**ਪਰਾਗ:** ਚੈੱਕ ਗਣਰਾਜ ਦੀ ਇਕ ਹਾਈ ਕੋਰਟ ਨੇ ਫੈਸਲਾ ਦਿੱਤਾ ਹੈ ਕਿ ਅਮਰੀਕਾ ਆਧਾਰਿਤ ਇਕ ਖਾਲਿਸਤਾਨੀ ਵੱਖਵਾਦੀ ਦੀ ਹੱਤਿਆ ਦੀਆਂ ਕਥਿਤ ਕੋਸ਼ਿਸ਼ਾਂ ਦੇ ਦੋਸ਼ ਹੇਠ ਇੱਥੇ ਜੇਲ੍ਹ 'ਚ ਬੰਦ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਅਮਰੀਕਾ ਹਵਾਲੇ ਕੀਤਾ ਜਾ ਸਕਦਾ ਹੈ।

ਸਥਾਨਕ ਮੀਡੀਆ ਵੱਲੋਂ ਇਹ ਜਾਣਕਾਰੀ ਦਿੱਤੀ ਗਈ। ਗੁਪਤਾ (52) ਉਤੇ ਅਮਰੀਕੀ ਸੰਘੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਮਹੀਨੇ ਦੋਸ਼ ਲਾਇਆ ਸੀ ਕਿ ਅਮਰੀਕਾ ਵਿਚ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਜਿਸ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ, ਦੀ ਹੱਤਿਆ ਦੀ ਸਾਜ਼ਿਸ਼ 'ਚ ਭਾਰਤ ਸਰਕਾਰ ਦੇ ਇਕ ਕਰਮਚਾਰੀ ਨਾਲ ਗੁਪਤਾ ਦੀ ਮਿਲੀਭੁਗਤ ਸੀ। ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਵਿਚ ਪਿਛਲੇ ਸਾਲ 30 ਜੂਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਹ ਪਰਾਗ ਦੀ ਪੈਨਕਰੈਕ ਜੇਲ੍ਹ ਵਿਚ ਹੈ।

ਸੇਜ਼ਨਾਮ.ਸੀਜ਼ੈੱਡ ਵੈੱਬ ਪੋਰਟਲ ਵੱਲੋਂ ਦਿੱਤੀ ਖ਼ਬਰ ਮੁਤਾਬਕ ਪਰਾਗ ਹਾਈ ਕੋਰਟ ਨੇ ਇਹ ਪੁਸ਼ਟੀ ਕੀਤੀ ਹੈ ਕਿ ਨਿਖਿਲ ਗੁਪਤਾ ਨੂੰ ਅਮਰੀਕਾ ਹਵਾਲੇ ਕੀਤਾ ਜਾ ਸਕਦਾ ਹੈ। ਪਰਾਗ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਦਸੰਬਰ ਮਹੀਨੇ ਦਿੱਤੇ ਫ਼ੈਸਲੇ ਖ਼ਿਲਾਫ਼ ਗੁਪਤਾ ਦੀ ਅਪੀਲ ਨੂੰ ਖਾਰਜ ਕਰਦਿਆਂ ਇਹ ਹੁਕਮ ਜਾਰੀ ਕੀਤਾ। ਹੇਠਲੀ ਅਦਾਲਤ ਨੇ ਗੁਪਤਾ ਦੀ ਹਵਾਲਗੀ ਦੀ ਆਗਿਆ ਦਿੱਤੀ ਸੀ। ਪਰਾਗ ਹਾਈ ਕੋਰਟ ਦੀ ਤਰਜਮਾਨ ਕੈਟਰੀਨਾ ਕੋਲਾਰੋਵਾ ਨੇ



ਕਿਹਾ, "ਅਸੀਂ ਹਾਲੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ ਕਿ ਇਹ ਤਜਵੀਜ਼ ਪ੍ਰਕਿਰਿਆ 'ਚ ਸ਼ਾਮਲ ਸਾਰੀਆਂ ਧਿਰਾਂ ਨੂੰ ਭੇਜ ਦਿੱਤੀ ਗਈ ਹੈ, ਇਸ ਕਾਰਨ ਅਸੀਂ ਫ਼ੈਸਲੇ ਉਤੇ ਤਫ਼ਸੀਲ 'ਚ ਟਿੱਪਣੀ ਨਹੀਂ ਕਰ ਸਕਦੇ।" ਗੁਪਤਾ ਨੂੰ ਅਮਰੀਕਾ ਹਵਾਲੇ ਕੀਤਾ ਜਾਵੇਗਾ ਜਾਂ ਨਹੀਂ, ਇਸ ਸਬੰਧੀ ਨਿਆਂ ਮੰਤਰੀ ਪਾਵੇਲ ਬਲਾਜ਼ੇਕ ਹੁਣ ਆਖਰੀ ਫੈਸਲਾ ਲੈਣਗੇ।

ਨਿਊਜ਼.ਐਸਯੂਰੋ.ਕਾਮ ਨੇ ਨਿਆਂ ਮੰਤਰਾਲੇ ਦੇ ਤਰਜਮਾਨ ਵਲਾਦੀਮੀਰ ਰੇਪਕਾ ਨੇ ਹਵਾਲੇ ਨਾਲ ਆਖਿਆ, "ਨਿਆਂ ਮੰਤਰੀ ਪਾਵੇਲ ਬਲਾਜ਼ੇਕ ਗੁਪਤਾ ਨੂੰ ਅਮਰੀਕਾ ਹਵਾਲੇ ਕਰਨ ਜਾਂ ਨਾ ਕਰਨ ਸਬੰਧੀ ਫ਼ੈਸਲਾ ਬਾਅਦ ਵਿਚ ਕਰਨਗੇ।" ਪਰਾਗ ਹਾਈ ਕੋਰਟ 'ਚ ਨਿਖਿਲ ਗੁਪਤਾ ਦੀ ਵਕੀਲ ਪੈਟਰ ਸਲੇਪਿਕਾ ਨੇ ਕਿਹਾ ਕਿ ਉਹ ਹੁਣ ਵੀ ਸੰਵਿਧਾਨਕ ਅਦਾਲਤ 'ਚ ਅਪੀਲ ਦਾਇਰ ਕਰਨਗੇ ਅਤੇ ਨਿਆਂ ਮੰਤਰੀ ਕੋਲ ਗੁਪਤਾ ਨੂੰ ਅਮਰੀਕਾ ਹਵਾਲੇ ਨਾ ਕਰਨ ਦੀ ਅਪੀਲ ਕਰਨਗੇ। ਗੁਪਤਾ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਕੇਸ ਦਾ ਪਿਛੋਕੜ ਰਾਜਨੀਤਕ ਜਾਂ ਫੌਜ ਨਾਲ ਸਬੰਧਤ ਹੈ। ਅਮਰੀਕੀ ਜਾਂਚਕਰਤਾਵਾਂ ਦਾ ਦਾਅਵਾ ਹੈ ਕਿ ਗੁਪਤਾ ਨੂੰ ਇਕ ਭਾਰਤੀ ਸਰਕਾਰੀ ਏਜੰਟ ਵੱਲੋਂ ਕੰਮ ਉਤੇ ਰੱਖਿਆ ਗਿਆ ਸੀ। ਸਲੇਪਿਕਾ ਮੁਤਾਬਕ ਇਹ ਸੰਭਾਵਿਤ ਤੌਰ ਉਤੇ ਭਾਰਤ ਸਰਕਾਰ ਦੀ ਫੰਡਿੰਗ ਵਾਲਾ 'ਕੰਮ' ਸੀ। ਹਾਲਾਂਕਿ ਹਾਈ ਕੋਰਟ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ। ਜੱਜ ਵਲਾਦੀਮੀਰ ਕਰਾਲ ਮੁਤਾਬਕ ਇਸ ਨੂੰ ਰਾਜਨੀਤਕ ਮਾਮਲੇ ਵਜੋਂ ਨਹੀਂ ਦੇਖਿਆ ਜਾ ਸਕਦਾ।

## ਮੋਦੀ ਵੱਲੋਂ 'ਵੈੱਡ ਇਨ ਇੰਡੀਆ' ਦਾ ਸੱਦਾ

**ਅਹਿਮਦਾਬਾਦ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀਆਂ ਵੱਲੋਂ ਵਿਦੇਸ਼ਾਂ 'ਚ ਜਾ ਕੇ ਵਿਆਹ ਕਰਾਉਣ ਦੇ ਵਧਦੇ ਰੁਝਾਨ ਦਾ ਮੁੱਦਾ ਚੁਕਦਿਆਂ ਕਿਹਾ ਕਿ ਲੋਕਾਂ ਨੂੰ 'ਵੈੱਡ ਇਨ ਇੰਡੀਆ' ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਦੇਸ਼ ਦਾ ਪੈਸਾ ਦੇਸ਼ ਵਿਚ ਹੀ ਰਹੇ।

ਗੁਜਰਾਤ ਦੇ ਅਮਰੇਲੀ ਸ਼ਹਿਰ 'ਚ ਬਣਨ ਵਾਲੇ ਖੋਡਲਧਾਮ ਟਰੱਸਟ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਸਮਾਗਮ ਨੂੰ ਡਿਜੀਟਲ ਢੰਗ ਨਾਲ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਦੇਸ਼ 'ਚ ਸੈਰ-ਸਪਾਟੇ ਨੂੰ ਹੁਲਾਰਾ ਦੇਣ ਵਿਚ



ਮਦਦ ਕਰਨ ਦੀ ਵੀ ਅਪੀਲ ਕੀਤੀ। ਮੋਦੀ ਨੇ ਕਿਹਾ ਕਿ ਲੋਕਾਂ ਨੂੰ ਕੈਂਸਰ ਦੇ ਇਲਾਜ 'ਚ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ, ਇਹ ਯਕੀਨੀ ਬਣਾਉਣ ਲਈ ਉਨ੍ਹਾਂ ਦੀ ਸਰਕਾਰ ਨੇ ਕਈ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਬਿਮਾਰੀ ਲਈ ਮੈਡੀਕਲ ਸਹੂਲਤ ਮੁਹੱਈਆ ਕਰਨ ਤੇ ਵਾਜਬ ਦਰਾਂ 'ਤੇ ਦਵਾਈਆਂ ਮੁਹੱਈਆ ਕਰਨ ਲਈ ਤਕਰੀਬਨ 30 ਨਵੇਂ ਹਸਪਤਾਲ ਖੋਲ੍ਹੇ ਹਨ। ਉਨ੍ਹਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, 'ਕੀ ਵਿਦੇਸ਼ 'ਚ ਵਿਆਹ ਕਰਾਉਣਾ ਸਹੀ ਹੈ? ਕੀ ਸਾਡੇ ਦੇਸ਼ 'ਚ ਵਿਆਹ ਨਹੀਂ ਹੋ ਸਕਦਾ? ਭਾਰਤ ਦਾ ਕਿੰਨਾ ਪੈਸਾ ਬਾਹਰ ਚਲਾ ਜਾਂਦਾ ਹੈ।'

## ਬਿਲਕੀਸ ਬਾਨੋ ਮਾਮਲੇ ਦੇ ਸਾਰੇ 11 ਦੋਸ਼ੀਆਂ ਨੇ ਆਤਮ-ਸਮਰਪਣ ਕੀਤਾ

**ਗੋਧਰਾ:** ਬਿਲਕੀਸ ਬਾਨੋ ਕੇਸ ਦੇ ਸਾਰੇ ਗਿਆਰਾਂ ਦੋਸ਼ੀਆਂ ਨੇ ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਸਮੇਂ ਮੁਤਾਬਕ ਗੁਜਰਾਤ ਦੇ ਪੰਚਮਹਿਲ ਜ਼ਿਲ੍ਹੇ ਦੀ ਗੋਧਰਾ ਸਬ-ਜੇਲ੍ਹ ਵਿਚ ਆਤਮ ਸਮਰਪਣ ਕਰ ਦਿੱਤਾ। ਕੇਂਦਰੀ ਜੇਲ੍ਹ ਗੋਧਰਾ ਦੇ ਅਧਿਕਾਰੀਆਂ ਨੇ ਕਿਹਾ, "ਬਿਲਕੀਸ ਬਾਨੋ ਕੇਸ ਦੇ 11 ਦੋਸ਼ੀਆਂ ਨੇ ਗੁਜਰਾਤ ਦੇ ਪੰਚਮਹਿਲ ਜ਼ਿਲ੍ਹੇ ਦੀ ਗੋਧਰਾ ਸਬ-ਜੇਲ੍ਹ ਵਿਚ ਆਤਮ ਸਮਰਪਣ ਕਰ ਦਿੱਤਾ।" ਸੁਪਰੀਮ ਕੋਰਟ ਨੇ ਇਸ ਕੇਸ ਦੇ ਦੋਸ਼ੀਆਂ ਦੁਆਰਾ ਜੇਲ੍ਹ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਲਈ ਸਮਾਂ ਵਧਾਉਣ ਦੀ ਮੰਗ ਕਰਨ ਵਾਲੀਆਂ ਅਰਜ਼ੀਆਂ ਨੂੰ ਖਾਰਜ ਕਰ ਦਿੱਤਾ ਸੀ। ਗੁਜਰਾਤ ਸਰਕਾਰ ਨੇ 2002 ਦੇ ਗੋਧਰਾ ਦੰਗਿਆਂ ਦੌਰਾਨ ਬਿਲਕੀਸ ਬਾਨੋ ਦੇ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਦੇ ਦੋਸ਼ੀਆਂ ਨੂੰ ਮੁਆਫ਼ੀ ਦਿੱਤੀ ਸੀ। ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਪਰ 14 ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਅਗਸਤ 2022 ਵਿਚ ਰਿਹਾਅ ਕਰ ਦਿੱਤਾ ਗਿਆ ਸੀ।

## ਅਮਰੀਕਾ ਨੇ ਹੂਤੀਆਂ ਨੂੰ ਅਤਿਵਾਦੀਆਂ ਦੀ ਸੂਚੀ 'ਚ ਮੁੜ ਸ਼ਾਮਲ ਕੀਤਾ

**ਵਾਸ਼ਿੰਗਟਨ:** ਸੰਯੁਕਤ ਰਾਜ ਅਮਰੀਕਾ ਨੇ ਯਮਨ ਦੇ ਹੂਤੀ ਬਾਗੀਆਂ ਨੂੰ ਵਿਸ਼ੇਸ਼ ਤੌਰ 'ਤੇ ਨਾਮਜ਼ਦ ਆਲਮੀ ਅਤਿਵਾਦੀਆਂ ਦੀ ਆਪਣੀ ਸੂਚੀ ਵਿਚ ਦੁਬਾਰਾ ਸ਼ਾਮਲ ਕਰ ਲਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਉਤੇ ਵਿੱਤੀ ਪਾਬੰਦੀਆਂ ਵੀ ਲਗਾ ਦਿੱਤੀਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਯਮਨ ਦੇ 3.2 ਕਰੋੜ ਲੋਕਾਂ ਨੂੰ ਹੂਤੀਆਂ ਤੋਂ ਬਚਾਉਣ ਲਈ ਸਖ਼ਤ ਕਾਰਵਾਈ ਕੀਤੀ ਗਈ ਹੈ। ਇਨ੍ਹਾਂ ਪਾਬੰਦੀਆਂ ਦਾ ਮਕਸਦ ਅਤਿਵਾਦੀ ਸਮੂਹ ਨੂੰ ਵਿੱਤੀ ਸਰੋਤਾਂ ਤੋਂ ਦੂਰ ਕਰਨਾ ਹੈ। ਉਂਜ ਰਾਹਤ ਸਮੱਗਰੀ ਵੰਡਣ ਵਾਲੇ ਅਧਿਕਾਰੀਆਂ ਨੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਇਸ ਨਾਲ ਗਰੀਬ ਮੁਲਕ ਯਮਨ 'ਚ ਮਾਨਵੀ ਸੰਕਟ ਪੈਦਾ ਹੋ ਸਕਦਾ



ਹੈ। ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਨੇ ਹੂਤੀਆਂ ਨੂੰ ਆਲਮੀ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਸੀ।

ਹੂਤੀ ਬਾਗੀਆਂ ਵੱਲੋਂ ਲਾਲ ਸਾਗਰ ਦੇ ਕਾਰੋਬਾਰੀ ਜਹਾਜ਼ਾਂ ਉਤੇ ਦਰਜਨਾਂ ਹਮਲੇ ਕੀਤੇ ਜਾਣ ਤੋਂ ਬਾਅਦ ਲਿਆ ਗਿਆ ਹੈ। ਵ੍ਹਾਈਟ ਹਾਊਸ 'ਚ ਇਸ ਫੈਸਲੇ ਬਾਰੇ ਜਾਣਕਾਰੀ ਰੱਖਣ ਬਾਰੇ ਲੋਕਾਂ ਤੇ ਇਕ ਅਮਰੀਕੀ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਬਾਗੀਆਂ ਅਨੁਸਾਰ ਉਨ੍ਹਾਂ ਸੱਤ ਅਕਤੂਬਰ ਨੂੰ ਇਜ਼ਰਾਈਲ ਉਤੇ ਹਮਾਸ ਦੇ ਹਮਲੇ ਮਗਰੋਂ ਗਾਜ਼ਾ 'ਚ ਇਜ਼ਰਾਈਲ ਦੀਆਂ ਫੌਜੀ ਮੁਹਿੰਮਾਂ ਦੇ ਜਵਾਬ ਵਿਚ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਫਰਵਰੀ 2021 'ਚ ਹੂਤੀਆਂ ਨੂੰ ਵਿਦੇਸ਼ੀ ਅਤਿਵਾਦੀ ਜਥੇਬੰਦੀਆਂ ਤੇ ਵਿਸ਼ੇਸ਼ ਤੌਰ ਉਤੇ ਨਾਮਜ਼ਦ ਆਲਮੀ ਅਤਿਵਾਦੀਆਂ ਦੋਵਾਂ ਦੇ ਰੂਪ ਵਿਚ ਸੂਚੀ ਤੋਂ ਹਟਾ ਦਿੱਤਾ ਸੀ ਕਿਉਂਕਿ ਪ੍ਰਸ਼ਾਸਨ ਯਮਨ 'ਚ ਮਨੁੱਖੀ ਸਹਾਇਤਾ ਪਹੁੰਚਾਉਣਾ ਆਸਾਨ ਬਣਾਉਣਾ ਚਾਹੁੰਦਾ ਸੀ।

## ਸਾਬਕਾ ਜੱਜ ਖਿਲਾਫ ਈ.ਡੀ. ਦੇ ਕੁਰਕੀ ਹੁਕਮਾਂ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਕਾਲੇ ਧਨ ਨੂੰ ਸਫੈਦ ਕਰਨ ਦੇ ਮਾਮਲੇ ਵਿਚ ਗ੍ਰਿਫ਼ਤਾਰ ਹਰਿਆਣਾ ਦੇ ਪੰਚਕੂਲਾ ਵਿਚ ਤਾਇਨਾਤ ਸਾਬਕਾ ਵਿਸ਼ੇਸ਼ ਪੀ.ਐਮ.ਐਲ.ਏ. ਜੱਜ ਦੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੀ ਸੱਤ ਕਰੋੜ ਰੁਪਏ ਤੋਂ ਵੱਧ ਦੀਆਂ ਦੋ ਜਾਇਦਾਦਾਂ ਜਲਦੀ ਹੀ ਜ਼ਬਤ ਕੀਤੀਆਂ ਜਾ ਸਕਦੀਆਂ ਹਨ ਕਿਉਂਕਿ ਨਿਰਣਾਇਕ ਅਥਾਰਿਟੀ ਨੇ ਜਾਇਦਾਦਾਂ ਜ਼ਬਤ ਕਰਨ ਦੇ ਹੁਕਮਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਏਜੰਸੀ ਨੇ ਪਿਛਲੇ ਸਾਲ ਅਗਸਤ ਵਿਚ ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਸਬੰਧੀ ਕਾਨੂੰਨ (ਪੀ.ਐਮ.ਐਲ.ਏ.) ਤਹਿਤ ਜਾਰੀ ਇਕ ਆਰਜ਼ੀ ਹੁਕਮ ਤਹਿਤ ਜਾਇਦਾਦਾਂ ਨੂੰ ਕੁਰਕ ਕੀਤਾ ਸੀ।

## ਸੰਜੇ ਸਿੰਘ ਤੇ ਸਿਸੋਦੀਆ ਦੀ ਹਿਰਾਸਤ ਵਧੀ

**ਨਵੀਂ ਦਿੱਲੀ:** ਦਿੱਲੀ ਆਬਕਾਰੀ ਘੁਟਾਲੇ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ ਵਿਚ ਦਿੱਲੀ ਦੀ ਅਦਾਲਤ ਨੇ 'ਆਪ' ਆਗੂਆਂ ਸੰਜੇ ਸਿੰਘ ਤੇ ਮਨੀਸ਼ ਸਿਸੋਦੀਆ ਦੀ ਨਿਆਇਕ ਹਿਰਾਸਤ 3 ਫਰਵਰੀ ਤੱਕ ਵਧਾ ਦਿੱਤੀ ਹੈ। ਦੋਵੇਂ ਆਗੂ ਤਿਹਾੜ ਜੇਲ੍ਹ ਵਿਚੋਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ। ਅਦਾਲਤ ਨੇ ਸੰਜੇ ਸਿੰਘ ਦੇ ਸਾਥੀ ਤੇ ਕੇਸ ਦੇ ਮੁਲਜ਼ਮ ਸਰਵੇਸ਼ ਮਿਸ਼ਰਾ ਦੀ ਜ਼ਮਾਨਤ ਅਰਜ਼ੀ ਉਤੇ ਫੈਸਲਾ ਰਾਖਵਾਂ ਰੱਖ ਲਿਆ। ਸੰਜੇ ਸਿੰਘ ਤੇ ਸਿਸੋਦੀਆ ਨੂੰ ਉਨ੍ਹਾਂ ਦੀ ਪਿਛਲੀ ਨਿਆਇਕ ਹਿਰਾਸਤ ਖ਼ਤਮ ਹੋਣ ਉਤੇ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਸਬੰਧਤ ਅਧਿਕਾਰੀਆਂ ਨੇ ਅਦਾਲਤ ਨੂੰ ਦੱਸਿਆ ਕਿ ਮੁਲਜ਼ਮਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਵਿਅਕਤੀਗਤ ਤੌਰ ਉਤੇ ਪੇਸ਼ ਨਹੀਂ ਕੀਤਾ ਜਾ ਸਕਦਾ।

## ਸ਼ੋਏਬ ਮਲਿਕ ਤੇ ਅਦਾਕਾਰਾ ਸਨਾ ਜਾਵੇਦ ਨੇ ਨਿਕਾਹ ਕਰਵਾਇਆ

**ਨਵੀਂ ਦਿੱਲੀ:** ਪਾਕਿਸਤਾਨੀ ਕ੍ਰਿਕਟ ਖਿਡਾਰੀ ਸ਼ੋਏਬ ਮਲਿਕ ਨੇ ਪਾਕਿਸਤਾਨ ਦੀ ਉੱਘੀ ਅਦਾਕਾਰਾ ਸਨਾ ਜਾਵੇਦ ਨਾਲ ਨਿਕਾਹ ਕਰ ਲਿਆ ਹੈ। ਇਹ ਸ਼ੋਏਬ ਦਾ ਤੀਜਾ ਅਤੇ ਸਨਾ ਦਾ ਦੂਜਾ ਵਿਆਹ ਹੈ। ਜਾਣਕਾਰੀ ਅਨੁਸਾਰ ਪਿਛਲੇ ਸਾਲ ਜਦੋਂ ਸ਼ੋਇਬ ਤੇ ਉਸ ਦੀ ਪਤਨੀ ਭਾਰਤ ਦੀ ਸਾਬਕਾ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦੇ ਵੱਖ ਹੋਣ ਦੀਆਂ ਅਫਵਾਹਾਂ ਸਨ ਤਾਂ ਉਦੋਂ ਸ਼ੋਏਬ ਨੇ ਸਨਾ ਜਾਵੇਦ ਨੂੰ ਉਸ ਦੇ ਜਨਮ ਦਿਨ 'ਤੇ ਵਧਾਈ ਦਿੱਤੀ ਸੀ ਜਿਸ ਤੋਂ ਬਾਅਦ ਸਨਾ ਤੇ ਸ਼ੋਏਬ ਦੇ ਰਿਸ਼ਤੇ ਬਾਰੇ ਕਈ ਤਰ੍ਹਾਂ ਦੀਆਂ ਅਫਵਾਹਾਂ ਦਾ ਦੌਰ ਚੱਲਿਆ ਸੀ। ਸ਼ੋਇਬ ਨੇ ਇੰਸਟਾਗਰਾਮ ਉਤੇ ਸਨਾ ਨਾਲ ਵਿਆਹ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ।



ਦੂਜੇ ਪਾਸੇ ਸਨਾ ਨੇ ਵੀ ਵਿਆਹ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉਤੇ ਅਪਲੋਡ ਕੀਤੀਆਂ ਹਨ। ਇੰਸਟਾਗਰਾਮ 'ਤੇ ਸਨਾ ਜਾਵੇਦ ਨੇ ਆਪਣਾ ਨਾਮ ਬਦਲ ਕੇ ਸਨਾ ਸ਼ੋਏਬ ਮਲਿਕ ਰੱਖ ਲਿਆ ਹੈ। ਜ਼ਿਕਰਯੋਗ ਹੈ ਕਿ ਸ਼ੋਏਬ ਮਲਿਕ ਤੇ ਸਾਨੀਆ ਮਿਰਜ਼ਾ ਨੇ 12 ਅਪਰੈਲ 2010 ਨੂੰ ਹੈਦਰਾਬਾਦ 'ਚ ਵਿਆਹ ਕਰਵਾਇਆ ਸੀ ਤੇ ਉਨ੍ਹਾਂ ਦੇ ਘਰ ਇਕ ਲੜਕੇ ਨੇ ਜਨਮ ਲਿਆ ਸੀ। ਜਾਣਕਾਰੀ ਅਨੁਸਾਰ ਸ਼ੋਏਬ ਨੇ ਸਾਨੀਆ ਨਾਲ ਵਿਆਹ ਕਰਵਾਉਣ ਤੋਂ ਪਹਿਲਾਂ ਸਾਲ 2010 'ਚ ਆਇਸ਼ਾ ਸਿੱਦੀਕੀ ਤੋਂ ਤਲਾਕ ਲਿਆ ਸੀ। ਉਧਰ, ਸਨਾ ਜਾਵੇਦ ਨੇ ਸਾਲ 2020 ਵਿਚ ਪਾਕਿਸਤਾਨੀ ਫ਼ਨਕਾਰ ਉਮਰ ਜੈਸਵਾਲ ਨਾਲ ਵਿਆਹ ਕਰਵਾਇਆ ਸੀ ਅਤੇ ਸਾਲ 2023 ਵਿਚ ਤਲਾਕ ਹੋ ਗਿਆ ਸੀ।

## ਪਾਕਿਸਤਾਨ ਤੇ ਇਰਾਨ ਤਣਾਅ ਘਟਾਉਣ ਲਈ ਰਾਜ਼ੀ

**ਇਸਲਾਮਾਬਾਦ:** ਇਕ-ਦੂਜੇ ਉਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਰਿਸ਼ਤਿਆਂ 'ਚ ਪੈਦਾ ਹੋਇਆ ਤਣਾਅ ਦੂਰ ਕਰਨ ਦੀ ਕੋਸ਼ਿਸ਼ ਕਰਦਿਆਂ ਪਾਕਿਸਤਾਨ ਤੇ ਇਰਾਨ ਆਪਸੀ ਭਰੋਸਾ ਤੇ ਸਹਿਯੋਗ ਦੀ ਭਾਵਨਾ ਨਾਲ ਸੁਰੱਖਿਆ ਮੁੱਦਿਆਂ ਉਤੇ ਨੇੜਲੇ ਸਹਿਯੋਗ ਦੀ ਲੋੜ 'ਤੇ ਸਹਿਮਤ ਹੋਏ ਹਨ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਵਿਦੇਸ਼ ਮੰਤਰੀ ਜਲੀਲ ਅੱਬਾਸ ਜਿਲਾਨੀ ਨੇ ਆਪਣੇ ਇਰਾਨੀ ਹਮਰੁਤਬਾ ਹੁਸੈਨ ਅਮੀਰ ਅਬਦੁੱਲਾਹੀਅਨ ਨਾਲ ਫੋਨ 'ਤੇ ਗੱਲਬਾਤ ਕੀਤੀ ਤੇ ਆਪਸੀ ਵਿਸ਼ਵਾਸ ਤੇ ਸਹਿਯੋਗ ਦੇ ਆਧਾਰ 'ਤੇ ਸਾਰੇ ਮੁੱਦਿਆਂ ਉਤੇ ਇਰਾਨ ਨਾਲ ਕੰਮ ਕਰਨ ਦੀ ਪਾਕਿਸਤਾਨ ਦੀ ਇੱਛਾ ਜ਼ਾਹਿਰ ਕੀਤੀ।

## ਤਿੰਨ ਸਾਲਾਂ 'ਚ ਨਕਸਲਵਾਦ ਖ਼ਤਮ ਕਰ ਦਿੱਤਾ ਜਾਵੇਗਾ: ਸ਼ਾਹ

**ਰਾਏਪੁਰ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਅਗਲੇ ਤਿੰਨ ਸਾਲਾਂ ਵਿਚ ਦੇਸ਼ ਵਿਚੋਂ ਨਕਸਲਵਾਦ ਖ਼ਤਮ ਕਰ ਦਿੱਤਾ ਜਾਵੇਗਾ। ਉਨ੍ਹਾਂ ਨਕਸਲ ਪ੍ਰਭਾਵਿਤ ਪੱਛੜੇ ਖੇਤਰਾਂ ਵਿਚ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ ਦੀ ਹਦਾਇਤ ਵੀ ਕੀਤੀ। ਛੱਤੀਸਗੜ੍ਹ ਵਿਚ ਨਕਸਲਵਾਦ ਸਬੰਧੀ ਸਥਿਤੀ ਦੀ ਸਮੀਖਿਆ ਕਰਦਿਆਂ ਸ਼ਾਹ ਨੇ ਸੁਰੱਖਿਆ ਬਲਾਂ ਨੂੰ ਨਕਸਲਵਾਦੀਆਂ ਦੇ ਵਿੱਤੀ ਵਸੀਲੇ ਬਿਲਕੁਲ ਬੰਦ ਕਰਨ ਦੀ ਹਦਾਇਤ ਕੀਤੀ।

ਸੂਤਰਾਂ ਮੁਤਾਬਕ, ਗ੍ਰਹਿ ਮੰਤਰੀ ਨੇ ਕਿਹਾ ਕਿ ਸੁਰੱਖਿਆ ਬਲਾਂ ਦੀਆਂ ਤਾਲਮੇਲ ਵਾਲੀਆਂ ਕਾਰਵਾਈਆਂ ਨਾਲ ਅਗਲੇ ਤਿੰਨ ਸਾਲਾਂ ਵਿਚ ਦੇਸ਼ 'ਚੋਂ ਨਕਸਲਵਾਦ ਖ਼ਤਮ ਹੋ ਜਾਵੇਗਾ।

ਉਨ੍ਹਾਂ ਅਧਿਕਾਰੀਆਂ ਨੂੰ ਨਕਸਲਵਾਦ ਨੂੰ ਖ਼ਤਮ ਕਰਨ ਲਈ ਇਕ ਯੋਜਨਾ ਤਿਆਰ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਵਿਚ ਤਾਇਨਾਤ ਸੁਰੱਖਿਆ ਬਲਾਂ ਅਤੇ ਇੱਥੇ ਕੰਮ ਕਰ ਰਹੀਆਂ ਸਾਰੀਆਂ ਏਜੰਸੀਆਂ ਨੂੰ ਹਰ ਤਰ੍ਹਾਂ ਦੀ ਮਦਦ ਯਕੀਨੀ ਬਣਾਈ ਜਾਵੇਗੀ। ਉਨ੍ਹਾਂ



ਸੁਰੱਖਿਆ ਬਲਾਂ ਨੂੰ ਨਕਸਲਵਾਦ ਦੇ ਸੰਪੂਰਨ ਖ਼ਾਤਮੇ ਲਈ ਯੋਜਨਾ ਤਿਆਰ ਕਰਨ ਨੂੰ ਕਿਹਾ। ਸ਼ਾਹ ਨੇ ਕਿਹਾ ਕਿ ਨਕਸਲ ਪ੍ਰਭਾਵਿਤ ਖੇਤਰਾਂ ਵਿਚ ਨਵੀਂ ਤਾਕਤ ਨਾਲ ਕੇਂਦਰ ਤੇ ਸੂਬਾ ਸਰਕਾਰ ਦੀਆਂ ਸਾਰੀਆਂ ਭਲਾਈ ਸਕੀਮਾਂ ਲਾਗੂ ਕਰਨ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ, "ਨਰਿੰਦਰ ਮੋਦੀ ਸਰਕਾਰ ਦੇ ਪਿਛਲੇ 10 ਸਾਲਾਂ ਦੇ ਰਾਜ ਵਿਚ ਅਸੀਂ ਜੰਮੂ ਕਸ਼ਮੀਰ ਅਤੇ ਉੱਤਰ-ਪੂਰਬ ਦੇ ਸਭ ਤੋਂ ਵੱਧ ਗੜਬੜ ਵਾਲੇ ਖੇਤਰਾਂ ਵਿਚ ਜੰਗ ਜਿੱਤਣ 'ਚ ਸਫਲ ਰਹੇ ਹਾਂ।"

# ਸਿੱਖਾਂ ਦੀ ਪਛਾਣ ਬਾਰੇ ਹਾਈ ਕੋਰਟ ਦੇ ਫੈਸਲੇ 'ਤੇ ਸਖ਼ਤ ਇਤਰਾਜ਼

**ਅੰਮ੍ਰਿਤਸਰ:** ਜੰਮੂ ਕਸ਼ਮੀਰ ਹਾਈ ਕੋਰਟ ਵੱਲੋਂ ਸਿੱਖਾਂ ਦੇ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਜ਼ਰੂਰੀ ਨਾ ਹੋਣ ਦੇ ਦਿੱਤੇ ਗਏ ਫੈਸਲੇ ਉਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਪ੍ਰਗਟਾਇਆ ਹੈ। ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਿਰਾਂ ਕੋਲੋਂ ਘੋਖ ਕਰਵਾ ਕੇ ਉਨ੍ਹਾਂ ਦੀ ਰਾਏ ਨਾਲ ਇਸ ਫ਼ੈਸਲੇ ਖ਼ਿਲਾਫ਼ ਕਾਰਵਾਈ ਕਰੇਗੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਭਾਵੇਂ ਜੰਮੂ ਕਸ਼ਮੀਰ ਹਾਈ ਕੋਰਟ ਦਾ ਫੈਸਲਾ ਉਥੋਂ ਦੇ ਅਖਨੂਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸਬੰਧਤ ਹੈ ਪਰ ਇਸ ਨੇ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੀ ਉਲੰਘਣਾ ਦੇ ਨਾਲ-ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਵੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਅਦਾਲਤ ਨੂੰ ਸਿੱਖਾਂ ਦੇ ਧਾਰਮਿਕ ਮਰਿਆਦਾ ਨਾਲ ਜੁੜੇ ਮਾਮਲੇ ਉਤੇ ਅਜਿਹੀ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਅਜਿਹੇ ਮਾਮਲਿਆਂ ਵਿਚ ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਕੋਲੋਂ ਸੁਝਾਅ ਤੇ ਰਾਏ ਲਾਜ਼ਮੀ ਤੌਰ ਉਤੇ ਲੈਣੀ ਚਾਹੀਦੀ ਹੈ। ਜੇ ਅਜਿਹੇ ਮਨਮਰਜ਼ੀ ਦੇ ਫੈਸਲੇ ਲਏ ਜਾਣਗੇ ਤਾਂ ਧਰਮਾਂ ਦੀਆਂ ਕਦਰਾਂ ਕੀਮਤਾਂ ਅਤੇ ਮੌਲਿਕ ਮਰਿਆਦਾ ਕਾਇਮ ਨਹੀਂ ਰਹਿ ਸਕੇਗੀ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਹਾਈ ਕੋਰਟ ਦੇ ਫੈਸਲੇ ਬਾਰੇ ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਿਰਾਂ ਪਾਸੋਂ ਘੋਖ ਕਰਵਾ ਕੇ ਇਸ ਫ਼ੈਸਲੇ ਖ਼ਿਲਾਫ ਯੋਗ ਕਾਰਵਾਈ ਕਰੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਦੀ ਪਰਿਭਾਸ਼ਾ ਦੁਨਿਆਵੀ ਅਦਾਲਤਾਂ ਦੀ ਮੁਥਾਜ਼ ਨਹੀਂ ਹੈ। ਇਸ ਪਿੱਛੇ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ, ਸਿਧਾਂਤ ਅਤੇ ਪਰੰਪਰਾਵਾਂ ਹਨ। ਉਨ੍ਹਾਂ ਕਿਹਾ ਕਿ ਸਿੱਖ ਦਾ ਨਾਮ ਸਿੰਘ ਜਾਂ ਕੌਰ ਤੋਂ ਬਿਨਾਂ ਸੋਚਿਆ ਹੀ ਨਹੀਂ ਜਾ ਸਕਦਾ। ਇਸ ਲਈ ਜੰਮੂ ਕਸ਼ਮੀਰ ਹਾਈ ਕੋਰਟ ਦੀ ਟਿੱਪਣੀ ਸਿੱਧੇ ਤੌਰ 'ਤੇ ਸਿੱਖ ਕਦਰਾਂ ਕੀਮਤਾਂ ਅਤੇ ਸਿੱਖ ਰਹਿਣੀ ਦੇ ਬਿਲਕੁਲ ਖ਼ਿਲਾਫ਼ ਹੈ।

ਜੰਮੂ ਕਸ਼ਮੀਰ ਹਾਈ ਕੋਰਟ ਵੱਲੋਂ ਸਿੱਖ ਵਜੋਂ ਪਛਾਣ ਲਈ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਲਾਉਣਾ ਜ਼ਰੂਰੀ ਨਾ ਹੋਣ ਦੇ ਦਿੱਤੇ ਗਏ ਫੈਸਲੇ ਉਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਆਖਿਆ ਕਿ ਸਿੱਖਾਂ ਦੀ ਸਿਧਾਂਤਕ ਅਤੇ ਇਤਿਹਾਸਕ ਪਿਛੋਕੜ ਨੂੰ ਨਜ਼ਰ ਅੰਦਾਜ਼ ਕਰਕੇ ਕਿਸੇ ਸਿੱਖ ਦੀ ਪਛਾਣ ਨਿਰਧਾਰਤ ਕਰਨ ਦਾ ਅਧਿਕਾਰ ਕਿਸੇ ਅਦਾਲਤ ਨੂੰ ਨਹੀਂ ਹੈ।

ਉਨ੍ਹਾਂ ਆਖਿਆ ਕਿ ਇਕ ਗੁਰਦੁਆਰੇ ਦੀ ਚੋਣ ਸਬੰਧੀ ਇਕ ਸਿੱਖ ਨੂੰ ਵੋਟਰ ਬਣਨ ਲਈ ਨਾਮ ਪਿੱਛੇ 'ਸਿੰਘ' ਜਾਂ 'ਕੌਰ' ਜ਼ਰੂਰੀ ਨਾ ਹੋਣ ਸਬੰਧੀ ਹਾਈ ਕੋਰਟ ਦਾ ਫ਼ੈਸਲਾ ਸਿੱਧੇ ਤੌਰ ਉਤੇ ਸਿੱਖ ਕੌਮ ਦੀ ਵੱਖਰੀ ਪਛਾਣ 'ਤੇ ਹਮਲਾ ਹੈ ਅਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਹੈ। ਗੁਰਦੁਆਰਾ ਚੋਣਾਂ ਦੇ ਵੋਟਰ ਵਜੋਂ ਸਿੱਖ ਦੇ ਨਾਮ ਨਾਲ 'ਸਿੰਘ ਜਾਂ 'ਕੌਰ' ਲਿਖਣ ਨੂੰ ਅਦਾਲਤ ਵੱਲੋਂ ਗ਼ੈਰਜ਼ਰੂਰੀ ਦੱਸਣਾ, ਗੁਰਦੁਆਰਾ ਪ੍ਰਬੰਧਾਂ ਵਿਚ ਅਸਿੱਧੇ ਤੌਰ ਉਤੇ ਬਾਹਰੀ ਦਖ਼ਲ ਦਾ ਰਾਹ ਖੋਲ੍ਹਣ ਦਾ ਖ਼ਦਸ਼ਾ ਜ਼ਾਹਿਰ ਕਰਦਾ ਹੈ।

## ਫੈਸਲੇ ਨੂੰ ਚੁਣੌਤੀ ਦੇਵੇਗੀ ਦਿੱਲੀ ਗੁਰਦੁਆਰਾ ਕਮੇਟੀ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਉਹ ਜੰਮੂ ਕਸ਼ਮੀਰ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦੇਵੇਗੀ ਜਿਸ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਲਈ ਆਪਣੇ ਨਾਂ ਪਿੱਛੇ ਸਿੰਘ ਜਾਂ ਕੌਰ ਜੋੜਨਾ ਲਾਜ਼ਮੀ ਨਹੀਂ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਇਸ ਫੈਸਲੇ ਨਾਲ ਸਮੂਹ ਸਿੱਖਾਂ ਨੂੰ ਠੇਸ ਪੁੱਜੀ ਹੈ। ਅਦਾਲਤ ਨੇ ਇਹ ਫੈਸਲਾ ਜੰਮੂ ਕਸ਼ਮੀਰ ਦੇ ਅਖ਼ਨੂਰ ਜ਼ਿਲ੍ਹੇ ਦੇ ਇਕ ਗੁਰਦੁਆਰਾ ਸਾਹਿਬ ਦੇ ਮਾਮਲੇ ਦੀ ਸੁਣਵਾਈ ਕਰਨ ਮੌਕੇ ਦਿੱਤਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਸੀ ਤਾਂ ਉਨ੍ਹਾਂ ਜਾਤ-ਪਾਤ ਤੇ ਊਚ-ਨੀਚ ਖ਼ਤਮ ਕਰਨ ਹਿਤ ਪੁਰਸ਼ ਨੂੰ ਸਿੰਘ ਅਤੇ ਇਸਤਰੀ ਨੂੰ ਆਪਣੇ ਨਾਂ ਪਿੱਛੇ ਕੌਰ ਵਰਤਣ ਦਾ ਸੁਨੇਹਾ ਦਿੱਤਾ ਸੀ ਪਰ ਜੰਮੂ ਹਾਈ ਕੋਰਟ ਦਾ ਫ਼ੈਸਲਾ ਪੂਰੀ ਤਰ੍ਹਾਂ ਸਿੱਖ ਵਿਰੋਧੀ ਹੈ।

# ਜਥੇਦਾਰ ਕਾਉਂਕੇ ਨੂੰ ਫ਼ਖ਼ਰ-ਏ-ਕੌਮ ਐਵਾਰਡ ਦੇਣ ਦੀ ਮੰਗ ਉਠੀ

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਮਰਨ ਉਪਰੰਤ ਫਖ਼ਰ-ਏ-ਕੌਮ ਐਵਾਰਡ ਦੇਣ ਬਾਰੇ ਫ਼ੈਸਲਾ ਕਰਨ। ਸ੍ਰੀ ਕਾਲਕਾ ਇਥੇ ਇਥੇ ਬੰਦੀ ਸਿੰਘਾਂ ਦੇ ਮਾਮਲੇ 'ਚ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ।



ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਕਾਲਕਾ ਨੇ ਕਿਹਾ ਕਿ ਦਿੱਲੀ ਵਿਚ ਦਿੱਲੀ ਕਮੇਟੀ ਵੱਲੋਂ ਜਥੇਦਾਰ ਕਾਉਂਕੇ ਦੀ ਯਾਦ ਵਿਚ ਇਕ ਸਮਾਗਮ ਕੀਤਾ ਸੀ ਜਿਥੇ ਕਈ ਅਹਿਮ ਫੈਸਲੇ ਲਏ ਸਨ। ਉਨ੍ਹਾਂ ਕਿਹਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲ ਭਾਈ ਕਾਉਂਕੇ ਸਬੰਧੀ ਜੋ ਰਿਪੋਰਟ ਰੱਖੀ ਗਈ ਹੈ, ਉਸ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਕਿਵੇਂ ਜਥੇਦਾਰ ਕਾਉਂਕੇ ਨੇ ਤਸ਼ੱਦਦ ਅਤੇ ਤਸੀਹੇ ਝੱਲਦਿਆਂ ਕੁਰਬਾਨੀ ਦਿੱਤੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਰਿਪੋਰਟ ਦਾ ਨੋਟਿਸ ਲੈਂਦਿਆਂ ਜਥੇਦਾਰ ਕਾਉਂਕੇ ਨੂੰ ਫ਼ਖ਼ਰ-ਏ-ਕੌਮ ਦਾ ਐਵਾਰਡ ਦੇਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ 10 ਫਰਵਰੀ ਨੂੰ ਜਲੰਧਰ ਵਿਚ ਵੱਡਾ ਪੰਥਕ ਇਕੱਠ ਰੱਖਿਆ ਗਿਆ ਹੈ, ਜਿਸ ਵਿਚ ਵੱਖ-ਵੱਖ ਸੰਪਰਦਾਵਾਂ ਤੇ ਸੰਸਥਾਵਾਂ ਦੇ ਆਗੂ ਸ਼ਾਮਲ ਹੋਣਗੇ ਅਤੇ ਇਸ ਮਾਮਲੇ ਉਤੇ ਚਰਚਾ ਕਰਦਿਆਂ ਲੋੜੀਂਦੇ ਫ਼ੈਸਲੇ ਲਏ ਜਾਣਗੇ।

# ਸ਼੍ਰੋਮਣੀ ਕਮੇਟੀ ਚੋਣਾਂ: ਵੋਟਰ ਰਜਿਸਟ੍ਰੇਸ਼ਨ ਨੂੰ ਮੱਠਾ ਹੁੰਗਾਰਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਆਗਾਮੀ ਆਮ ਚੋਣਾਂ ਲਈ ਵੋਟਰ ਬਣਨ ਦੀ ਪ੍ਰਕਿਰਿਆ ਨੂੰ ਮੱਠਾ ਹੁੰਗਾਰਾ ਮਿਲ ਰਿਹਾ ਹੈ। ਇਨ੍ਹਾਂ ਚੋਣਾਂ ਲਈ ਪੰਜਾਬ ਵਿਚ ਹੁਣ ਤਕ ਲਗਭਗ 9 ਲੱਖ ਅਰਜ਼ੀਆਂ ਪ੍ਰਾਪਤ ਹੋਈਆਂ ਹਨ ਜਦੋਂਕਿ 2011 ਵਿਚ ਹੋਈਆਂ ਸ਼੍ਰੋਮਣੀ ਕਮੇਟੀ ਚੋਣਾਂ ਦੌਰਾਨ ਲਗਭਗ 52.69 ਲੱਖ ਯੋਗ ਵੋਟਰਾਂ ਨੇ ਹਿੱਸਾ ਲਿਆ ਸੀ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਵੋਟਰ ਬਣਾਉਣ ਦੀ ਪ੍ਰਕਿਰਿਆ 21 ਅਕਤੂਬਰ, 2023 ਤੋਂ ਸ਼ੁਰੂ ਕੀਤੀ ਗਈ ਸੀ।



ਅੰਮ੍ਰਿਤਸਰ ਵਿਚ 2011 ਵਿਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਲਗਭਗ 6 ਲੱਖ ਵੋਟਰ ਰਜਿਸਟਰਡ ਸਨ, ਜਦੋਂਕਿ ਹੁਣ 15 ਜਨਵਰੀ ਤੱਕ ਸਿਰਫ਼ 79,226 ਲੋਕਾਂ ਦੇ ਵੋਟਰ ਬਣਨ ਲਈ ਫਾਰਮ ਪ੍ਰਾਪਤ ਹੋਏ ਹਨ। ਇਸੇ ਤਰ੍ਹਾਂ ਹੋਰਨਾਂ ਜ਼ਿਲ੍ਹਿਆਂ ਵਿਚ ਵੀ ਕਾਫ਼ੀ ਘੱਟ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਗੁਰਦਾਸਪੁਰ ਵਿਚ 96,676, ਤਰਨ ਤਾਰਨ ਤੋਂ 44,326 ਅਤੇ ਜਲੰਧਰ ਤੋਂ 37,634 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਵੋਟਰ ਬਣਨ ਦੀ ਮੱਠੀ ਰਫਤਾਰ ਨੂੰ ਦੇਖਦਿਆਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਘਣਸ਼ਿਆਮ ਥੋਰੀ ਨੇ ਸਬੰਧਤ ਅਧਿਕਾਰੀਆਂ ਨੂੰ ਯੋਗ ਸਿੱਖਾਂ ਨੂੰ ਵੋਟਰ ਬਣਾਉਣ ਵਾਸਤੇ ਸਿੱਖ ਵੋਟਰਾਂ ਦੇ ਘਰ-ਘਰ ਤੱਕ ਪਹੁੰਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਵੋਟਰ ਰਜਿਸਟ੍ਰੇਸ਼ਨ ਲਈ ਵਿਸ਼ੇਸ਼ ਕੈਂਪ ਲਗਾਏ ਗਏ ਹਨ। ਸ਼ਹਿਰੀ ਖੇਤਰਾਂ ਵਿਚ ਨਗਰ ਨਿਗਮ ਤੇ ਹੋਰ ਸਬੰਧਤ ਅਧਿਕਾਰੀ ਅਤੇ ਪੇਂਡੂ ਖੇਤਰਾਂ ਵਿਚ ਬੀ.ਐੱਲ.ਓਜ਼ ਤੇ ਪਟਵਾਰੀਆਂ ਨੂੰ ਟੀਚੇ ਦਿੱਤੇ ਗਏ ਹਨ। ਯੋਗ ਸਿੱਖ ਵੋਟਰ 29 ਫਰਵਰੀ ਤੱਕ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਇਸ ਤੋਂ ਪਹਿਲਾਂ ਅੰਤਿਮ ਤਰੀਕ 15 ਨਵੰਬਰ, 2023 ਸੀ। ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 11 ਅਪਰੈਲ ਹੈ ਜਦੋਂਕਿ ਅੰਤਿਮ ਵੋਟਰ ਸੂਚੀ 3 ਮਈ ਤੱਕ ਪ੍ਰਕਾਸ਼ਿਤ ਕੀਤੀ ਜਾਵੇਗੀ।

# ਸਿੱਖ ਮਸਲੇ: ਦਲ ਖਾਲਸਾ ਵੱਲੋਂ ਫਰਾਂਸ ਦੇ ਰਾਸ਼ਟਰਪਤੀ ਨੂੰ ਪੱਤਰ

**ਅੰਮ੍ਰਿਤਸਰ:** ਦਲ ਖਾਲਸਾ ਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਨੂੰ ਇਕ ਪੱਤਰ ਭੇਜ ਕੇ ਸਿੱਖਾਂ ਨੂੰ ਕੌਮਾਂਤਰੀ ਪੱਧਰ ਉਤੇ ਦਰਪੇਸ਼ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਅਪੀਲ ਕੀਤੀ ਹੈ ਕਿ ਉਹ ਆਪਣੀ ਭਾਰਤ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਨ੍ਹਾਂ ਸਮੱਸਿਆਵਾਂ ਦੇ ਹੱਲ ਵਾਸਤੇ ਗੱਲਬਾਤ ਕਰਨ। ਰਾਸ਼ਟਰਪਤੀ ਇਮੈਨੂਅਲ ਮੈਕਰੋਂ 26 ਜਨਵਰੀ ਨੂੰ ਭਾਰਤ ਦੇ 75ਵੇਂ ਗਣਤੰਤਰ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ।

ਇਹ ਪੱਤਰ ਦਲ ਖ਼ਾਲਸਾ ਵੱਲੋਂ ਭਾਰਤ ਵਿਚ ਫਰਾਂਸ ਦੇ ਰਾਜਦੂਤ ਰਾਹੀਂ ਰਾਸ਼ਟਰਪਤੀ ਨੂੰ ਭੇਜਿਆ ਗਿਆ ਹੈ। ਪੱਤਰ ਵਿਚ ਦਲ ਖਾਲਸਾ ਦੇ ਸਿਆਸੀ ਮਾਮਲਿਆਂ ਦੇ ਸਕੱਤਰ ਕੰਵਰਪਾਲ ਸਿੰਘ ਨੇ ਮੰਗ ਕੀਤੀ ਹੈ ਕਿ ਫਰਾਂਸ ਦੇ ਰਾਸ਼ਟਰਪਤੀ ਹੁਣ ਜਦੋਂ ਭਾਰਤ ਆ ਰਹੇ ਹਨ ਤਾਂ ਨਵੀਂ ਦਿੱਲੀ ਫੇਰੀ ਦੌਰਾਨ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਦੇਸ਼ੀ ਧਰਤੀ ਉਤੇ ਖੁਫੀਆ ਏਜੰਸੀਆਂ ਵੱਲੋਂ ਸਿੱਖਾਂ ਦੇ ਮਿੱਥ ਕੇ ਕੀਤੇ ਜਾ ਰਹੇ ਕਤਲ, ਮਨੁੱਖੀ ਅਧਿਕਾਰਾਂ ਦੀ ਬਹਾਲੀ, ਮੁਲਕ ਅੰਦਰ ਬੰਦੀਆਂ ਲਈ ਨਿਯਮਾਂ




ਅਤੇ ਕਾਨੂੰਨਾਂ ਨੂੰ ਇਕਸਾਰਤਾ ਨਾਲ ਲਾਗੂ ਕਰਨ ਅਤੇ ਵੱਖ-ਵੱਖ ਕੌਮੀਅਤਾਂ ਦੇ ਲੋਕਾਂ ਨੂੰ ਸੰਯੁਕਤ ਰਾਸ਼ਟਰ ਦੇ ਇਕਰਾਰਨਾਮਿਆਂ ਅਨੁਸਾਰ ਸਵੈ-ਨਿਰਣੇ ਦਾ ਅਧਿਕਾਰ ਦੇਣ ਸਬੰਧੀ ਮੁੱਦਿਆਂ 'ਤੇ ਗੱਲਬਾਤ ਕਰਨ। ਜਥੇਬੰਦੀ ਨੇ ਫਰਾਂਸ ਵਿਚ ਦਸਤਾਰ ਅਤੇ ਪਛਾਣ ਦੀ ਲੰਮੇ ਸਮੇਂ ਤੋਂ ਲਟਕਦੀ ਆ ਰਹੀ ਸਮੱਸਿਆ ਹੱਲ ਕਰਨ 'ਤੇ ਵੀ ਜ਼ੋਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗਣਤੰਤਰ ਦਿਵਸ ਮੌਕੇ ਮੌਜੂਦਾ ਹਕੂਮਤ ਦੀਆਂ ਫਾਸ਼ੀਵਾਦੀ ਨੀਤੀਆਂ ਕਾਰਨ ਜਬਰ ਤੇ ਸੰਤਾਪ ਝੱਲ ਰਹੀ ਘੱਟ ਗਿਣਤੀ ਸਿੱਖ ਕੌਮ 26 ਜਨਵਰੀ ਨੂੰ 'ਕਾਲੇ ਗਣਤੰਤਰ ਦਿਵਸ' ਵਜੋਂ ਮਨਾਵੇਗੀ।

# ਗੈਰਕਾਨੂੰਨੀ ਖਣਨ: ਨਵਜੋਤ ਸਿੱਧੂ ਨੇ ਪੰਜਾਬ ਸਰਕਾਰ ਨੂੰ ਘੇਰਿਆ



**ਪਟਿਆਲਾ:** ਗੈਰਕਾਨੂੰਨੀ ਖਣਨ ਕਰਨ ਵਾਲੇ ਕਰੱਸ਼ਰ ਮਾਲਕ ਦੇ ਲੜਕੇ ਦੇ ਵਿਆਹ ਸਮਾਗਮ ਵਿਚ ਖਣਨ ਮੰਤਰੀ ਦੇ ਸ਼ਾਮਲ ਹੋਣ ਦਾ ਮਾਮਲਾ ਠੰਢਾ ਨਹੀਂ ਹੋਇਆ ਕਿ ਨਵਜੋਤ ਸਿੱਧੂ ਨੇ ਇਕ ਹੋਰ ਮਾਮਲਾ ਉਜਾਗਰ ਕਰ ਦਿੱਤਾ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਖਣਨ ਮੰਤਰੀ ਜੌੜਾਮਾਜਰਾ ਦੇ ਨਿੱਜੀ ਹਲਕੇ ਵਿਚ ਹੋ ਰਹੀ ਮਾਈਨਿੰਗ ਦਾ ਮੁੱਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੇ ਵਿਧਾਇਕ ਤੇ ਮਾਈਨਿੰਗ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਨਿੱਜੀ ਹਲਕੇ ਦੇ ਪਿੰਡ ਘੱਗਰੌਲੀ ਵਿਚ ਦਿਨ ਦਿਹਾੜੇ ਗੈਰਕਾਨੂੰਨੀ ਮਾਈਨਿੰਗ ਹੋ ਰਹੀ ਹੈ। ਇਹ ਮਾਈਨਿੰਗ ਏਨੀ ਡੂੰਘੀ ਕੀਤੀ ਜਾ ਰਹੀ ਹੈ ਕਿ ਜਿਸ ਨੂੰ ਖਣਨ ਦਾ ਸਿਧਾਂਤ ਮਾਨਤਾ ਨਹੀਂ ਦਿੰਦਾ ਪਰ ਮਾਨ ਸਰਕਾਰ ਦੇ ਮੰਤਰੀ ਆਪਣੀਆਂ ਦੋਸਤੀਆਂ ਪੁਗਾ ਰਹੇ ਹਨ।

# ਹਰਿਮੰਦਰ ਸਾਹਿਬ ਵਿਖੇ ਸ਼ਰਧਾ ਨਾਲ ਮਨਾਇਆ ਪ੍ਰਕਾਸ਼ ਪੁਰਬ

## ਅਲੌਕਿਕ ਜਲੌਅ ਸਜਾਏ, ਦੀਪਮਾਲਾ ਕੀਤੀ; ਸੰਗਤ ਨੇ ਗੁਰੂਘਰ 'ਚ ਨਤਮਸਤਕ ਹੋ ਕੇ ਕੀਰਤਨ ਸਰਵਣ ਕੀਤਾ

**ਅੰਮ੍ਰਿਤਸਰ:** ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰੂਘਰ ਨਤਮਸਤਕ ਹੋ ਕੇ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ।

ਇਸ ਮੌਕੇ ਹਰਿਮੰਦਰ ਸਾਹਿਬ, ਅਕਾਲ ਤਖ਼ਤ ਤੇ ਗੁਰਦੁਆਰਾ ਬਾਬਾ ਅਟੱਲ ਰਾਇ ਵਿਖੇ ਅਲੌਕਿਕ ਜਲੌਅ ਸਜਾਏ ਗਏ।

ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਮਗਰੋਂ ਧਾਰਮਿਕ ਦੀਵਾਨ ਸਜੇ ਤੇ ਰਾਗੀ, ਢਾਡੀ, ਕਵੀਸ਼ਰ, ਜਥਿਆਂ ਤੇ ਪੰਥਕ ਕਵੀਆਂ ਨੇ ਗੁਰੂ ਜਸ ਗਾਇਨ ਕੀਤਾ। ਇਸ ਮੌਕੇ ਸੰਗਤ ਨਾਲ ਗੁਰੂ ਸਾਹਿਬ ਦਾ ਜੀਵਨ ਇਤਿਹਾਸ ਸਾਂਝਾ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਕਈ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਧਨਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਸਵੇਰ ਵੇਲੇ ਸੰਘਣੀ ਧੁੰਦ ਅਤੇ ਕੜਾਕੇ ਦੀ ਠੰਢ ਦੇ ਬਾਵਜੂਦ ਵੱਡੀ ਗਿਣਤੀ ਵਿਚ ਸੰਗਤ ਇਥੇ ਪਹੁੰਚੀ। ਉਨ੍ਹਾਂ ਦੱਸਿਆ ਕਿ ਸ਼ਾਮ ਵੇਲੇ ਰਹਿਰਾਸ ਦੇ ਪਾਠ ਤੋਂ ਮਗਰੋਂ ਆਤਿਸ਼ਬਾਜ਼ੀ ਚਲਾਈ ਗਈ ਤੇ ਦੀਪਮਾਲਾ ਵੀ ਕੀਤੀ ਗਈ।



ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਅਸਥਾਨ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵੀ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ। ਪ੍ਰਬੰਧਕਾਂ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਮੁਤਾਬਕ ਵੱਡੀ ਗਿਣਤੀ ਵਿਚ ਸੰਗਤ ਨੇ ਸਮਾਗਮ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਦੇਸ਼ ਵਿਦੇਸ਼ ਤੋਂ ਵੀ ਸੰਗਤ ਪੁੱਜੀ ਹੋਈ ਸੀ। ਗੁਰਦੁਆਰੇ ਨੂੰ ਫੁੱਲਾਂ ਨਾਲ ਸਜਾਇਆ ਗਿਆ ਸੀ ਅਤੇ ਦੀਪਮਾਲਾ ਵੀ ਕੀਤੀ ਗਈ। ਬਾਹਰੋਂ ਆਈ ਸੰਗਤ ਦੀ ਰਿਹਾਇਸ਼ ਲਈ ਟੈਂਟ ਸਿਟੀ ਦਾ ਵੀ ਪ੍ਰਬੰਧ ਕੀਤਾ ਗਿਆ। ਇਸੇ ਤਰ੍ਹਾਂ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਰਿਸ਼ੀਕੇਸ਼ ਸਥਿਤ ਗੁਰਦੁਆਰੇ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

**Punjab Times**
**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਕਾਂਗਰਸ 'ਚ ਅੰਦਰੂਨੀ ਕਲੇਸ਼ ਵਧਿਆ

**ਚੰਡੀਗੜ੍ਹ:** ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੀ ਮੋਗਾ ਰੈਲੀ ਤੋਂ ਪੰਜਾਬ ਕਾਂਗਰਸ ਵਿਚ ਅੰਦਰੂਨੀ ਟਕਰਾਅ ਤਿੱਖਾ ਹੋ ਗਿਆ ਹੈ। 'ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ' ਬੈਨਰ ਹੇਠ ਨਵਜੋਤ ਸਿੱਧੂ ਨੇ ਰੈਲੀ ਕਰ ਕੇ ਆਪਣੀ ਰਣਨੀਤੀ ਤੋਂ ਪਿੱਛੇ ਨਾ ਮੁੜਨ ਦਾ ਸੰਕੇਤ ਦਿੱਤਾ ਸੀ। ਪੰਜਾਬ ਕਾਂਗਰਸ ਦੇ ਜਨਰਲ ਸਕੱਤਰ (ਸੰਗਠਨ) ਕੈਪਟਨ ਸੰਦੀਪ ਸੰਧੂ ਨੇ ਮੋਗਾ ਰੈਲੀ ਦੇ ਪ੍ਰਬੰਧਕਾਂ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਦਿੱਤਾ ਸੀ। ਮੋੜਵੇਂ ਰੂਪ ਵਿਚ ਨਵਜੋਤ ਸਿੱਧੂ ਨੇ ਮੋਗਾ ਰੈਲੀ ਦੇ ਪ੍ਰਬੰਧਕਾਂ ਨਾਲ ਡਟਣ ਦਾ ਐਲਾਨ ਕਰ ਦਿੱਤਾ ਹੈ। ਜ਼ਿਲ੍ਹਾ ਕਾਂਗਰਸ ਮੋਗਾ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਵਿਧਾਇਕ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਅਤੇ ਉਨ੍ਹਾਂ ਦੇ ਲੜਕੇ ਐਡਵੋਕੇਟ ਧਰਮਪਾਲ ਸਿੰਘ ਨੂੰ 'ਕਾਰਨ ਦੱਸੋ ਨੋਟਿਸ' ਜਾਰੀ ਕਰ ਕੇ ਦੋ ਦਿਨਾਂ ਦੇ ਅੰਦਰ ਸਥਿਤੀ ਸਪੱਸ਼ਟ ਕਰਨ ਬਾਰੇ ਲਿਖਿਆ ਗਿਆ। ਨਾਲ ਹੀ ਅਨੁਸ਼ਾਸਨੀ ਕਾਰਵਾਈ ਕੀਤੇ ਜਾਣ ਦਾ ਇਸ਼ਾਰਾ ਕੀਤਾ ਹੈ। ਨਵਜੋਤ ਸਿੱਧੂ ਨੇ ਨਿਹਾਲ ਸਿੰਘ ਵਾਲਾ ਪਰਿਵਾਰ ਨਾਲ ਖੜ੍ਹਨ ਦੀ ਗੱਲ ਆਖ ਦਿੱਤੀ ਹੈ ਜਿਸ ਤੋਂ




ਜਾਪਦਾ ਹੈ ਕਿ ਕਾਂਗਰਸ 'ਚ ਅੰਦਰੂਨੀ ਕਲੇਸ਼ ਹੋਰ ਵਧੇਗਾ। ਨਵਜੋਤ ਸਿੱਧੂ ਦੇ ਇਸ ਸਟੈਂਡ ਤੋਂ ਸਾਫ਼ ਹੋ ਗਿਆ ਹੈ ਕਿ ਉਹ ਹੁਣ ਪਿੱਛੇ ਮੁੜਨ ਵਾਲੇ ਨਹੀਂ।

ਨਵਜੋਤ ਸਿੱਧੂ ਨੇ ਮੋਗਾ ਰੈਲੀ ਵਿਚ ਕਿਹਾ ਸੀ ਕਿ ਉਹ ਕਾਂਗਰਸ ਨੂੰ ਕਾਲੇ ਦਿਨਾਂ 'ਚੋਂ ਬਾਹਰ ਕੱਢਣਗੇ ਅਤੇ ਪਾਰਟੀ ਵਿਚ ਜਾਨ ਪਾਉਣਗੇ। ਦੂਜੇ ਪਾਸੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਨੇੜਲੇ ਸਾਥੀ ਦੁਰਲਾਭ ਨੇ ਵੀ ਨਵਜੋਤ ਸਿੱਧੂ ਖ਼ਿਲਾਫ਼ ਮੋਰਚਾ ਖੋਲ੍ਹਿਆ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਲਈ ਇਹ ਇਕ ਪਹਿਲੀ ਵੱਡੀ ਚੁਣੌਤੀ ਹੈ ਕਿਉਂਕਿ ਕਾਂਗਰਸ ਵਿਚਲਾ ਕਲੇਸ਼ ਰੁਕਣ ਦਾ ਨਾਮ ਨਹੀਂ ਲੈ ਰਿਹਾ।

## ਕੈਨੇਡਾ ਵੱਲੋਂ ਵਿਦਿਆਰਥੀਆਂ ਨੂੰ ਝਟਕਾ ਦੇਣ ਦੀ ਤਿਆਰੀ

**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਸੀਮਤ ਕਰਨ ਅਤੇ ਹਰ ਸੂਬੇ ਨੂੰ ਕੋਟਾ ਅਲਾਟ ਕੀਤੇ ਜਾਣ ਦੀ ਨੀਤੀ ਤਿਆਰ ਹੋ ਰਹੀ ਹੈ ਜਿਸ ਨੂੰ ਇਸ ਸਾਲ ਦੇ ਅੰਤ ਤੱਕ ਲਾਗੂ ਕਰ ਦਿੱਤਾ ਜਾਏਗਾ।

ਮੰਤਰਾਲੇ ਵੱਲੋਂ ਤਿਆਰ ਕੀਤੇ ਜਾ ਰਹੇ ਖਰੜੇ ਅਨੁਸਾਰ ਹਰ ਸੂਬੇ ਲਈ ਅਲਾਟ ਗਿਣਤੀ 'ਚੋਂ ਉਥੋਂ ਦੀਆਂ ਸੂਬਾ ਸਰਕਾਰਾਂ ਯੂਨੀਵਰਸਿਟੀਆਂ ਅਤੇ ਵਿੱਦਿਅਕ ਅਦਾਰਿਆਂ ਵਿਚਲੀਆਂ ਸਹੂਲਤਾਂ ਦੀ ਸਮਰੱਥਾ ਅਨੁਸਾਰ ਵਿਦਿਆਰਥੀ ਦਾਖਲਾ ਤੈਅ ਕਰਕੇ ਸੂਚੀ ਆਵਾਸ ਵਿਭਾਗ ਨੂੰ ਸੌਂਪਣਗੀਆਂ ਤੇ ਉਸੇ ਅਨੁਸਾਰ ਵਿਦਿਅਕ ਵੀਜ਼ੇ ਜਾਰੀ ਹੋਣਗੇ। ਜੇਕਰ ਕੌਮਾਂਤਰੀ ਵਿਦਿਆਰਥੀਆਂ ਬਾਰੇ ਨਵੀਂ ਨੀਤੀ ਲਾਗੂ ਹੋਈ ਤਾਂ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ 'ਚ 20-25 ਫ਼ੀਸਦ ਕਟੌਤੀ ਹੋਵੇਗੀ। ਲੰਘੇ ਸਾਲ 5,79,075 ਵੀਜ਼ੇ ਜਾਰੀ ਹੋਣ ਨਾਲ ਦੇਸ਼ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 9 ਲੱਖ ਸੀ। ਆਵਾਸ ਮੰਤਰੀ ਮਾਈਕ ਮਿਲਰ ਨੇ ਸੰਕੇਤ ਦਿੱਤਾ ਸੀ ਕਿ ਰਿਹਾਇਸ਼ੀ ਘਾਟ ਕਾਰਨ ਅਸਥਾਈ ਨਾਗਰਿਕਾਂ ਪ੍ਰਤੀ ਸਖਤ ਹੋਣਾ ਪਏਗਾ।

## 'ਆਪ' ਪੰਜਾਬੀਆਂ ਨਾਲ ਧੋਖਾ ਕਰਨ ਵਾਲੀ ਪਾਰਟੀ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਾਸੀਆਂ ਨੂੰ ਸਾਰੇ ਧਰਮਾਂ ਦੇ ਤਿਉਹਾਰ ਰਲ ਮਿਲ ਕੇ ਮਨਾਉਣ ਤੇ ਪੰਜਾਬ ਨੂੰ ਤਰੱਕੀ ਦੇ ਰਾਹ ਪਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਇਸ ਮੌਕੇ ਆਮ ਆਦਮੀ ਪਾਰਟੀ ਨੂੰ ਪੰਜਾਬ ਅਤੇ ਪੰਜਾਬੀਆਂ ਨਾਲ ਧੋਖਾ ਕਰਨ ਵਾਲੀ ਪਾਰਟੀ ਦੱਸਦਿਆਂ ਕਿਹਾ ਕਿ ਸੰਸਦ ਚੋਣਾਂ ਦੌਰਾਨ 'ਆਪ' ਨੂੰ ਕਰਾਰਾ ਸਬਕ ਸਿਖਾਇਆ ਜਾਵੇਗਾ।

ਸੁਖਬੀਰ ਬਾਦਲ ਇਥੇ ਅਯੁੱਧਿਆ ਵਿਚ ਰਾਮ ਮੰਦਰ ਦੇ ਪ੍ਰਾਣ ਪ੍ਰਤਿਸ਼ਠਾ ਸਮਾਗਮ ਦੀ ਖੁਸ਼ੀ ਵਿਚ ਸਾਬਕਾ ਮੰਤਰੀ ਅਨਿਲ ਜੋਸ਼ੀ ਵੱਲੋਂ ਕਰਵਾਏ ਗਏ ਸਮਾਗਮ ਵਿਚ ਸ਼ਾਮਲ ਹੋਣ ਲਈ ਪਹੁੰਚੇ ਸਨ। ਪ੍ਰਾਣ ਪ੍ਰਤਿਸ਼ਠਾ ਸਮਾਗਮ ਸਬੰਧੀ ਪੰਜਾਬ ਵਿਚ ਛੁੱਟੀ ਦਾ ਐਲਾਨ ਨਾ ਕਰਨ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਸੇ ਦੀਆਂ ਭਾਵਨਾਵਾਂ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਕੋਈ ਪਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹੁੰਦਿਆਂ ਸਾਰੇ ਧਰਮਾਂ ਦੇ ਦਿਨ ਤਿਉਹਾਰ ਭਾਈਚਾਰੇ ਨਾਲ ਮਿਲ ਕੇ ਮਨਾਉਂਦੇ ਸਨ।

# ਵਿਜੀਲੈਂਸ ਨੇ ਧਰਮਸੋਤ ਤੇ ਗਿਲਜ਼ੀਆਂ 'ਤੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਜੰਗਲਾਤ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਸਾਧੂ ਸਿੰਘ ਧਰਮਸੋਤ ਖਿਲਾਫ਼ ਸ਼ਿਕੰਜਾ ਕੱਸਦਿਆਂ ਸਾਬਕਾ ਮੰਤਰੀ ਦੇ ਓ.ਐਸ.ਡੀ. ਰਹੇ ਤੇ ਵਿਭਾਗ ਦੇ ਸੇਵਾਮੁਕਤ ਅਧਿਕਾਰੀ ਚਮਕੌਰ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾ ਲਿਆ ਹੈ। ਵਿਜੀਲੈਂਸ ਦੇ ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਚਮਕੌਰ ਸਿੰਘ ਨੂੰ ਅਦਾਲਤੀ ਦੀ ਪ੍ਰਵਾਨਗੀ ਉਪਰੰਤ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ ਹੈ ਤੇ ਉਸ ਦੇ ਬਿਆਨ ਵੀ ਅਦਾਲਤ ਵਿਚ ਦਰਜ ਕਰਵਾ ਦਿੱਤੇ ਹਨ। ਸਾਧੂ ਸਿੰਘ ਧਰਮਸੋਤ ਇਸ ਸਮੇਂ ਈ.ਡੀ. ਦੀ ਗ੍ਰਿਫਤਾਰੀ ਤੋਂ ਬਾਅਦ ਅਦਾਲਤੀ ਹਿਰਾਸਤ ਅਧੀਨ ਹੈ। ਇਸ ਤਰ੍ਹਾਂ ਵਿਜੀਲੈਂਸ ਅਤੇ ਈ.ਡੀ. ਵੱਲੋਂ ਕਾਨੂੰਨੀ ਘੇਰਾਬੰਦੀ ਕਰਨ ਕਰਕੇ ਸਾਬਕਾ ਮੰਤਰੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਇਸ ਸਾਬਕਾ ਮੰਤਰੀ ਨੂੰ ਵਿਜੀਲੈਂਸ ਵੱਲੋਂ ਵੀ ਇਕ ਵਾਰ ਭ੍ਰਿਸ਼ਟਾਚਾਰ ਤੇ ਦੂਜੀ ਵਾਰੀ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਈ.ਡੀ. ਦੀ ਕਾਰਵਾਈ ਚੱਲ ਰਹੀ ਹੈ ਤੇ ਈ.ਡੀ. ਵੱਲੋਂ ਵੀ ਸਾਬਕਾ ਮੰਤਰੀ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਗਏ ਹਨ। ਵਿਜੀਲੈਂਸ ਨੇ ਇਸ ਮਾਮਲੇ ਵਿਚ ਕਾਂਗਰਸ ਦੇ ਹੀ ਇਕ ਹੋਰ ਆਗੂ ਅਤੇ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਅਤੇ ਇਸ ਕਾਂਗਰਸ ਆਗੂ ਦੇ ਭਤੀਜੇ ਨੂੰ ਵੀ ਨਾਮਜ਼ਦ ਕੀਤਾ ਸੀ। ਵਿਜੀਲੈਂਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਚਮਕੌਰ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾਏ ਜਾਣ ਕਾਰਨ ਭ੍ਰਿਸ਼ਟਾਚਾਰ ਦਾ ਕੇਸ ਮਜ਼ਬੂਤ ਹੋ ਗਿਆ ਹੈ ਤੇ ਗਿਲਜ਼ੀਆਂ ਤੇ ਉਨ੍ਹਾਂ ਦੇ ਭਤੀਜੇ ਦੀਆਂ ਮੁਸ਼ਕਲਾਂ ਵੀ ਵਧ ਸਕਦੀਆਂ ਹਨ। ਵਿਜੀਲੈਂਸ ਨੇ ਜੂਨ 2022 ਵਿਚ ਇਹ ਮਾਮਲਾ ਦਰਜ ਕੀਤਾ ਸੀ। ਵਿਜੀਲੈਂਸ ਨੇ ਧਰਮਸੋਤ ਉਤੇ ਖੈਰ ਦੇ ਦਰਖਤਾਂ ਦੀ ਕਟਾਈ ਲਈ ਪਰਮਿਟ ਜਾਰੀ ਕਰਨ, ਅਧਿਕਾਰੀਆਂ ਦੇ ਤਬਾਦਲੇ, ਖਰੀਦਦਾਰੀ ਅਤੇ ਐੱਨ.ਓ.ਸੀ. ਜਾਰੀ ਕਰਨ ਆਦਿ ਸਬੰਧੀ ਸੰਗਠਿਤ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੋਣ ਦੇ ਦੋਸ਼ ਲਾਏ ਸਨ।

## ਅਮਰੀਕਾ ਤੋਂ ਪਰਤੇ ਨੌਜਵਾਨ ਤੋਂ ਫਿਰੌਤੀ ਮੰਗੀ

**ਮਾਨਸਾ:** ਭੀਖੀ ਪੁਲਿਸ ਨੇ ਮਾਨਸਾ ਦੀ ਜੇਲ੍ਹ ਵਿਚ ਕੈਦ ਭੁਪਿੰਦਰ ਸਿੰਘ ਉਰਫ਼ ਹੈਪੀ ਧਲੇਵਾਂ ਵਾਸੀ ਖ਼ਿਲਾਫ਼ ਫਿਰੌਤੀ ਲਈ ਫੋਨ ਕਰਨ ਅਤੇ ਜਾਨ ਤੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਜੱਸੜਵਾਲ ਦੇ ਵਸਨੀਕ ਅਮਨਦੀਪ ਸਿੰਘ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਕੁਝ ਦਿਨ ਪਹਿਲਾਂ ਹੀ ਆਪਣੇ ਪਰਿਵਾਰ ਸਮੇਤ ਅਮਰੀਕਾ ਤੋਂ ਪਰਤਿਆ ਹੈ। ਅਮਨਦੀਪ ਨੇ ਦੱਸਿਆ ਕਿ ਉਸ ਨੂੰ ਕਾਲ ਕਰਨ ਵਾਲੇ ਨੇ ਖ਼ੁਦ ਨੂੰ ਮਾਨਸਾ ਜੇਲ੍ਹ ਵਿਚ ਕਤਲ ਦੇ ਦੋਸ਼ ਹੇਠ ਸਜ਼ਾ ਭੁਗਤ ਰਿਹਾ ਕੈਦੀ ਭੁਪਿੰਦਰ ਸਿੰਘ ਉਰਫ਼ ਹੈਪੀ ਧਲੇਵਾਂ ਦੱਸਿਆ ਤੇ ਜਾਨ ਤੋਂ ਮਾਰਨ ਦੀ ਧਮਕੀ ਦਿੰਦਿਆਂ10 ਲੱਖ ਰੁਪਏ ਦੀ ਮੰਗ ਕੀਤੀ। ਏ.ਐਸ.ਆਈ. ਨਛੱਤਰ ਸਿੰਘ ਨੇ ਦੱਸਿਆ ਕਿ ਭੀਖੀ ਪੁਲਿਸ ਨੇ ਇਸ ਸ਼ਿਕਾਇਤ ਦੀ ਪੜਤਾਲ ਕਰਨ ਮਗਰੋਂ ਮੁਲਜ਼ਮ ਹੈਪੀ ਧਲੇਵਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

## ਗਾਜ਼ਾ 'ਚ ਹਮਲੇ ਦੌਰਾਨ ਇਜ਼ਰਾਈਲ ਦੇ 21 ਫ਼ੌਜੀ ਮਰੇ

**ਯੇਰੂਸ਼ਲਮ:** ਇਜ਼ਰਾਇਲੀ ਫੌਜ ਨੇ ਕਿਹਾ ਕਿ ਮੱਧ ਗਾਜ਼ਾ ਵਿਚ ਹੋਏ ਹਮਲੇ ਵਿਚ ਉਸ ਦੇ 21 ਫ਼ੌਜੀ ਮਾਰੇ ਗਏ। ਇਹ ਫੌਜ ਦਾ ਹੁਤ ਤੱਕ ਦਾ ਸਭ ਤੋਂ ਵੱਡਾ ਨੁਕਸਾਨ ਹੈ। ਫੌਜੀ ਦੋ ਘਰਾਂ ਨੂੰ ਢਾਹੁਣ ਲਈ ਧਮਾਕਾਖੇਜ਼ ਸਮੱਗਰੀ ਲਾ ਰਹੇ ਸਨ ਕਿ ਰਾਕੇਟ ਨਾਲ ਚੱਲਣ ਵਾਲੇ ਗ੍ਰਨੇਡ ਨਾਲ ਹਮਲਾ ਹੋ ਗਿਆ। ਇਸ ਕਾਰਨ ਧਮਾਕਾਖੇਜ਼ ਸਮੱਗਰੀ ਫਟ ਗਈ, ਇਮਾਰਤਾਂ ਢਹਿ ਗਈਆਂ ਅਤੇ ਮਲਬੇ ਹੇਠ ਦੱਬ ਕੇ ਫੌਜੀ ਮਾਰੇ ਗਏ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਮਸਲਾ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਸਿੱਖ ਬੰਦੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ 'ਤੇ ਕਾਰਵਾਈ ਕਰਵਾਉਣ ਦੇ ਮਕਸਦ ਨਾਲ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਅਜੇ ਤੱਕ ਕੋਈ ਹੁੰਗਾਰਾ ਨਹੀਂ ਮਿਲਿਆ। ਕੇਂਦਰੀ ਗ੍ਰਹਿ ਮੰਤਰੀ ਤੋਂ ਇਸ ਮਾਮਲੇ ਸਬੰਧੀ ਮੁਲਾਕਾਤ ਦਾ ਸਮਾਂ ਮੰਗਿਆ ਗਿਆ ਸੀ ਪਰ ਹੁਣ ਤੱਕ ਕੋਈ ਜਵਾਬ ਨਹੀਂ ਆਇਆ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਦੋ ਵਾਰ ਪੱਤਰ ਭੇਜੇ ਜਾ ਚੁੱਕੇ ਹਨ। ਕੇਂਦਰ ਸਰਕਾਰ ਦੇ ਇਸ ਰਵੱਈਏ ਕਾਰਨ ਪੰਜ ਮੈਂਬਰੀ ਕਮੇਟੀ ਸਣੇ ਸਿੱਖ ਜਗਤ ਵਿਚ ਨਿਰਾਸ਼ਾ ਦਾ ਆਲਮ ਹੈ। ਸ਼੍ਰੋਮਣੀ ਕਮੇਟੀ ਵੱਲੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਸਬੰਧੀ ਰਹਿਮ ਦੀ ਅਪੀਲ ਲਗਭਗ 12 ਸਾਲ ਪਹਿਲਾਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਗਈ ਸੀ। ਇਸ ਅਪੀਲ ਉਤੇ ਅੱਜ ਤੱਕ ਸਥਾਈ ਫ਼ੈਸਲਾ ਨਹੀਂ ਕੀਤਾ ਗਿਆ। ਬਲਵੰਤ ਸਿੰਘ ਰਾਜੋਆਣਾ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਅਪੀਲ ਨੂੰ ਵਾਪਸ ਲੈ ਲਵੇ। ਇਸ ਸਬੰਧੀ ਉਸ ਨੇ ਜੇਲ੍ਹ ਵਿਚ ਭੁੱਖ ਹੜਤਾਲ ਵੀ ਸ਼ੁਰੂ ਕੀਤੀ ਸੀ।

ਦੱਸ ਦਈਏ ਕਿ ਸਰਕਾਰ ਇਸ ਗੰਭੀਰ ਮਸਲੇ ਨੂੰ ਸੰਜੀਦਗੀ ਨਾਲ ਵਿਚਾਰਨ ਦੀ ਥਾਂ ਚੋਣਾਂ ਵੇਲੇ ਇਸ ਨੂੰ ਸਿਆਸੀ ਜ਼ਮੀਨ ਤਿਆਰ ਕਰਨ ਲਈ ਵਰਤਦੀਆਂ ਰਹੀਆਂ ਹਨ। ਨਰਿੰਦਰ ਮੋਦੀ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਮੌਕੇ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਅਤੇ ਇਕ (ਬਲਵੰਤ ਸਿੰਘ ਰਾਜੋਆਣਾ) ਦੀ ਫਾਂਸੀ ਦੀ ਸਜ਼ਾ ਮੁਆਫ਼ ਕਰਨ ਦਾ ਫ਼ੈਸਲਾ ਕੀਤਾ ਸੀ, ਹਾਲਾਂਕਿ ਬਾਅਦ ਵਿਚ ਸਰਕਾਰ ਇਸ ਤੋਂ ਪਿੱਛੇ ਹਟ ਗਈ। ਕੇਂਦਰ ਸਰਕਾਰ ਨੇ 2019 ਵਿਚ ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪ੍ਰੋਟੋਕਾਲ ਮੁਤਾਬਕ ਸਜ਼ਾ ਬਾਰੇ ਫੈਸਲਾ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੇ ਸਜ਼ਾ ਸਮੀਖਿਆ ਬੋਰਡ ਦੀ ਸਿਫ਼ਾਰਸ਼ ਉਤੇ ਲੈਣਾ ਸੀ। 11 ਦਸੰਬਰ 2020 ਨੂੰ ਜਦੋਂ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਉਤੇ ਸਜ਼ਾ ਸਮੀਖਿਆ ਬੋਰਡ ਦੀ ਬੈਠਕ ਹੋਈ ਤਾਂ ਇਹ ਕੇਸ ਰੱਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਕਈ ਮੀਟਿੰਗਾਂ ਹੋਈਆਂ ਪਰ ਹਰ ਵਾਰ ਪ੍ਰੋ. ਭੁੱਲਰ ਦੇ ਕੇਸ ਨੂੰ ਰੱਦ ਕਰ ਦਿੱਤਾ ਗਿਆ। ਦਵਿੰਦਰਪਾਲ ਸਿੰਘ ਭੁੱਲਰ ਉੱਤੇ 1991 ਵਿਚ ਪੰਜਾਬ ਪੁਲਿਸ ਦੇ ਅਧਿਕਾਰੀ ਸੁਮੇਧ ਸੈਣੀ, ਜੋ ਬਾਅਦ ਵਿਚ ਪੰਜਾਬ ਦੇ ਡੀ.ਜੀ.ਪੀ. ਵਜੋਂ ਸੇਵਾਮੁਕਤ ਹੋਏ, ਉੱਤੇ ਹੋਏ ਅਤਿਵਾਦੀ ਹਮਲੇ ਵਿਚ ਸ਼ਾਮਲ ਹੋਣ ਦੇ ਇਲਜ਼ਾਮ ਲੱਗੇ ਸਨ।

ਉਹ ਉਸ ਸਮੇਂ ਲੁਧਿਆਣਾ ਦੇ ਜੀ.ਐਨ.ਈ. ਕਾਲਜ ਵਿਚ ਕੈਮੀਕਲ ਇੰਜਨੀਅਰਿੰਗ ਦੇ ਪ੍ਰੋਫੈਸਰ ਸਨ। ਉਹ ਬਆਦ ਵਿਚ ਪਿੱਛੋਂ ਰੂਪੋਸ਼ ਹੋ ਗਏ। 1993 ਵਿਚ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਉਤੇ ਅਤਿਵਾਦੀ ਹਮਲੇ ਵਿਚ ਵੀ ਭੁੱਲਰ ਦਾ ਨਾਮ ਲਿਆ ਗਿਆ। ਭੁੱਲਰ ਨੂੰ 1994 ਵਿਚ ਜਰਮਨੀ ਵਿਚ ਸਿਆਸੀ ਸ਼ਰਨ ਲੈਣ ਜਾਂਦੇ ਸਮੇਂ ਫਰੈਂਕਫਰਟ ਵਿਚ ਇਮੀਗਰੇਸ਼ਨ ਕਾਗ਼ਜ਼ ਸਹੀ ਨਾ ਹੋਣ ਕਰਨ ਹਿਰਾਸਤ ਵਿਚ ਲਿਆ ਗਿਆ ਅਤੇ 1995 ਵਿਚ ਭਾਰਤ ਹਵਾਲੇ ਕਰ ਦਿੱਤਾ ਗਿਆ। ਭਾਰਤ ਵਿਚ ਉਹ ਉਦੋਂ ਤੋਂ ਹੀ ਵੱਖ-ਵੱਖ ਜੇਲ੍ਹਾਂ ਵਿਚ ਰਹੇ ਹਨ। ਉਨ੍ਹਾਂ ਦੀ ਮਾਨਸਿਕ ਸਿਹਤ ਵੀ ਵਿਗੜ ਗਈ ਸੀ। ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਭੁੱਲਰ ਆਪਣੇ ਪਤੀ ਖ਼ਿਲਾਫ਼ ਸਾਰੇ ਇਲਜ਼ਾਮਾਂ ਨੂੰ ਰੱਦ ਕਰਦੇ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਭੁੱਲਰ ਖ਼ਿਲਾਫ਼ ਕੋਈ ਸਬੂਤ ਨਹੀਂ ਮਿਲਿਆ, ਉਨ੍ਹਾਂ ਤੋਂ ਪੁਲਿਸ ਹਿਰਾਸਤ ਦੌਰਾਨ ਹਲਫ਼ੀਆ ਬਿਆਨ ਉਤੇ ਹਸਤਾਖ਼ਰ ਕਰਵਾ ਲਏ ਗਏ ਅਤੇ ਇਸੇ ਅਧਾਰ ਉਤੇ ਸਜ਼ਾ ਦੇ ਦਿੱਤੀ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਜੇਲ੍ਹਾਂ ਅੰਦਰੋਂ ਹੀ ਨਸ਼ਾ ਤਸਕਰੀ ਦੇ ਕਾਰੋਬਾਰ ਦੀਆਂ ਪਰਤਾਂ ਖੁੱਲ੍ਹੀਆਂ

**ਚੰਡੀਗੜ੍ਹ:** ਫਿਰੋਜ਼ਪੁਰ ਜੇਲ੍ਹ ਦੇ 43 ਹਜ਼ਾਰ ਫੋਨ ਕਾਲਾਂ ਦੇ ਘੁਟਾਲੇ ਸਬੰਧੀ ਪੁਲਿਸ ਵੱਲੋਂ ਕੀਤੀ ਗਈ ਜਾਂਚ 'ਚ ਤਿੰਨ ਨਸ਼ਾ ਤਸਕਰਾਂ ਵੱਲੋਂ 4200 ਵੱਖ-ਵੱਖ ਨੰਬਰਾਂ ਉਤੇ ਫੋਨ ਕਾਲਾਂ ਅਤੇ 5 ਹਜ਼ਾਰ ਵਾਰ ਬੈਂਕ ਦੇ ਲੈਣ ਦੇਣ ਦਾ ਪਤਾ ਲੱਗਿਆ ਹੈ।

ਪੁਲਿਸ ਵੱਲੋਂ ਡਰੱਗ ਮਨੀ ਦਾ ਪਤਾ ਲਗਾਉਣ ਲਈ ਹਰ ਇਕ ਕਾਲਰ ਅਤੇ ਪੈਸੇ ਪ੍ਰਾਪਤ ਕਰਨ ਵਾਲੇ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।



ਜਾਂਚ ਟੀਮ ਨਾਲ ਜੁੜੇ ਇਕ ਅਧਿਕਾਰੀ ਨੇ ਦੱਸਿਆ ਕਿ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਵਿਚੋਂ ਕਿੰਨੀਆਂ ਕਾਲਾਂ ਪਰਿਵਾਰ, ਦੋਸਤਾਂ ਜਾਂ ਨਸ਼ਾ ਤਸਕਰਾਂ ਨੂੰ ਕੀਤੀਆਂ ਗਈਆਂ ਸਨ। ਪੈਸਿਆਂ ਦਾ ਲੈਣ-ਦੇਣ ਜੇਲ੍ਹ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਜਾਂ ਨਸ਼ਿਆਂ ਲਈ ਭੁਗਤਾਨ ਲਈ ਵੀ ਕੀਤਾ ਹੋ ਸਕਦਾ ਹੈ। ਇਹ ਮਾਮਲਾ ਪਿਛਲੇ ਸਾਲ ਨਵੰਬਰ ਵਿਚ ਉਸ ਸਮੇਂ ਸਾਹਮਣੇ ਆਇਆ ਸੀ ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਕ ਜ਼ਮਾਨਤ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਜੇਲ੍ਹ ਵਿਚ ਮੋਬਾਈਲ ਫੋਨਾਂ ਦੀ ਵਰਤੋਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਬਾਰੇ ਰਿਪੋਰਟ ਮੰਗੀ ਸੀ।

ਅਦਾਲਤ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਪੁਲਿਸ ਨੇ ਜਾਂਚ ਅਰੰਭੀ ਕਿ ਜੇਲ੍ਹ 'ਚੋਂ 43 ਹਜ਼ਾਰ ਤੋਂ ਵਧ ਫੋਨ ਕਾਲਾਂ ਕਿਵੇਂ ਹੋਈਆਂ। ਇਸ 'ਚ ਸਾਹਮਣੇ ਆਇਆ ਹੈ ਕਿ ਤਿੰਨਾਂ ਤਸਕਰਾਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਜੇਲ੍ਹ 'ਚ ਮੋਬਾਈਲ ਫੋਨ ਦੀ ਵਰਤੋਂ ਕੀਤੀ ਗਈ। ਮਾਮਲੇ ਸਬੰਧੀ ਪੁਲਿਸ ਨੇ ਜੇਲ੍ਹ ਵਿਭਾਗ ਦੇ 11 ਅਧਿਕਾਰੀਆਂ ਸਮੇਤ 25 ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤਾ ਹੈ। ਇਸ ਸਬੰਧੀ ਜੇਲ੍ਹ ਦੇ ਨੌਂ ਅਧਿਕਾਰੀਆਂ ਤੋਂ ਇਲਾਵਾ ਮੋਬਾਈਲਾਂ ਦੀ ਦੁਕਾਨ ਦੇ ਮਾਲਕ ਅਤੇ ਚਾਹ ਸਟਾਲ ਮਾਲਕ ਸਮੇਤ 19 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

## ਪੰਜਾਬ 'ਚ ਗੈਂਗਸਟਰ ਚਲਾ ਰਹੇ ਨੇ ਸਰਕਾਰ: ਜਾਖੜ

**ਤਰਨ ਤਾਰਨ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਭਗਵੰਤ ਮਾਨ ਦੀ ਸਰਕਾਰ ਨੂੰ ਸਿਰਫ ਨਾਮ ਦੀ ਸਰਕਾਰ ਦੱਸਿਆ। ਉਨ੍ਹਾਂ ਕਿਹਾ ਕਿ ਹਕੀਕਤ ਵਿਚ ਗੈਂਗਸਟਰ ਸਰਕਾਰ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਗੈਂਗਸਟਰ ਜੇਲ੍ਹਾਂ ਵਿਚ ਬੈਠੇ 45 ਹਜ਼ਾਰ ਤੋਂ ਵੱਧ ਫੋਨ ਕਾਲਾਂ ਕਰ ਰਹੇ ਹਨ ਪਰ ਸਰਕਾਰ ਨੂੰ ਕੋਈ ਫਰਕ ਨਹੀਂ ਪੈ ਰਿਹਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਮਨ ਕਾਇਮ ਰੱਖਣ ਵਿਚ ਫੇਲ੍ਹ ਰਹੀ ਸੂਬਾ ਸਰਕਾਰ ਖ਼ਿਲਾਫ਼ ਲੋਕਾਂ ਨੂੰ ਸੰਘਰਸ਼ ਕਰਨਾ ਚਾਹੀਦਾ ਹੈ।

ਇਸ ਪੂਰੇ ਮਾਮਲੇ 'ਚ 32 ਸਾਲਾ ਸੋਨੂੰ ਉਰਫ ਟਿੰਡੀ ਅਤੇ ਉਸ ਦੇ ਸਾਥੀ ਰਾਜ ਕੁਮਾਰ ਉਰਫ ਰਾਜੂ ਦੀ ਮੁੱਖ ਭੂਮਿਕਾ ਸਾਹਮਣੇ ਆਈ ਹੈ। ਦੋਵੇਂ ਜੇਲ੍ਹ ਅੰਦਰੋਂ ਹੀ ਗੈਰ-ਕਾਨੂੰਨੀ ਢੰਗ ਨਾਲ ਫੋਨਾਂ ਦੀ ਵਰਤੋਂ ਕਰਕੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦਾ ਰੈਕੇਟ ਚਲਾਉਂਦੇ ਸਨ। ਡਰੱਗ ਮਨੀ ਟਿੰਡੀ ਦੀ ਪਤਨੀ ਗੀਤਾਂਜਲੀ ਅਤੇ ਰਾਜੂ ਦੀ ਪਤਨੀ ਨੀਰੂ ਬਾਲਾ ਦੇ ਖਾਤਿਆਂ ਵਿਚ ਟਰਾਂਸਫਰ ਕੀਤੀ ਗਈ। ਉਨ੍ਹਾਂ ਨੇ ਫੋਨਾਂ ਨਾਲ ਲਿੰਕ ਕੀਤੇ ਖਾਤੇ ਉਤੇ ਲਗਭਗ 1.32 ਕਰੋੜ ਰੁਪਏ ਪ੍ਰਾਪਤ ਕੀਤੇ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇੰਜ ਲੱਗਦਾ ਹੈ ਕਿ ਜੇਲ੍ਹ ਅੰਦਰੋਂ ਕਈ ਕੈਦੀ ਪਰਿਵਾਰ ਨਾਲ ਗੱਲ ਕਰਨ ਲਈ ਫ਼ੋਨ ਦੀ ਵਰਤੋਂ ਕਰਦੇ ਸਨ। ਮੁਲਜ਼ਮ ਰਾਜ ਕੁਮਾਰ ਉਰਫ਼ ਰਾਜੂ ਅਤੇ ਉਸ ਦੀ ਪਤਨੀ ਨੀਰੂ ਬਾਲਾ ਨੇ ਇਕ ਦੂਜੇ ਨੂੰ ਕਰੀਬ 4500 ਕਾਲਾਂ ਕੀਤੀਆਂ। ਤਸਕਰਾਂ ਵੱਲੋਂ ਕੀਤੀਆਂ ਕੁੱਲ 43,432 ਫ਼ੋਨ ਕਾਲਾਂ ਵਿਚੋਂ 38,850 ਕਾਲਾਂ ਰਾਜ ਕੁਮਾਰ ਦੇ ਫ਼ੋਨ ਤੋਂ ਪਹਿਲੀ ਮਾਰਚ ਤੋਂ 31 ਮਾਰਚ 2019 ਦਰਮਿਆਨ ਕੀਤੀਆਂ ਗਈਆਂ। ਬਾਕੀ 4,582 ਕਾਲਾਂ 9 ਅਕਤੂਬਰ 2021 ਤੋਂ 14 ਫਰਵਰੀ, 2023 ਦਰਮਿਆਨ ਕੀਤੀਆਂ ਗਈਆਂ।

## ਬਲਕੌਰ ਸਿੱਧੂ ਵੱਲੋਂ ਸਿਆਸਤ 'ਚ ਆਉਣ ਦੇ ਸੰਕੇਤ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਸਿਆਸਤ ਵਿਚ ਆਉਣ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਪੁੱਤ ਨੂੰ ਇਨਸਾਫ਼ ਦਿਵਾਉਣ ਲਈ ਹੁਣ ਅਜਿਹਾ ਕਰਨਾ ਜ਼ਰੂਰੀ ਜਾਪ ਰਿਹਾ ਹੈ। ਪਿੰਡ ਮੂਸਾ ਵਿਚ ਮਰਹੂਮ ਗਾਇਕ ਦੇ ਪ੍ਰਸੰਸਕਾਂ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰਨ ਵਾਲਿਆਂ ਨੂੰ ਅੱਜ ਤੱਕ ਜੇਲ੍ਹ ਤੋਂ ਬਾਹਰ ਨਹੀਂ ਆਉਣ ਦਿੱਤਾ ਗਿਆ ਜਦਕਿ ਸ਼ੁਭਦੀਪ ਸਿੱਧੂ ਨੂੰ ਕਤਲ ਕਰਨ ਵਾਲੇ ਲੋਕ ਵਿਦੇਸ਼ਾਂ ਵਿਚ ਤੇ ਜੇਲ੍ਹਾਂ ਵਿਚ ਵੀ ਮੌਜਾਂ ਕਰ ਰਹੇ ਹਨ। ਦੁੱਖ ਦੀ ਗੱਲ ਹੈ ਕਿ ਮੂਸੇਵਾਲਾ ਦੀ ਮੌਤ ਦੀ ਜ਼ਿੰਮੇਵਾਰੀ ਲੈਣ ਵਾਲੇ ਗੈਂਗਸਟਰ ਹੁਣ ਖ਼ੁਦ ਨੂੰ ਬੇਗੁਨਾਹ ਦੱਸ ਰਹੇ ਹਨ। ਜੇਕਰ ਲਾਰੈਂਸ ਬਿਸ਼ਨੋਈ ਹੋਰਾਂ ਨੇ ਸ਼ੁਭਦੀਪ ਦਾ ਕਤਲ ਨਹੀਂ ਕੀਤਾ ਤਾਂ ਹੋਰ ਕਿਸ ਨੇ ਕੀਤਾ ਹੈ ਜਦਕਿ ਇਸ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਨੇ ਖ਼ੁਦ ਲਈ ਹੈ।

## ਪੁਲਿਸ ਮੁਕਾਬਲੇ ਵਿਚ ਲਾਰੈਂਸ ਗਰੋਹ ਦੇ ਦੋ ਮੈਂਬਰ ਜ਼ਖ਼ਮੀ

**ਜਲੰਧਰ:** ਸਥਾਨਕ ਸੀ.ਆਈ.ਏ. ਦੀ ਟੀਮ ਨੇ ਇਥੇ ਇਕ ਮੁਕਾਬਲੇ ਮਗਰੋਂ ਲਾਰੈਂਸ ਬਿਸ਼ਨੋਈ ਗਰੋਹ ਦੇ ਦੋ ਮੈਂਬਰਾਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਇਸ ਸਬੰਧੀ ਗੁਪਤ ਸੂਚਨਾ ਮਿਲੀ ਸੀ, ਜਿਸ ਮਗਰੋਂ ਪੁਲਿਸ ਨੇ ਸਥਾਨਕ ਗੁਲਮੋਹਰ ਕਲੋਨੀ ਨੇੜੇ ਨਾਖਾਂ ਵਾਲਾ ਬਾਗ ਵਿਚ ਛਾਪਾ ਮਾਰਿਆ ਤੇ ਉਕਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ। ਮੁਲਜ਼ਮਾਂ ਦੀ ਪਛਾਣ ਅਸ਼ੀਸ਼ ਵਾਸੀ ਪਿੰਡ ਬੁੱਲੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਤੇ ਨਿਤਿਨ ਵਾਸੀ ਜਲੰਧਰ ਵਜੋਂ ਹੋਈ ਹੈ।

ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲਿਸ ਦੀ ਟੀਮ ਜਦੋਂ ਦੱਸੀ ਹੋਈ ਥਾਂ ਉਤੇ ਪਹੁੰਚੀ ਤਾਂ ਇਥੇ ਇਕ ਸ਼ੱਕੀ ਕਾਰ ਦਿਖਾਈ ਦਿੱਤੀ। ਜਦੋਂ ਪੁਲਿਸ ਨੇ ਕਾਰ ਨੂੰ ਘੇਰਾ ਪਾਇਆ ਤਾਂ ਇਸ 'ਚ ਸਵਾਰ ਵਿਅਕਤੀਆਂ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਜਵਾਬੀ ਕਾਰਵਾਈ ਕਰਦਿਆਂ ਪੁਲਿਸ ਨੇ ਵੀ ਗੋਲੀਬਾਰੀ ਕੀਤੀ, ਜਿਸ ਦੌਰਾਨ ਦੋਵੇਂ ਮੁਲਜ਼ਮ ਗੰਭੀਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦੋਵਾਂ ਨੂੰ ਕਾਬੂ ਕਰਕੇ ਹਸਪਤਾਲ ਦਾਖਲ ਕਰਵਾ ਦਿੱਤਾ ਹੈ। ਕਮਿਸ਼ਨਰ ਸ਼ਰਮਾ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ ਇਕ ਪੁਲਿਸ ਅਧਿਕਾਰੀ ਵੀ ਜ਼ਖ਼ਮੀ ਹੋਇਆ ਹੈ ਜਦਕਿ ਇਕ ਗੋਲੀ ਏ.ਐਸ.ਆਈ. ਨਿਸ਼ਾਨ ਸਿੰਘ ਦੀ ਪੱਗ ਵਿਚੋਂ ਹੋ ਕੇ ਲੰਘੀ ਤੇ ਉਹ ਵਾਲ-ਵਾਲ ਬਚੇ ਹਨ।



ਸੀ.ਆਈ.ਏ. ਮੁਖੀ ਸੁਰਿੰਦਰ ਸਿੰਘ ਕੰਬੋਜ ਨੇ ਦੱਸਿਆ ਕਿ ਅਸ਼ੀਸ਼ ਕਾਫੀ ਦੇਰ ਤੋਂ ਭਗੌੜਾ ਸੀ ਤੇ ਉਸ ਵਿਰੁੱਧ ਕਤਲ, ਫਿਰੌਤੀ ਤੇ ਸੁਪਾਰੀ ਕਤਲ ਦੇ ਕੇਸ ਦਰਜ ਹਨ ਜਦਕਿ ਨਿਤਿਨ ਖ਼ਿਲਾਫ਼ ਕਤਲ ਤੇ ਨਸ਼ਾ ਤਸਕਰੀ ਦੇ ਮਾਮਲੇ ਦਰਜ ਹਨ। ਦੋਵੇਂ ਗੈਂਗਸਟਰ ਲਗਾਤਾਰ ਜਸਮੀਤ ਉਰਫ਼ ਲੱਕੀ ਵਾਸੀ ਬੁੱਲੋਵਾਲ ਦੇ ਸੰਪਰਕ ਵਿਚ ਸਨ, ਜੋ ਇਸ ਵੇਲੇ ਅਮਰੀਕਾ ਵਿਚ ਹੈ ਤੇ ਉਸ ਉਤੇ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਸ਼ਾਮਲ ਮਨਦੀਪ ਉਰਫ਼ ਮੰਨੂ ਤੇ ਜਗਰੂਪ ਰੂਪਾ ਨੂੰ ਪਨਾਹ ਦੇਣ ਦਾ ਦੋਸ਼ ਹੈ। ਜਸਮੀਤ ਖ਼ਿਲਾਫ਼ ਲਗਭਗ ਦਸ ਤੋਂ ਵੱਧ ਅਪਰਾਧਕ ਮਾਮਲੇ ਦਰਜ ਹਨ।

## ਪੰਜਾਬ ਵਿਚ ਸੀਤ ਲਹਿਰ ਦਾ ਕਹਿਰ ਜਾਰੀ

**ਚੰਡੀਗੜ੍ਹ:** ਪੰਜਾਬ ਵਿਚ ਸੰਘਣੀ ਧੁੰਦ ਤੇ ਸੀਤ ਲਹਿਰ ਕਾਰਨ ਪਾਰਾ ਕਾਫੀ ਹੇਠਾਂ ਰਿਹਾ ਜਿਸ ਕਾਰਨ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਪੰਜਾਬ ਤੇ ਹਰਿਆਣਾ ਸਣੇ ਉਤਰੀ ਭਾਰਤ ਵਿਚ ਪੈ ਰਹੀ ਕੜਾਕੇ ਦੀ ਠੰਢ ਨੇ ਲੋਕਾਂ ਨੂੰ ਘਰਾਂ ਵਿਚ ਡੱਕੇ ਰਹਿਣ ਲਈ ਮਜਬੂਰ ਕਰ ਦਿੱਤਾ ਹੈ। ਮੌਸਮ ਵਿਭਾਗ ਅਨੁਸਾਰ ਪੰਜਾਬ ਵਿਚ ਨਵਾਂ ਸ਼ਹਿਰ ਅਤੇ ਹਰਿਆਣਾ ਵਿਚ ਮਹਿੰਦਰਗੜ੍ਹ ਸਭ ਤੋਂ ਠੰਢੇ ਸ਼ਹਿਰ ਰਹੇ ਹਨ। ਨਵਾਂ ਸ਼ਹਿਰ ਵਿਚ ਘੱਟ ਤੋਂ ਘੱਟ ਤਾਪਮਾਨ 3.1 ਡਿਗਰੀ ਅਤੇ ਮਹਿੰਦਰਗੜ੍ਹ ਵਿਚ 2.2 ਡਿਗਰੀ ਦਰਜ ਕੀਤਾ ਗਿਆ ਹੈ।

ਸੰਘਣੀ ਧੁੰਦ ਕਰਕੇ ਦਿਖਣ ਹੱਦ ਵੀ 200 ਮੀਟਰ ਤੋਂ ਘੱਟ ਦਰਜ ਕੀਤੀ ਗਈ ਹੈ ਜਿਸ ਕਾਰਨ ਵਾਹਨ ਚਾਲਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿਚ ਘੱਟ ਤੋਂ ਘੱਟ ਤਾਪਮਾਨ



5.2 ਡਿਗਰੀ ਰਿਹਾ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ 7 ਡਿਗਰੀ, ਲੁਧਿਆਣਾ 6.2, ਪਟਿਆਲਾ 5, ਪਠਾਨਕੋਟ 8.6, ਬਠਿੰਡਾ 6.2, ਫਰੀਦਕੋਟ 6.8, ਗੁਰਦਾਸਪੁਰ 5.5, ਫਤਹਿਗੜ੍ਹ ਸਾਹਿਬ 6.2, ਫਿਰੋਜ਼ਪੁਰ 7.9, ਮੋਗਾ 7 ਅਤੇ ਮੁਹਾਲੀ ਵਿਚ ਤਾਪਮਾਨ 6.2 ਡਿਗਰੀ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਹਰਿਆਣਾ ਦੇ ਅੰਬਾਲਾ ਵਿਚ 5.7, ਹਿਸਾਰ 2.8, ਫਰੀਦਾਬਾਦ 3.5 ਤੇ ਜੀਂਦ ਵਿਚ ਤਾਪਮਾਨ 3.7 ਡਿਗਰੀ ਰਿਹਾ। ਕੌਮੀ ਰਾਜਧਾਨੀ ਦਿੱਲੀ 'ਚ ਵਧ ਤੋਂ ਵਧ ਤਾਪਮਾਨ 15.8 ਡਿਗਰੀ ਜਦਕਿ ਘੱਟੋ ਘੱਟ ਤਾਪਮਾਨ 4.8 ਡਿਗਰੀ ਦਰਜ ਕੀਤਾ ਗਿਆ ਹੈ।

## ਸੁਖਪ੍ਰੀਤ ਸੁੱਖ ਹੱਤਿਆ ਮਾਮਲੇ ਵਿਚ ਗੈਂਗਸਟਰ ਲੰਡਾ ਸਣੇ ਪੰਜ ਨਾਮਜ਼ਦ

**ਤਰਨ ਤਾਰਨ:** ਪਿੰਡ ਗੁਲਾਲੀਪੁਰ ਵਿਚ ਗੈਂਗਸਟਰਾਂ ਦੀ ਆਪਸੀ ਖਹਿਬਾਜ਼ੀ ਵਿਚ ਕਤਲ ਕੀਤੇ ਗਏ ਹਰੀਕੇ ਦੇ ਵਸਨੀਕ ਸੁਖਪ੍ਰੀਤ ਸਿੰਘ ਸੁੱਖ ਦੇ ਮਾਮਲੇ ਵਿਚ ਥਾਣਾ ਸਦਰ ਦੀ ਪੁਲਿਸ ਨੇ ਵਿਦੇਸ਼ ਤੋਂ ਆਪਣਾ ਗੈਂਗ ਚਲਾ ਰਹੇ ਲਖਬੀਰ ਸਿੰਘ ਲੰਡਾ ਸਮੇਤ ਪੰਜ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਜ਼ਿਕਰਯੋਗ ਹੈ ਕਿ ਲੰਡਾ ਨੂੰ ਹਾਲ ਹੀ ਵਿਚ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ ਅਤਿਵਾਦੀ ਐਲਾਨਿਆ ਹੈ। ਜਾਂਚ ਅਧਿਕਾਰੀ ਸਬ-ਇੰਸਪੈਕਟਰ ਨਰੇਸ਼ ਕੁਮਾਰ ਨੇ ਦੱਸਿਆ ਕਿ ਲਖਬੀਰ ਸਿੰਘ ਲੰਡਾ ਤੋਂ ਇਲਾਵਾ ਹੋਰਨਾਂ ਮੁਲਜ਼ਮਾਂ ਵਿਚ ਹਰੀਕੇ ਵਾਸੀ ਮਹਿਕ, ਮੱਖੂ ਵਾਸੀ ਗੁਰਪ੍ਰੀਤ ਸਿੰਘ, ਸ਼ਾਹਬਾਜ਼ਪੁਰ ਵਾਸੀ ਮਿੱਠੂ ਮਰਾਣੀ ਸਿੰਘ ਤੇ ਸੁਖਮਨਪ੍ਰੀਤ ਸਿੰਘ ਉਰਫ਼ ਕਾਲੂ ਦਾ ਨਾਮ ਸ਼ਾਮਲ ਹੈ।

ਉਨ੍ਹਾਂ ਦੱਸਿਆ ਕਿ ਸੁਖਪ੍ਰੀਤ ਸਿੰਘ ਸੁੱਖ ਇਕ ਕਤਲ ਕੇਸ ਵਿਚ ਹਰੀਕੇ ਪੁਲਿਸ ਵੱਲੋਂ ਭਗੌੜਾ ਐਲਾਨਿਆ ਹੋਇਆ ਸੀ ਤੇ ਉਹ ਪਿਛਲੇ ਚਾਰ ਮਹੀਨਿਆਂ ਤੋਂ ਗੁਲਾਲੀਪੁਰ ਸਥਿਤ ਆਪਣੀ ਭੂਆ ਕੋਲ ਲੁਕਿਆ ਹੋਇਆ ਸੀ। ਇਥੇ ਉਹ ਸੁਖਮਨਪ੍ਰੀਤ ਸਿੰਘ ਉਸ ਦੇ ਫਾਰਮ ਹਾਊਸ ਉਤੇ ਰਹਿ ਰਿਹਾ ਸੀ।

## ਪੰਜਾਬ 'ਚ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ ਦੇ ਮਾਮਲੇ 'ਚ ਵੱਡੇ ਖੁਲਾਸੇ

**ਚੰਡੀਗੜ੍ਹ:** ਪੰਜਾਬ ਵਿਚ ਵਿਆਹਾਂ ਸਮਾਗਮਾਂ ਜਾਂ ਖ਼ੁਸ਼ੀ ਦੇ ਹੋਰਨਾਂ ਮੌਕਿਆਂ ਉਤੇ ਪ੍ਰਭਾਵਸ਼ਾਲੀ ਅਤੇ ਮਹਿੰਗੇ ਸਮਾਗਮ ਕਰਨ ਵਾਲੇ ਵਿਅਕਤੀਆਂ ਨੂੰ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ ਲਈ ਫੋਨ ਕਾਲਾਂ ਅਤੇ ਵਟਸਐਪ ਸੁਨੇਹੇ ਭੇਜੇ ਜਾਣ ਦੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ ਹਨ।

ਪੁਲਿਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਪਿਛਲੇ ਇਕ ਸਾਲ ਦੌਰਾਨ ਗੈਂਗਸਟਰਾਂ ਵੱਲੋਂ ਪੰਜਾਬ ਭਰ 'ਚ 525 ਦੇ ਕਰੀਬ ਫੋਨ ਕਾਲਾਂ ਕੀਤੀਆਂ ਗਈਆਂ ਅਤੇ ਸੁਨੇਹੇ ਭੇਜੇ ਗਏ। ਗੈਂਗਸਟਰਾਂ ਵੱਲੋਂ ਜਿਨ੍ਹਾਂ ਵਿਅਕਤੀਆਂ ਕੋਲੋਂ ਫਿਰੌਤੀ ਮੰਗੀ ਗਈ ਹੈ ਉਨ੍ਹਾਂ ਵਿਚ ਜ਼ਿਆਦਾਤਰ ਅਜਿਹੇ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਨੇ ਆਪਣੇ ਪੁੱਤ ਜਾਂ ਧੀ ਦੇ ਵਿਆਹ ਮੌਕੇ ਵੱਡਾ ਸਮਾਗਮ ਕੀਤਾ ਹੋਵੇ ਜਾਂ ਹੋਰ ਕਿਸੇ ਤਰ੍ਹਾਂ ਦੇ ਮਹਿੰਗੇ ਖਰਚ ਕਾਰਨ ਉਹ ਅਪਰਾਧੀ ਤੱਤਾਂ ਦੀ ਨਜ਼ਰ ਵਿਚ ਆ ਗਏ।

ਪੰਜਾਬ ਵਿਚ ਸਰਦੀਆਂ ਦੀ ਰੁੱਤ ਦੌਰਾਨ ਸਭ ਤੋਂ ਜ਼ਿਆਦਾ ਵਿਆਹ ਸਮਾਗਮ ਹੁੰਦੇ ਹਨ। ਗੈਂਗਸਟਰਾਂ ਵੱਲੋਂ ਇਨ੍ਹਾਂ ਸਮਾਗਮਾਂ ਦੀ 'ਰੇਕੀ' ਕੀਤੀ ਜਾਂਦੀ ਹੈ ਅਤੇ ਫਿਰ ਵਿਆਹ ਸਮਾਗਮ ਕਰਨ ਵਾਲੇ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਅਜਿਹਾ ਹੀ ਇਕ ਤਾਜ਼ਾ ਮਾਮਲਾ ਪੰਜਾਬ ਦੇ ਇਕ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਦੀ ਧੀ ਨਾਲ ਵੀ ਵਾਪਰਿਆ ਹੈ। ਇਸ ਪਰਿਵਾਰ ਵੱਲੋਂ ਲੋਹੜੀ ਮੌਕੇ ਵੱਡਾ ਸਮਾਗਮ ਕੀਤਾ ਗਿਆ ਤਾਂ ਗੈਂਗਸਟਰਾਂ ਨੇ ਉਸ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਮੰਗ ਲਈ। ਜਿਨ੍ਹਾਂ ਵਿਅਕਤੀਆਂ ਕੋਲੋਂ ਗੈਂਗਸਟਰਾਂ ਨੇ ਫਿਰੌਤੀ ਮੰਗੀ ਉਨ੍ਹਾਂ ਨੇ ਪੁਲਿਸ ਕੋਲ ਪਹੁੰਚ ਵੀ ਕੀਤੀ। ਪੁਲਿਸ ਨੇ ਇਕ ਸਾਲ ਵਿਚ 200 ਤੋਂ ਵੱਧ ਕੇਸ ਦਰਜ ਕੀਤੇ ਹਨ। ਪੁਲਿਸ ਨੇ ਅਗਲੇਰੀ ਕਾਰਵਾਈ ਕਰਦਿਆਂ 100 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ



ਕੋਲੋਂ 11 ਹਥਿਆਰ ਵੀ ਬਰਾਮਦ ਕੀਤੇ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਕੋਲੋਂ 90 ਲੱਖ ਰੁਪਏ ਤੇ ਦੋ ਦਰਜਨ ਵਾਹਨ ਵੀ ਬਰਾਮਦ ਕੀਤੇ ਗਏ ਹਨ।

ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਮਾਮਲੇ ਸਿਰਫ ਉਹ ਹਨ ਜਿੱਥੇ ਲੋਕਾਂ ਨੇ ਪੁਲਿਸ ਕੋਲ ਪਹੁੰਚ ਕੀਤੀ ਹੈ ਪਰ ਬਹੁਤ ਸਾਰੇ ਮਾਮਲੇ ਅਜਿਹੇ ਵੀ ਹੁੰਦੇ ਹਨ ਜਿੱਥੇ ਗੈਂਗਸਟਰ ਫਿਰੌਤੀ ਲੈਣ 'ਚ ਕਾਮਯਾਬ ਹੋ ਜਾਂਦੇ ਹਨ ਅਤੇ ਅਜਿਹੇ ਮਾਮਲੇ ਪੁਲਿਸ ਰਿਕਾਰਡ ਦਾ ਹਿੱਸਾ ਨਹੀਂ ਬਣਦੇ। ਪੁਲਿਸ ਤਫ਼ਤੀਸ਼ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਫਿਰੌਤੀ ਮੰਗਣ ਵਾਲਿਆਂ ਵਿਚ ਜ਼ਿਆਦਾਤਰ ਗਰੋਹ ਸਥਾਨਕ ਪੱਧਰ ਦੇ ਹੁੰਦੇ ਹਨ ਤੇ ਛੋਟੇ ਗੈਂਗਸਟਰਾਂ ਵੱਲੋਂ ਪੈਸਾ ਇਕੱਠਾ ਕਰਨ ਲਈ ਫਿਰੌਤੀਆਂ ਦਾ ਰਾਹ ਅਪਣਾਇਆ ਗਿਆ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐਫ.) ਦਾ ਗਠਨ ਕੀਤਾ ਗਿਆ ਸੀ। ਏ.ਜੀ.ਟੀ.ਐਫ. ਦੀਆਂ ਕਾਰਵਾਈਆਂ ਕਾਰਨ ਪੁਲਿਸ ਮੁਕਾਬਲਿਆਂ ਦੌਰਾਨ ਗੈਂਗਸਟਰ ਮਾਰੇ ਵੀ ਗਏ ਅਤੇ ਵੱਡੀ ਪੱਧਰ ਉਤੇ ਗ੍ਰਿਫਤਾਰ ਵੀ ਕੀਤੇ ਗਏ। ਪੰਜਾਬੀ ਪਿਛੋਕੜ ਵਾਲੇ ਗੈਂਗਸਟਰਾਂ ਵੱਲੋਂ ਕੈਨੇਡਾ ਵਿਚ ਵੀ ਫਿਰੌਤੀ ਮੰਗਣ ਦੀਆਂ ਘਟਨਾਵਾਂ ਸਾਹਮਣੇ ਆਉਣ ਲੱਗੀਆਂ ਹਨ।

# ਪੰਜਾਬ ਪੁਲਿਸ 'ਚ ਭਰਤੀ 461 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਪੁਲਿਸ ਵਿਚ ਵੱਖ-ਵੱਖ ਅਹੁਦਿਆਂ ਉਤੇ ਭਰਤੀ ਕੀਤੇ 461 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ ਜਿਨ੍ਹਾਂ ਵਿਚ ਇਨਵੈਸਟੀਗੇਸ਼ਨ ਕਾਡਰ ਵਿਚ ਨਵੇਂ ਭਰਤੀ ਕੀਤੇ ਗਏ 200 ਸਿਵਲੀਅਨ ਸਪੋਰਟਸ ਸਟਾਫ਼ ਦਾ ਅਮਲਾ ਵੀ ਸ਼ਾਮਲ ਹੈ।

ਇਨ੍ਹਾਂ ਵਿਚ ਕਾਨੂੰਨੀ ਅਫ਼ਸਰ, ਸਹਾਇਕ ਕਾਨੂੰਨੀ ਅਫ਼ਸਰ, ਵਿੱਤੀ ਅਫ਼ਸਰ, ਸਹਾਇਕ ਵਿੱਤੀ ਅਫ਼ਸਰ ਅਤੇ ਫੋਰੈਂਸਿਕ ਅਫ਼ਸਰ ਸ਼ਾਮਲ ਹਨ। ਇਹ ਸਮਾਗਮ ਸੈਕਟਰ-35 ਸਥਿਤ ਮਿਊਂਸਿਪਲ ਭਵਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਰਵਾਇਆ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਿਸ ਅਕੈਡਮੀ ਫਿਲੌਰ ਵਿਚ ਤਫ਼ਤੀਸ਼ੀ ਕਾਡਰ ਲਈ ਪਹਿਲੀ ਵਾਰ ਪੰਜਾਬ ਬਿਊਰੋ ਆਫ਼ ਇਨਵੈਸਟੀਗੇਸ਼ਨ ਵਿੰਗ 'ਚ 245 ਨਵੇਂ ਸਬ-ਇੰਸਪੈਕਟਰ ਵੀ ਭਰਤੀ ਕੀਤੇ ਗਏ ਹਨ।

ਇਸ ਦੌਰਾਨ ਭਗਵੰਤ ਮਾਨ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰਿਆਂ ਨੂੰ ਇਸ ਪਵਿੱਤਰ ਦਿਹਾੜੇ ਉਤੇ ਆਪਣੀ ਡਿਊਟੀ ਪੂਰੀ ਇਮਾਨਦਾਰੀ, ਲਗਨ ਤੇ ਤਨਦੇਹੀ ਨਾਲ ਨਿਭਾਉਣ ਦਾ ਅਹਿਦ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਹਾਜ਼ਰੀਨ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਉਤੇ ਚੱਲਣ ਲਈ ਪ੍ਰੇਰਿਆ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਸੜਕ ਹਾਦਸਿਆਂ ਕਾਰਨ ਹੋਣ ਵਾਲੀਆਂ ਮੌਤਾਂ ਦੀ ਦਰ ਘਟਾਉਣ ਅਤੇ ਸੜਕਾਂ ਉਤੇ ਆਵਾਜਾਈ ਸੁਚਾਰੂ ਬਣਾਉਣ ਲਈ ਸੜਕ ਸੁਰੱਖਿਆ ਫੋਰਸ ਤਿਆਰ ਕੀਤੀ ਗਈ ਹੈ। ਇਸ ਫੋਰਸ ਨੂੰ ਕਪੂਰਥਲਾ ਵਿਚ ਵਿਸ਼ੇਸ਼ ਸਿਖਲਾਈ ਦਿੱਤੀ ਜਾ ਰਹੀ ਹੈ। ਇਹ ਵਿਸ਼ੇਸ਼ ਫੋਰਸ ਪੰਜਾਬ ਵਿਚ ਰੋਜ਼ਾਨਾ ਸੜਕ ਹਾਦਸਿਆਂ ਵਿਚ ਅਜਾਈਂ ਜਾ ਰਹੀਆਂ ਕੀਮਤੀ ਜਾਨਾਂ ਬਚਾਉਣ ਲਈ ਅਹਿਮ ਭੂਮਿਕਾ ਨਿਭਾਵੇਗੀ। ਇਸ ਫੋਰਸ ਨੂੰ ਗਲਤ ਡਰਾਈਵਿੰਗ ਰੋਕਣ, ਵਾਹਨਾਂ ਦੀ ਆਵਾਜਾਈ ਸੁਚਾਰੂ ਬਣਾਉਣ ਅਤੇ ਸੜਕ ਹਾਦਸਿਆਂ ਦੀ ਜਾਂਚ ਦਾ ਕੰਮ ਸੌਂਪਿਆ ਜਾਵੇਗਾ।




ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗਣਤੰਤਰ ਦਿਵਸ ਮੌਕੇ ਸੜਕ ਸੁਰੱਖਿਆ ਫੋਰਸ ਨੂੰ ਲੋਕ ਸੇਵਾ ਲਈ ਉਤਾਰਿਆ ਜਾਵੇਗਾ। ਮਾਨ ਨੇ ਕਿਹਾ ਕਿ ਸ਼ੁਰੂਆਤੀ ਤੌਰ ਉਤੇ ਅਤਿ-ਆਧੁਨਿਕ ਯੰਤਰਾਂ ਨਾਲ ਲੈਸ ਲਗਪਗ 130 ਵਾਹਨ ਸੜਕ ਸੁਰੱਖਿਆ ਫੋਰਸ ਨੂੰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਹਰ 30 ਕਿਲੋਮੀਟਰ ਦੇ ਘੇਰੇ ਬਾਅਦ ਸੜਕਾਂ ਉਤੇ ਤਾਇਨਾਤ ਕੀਤਾ ਜਾਵੇਗਾ। ਇਨ੍ਹਾਂ ਵਾਹਨਾਂ 'ਚ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਐਮਰਜੈਂਸੀ ਇਲਾਜ ਮੁਹੱਈਆ ਕਰਵਾਉਣ ਲਈ ਪੂਰੀ ਮੈਡੀਕਲ ਕਿੱਟ ਹੋਵੇਗੀ। ਲੋਕਾਂ ਨੂੰ ਸਮੇਂ ਸਿਰ ਲੋੜੀਂਦੀ ਡਾਕਟਰੀ ਸਹਾਇਤਾ ਯਕੀਨੀ ਬਣਾਉਣ ਲਈ ਫੋਰਸ ਨੂੰ ਟਰੌਮਾ ਸੈਂਟਰਾਂ ਨਾਲ ਜੋੜਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸੂਬਾ ਸਰਕਾਰ ਵੱਲੋਂ ਪੰਜਾਬ ਪੁਲਿਸ ਵਿਚ ਕਾਂਸਟੇਬਲ ਤੋਂ ਲੈ ਕੇ ਸਬ-ਇੰਸਪੈਕਟਰ ਤੱਕ ਦੀਆਂ ਵੱਖ-ਵੱਖ ਅਸਾਮੀਆਂ ਲਈ ਨਿਯਮਤ ਭਰਤੀ ਮੁਹਿੰਮ ਚਲਾਈ ਜਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਪੁਲਿਸ ਫੋਰਸ ਦੇ ਨਵੀਨੀਕਰਨ ਉਤੇ ਧਿਆਨ ਕੇਂਦਰਿਤ ਕਰ ਰਹੀ ਹੈ। ਵਿਗਿਆਨਕ ਲੀਹਾਂ ਉਤੇ ਪੁਲਿਸ ਫੋਰਸ ਦੇ ਆਧੁਨਿਕੀਕਰਨ ਉਤੇ ਧਿਆਨ ਦਿੱਤਾ ਜਾ ਰਿਹਾ ਹੈ। ਪੁਲਿਸ ਪ੍ਰਣਾਲੀ 'ਚ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਵੀ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਬਦਲਾਖੋਰੀ ਦੀ ਨੀਤੀ ਤਹਿਤ ਝੂਠੇ ਪਰਚੇ ਦਰਜ ਕੀਤੇ ਜਾਂਦੇ ਸਨ ਪਰ ਪੁਲਿਸ ਝੂਠੇ ਪਰਚੇ ਦਰਜ ਕਰਨ ਦੀ ਥਾਂ ਦਿਨ-ਰਾਤ ਲੋਕ ਸੇਵਾ ਵਿਚ ਲੱਗੀ ਹੋਈ ਹੈ।

### ਗਣਤੰਤਰ ਦਿਵਸ ਮੌਕੇ ਸੇਵਾਵਾਂ ਸ਼ੁਰੂ ਕਰੇਗੀ ਸੜਕ ਸੁਰੱਖਿਆ ਫੋਰਸ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਗਣਤੰਤਰ ਦਿਵਸ ਮੌਕੇ ਸੜਕ ਸੁਰੱਖਿਆ ਫੋਰਸ ਨੂੰ ਲੋਕ ਸੇਵਾ ਲਈ ਉਤਾਰਿਆ ਜਾਵੇਗਾ। ਮਾਨ ਨੇ ਕਿਹਾ ਕਿ ਸ਼ੁਰੂਆਤੀ ਤੌਰ ਉਤੇ ਅਤਿ-ਆਧੁਨਿਕ ਯੰਤਰਾਂ ਨਾਲ ਲੈਸ ਲਗਪਗ 130 ਵਾਹਨ ਸੜਕ ਸੁਰੱਖਿਆ ਫੋਰਸ ਨੂੰ ਦਿੱਤੇ ਗਏ ਹਨ, ਜਿਨ੍ਹਾਂ ਨੂੰ ਹਰ 30 ਕਿਲੋਮੀਟਰ ਦੇ ਘੇਰੇ ਬਾਅਦ ਸੜਕਾਂ ਉਤੇ ਤਾਇਨਾਤ ਕੀਤਾ ਜਾਵੇਗਾ। ਇਨ੍ਹਾਂ ਵਾਹਨਾਂ 'ਚ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਐਮਰਜੈਂਸੀ ਇਲਾਜ ਮੁਹੱਈਆ ਕਰਵਾਉਣ ਲਈ ਪੂਰੀ ਮੈਡੀਕਲ ਕਿੱਟ ਹੋਵੇਗੀ।

## ਗੂਗਲ ਵੱਲੋਂ ਸੈਂਕੜੇ ਹੋਰ ਮੁਲਾਜ਼ਮਾਂ ਦੀ ਛਾਂਟੀ

**ਸਾਂ ਫਰਾਂਸਿਸਕੋ:** ਤਕਰੀਬਨ ਹਜ਼ਾਰ ਮੁਲਾਜ਼ਮਾਂ ਦੀ ਛਾਂਟੀ ਮਗਰੋਂ 'ਗੂਗਲ' ਹੁਣ ਸੈਂਕੜੇ ਹੋਰ ਨੌਕਰੀਆਂ 'ਚ ਕਟੌਤੀ ਕਰਨ ਜਾ ਰਿਹਾ ਹੈ। ਕੰਪਨੀ ਨੇ ਪੁਨਰਗਠਨ ਦੇ ਨਾਂ ਉਤੇ ਆਪਣੀ ਇਸ਼ਤਿਹਾਰਬਾਜ਼ੀ ਬਾਰੇ ਵਿਕਰੀ ਟੀਮ ਦੇ ਕਈ ਕਰਮੀਆਂ ਨੂੰ ਨੌਕਰੀ ਛੱਡਣ ਲਈ ਕਹਿ ਦਿੱਤਾ ਹੈ। ਗੂਗਲ ਦੇ ਮੁੱਖ ਕਾਰੋਬਾਰੀ ਅਧਿਕਾਰੀ ਫਿਲਿਪ ਸ਼ਿੰਡਲਰ ਨੇ ਇਕ ਪੱਤਰ ਵਿਚ ਸਟਾਫ ਨੂੰ ਦੱਸਿਆ ਕਿ ਨਵੀਆਂ ਕਟੌਤੀਆਂ ਗੂਗਲ ਦੀ 'ਸੇਲਜ਼ ਟੀਮ' ਦੇ ਕੰਮਕਾਜੀ ਤੌਰ-ਤਰੀਕਿਆਂ 'ਚ ਆਏ ਬਦਲਾਅ ਦਾ ਸਿੱਟਾ ਹਨ। ਇਸ ਛਾਂਟੀ ਦਾ ਵਧੇਰੇ ਅਸਰ ਗੂਗਲ ਦੀ 'ਲਾਰਜ ਕਸਟਮਰ ਸੇਲਜ਼' ਯੂਨਿਟ ਉਤੇ ਪਏਗਾ ਜੋ ਕਿ ਵੱਡੇ ਕਾਰੋਬਾਰੀ ਅਦਾਰਿਆਂ ਨੂੰ ਇਸ਼ਤਿਹਾਰ ਵੇਚਦੀ ਹੈ। ਗੂਗਲ ਦੀ 'ਕਸਟਮਰ ਸਲਿਊਸ਼ਨਜ਼ ਟੀਮ' ਜੋ ਕਿ ਛੋਟੇ ਪੱਧਰ ਦੇ ਗਾਹਕਾਂ ਨੂੰ ਇਸ਼ਤਿਹਾਰ ਵੇਚਦੀ ਹੈ, ਹੁਣ ਪ੍ਰਮੁੱਖ 'ਐਡ ਸੇਲਜ਼ ਟੀਮ' ਹੋਵੇਗੀ।

# ਮਿਸ਼ਨ 2024: ਆਮ ਆਦਮੀ ਪਾਰਟੀ ਨੇ ਤਿਆਰੀਆਂ ਵਿੱਢੀਆਂ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਤਿਆਰੀਆਂ ਵਿੱਢ ਦਿੱਤੀਆਂ ਹਨ। ਪੰਜਾਬ ਵਿਚ ਲੋਕ ਸਭਾ ਉਮੀਦਵਾਰਾਂ ਦੇ ਨਾਵਾਂ ਬਾਰੇ ਚਰਚਾ ਕਰਨ ਲਈ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਉਤੇ 'ਆਪ' ਆਗੂਆਂ ਦੀ ਮੀਟਿੰਗ ਹੋਈ। ਮੀਟਿੰਗ 'ਚ ਪਾਰਟੀ ਦੇ ਕੌਮੀ ਕਨਵੀਨਰ ਕੇਜਰੀਵਾਲ ਤੋਂ ਇਲਾਵਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜਨਰਲ ਸਕੱਤਰ (ਜਥੇਬੰਦਕ) ਸੰਦੀਪ ਪਾਠਕ, ਸੰਸਦ ਮੈਂਬਰ ਰਾਘਵ ਚੱਢਾ ਤੇ ਪਾਰਟੀ ਦੇ ਹੋਰ ਆਗੂ ਹਾਜ਼ਰ ਸਨ।

ਪਾਰਟੀ ਦੇ ਨੇੜਲੇ ਸੂਤਰਾਂ ਨੇ ਦੱਸਿਆ ਹੈ ਕਿ ਆਗੂਆਂ ਨੇ ਪੰਜਾਬ 'ਚ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਬਾਰੇ ਚਰਚਾ ਕੀਤੀ ਗਈ ਹੈ। ਸੀਟਾਂ ਦੀ ਵੰਡ ਦੀ ਸੰਭਾਵਨਾ ਜਿਹੇ ਕਈ ਹੋਰ ਮੁੱਦਿਆਂ ਉਤੇ ਵੀ ਚਰਚਾ ਕੀਤੀ ਗਈ ਪਰ ਇਹ ਚਰਚਾ ਕਿਸੇ ਨਤੀਜੇ ਉਤੇ ਨਹੀਂ ਪੁੱਜੀ। ਆਉਣ ਵਾਲੇ ਦਿਨਾਂ 'ਚ ਹੋਰ ਮੀਟਿੰਗਾਂ ਹੋਣਗੀਆਂ। ਆਮ ਆਦਮੀ ਪਾਰਟੀ ਤੇ ਕਾਂਗਰਸ ਦੋਵੇਂ ਵਿਰੋਧੀ ਪਾਰਟੀਆਂ ਦੇ ਇੰਡੀਆ ਗੱਠਜੋੜ ਦੀਆਂ ਮੈਂਬਰ ਹਨ ਅਤੇ ਇਹ ਦੋਵੇਂ ਪਾਰਟੀਆਂ ਦਿੱਲੀ ਤੇ ਪੰਜਾਬ ਸਮੇਤ ਹੋਰ ਸੂਬਿਆਂ 'ਚ ਸੀਟਾਂ ਦੀ ਵੰਡ ਬਾਰੇ ਚਰਚਾ ਕਰ ਰਹੀਆਂ ਹਨ।



ਸੂਤਰਾਂ ਦਾ ਕਹਿਣਾ ਹੈ ਕਿ ਦੋਵਾਂ ਪਾਰਟੀਆਂ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਸੂਬਾਈ ਇਕਾਈਆਂ ਚੋਣਾਂ ਦੌਰਾਨ ਗੱਠਜੋੜ ਦੇ ਹੱਕ 'ਚ ਨਹੀਂ ਹਨ। ਸੂਤਰਾਂ ਨੇ ਕਿਹਾ ਹੈ ਕਿ ਪੰਜਾਬ 'ਚ ਛੇ ਸੀਟਾਂ ਸਾਂਝੀਆਂ ਕਰਨ ਦੀ ਸੰਭਾਵਨਾ ਉਤੇ ਚਰਚਾ ਕੀਤੀ ਜਾ ਰਹੀ ਸੀ ਪਰ ਕਾਂਗਰਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਉਸ ਨੂੰ 2019 ਦੀਆਂ ਲੋਕ ਸਭਾ ਚੋਣਾਂ 'ਚ ਜਿੱਤੀਆਂ ਗਈਆਂ ਸਾਰੀਆਂ ਅੱਠ ਸੀਟਾਂ ਉਤੇ ਚੋਣ ਲੜਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ 2019 ਦੀਆਂ ਲੋਕ ਸਭਾ ਚੋਣਾਂ 'ਚ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਕਾਂਗਰਸ ਨੇ ਅੱਠ ਜਦਕਿ ਅਕਾਲੀ ਦਲ-ਭਾਜਪਾ ਗੱਠਜੋੜ ਨੇ ਚਾਰ ਸੀਟਾਂ ਜਿੱਤੀਆਂ ਸਨ। 'ਆਪ' ਸਿਰਫ ਇਕ ਸੀਟ ਹੀ ਜਿੱਤ ਸਕੀ ਸੀ। ਅਪਰੈਲ-ਮਈ 'ਚ ਹੋਣ ਵਾਲੀਆਂ ਆਮ ਚੋਣਾਂ ਲਈ ਕਾਂਗਰਸ ਤੇ 'ਆਪ' ਸਣੇ ਇੰਡੀਆ ਗੱਠਜੋੜ ਦੀਆਂ ਪਾਰਟੀਆਂ ਨੇ ਅਜੇ ਤੱਕ ਸੀਟਾਂ ਦੀ ਵੰਡ ਬਾਰੇ ਕੋਈ ਫਾਰਮੂਲਾ ਪੇਸ਼ ਨਹੀਂ ਕੀਤਾ ਹੈ। ਪਾਰਟੀ ਆਗੂਆਂ ਨੇ ਪਹਿਲਾਂ ਕਿਹਾ ਸੀ ਕਿ 'ਆਪ' ਨੇ ਕਾਂਗਰਸ ਨੂੰ ਸਪੱਸ਼ਟ ਕੀਤਾ ਸੀ ਕਿ ਉਹ ਦਿੱਲੀ, ਗੋਆ, ਗੁਜਰਾਤ, ਹਰਿਆਣਾ ਤੇ ਪੰਜਾਬ 'ਚ ਚੋਣਾਂ ਲਈ ਗੱਠਜੋੜ ਕਰਨਾ ਚਾਹੁੰਦੀ ਹੈ।

## ਅਗਨੀਵੀਰ ਅਜੈ ਸਿੰਘ ਦਾ ਸਰਕਾਰੀ ਸਨਮਾਨ ਨਾਲ ਸਸਕਾਰ

**ਮੰਡੀ ਅਹਿਮਦਗੜ੍ਹ:** ਪਿੰਡ ਰਾਮਗੜ੍ਹ ਸਰਦਾਰਾਂ ਦੇ ਅਗਨੀਵੀਰ ਅਜੈ ਸਿੰਘ ਨੂੰ ਸਰਕਾਰੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਇਸ ਮੌਕੇ ਭਾਰਤੀ ਸੈਨਾ ਦੀ 17 ਸਿੱਖ ਲਾਈਟ ਇਨਫੈਂਟਰੀ ਦੇ 30 ਜਵਾਨਾਂ ਦੀ ਟੁਕੜੀ ਨੇ ਉਸ ਨੂੰ ਸਲਾਮੀ ਦਿੱਤੀ ਤੇ ਪੰਜਾਬ ਪੁਲਿਸ ਦੀ ਇਕ ਟੁਕੜੀ ਨੇ ਵੀ ਹਥਿਆਰ ਪੁੱਠੇ ਕਰ ਕੇ ਸਨਮਾਨ ਦਿੱਤਾ।

ਪਹਿਲਾਂ ਸਿਵਲ, ਪੁਲਿਸ ਤੇ ਫੌਜ ਦੇ ਉੱਚ ਅਧਿਕਾਰੀਆਂ ਨੇ ਉਸ ਦੀ ਦੇਹ ਉਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਅਜੈ ਸਿੰਘ ਦਾ ਸਸਕਾਰ ਸਰਕਾਰੀ ਸਨਮਾਨਾਂ ਨਾਲ ਹੋਣ ਮਗਰੋਂ ਉਨ੍ਹਾਂ ਸ਼ੰਕਿਆਂ ਉਤੇ ਵੀ ਰੋਕ ਲੱਗ ਗਈ ਹੈ ਜੋ ਕਰੀਬ ਤਿੰਨ ਮਹੀਨੇ ਪਹਿਲਾਂ ਅਗਨੀਵੀਰ ਅੰਮ੍ਰਿਤਪਾਲ ਸਿੰਘ ਦੇ ਸਸਕਾਰ ਮੌਕੇ ਭਾਰਤੀ ਫੌਜ ਵੱਲੋਂ ਸਰਕਾਰੀ ਸਨਮਾਨ ਨਾ ਦਿੱਤੇ ਜਾਣ ਮਗਰੋਂ ਖੜ੍ਹੇ ਹੋਏ ਸਨ।

ਤਿਰੰਗੇ ਵਿਚ ਲਿਪਟੀ ਅਜੈ ਸਿੰਘ ਦੀ ਦੇਹ ਲੁਧਿਆਣਾ-ਮਾਲੇਰਕੋਟਲਾ ਮਾਰਗ 'ਤੇ ਪਿੰਡ ਕੁੱਪ ਕਲਾਂ ਪਹੁੰਚੀ ਜਿਥੋਂ ਮ੍ਰਿਤਕ ਦੇਹ ਨੂੰ ਤਿਰੰਗਿਆਂ ਨਾਲ ਸਜਾਈ ਗੱਡੀ ਵਿਚ ਪਾ ਕੇ ਉਸ ਦੇ ਘਰ ਪਿੰਡ ਰਾਮਗੜ੍ਹ ਸਰਦਾਰਾਂ ਪਹੁੰਚਾਇਆ ਗਿਆ। ਅੰਤਿਮ ਯਾਤਰਾ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਪਿੰਡ ਵਾਸੀਆਂ, ਪ੍ਰਸ਼ਾਸਨਿਕ ਤੇ ਫੌਜੀ ਅਧਿਕਾਰੀਆਂ ਦੀ ਅਗਵਾਈ ਹੇਠ ਸ਼ਮਸ਼ਾਨਘਾਟ ਤੱਕ ਪਹੁੰਚੀ। ਉਸ ਦੇ ਪਿਤਾ ਚਰਨਜੀਤ ਸਿੰਘ, ਮਾਤਾ ਮਨਜੀਤ ਕੌਰ ਅਤੇ ਛੇ ਭੈਣਾਂ ਸਮੇਤ ਸਾਕ ਸਬੰਧੀਆਂ ਨੇ ਅੰਤਿਮ ਰਸਮਾਂ ਪੂਰੀਆਂ ਕੀਤੀਆਂ।

## ਬਸਪਾ ਤੇ ਅਕਾਲੀ ਦਲ ਦੀ ਸਾਂਝ ਕਾਇਮ ਰਹਿਣ ਦਾ ਦਾਅਵਾ

**ਜਲੰਧਰ:** ਬਹੁਜਨ ਸਮਾਜ ਪਾਰਟੀ ਦੀ ਪੰਜਾਬ ਵਿਚਲੀ ਲੀਡਰਸ਼ਿਪ ਨੇ ਕਿਹਾ ਕਿ ਉਨ੍ਹਾਂ ਦਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਪੂਰੀ ਤਰ੍ਹਾਂ ਅਟੁੱਟ ਹੈ ਅਤੇ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਬਾਰੇ ਚਰਚਾ ਪਾਰਟੀ ਹਾਈ ਕਮਾਂਡ ਪੱਧਰ ਉਤੇ ਹੋਵੇਗੀ।

ਇਸ ਤੋਂ ਪਹਿਲਾਂ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਗੜ੍ਹੀ ਨੇ ਕਿਹਾ ਸੀ ਕਿ ਕੋਈ ਗੱਠਜੋੜ ਨਹੀਂ ਕੀਤਾ ਜਾਵੇਗਾ ਤੇ ਪਾਰਟੀ ਆਗਾਮੀ ਸੰਸਦੀ ਚੋਣਾਂ ਇਕੱਲਿਆਂ ਲੜੇਗੀ। ਗੜ੍ਹੀ ਨੇ ਕਿਹਾ, "ਅਸੀਂ ਬਸਪਾ ਵੱਲੋਂ ਗੱਠਜੋੜ ਨੂੰ ਕੋਈ ਪਰੇਸ਼ਾਨੀ ਨਹੀਂ ਆਉਣ ਦੇਵਾਂਗੇ ਅਤੇ ਇਸ ਨੂੰ ਪੂਰੀ ਹਮਾਇਤ ਕਰਾਂਗੇ।"

ਗੜ੍ਹੀ ਨੇ ਇਸ ਸਬੰਧੀ ਸੁਨੇਹਾ ਆਪਣੇ ਫੇਸਬੁੱਕ ਪੇਜ ਉਤੇ ਸਾਂਝਾ ਕੀਤਾ ਹੈ ਅਤੇ ਨਾਲ ਬਸਪਾ ਆਗੂਆਂ ਆਪਣੀ ਪਾਰਟੀ ਸੁਪਰੀਮੋ ਮਾਇਆਵਤੀ ਦੀ ਰਿਹਾਇਸ਼ ਦੇ ਬਾਹਰ ਖੜ੍ਹਿਆਂ ਦੀ ਤਸਵੀਰ ਸਾਂਝੀ ਕੀਤੀ ਹੈ। ਗੜ੍ਹੀ ਨੇ ਕਿਹਾ, "ਅਸੀਂ ਗੱਠਜੋੜ ਤੇ ਪਾਰਟੀ ਦੀ ਮਜ਼ਬੂਤੀ ਲਈ ਬਸਪਾ ਦੇ ਕਾਡਰ ਨੂੰ ਸਾਰੇ ਹਲਕਿਆਂ ਵਿਚ ਆਪਣੇ ਨਾਲ ਜੋੜਨਾ ਜਾਰੀ ਰੱਖਾਂਗੇ। ਸੀਟਾਂ ਦੀ ਵੰਡ ਬਾਰੇ ਚਰਚਾ ਹਾਈ ਕਮਾਂਡ ਪੱਧਰ ਉਤੇ ਦੋਵਾਂ ਪਾਰਟੀਆਂ ਦੇ ਮੁਖੀਆਂ ਵਿਚਾਲੇ ਹੋਵੇਗੀ।"

ਆਪਣਾ ਫੈਸਲਾ ਬਦਲਣ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ, "ਮੈਂ ਸਿਰਫ ਇਹ ਕਿਹਾ ਸੀ ਕਿ ਅਮਲੀ ਤੌਰ 'ਤੇ ਗੱਠਜੋੜ ਕੰਮ ਨਹੀਂ ਕਰ ਰਿਹਾ। ਮੈਂ ਸਿਰਫ ਇਹ ਚਾਹੁੰਦਾ ਸੀ ਕਿ ਪਾਰਟੀ ਕਾਡਰ ਸਾਰੇ 13 ਹਲਕਿਆਂ 'ਚ ਸਰਗਰਮ ਰਹੇ। ਇਸ ਲਈ ਮੈਂ ਪਹਿਲਾਂ ਹੀ ਸਾਰੀਆਂ 13 ਸੀਟਾਂ ਦਾ ਦੌਰਾ ਕਰ ਰਿਹਾ ਹਾਂ ਅਤੇ ਪਾਰਟੀ ਵਰਕਰਾਂ ਤੇ ਹਮਾਇਤੀਆਂ ਨਾਲ ਮੀਟਿੰਗਾਂ ਕਰ ਰਿਹਾ ਹਾਂ।" ਮਾਇਆਵਤੀ ਦੇ ਬਿਆਨ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ (ਮਾਇਆਵਤੀ) ਨੇ ਸਿਰਫ 'ਇੰਡੀਆ' ਗੱਠਜੋੜ ਨੂੰ ਇਨਕਾਰ ਕੀਤਾ ਹੈ। ਉਨ੍ਹਾਂ ਹਾਲਾਂਕਿ ਖੇਤਰੀ ਪਾਰਟੀਆਂ ਨਾਲ ਗੱਠਜੋੜ ਦੇ ਰਾਹ ਖੁੱਲ੍ਹੇ ਰੱਖੇ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, "ਅਸੀਂ ਜਲਦੀ ਹੀ ਬਸਪਾ ਲੀਡਰਸ਼ਿਪ ਨਾਲ ਮੁਲਾਕਾਤ ਕਰਾਂਗੇ। ਸਾਡੇ ਵੱਲੋਂ ਕੋਈ ਗੁੱਸਾ ਗਿਲਾ ਨਹੀਂ ਹੈ ਤੇ ਅਸੀਂ ਹਮੇਸ਼ਾ ਗੱਠਜੋੜ ਲਈ ਤਿਆਰ ਸੀ।"

# ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜਾਬ ਵਿਚ ਟੌਲ ਪਲਾਜ਼ਿਆਂ ਉਤੇ ਰੋਸ ਮੁਜ਼ਾਹਰੇ

**ਚੰਡੀਗੜ੍ਹ:** ਬੰਦੀ ਸਿੰਘਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਦੇ ਲੋਕ ਵਿਰੋਧੀ ਰਵੱਈਏ ਤੋਂ ਨਾਰਾਜ਼ ਕੌਮੀ ਇਨਸਾਫ ਮੋਰਚਾ ਦੇ ਸੱਦੇ ਉਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਸੂਬੇ ਦੇ ਸੱਤ ਜ਼ਿਲ੍ਹਿਆਂ ਵਿਚ 18 ਟੌਲ ਪਲਾਜ਼ਿਆਂ ਉਤੇ ਰੋਸ ਪ੍ਰਦਰਸ਼ਨ ਕੀਤੇ ਗਏ। ਪ੍ਰਦਰਸ਼ਨਕਾਰੀਆਂ ਨੇ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਸਾਰੇ ਟੌਲ ਪਲਾਜ਼ਿਆਂ ਨੂੰ ਮੁਫਤ ਕਰਕੇ ਪ੍ਰਦਰਸ਼ਨ ਕੀਤਾ।

ਇਸ ਮੌਕੇ ਪ੍ਰਦਰਸ਼ਨਕਾਰੀਆਂ ਵੱਲੋਂ ਬੰਦੀ ਸਿੰਘਾਂ ਨੂੰ ਜਲਦ ਰਿਹਾਅ ਕਰਨ ਦੀ ਮੰਗ ਕੀਤੀ ਗਈ। ਮੋਰਚੇ ਦੇ ਆਗੂ ਭਾਈ ਪਾਲ ਸਿੰਘ ਫਰਾਂਸ, ਐਡਵੋਕੇਟ ਗੁਰਸ਼ਰਨ ਸਿੰਘ, ਜਸਵਿੰਦਰ ਸਿੰਘ ਰਾਜਪੁਰਾ, ਰਵਿੰਦਰ ਸਿੰਘ ਵਜੀਦਪੁਰ, ਬਲਵਿੰਦਰ ਸਿੰਘ ਕਾਲਾ ਅਤੇ ਬਲਬੀਰ ਸਿੰਘ ਬੈਰੋਂਪੁਰ ਨੇ 13 ਟੌਲ ਪਲਾਜ਼ਿਆਂ ਨੂੰ ਮੁਫ਼ਤ ਕਰਨ ਦਾ ਐਲਾਨ ਕੀਤਾ ਸੀ ਪਰ ਲੋਕਾਂ ਵੱਲੋਂ ਪੰਜ ਟੌਲ ਪਲਾਜ਼ੇ ਆਪ ਮੁਹਾਰੇ ਬੰਦ ਕੀਤੇ ਗਏ।



ਕੌਮੀ ਇਨਸਾਫ ਮੋਰਚਾ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਣਬੁੱਝ ਕੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਥਾਂ ਜੇਲ੍ਹਾਂ ਵਿਚ ਡੱਕਿਆ ਹੋਇਆ ਹੈ। ਪੰਜਾਬ ਦੇ ਵੱਖ-ਵੱਖ ਟੌਲ ਪਲਾਜ਼ਿਆਂ ਉਤੇ ਕੌਮੀ ਇਨਸਾਫ਼ ਮੋਰਚਾ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਇਕਜੁੱਟ ਹੋ ਕੇ ਕੇਂਦਰ ਸਰਕਾਰ ਵਿਰੁੱਧ ਸੰਘਰਸ਼ ਤੇਜ਼ ਕਰਨ ਦਾ ਐਲਾਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਦੀ ਥਾਂ ਕਈ-ਕਈ ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਵੱਲੋਂ ਜਲਦ ਹੀ ਬੰਦੀ ਸਿੰਘਾਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਕੌਮੀ ਇਨਸਾਫ਼ ਮੋਰਚੇ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਅਜ਼ੀਜ਼ਪੁਰ ਟੌਲ ਪਲਾਜ਼ਾ (ਜ਼ੀਰਕਪੁਰ-ਬਨੂੜ ਸੜਕ), ਭਾਗੋਮਾਜਰਾ ਟੌਲ ਪਲਾਜ਼ਾ (ਖਰੜ-ਲੁਧਿਆਣਾ ਸੜਕ), ਸੋਲਖੀਆਂ ਟੌਲ ਪਲਾਜ਼ਾ (ਖਰੜ-ਰੂਪਨਗਰ ਸੜਕ) ਸਮੇਤ ਰਾਜਪੁਰਾ-ਪਟਿਆਲਾ ਸੜਕ ਉਤੇ ਧਰੇੜੀ ਜੱਟਾਂ ਟੌਲ ਪਲਾਜ਼ਾ, ਫਿਰੋਜ਼ਪੁਰ ਵਿਚ ਫਿਰੋਜ਼ਸ਼ਾਹ ਟੌਲ ਪਲਾਜ਼ਾ ਤੇ ਤਾਰਾਪੁਰਾ ਟੌਲ ਪਲਾਜ਼ਾ, ਜਲੰਧਰ ਵਿੱਚ ਬਾਮਨੀਵਾਲਾ ਟੌਲ ਪਲਾਜ਼ਾ (ਸ਼ਾਹਕੋਟ-ਮੋਗਾ ਸੜਕ), ਲੁਧਿਆਣਾ ਵਿਚ ਲਾਡੋਵਾਲ ਟੌਲ ਪਲਾਜ਼ਾ, ਘਲਾਲ ਟੌਲ ਪਲਾਜ਼ਾ (ਸਮਰਾਲਾ), ਬਠਿੰਡਾ ਵਿਚ ਜੀਦਾ ਟੌਲ ਪਲਾਜ਼ਾ (ਬਠਿੰਡਾ-ਕੋਟਕਪੂਰਾ ਸੜਕ), ਫਰੀਦਕੋਟ ਵਿਚ ਤਲਵੰਡੀ ਭਾਈ ਟੌਲ ਪਲਾਜ਼ਾ (ਤਲਵੰਡੀ ਭਾਈ-ਫਰੀਦਕੋਟ ਸੜਕ) ਅਤੇ ਨਵਾਂ ਸ਼ਹਿਰ ਵਿਚ ਕਾਠਗੜ੍ਹ-ਬਛੂਆ ਟੌਲ ਪਲਾਜ਼ਾ (ਬਲਾਚੌਰ) ਸਮੇਤ ਪੰਜ ਹੋਰ ਟੌਲ ਪਲਾਜ਼ਿਆਂ 'ਤੇ ਰੋਸ ਵਿਖਾਵੇ ਕੀਤੇ ਗਏ।

# ਅੱਠ ਦੇਸ਼ਾਂ ਦੇ ਹਾਈ ਕਮਿਸ਼ਨਰਾਂ ਨੂੰ ਪੰਜਾਬ 'ਚ ਨਿਵੇਸ਼ ਦਾ ਸੱਦਾ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਠ ਦੇਸ਼ਾਂ ਦੇ ਹਾਈ ਕਮਿਸ਼ਨਰਾਂ ਨੂੰ ਸੂਬੇ ਵਿਚ ਆਪੋ-ਆਪਣੇ ਦੇਸ਼ਾਂ ਦੀਆਂ ਕੰਪਨੀਆਂ ਰਾਹੀਂ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਸਨਅਤੀ ਧੁਰੇ ਵਜੋਂ ਤੇਜ਼ੀ ਨਾਲ ਉੱਭਰ ਰਹੇ ਪੰਜਾਬ ਵਿਚ ਨਿਵੇਸ਼ ਕਰ ਕੇ ਕੰਪਨੀਆਂ ਨੂੰ ਚੋਖਾ ਲਾਭ ਹੋਵੇਗਾ।




ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਨਅਤੀ ਵਿਕਾਸ ਨੂੰ ਹੁਲਾਰਾ ਦੇਣ ਲਈ ਨਵੇਂ ਵਿਚਾਰਾਂ ਅਤੇ ਕਾਢਾਂ ਵਾਸਤੇ ਸੂਬੇ ਦੇ ਬੂਹੇ ਹਮੇਸ਼ਾ ਖੁੱਲ੍ਹੇ ਹਨ। ਉਨ੍ਹਾਂ ਕਿਹਾ ਕਿ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇਸ਼ ਦਾ ਸਨਅਤੀ ਧੁਰਾ ਬਣ ਕੇ ਉੱਭਰੇਗਾ।

ਇਸ ਦੌਰਾਨ ਆਸਟਰੇਲੀਆ ਦੇ ਸਫ਼ੀਰ ਫਿਲਿਪ ਗ੍ਰੀਨ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਖੇਤੀਬਾੜੀ, ਖੇਡ ਸਨਅਤ, ਸਿੱਖਿਆ ਅਤੇ ਹੋਰ ਖੇਤਰਾਂ ਵਿਚ ਨਿਵੇਸ਼ ਦੀ ਵੱਡੀ ਸੰਭਾਵਨਾ ਹੈ। ਇਹ ਆਸਟਰੇਲੀਆ ਅਤੇ ਪੰਜਾਬ ਦੋਵਾਂ ਲਈ ਲਾਹੇਵੰਦ ਹੋਵੇਗਾ।

ਬਰਤਾਨੀਆ ਦੇ ਰਾਜਦੂਤ ਐਲੇਕਸ ਏਲਿਸ ਨਾਲ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਬਰਤਾਨੀਆ ਅਤੇ ਪੰਜਾਬ ਵਿਚ ਐਗਰੀ-ਫੂਡ ਪ੍ਰੋਸੈਸਿੰਗ ਸੈਕਟਰ ਜਿਵੇਂ ਪੋਲਟਰੀ, ਸੂਰ ਪਾਲਣ, ਆਲੂ ਦੀ ਪ੍ਰੋਸੈਸਿੰਗ, ਫੂਡ ਪੈਕੇਜਿੰਗ ਅਤੇ ਰੈਡੀ-ਟੂ-ਈਟ/ਕਨਫੈਕਸ਼ਨਰੀ ਆਈਟਮਾਂ ਦੇ ਖੇਤਰ ਵਿਚ ਕਈ ਸੰਭਾਵਨਾਵਾਂ ਹਨ।

ਇਸੇ ਤਰ੍ਹਾਂ ਯੂਕੇ ਅਤੇ ਪੰਜਾਬ ਦੋਵਾਂ ਨੂੰ ਫਾਰਮਾਸਿਊਟੀਕਲਜ਼, ਇੰਜੀਨੀਅਰਿੰਗ, ਸੂਚਨਾ ਤਕਨਾਲੋਜੀ ਅਤੇ ਰਸਾਇਣਕ ਖੇਤਰਾਂ ਵਿਚ ਵੀ ਰਣਨੀਤਕ ਸਾਂਝਾਂ ਤੋਂ ਲਾਭ ਹੋ ਸਕਦਾ ਹੈ। ਉਨ੍ਹਾਂ ਬਰਤਾਨੀਆ ਦੀਆਂ ਯੂਨੀਵਰਸਿਟੀਆਂ ਨੂੰ ਪੰਜਾਬ ਵਿਚ ਆਪਣੇ ਕੈਂਪਸ ਸਥਾਪਤ ਕਰਨ ਦਾ ਸੱਦਾ ਦਿੱਤਾ।

ਬ੍ਰਾਜ਼ੀਲ ਦੇ ਸਫ਼ੀਰ ਕੈਨੇਥ ਐਚ. ਡਾ ਨੋਬਰੇਗਾ ਨਾਲ ਐਗਰੋ ਫੂਡ ਪ੍ਰੋਸੈਸਿੰਗ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਲੌਜਿਸਟਿਕਸ, ਸੂਚਨਾ ਅਤੇ ਤਕਨਾਲੋਜੀ ਅਤੇ ਰਸਾਇਣਾਂ ਵਰਗੇ ਖੇਤਰਾਂ ਵਿਚ ਨਿਵੇਸ਼ ਤੇ ਸਪੇਨ ਦੇ ਰਾਜਦੂਤ ਜੌਸ ਮਾਰੀਆ ਰਿਦਾਓ ਨਾਲ ਬਾਸਮਤੀ ਚੌਲ, ਬਲਕ ਡਰੱਗਜ਼, ਸਟੀਲ ਅਤੇ ਲੋਹੇ ਦੇ ਉਤਪਾਦ, ਆਟੋ ਕੰਪੋਨੈਂਟਸ, ਐਗਰੋ ਕੈਮੀਕਲਜ਼, ਸੂਤੀ ਕੱਪੜੇ, ਮੇਕਅੱਪ ਅਤੇ ਹੋਰ ਪ੍ਰਮੁੱਖ ਉਤਪਾਦ ਸਪੇਨ ਨੂੰ ਬਰਾਮਦ ਕਰਨ ਬਾਰੇ ਵਿਚਾਰ-ਚਰਚਾ ਕੀਤੀ। ਇਸੇ ਤਰ੍ਹਾਂ ਉਨ੍ਹਾਂ ਮਲੇਸ਼ੀਆ ਦੇ ਸਫ਼ੀਰ ਦਾਤੋ ਮੁਜ਼ੱਫਰ ਸ਼ਾਹ ਮੁਸਤਫਾ ਨਾਲ ਮੀਟਿੰਗ ਦੌਰਾਨ ਸੈਰ-ਸਪਾਟਾ, ਸੂਬੇ ਵਿਚ ਨਿਰਮਾਣ, ਸੂਚਨਾ, ਤਕਨਾਲੋਜੀ, ਊਰਜਾ ਅਤੇ ਖੇਤੀਬਾੜੀ ਤੇ ਫੂਡ ਪ੍ਰੋਸੈਸਿੰਗ ਵਰਗੇ ਖੇਤਰਾਂ ਵਿਚ ਵੀ ਨਿਵੇਸ਼ ਦੇ ਮੁੱਦੇ ਵਿਚਾਰੇ। ਉਨ੍ਹਾਂ ਨੈਦਰਲੈਂਡਜ਼ ਦੀ ਰਾਜਦੂਤ ਮੈਰੀ ਲੁਈਸਾ ਗੇਰਾਡਜ਼ ਨਾਲ ਵੀ ਮੁਲਾਕਾਤ ਕੀਤੀ।

## ਐਤਕੀਂ ਕਣਕ ਦੀ ਪੈਦਾਵਾਰ ਚੰਗੀ ਹੋਣ ਦੀ ਆਸ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਅਰਜੁਨ ਮੁੰਡਾ ਨੇ ਕਿਹਾ ਕਿ ਇਸ ਸਾਲ ਦੇਸ਼ ਵਿਚ ਕਣਕ ਦਾ ਉਤਪਾਦਨ ਚੰਗਾ ਰਹਿਣ ਦੀ ਉਮੀਦ ਹੈ। ਅਕਤੂਬਰ ਵਿਚ ਸ਼ੁਰੂ ਹੋਈ ਮੁੱਖ ਹਾੜੀ ਦੀ ਫਸਲ ਕਣਕ ਦੀ ਬਿਜਾਈ ਮੁਕੰਮਲ ਹੋ ਗਈ ਹੈ। ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਪੰਜਾਬ ਸਿਖਰਲੇ ਤਿੰਨ ਰਾਜ ਹਨ, ਜਿੱਥੇ ਸਭ ਤੋਂ ਵੱਧ ਰਕਬੇ ਵਿਚ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਸ੍ਰੀ ਮੁੰਡਾ ਨੇ ਕਿਹਾ ਕਿ ਬਿਜਾਈ ਦੇ ਅੰਕੜਿਆਂ ਅਨੁਸਾਰ ਕਣਕ ਦੀ ਕਾਸ਼ਤ ਵੱਡੇ ਖੇਤਰ ਵਿਚ ਹੋਈ ਹੈ ਅਤੇ ਸਾਨੂੰ ਇਸ ਸਾਲ ਚੰਗੇ ਉਤਪਾਦਨ ਦੀ ਉਮੀਦ ਹੈ। ਮੰਤਰਾਲੇ ਦੇ ਅੰਕੜਿਆਂ ਅਨੁਸਾਰ ਫਸਲੀ ਸਾਲ 2023-24 (ਜੁਲਾਈ-ਜੂਨ) ਦੇ ਮੌਜੂਦਾ ਹਾੜੀ ਸੀਜ਼ਨ ਦੇ ਆਖਰੀ ਹਫਤੇ ਤੱਕ ਕਣਕ ਦੀ ਫਸਲ ਹੇਠ ਕੁੱਲ ਰਕਬਾ 336.96 ਲੱਖ ਹੈਕਟੇਅਰ ਰਿਹਾ, ਜਦੋਂ ਕਿ ਇਕ ਸਾਲ ਪਹਿਲਾਂ ਇਹ 335.67 ਲੱਖ ਹੈਕਟੇਅਰ ਸੀ।

# ਭਗਵੰਤ ਮਾਨ ਨੇ ਹਰਸਿਮਰਤ ਬਾਰੇ ਸ਼੍ਰੋਮਣੀ ਕਮੇਟੀ ਦੀ ਚੁੱਪ ਉਤੇ ਚੁੱਕੇ ਸਵਾਲ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਦੀ ਤੁਲਨਾ ਗੁਰੂ ਨਾਨਕ ਦੇਵ ਨਾਲ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਉਤੇ ਨਿਸ਼ਾਨਾ ਸੇਧਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਉਤੇ ਚੁੱਪ ਕਿਉਂ ਧਾਰ ਲਈ ਹੈ। ਇਸ ਤੋਂ ਪਹਿਲਾਂ ਸੰਸਦ ਮੈਂਬਰ ਰਵਨੀਤ ਬਿੱਟੂ ਨੇ ਵੀ ਇਸ ਮੁੱਦੇ ਨੂੰ ਲੈ ਕੇ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਮੋਰਚਾ ਖੋਲ੍ਹਿਆ ਸੀ। ਚੇਤੇ ਰਹੇ ਕਿ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮਾਘੀ ਮੇਲੇ ਦੀ ਕਾਨਫਰੰਸ ਉਤੇ ਇਹ ਤੁਲਨਾ ਕੀਤੀ ਸੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਹਰਸਿਮਰਤ ਕੌਰ ਬਾਦਲ ਦੀ ਅਜਿਹੀ ਗੈਰ-ਜ਼ਿੰਮੇਵਾਰਾਨਾ ਟਿੱਪਣੀ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਬੀਬੀ ਬਾਦਲ ਦੀ ਗਲਤੀ ਨੂੰ ਅਣਗੌਲਿਆ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਾਮੀ ਦੀ ਇਸ ਚੁੱਪ ਤੋਂ ਸਾਫ ਜਾਪਦਾ ਹੈ ਕਿ ਉਹ ਬਾਦਲ ਪਰਿਵਾਰ ਦੇ ਇਕ ਵਫ਼ਾਦਾਰ ਵਲੰਟੀਅਰ ਤੋਂ ਵੱਧ ਕੁੱਝ ਨਹੀਂ ਹਨ। ਸ੍ਰੀ ਮਾਨ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਚਿਤਾਵਨੀ ਦਿੱਤੀ ਕਿ ਸਿੱਖ ਸੰਗਤ ਉਨ੍ਹਾਂ ਨੂੰ ਬਾਦਲ ਪਰਿਵਾਰ ਨੂੰ ਖ਼ੁਸ਼ ਕਰਨ ਵਾਲੀ ਨੀਤੀ ਲਈ ਮੁਆਫ ਨਹੀਂ ਕਰੇਗੀ ਅਤੇ ਢੁਕਵਾਂ ਸਬਕ ਸਿਖਾਏਗੀ। ਮੁੱਖ ਮੰਤਰੀ ਨੇ ਧਾਮੀ ਨੂੰ ਚੁਣੌਤੀ ਦਿੱਤੀ ਕਿ ਉਹ ਮੀਡੀਆ ਸਾਹਮਣੇ ਆਉਣ।

ਉਨ੍ਹਾਂ ਕਿਹਾ ਕਿ ਇਸ ਸਮੁੱਚੇ ਮਸਲੇ ਉਤੇ ਧਾਮੀ ਦੀ ਗੁੱਝੀ ਚੁੱਪ ਤੋਂ ਸਾਫ ਹੋ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਬਾਦਲਾਂ ਦੇ ਹੱਥਾਂ ਵਿਚ ਖੇਡ ਰਹੇ ਹਨ।

ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੀਆਂ ਕਾਰਵਾਈਆਂ ਪੂਰੀ ਤਰ੍ਹਾਂ ਸਿੱਖੀ ਰਹਿਤ ਮਰਿਆਦਾ ਦੇ ਉਲਟ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਇਨ੍ਹਾਂ ਵਿਚ ਕੁੱਝ ਗਲਤ ਨਜ਼ਰ ਨਹੀਂ ਆਉਂਦਾ।

ਸ੍ਰੀ ਮਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪਿਛਲੇ ਸਮੇਂ ਵਿਚ ਉਨ੍ਹਾਂ (ਮੁੱਖ ਮੰਤਰੀ) ਉਤੇ ਸਿੱਖਾਂ ਦੇ ਧਾਰਮਿਕ ਮਸਲਿਆਂ ਵਿਚ ਦਖਲ ਦੇਣ ਦਾ ਦੋਸ਼ ਲਾਉਂਦੀ ਰਹੀ ਹੈ ਪਰ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਕਿ ਸ਼੍ਰੋਮਣੀ ਕਮੇਟੀ ਬਾਦਲ ਪਰਿਵਾਰ ਦੇ ਹੱਥਠੋਕੇ ਵਜੋਂ ਕੰਮ ਕਰ ਰਹੀ ਹੈ।

# ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਨੂੰ ਧਮਕੀ

**ਨਵੀਂ ਦਿੱਲੀ:** ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦੇ ਆਗੂ ਗੁਰਪਤਵੰਤ ਸਿੰਘ ਪੰਨੂ ਨੇ ਦਿੱਲੀ ਤੇ ਪੰਜਾਬ ਦੇ ਮੁੱਖ ਮੰਤਰੀਆਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਅਗਲੇ ਮਹੀਨੇ ਤੱਕ ਉਸ ਦੇ ਗ੍ਰਿਫ਼ਤਾਰ ਕੀਤੇ ਸਾਥੀਆਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਉਨ੍ਹਾਂ ਨੂੰ 'ਸਿਆਸੀ ਮੌਤ' ਦਾ ਸਾਹਮਣਾ ਕਰਨਾ ਪਵੇਗਾ।



ਪੰਜਾਬ ਪੁਲਿਸ ਦੇ ਵਿਸ਼ੇਸ਼ ਸੈੱਲ ਵੱਲੋਂ ਰਾਜਪੁਰਾ ਐਸ.ਐਫ.ਜੇ. ਨਾਲ ਸਬੰਧਤ ਜਗਦੀਸ਼ ਸਿੰਘ, ਮਨਜੀਤ ਸਿੰਘ ਤੇ ਦਵਿੰਦਰ ਸਿੰਘ ਨਾਂ ਦੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਪੰਨੂ ਵੱਲੋਂ ਇਹ ਧਮਕੀ ਦਿੱਤੀ ਗਈ ਹੈ। ਸਾਂਝੇ ਕੀਤੇ ਗਏ ਇਕ ਵੀਡੀਓ ਸੁਨੇਹੇ 'ਚ ਪੰਨੂ ਨੇ ਕਿਹਾ ਕੀਤਾ ਕਿ ਤਿੰਨੇ ਨੌਜਵਾਨ ਖਾਲਿਸਤਾਨ ਰਾਇਸ਼ੁਮਾਰੀ ਲਈ ਐਸ.ਐਫ.ਜੇ. ਨਾਲ ਕੰਮ ਕਰ ਰਹੇ ਸਨ। ਉਸ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ 15 ਫਰਵਰੀ ਤੱਕ ਛੱਡਿਆ ਨਾ ਗਿਆ ਤਾਂ ਉਨ੍ਹਾਂ ਦੋਵਾਂ ਨੂੰ 'ਸਿਆਸੀ ਮੌਤ' ਦਾ ਸਾਹਮਣਾ ਕਰਨਾ ਪਵੇਗਾ ਅਤੇ ਸਿੱਖਾਂ ਦਾ ਗੁੱਸਾ ਝੱਲਣਾ ਪਵੇਗਾ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਨੂੰ ਪੰਜਾਬ 'ਚ ਜਿੱਤ ਦਿਵਾਈ ਸੀ।

# ਗਣਤੰਤਰ ਦਿਵਸ ਮੌਕੇ 14 ਪੁਲਿਸ ਅਧਿਕਾਰੀਆਂ ਦਾ ਸਨਮਾਨ ਹੋਵੇਗਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਗਣਤੰਤਰ ਦਿਵਸ ਉਤੇ ਵਧੀਆ ਸੇਵਾਵਾਂ ਨਿਭਾਉਣ ਵਾਲੇ 14 ਪੁਲਿਸ ਅਧਿਕਾਰੀਆਂ ਨੂੰ 'ਮੁੱਖ ਮੰਤਰੀ ਰਕਸ਼ਕ ਪਦਕ' ਤੇ 'ਮੁੱਖ ਮੰਤਰੀ ਮੈਡਲ' ਨਾਲ ਸਨਮਾਨਿਤ ਕੀਤਾ ਜਾਵੇਗਾ। ਇਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਪਟਿਆਲਾ ਵਿਚ ਹੋਣ ਵਾਲੇ ਸੂਬਾ ਪੱਧਰੀ ਸਮਾਗਮ ਦੌਰਾਨ ਸਨਮਾਨਿਤ ਕੀਤਾ ਜਾਵੇਗਾ।

ਇਨ੍ਹਾਂ 'ਚ ਜਲੰਧਰ ਦਿਹਾਤੀ ਦੇ ਐਸ.ਐਸ.ਪੀ. ਮੁਖਵਿੰਦਰ ਸਿੰਘ ਭੁੱਲਰ, ਜਲੰਧਰ ਦੇ ਕਮਾਂਡੈਂਟ ਆਰਟੀ.ਸੀ. ਮਨਦੀਪ ਸਿੰਘ, ਮੁਹਾਲੀ ਦੇ ਡੀ.ਐਸ.ਪੀ. ਡਿਟੈਕਟਿਵ ਗੁਰਸ਼ੇਰ ਸਿੰਘ ਸੰਧੂ, ਡੀ.ਜੀ.ਪੀ. ਪੰਜਾਬ ਦੇ ਰੀਡਰ ਇੰਸਪੈਕਟਰ ਹਰਵਿੰਦਰ ਸਿੰਘ ਅਤੇ ਥਾਣਾ ਜ਼ੀਰਕਪੁਰ ਦੇ ਐਸ.ਐਚ.ਓ. ਸਿਮਰਜੀਤ ਸਿੰਘ ਦੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਮੁਹਾਲੀ ਦੇ ਸਪੈਸ਼ਲ ਸੈੱਲ ਦੇ ਸਬ ਇੰਸਪੈਕਟਰ ਸੁਖਵਿੰਦਰ ਸਿੰਘ, ਐਸ.ਆਈ. ਮੇਜਰ ਸਿੰਘ, ਐਸ.ਆਈ. ਗੁਰਵਿੰਦਰ ਸਿੰਘ, ਐਸ.ਆਈ. ਗੁਰਮੁੱਖ ਸਿੰਘ, ਐਸ.ਆਈ. ਅਮਨਦੀਪ ਵਰਮਾ, ਅੰਮ੍ਰਿਤਸਰ ਸੀ.ਆਈ.ਏ. ਸਟਾਫ ਦੇ ਐਸ.ਆਈ. ਭੁਪਿੰਦਰ ਸਿੰਘ, ਪੀ.ਆਰ.ਟੀ.ਸੀ. ਜਹਾਨ ਖੇਲਾਂ ਦੇ ਐਸ.ਆਈ. ਜਸਜੀਤ ਸਿੰਘ, ਇੰਟੈਲੀਜੈਂਸ ਵਿੰਗ ਦੇ ਏ.ਐਸ.ਆਈ. ਮੋਹਿੰਦਰ ਪਾਲ ਸਿੰਘ ਅਤੇ ਅੰਮ੍ਰਿਤਸਰ ਤੋਂ ਸੀਨੀਅਰ ਕਾਂਸਟੇਬਲ ਪ੍ਰਭਦੀਪ ਸਿੰਘ ਨੂੰ ਸਨਮਾਨਿਤ ਕੀਤਾ ਜਾਵੇਗਾ।

# ਐਡਵੋਕੇਟ ਇੰਦਰਪਾਲ ਸਿੰਘ ਬਣੇ ਮੁੱਖ ਸੂਚਨਾ ਕਮਿਸ਼ਨਰ

**ਚੰਡੀਗੜ੍ਹ:** ਸੀਨੀਅਰ ਐਡਵੋਕੇਟ ਇੰਦਰਪਾਲ ਸਿੰਘ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਨਵੇਂ ਮੁੱਖ ਸੂਚਨਾ ਕਮਿਸ਼ਨਰ ਹੋਣਗੇ ਜਿਨ੍ਹਾਂ ਦੀ ਨਿਯੁਕਤੀ ਨੂੰ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਹਰੀ ਝੰਡੀ ਦੇ ਦਿੱਤੀ ਹੈ। ਹੁਸ਼ਿਆਰਪੁਰ ਵਾਸੀ ਐਡਵੋਕੇਟ ਇੰਦਰਪਾਲ ਸਿੰਘ ਇਸ ਵੇਲੇ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਸਨ। ਮੁੱਖ ਸੂਚਨਾ ਕਮਿਸ਼ਨਰ ਵਜੋਂ ਸਾਬਕਾ ਡੀ.ਜੀ.ਪੀ. ਸੁਰੇਸ਼ ਅਰੋੜਾ ਕਰੀਬ ਤਿੰਨ ਮਹੀਨੇ ਪਹਿਲਾਂ ਸੇਵਾਮੁਕਤ ਹੋ ਗਏ ਸਨ। ਐਡਵੋਕੇਟ ਇੰਦਰਪਾਲ ਸਿੰਘ ਉਰਫ਼ ਧੰਨਾ ਮੁੱਖ ਮੰਤਰੀ ਭਗਵੰਤ ਮਾਨ ਦੇ ਨਜ਼ਦੀਕੀ ਮਿੱਤਰ ਵੀ ਹਨ ਅਤੇ ਉਹ 1989 ਤੋਂ ਵਕਾਲਤ ਵਿਚ ਹਨ। ਉਨ੍ਹਾਂ ਨੂੰ ਪਿਛਲੇ ਸਾਲ ਅਗਸਤ 'ਚ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਨਿਯੁਕਤ ਕੀਤਾ ਗਿਆ ਸੀ। ਉਹ ਭਾਰਤ ਸਰਕਾਰ ਦੇ ਪੈਨਲ ਵਿਚ ਵੀ ਹਨ।

# ਕਰਜ਼ੇ ਤੋਂ ਪਰੇਸ਼ਾਨ ਕਿਸਾਨ ਵੱਲੋਂ ਖੁਦਕੁਸ਼ੀ

**ਲੰਬੀ:** ਕਰਜ਼ੇ ਤੋਂ ਪਰੇਸ਼ਾਨ ਹੋ ਕੇ ਇਕ ਕਿਸਾਨ ਨੇ ਜ਼ਹਿਰੀਲੀ ਦਵਾਈ ਨਿਗਲ ਲਈ ਜਿਸ ਨਾਲ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪਿੰਡ ਮਾਹੂਆਣਾ ਦੇ ਕਿਸਾਨ ਸੁਖਵਿੰਦਰ ਸਿੰਘ (48) ਪੁੱਤਰ ਮੇਜਰ ਸਿੰਘ ਵਜੋਂ ਹੋਈ ਹੈ। ਉਸ ਨੇ ਕਰਜ਼ੇ ਦੇ ਬੋਝ ਹੇਠ ਆਉਣ ਤੋਂ ਬਾਅਦ ਜ਼ਹਿਰੀਲੀ ਦਵਾਈ ਨਿਗਲ ਲਈ ਅਤੇ ਬਠਿੰਡੇ ਦੇ ਹਸਪਤਾਲ ਵਿਚ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਲੰਬੀ ਥਾਣੇ ਦੇ ਮੁਖੀ ਰਾਵਿੰਦਰ ਕੁਮਾਰ ਨੇ ਦੱਸਿਆ ਕਿ ਕਿਸਾਨ ਦੇ ਸਿਰ 'ਤੇ ਕਰੀਬ ਚਾਰ-ਪੰਜ ਲੱਖ ਰੁਪਏ ਦਾ ਕਰਜ਼ਾ ਸੀ ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਥਾਣਾ ਮੁਖੀ ਅਨੁਸਾਰ ਵਾਰਸਾਂ ਦੇ ਬਿਆਨਾਂ ਦੇ ਆਧਾਰ ਉਤੇ 174 ਦੀ ਕਾਰਵਾਈ ਕੀਤੀ ਗਈ ਹੈ। ਪੰਜਾਬ ਵਿਚ ਬੀਤੇ ਸਮੇਂ ਤੋਂ ਕਰਜ਼ੇ ਦੀ ਮਾਰ ਹੇਠ ਆਏ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ ਤੇ ਕਿਸਾਨ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਕਿਸਾਨਾਂ ਦੇ ਕਰਜ਼ੇ ਮੁਆਫ ਕੀਤੇ ਜਾਣ।

## ਬਜਟ ਇਜਲਾਸ ਮਗਰੋਂ ਭਾਜਪਾ 'ਚ ਸ਼ਾਮਲ ਹੋਣਗੇ ਪ੍ਰਨੀਤ ਕੌਰ

**ਪਟਿਆਲਾ:** ਲੋਕ ਸਭਾ ਮੈਂਬਰ ਪ੍ਰਨੀਤ ਕੌਰ ਸੰਸਦ ਦੇ ਬਜਟ ਇਜਲਾਸ ਤੋਂ ਬਾਅਦ ਭਾਜਪਾ ਵਿਚ ਸ਼ਾਮਲ ਹੋਣਗੇ। ਇਸ ਦੀ ਚਰਚਾ ਨਿਊ ਮੋਤੀ ਬਾਗ ਪੈਲੇਸ ਵਿਚ ਹੋਣ ਲੱਗ ਪਈ ਹੈ। ਫਿਲਹਾਲ ਉਨ੍ਹਾਂ ਨੂੰ ਕਾਂਗਰਸ ਵੱਲੋਂ ਮੁਅੱਤਲ ਕੀਤਾ ਹੋਇਆ ਹੈ। ਪ੍ਰਨੀਤ ਕੌਰ ਨੂੰ ਕਾਂਗਰਸ ਵਿਚੋਂ ਕੱਢਣ ਲਈ ਸਥਾਨਕ ਆਗੂ ਕਈ ਵਾਰ ਹਾਈ ਕਮਾਨ ਕੋਲ ਪਹੁੰਚ ਕਰ ਚੁੱਕੇ ਹਨ। ਜੇਕਰ ਕਾਂਗਰਸ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਦੀ ਹੈ ਤਾਂ ਉਨ੍ਹਾਂ ਦੀ ਲੋਕ ਸਭਾ ਦੀ ਮੈਂਬਰੀ ਬਚੀ ਰਹੇਗੀ ਪਰ ਜੇਕਰ ਉਹ ਕਾਂਗਰਸ ਛੱਡਦੇ ਹਨ ਤਾਂ ਉਨ੍ਹਾਂ ਦੀ ਮੈਂਬਰੀ ਚਲੀ ਜਾਵੇਗੀ। ਇਸ ਲਈ ਉਹ ਭਾਜਪਾ ਦੇ ਆਖਰੀ ਬਜਟ ਇਜਲਾਸ 'ਚ ਬਤੌਰ ਸੰਸਦ ਮੈਂਬਰ ਸ਼ਾਮਲ ਹੋਣਾ ਚਾਹੁੰਦੇ ਹਨ। ਪਟਿਆਲਾ ਤੋਂ ਭਾਜਪਾ ਦੀ ਲੋਕ ਸਭਾ ਉਮੀਦਵਾਰ ਉਨ੍ਹਾਂ ਦੀ ਧੀ ਜੈ ਇੰਦਰ ਕੌਰ ਨੂੰ ਬਣਾਉਣ ਦੀ ਵੀ ਗੱਲ ਉੱਠ ਰਹੀ ਹੈ।

# ਸੁਪਰੀਮ ਕੋਰਟ ਤੋਂ ਸੁਖਪਾਲ ਖਹਿਰਾ ਨੂੰ ਵੱਡੀ ਰਾਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਐਨ.ਡੀ.ਪੀ.ਐਸ. ਐਕਟ ਦੇ ਇਕ ਕੇਸ 'ਚ ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਮਿਲੀ ਜ਼ਮਾਨਤ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਪਾਈ ਗਈ ਅਪੀਲ ਖਾਰਜ ਕਰ ਦਿੱਤੀ ਹੈ। ਜਸਟਿਸ ਬੇਲਾ ਐੱਮ ਤ੍ਰਿਵੇਦੀ ਅਤੇ ਕੇ.ਵੀ. ਵਿਸ਼ਵਨਾਥਨ ਉਤੇ ਆਧਾਰਿਤ ਬੈਂਚ ਨੇ ਕਿਹਾ ਕਿ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ 4 ਜਨਵਰੀ ਨੂੰ ਦਿੱਤੇ ਗਏ ਹੁਕਮਾਂ 'ਚ ਦਖ਼ਲ ਦੇ ਇੱਛੁਕ ਨਹੀਂ ਹਨ। ਬੈਂਚ ਨੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਲੂਥਰਾ ਨੂੰ ਕਿਹਾ ਕਿ ਖਹਿਰਾ ਖ਼ਿਲਾਫ਼ ਭਾਵੇਂ ਦੋਸ਼ ਗੰਭੀਰ ਹਨ ਪਰ ਕੇਸ ਦੇ ਤੱਥਾਂ ਅਤੇ ਹਾਲਾਤ ਨੂੰ ਦੇਖਦਿਆਂ ਉਹ ਹਾਈ ਕੋਰਟ ਦੇ ਹੁਕਮਾਂ 'ਚ ਦਖ਼ਲ ਨਹੀਂ ਦੇਣਗੇ। ਭੁਲੱਥ ਤੋਂ ਵਿਧਾਇਕ ਖਹਿਰਾ ਨੂੰ



ਹਾਈ ਕੋਰਟ ਨੇ ਨਸ਼ਿਆਂ ਨਾਲ ਜੁੜੇ ਕੇਸ 'ਚ ਜ਼ਮਾਨਤ ਦੇ ਦਿੱਤੀ ਸੀ। ਖਹਿਰਾ ਨੂੰ 2015 ਦੇ ਇਕ ਕੇਸ ਵਿਚ ਪਿਛਲੇ ਸਾਲ ਸਤੰਬਰ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਮਗਰੋਂ ਕਾਂਗਰਸ ਨੇ ਸੂਬੇ ਦੀ ਹਾਕਮ ਧਿਰ 'ਆਪ' ਖ਼ਿਲਾਫ਼ ਸਿਆਸੀ ਬਦਲਾਖੋਰੀ ਦੇ ਦੋਸ਼ ਲਾਏ ਸਨ। ਇਕ ਵਿਸ਼ੇਸ਼ ਜਾਂਚ ਟੀਮ (ਸਿਟ) ਦੀ ਜਾਂਚ ਦੌਰਾਨ ਖਹਿਰਾ ਦੀ ਨਸ਼ਾ ਤਸਕਰੀ ਦੇ ਮਾਮਲੇ 'ਚ ਭੂਮਿਕਾ ਸਾਹਮਣੇ ਆਈ ਸੀ। ਮਾਰਚ 2015 ਵਿਚ ਜਲਾਲਾਬਾਦ 'ਚ ਨਸ਼ਿਆਂ ਨਾਲ ਸਬੰਧਤ ਮਾਮਲੇ ਵਿਚ ਖਹਿਰਾ ਦੇ ਨਜ਼ਦੀਕੀ ਗੁਰਦੇਵ ਸਿੰਘ ਸਮੇਤ 9 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਹੋਇਆ ਸੀ ਜਿਨ੍ਹਾਂ ਨੂੰ ਬਾਅਦ 'ਚ ਸਜ਼ਾ ਵੀ ਹੋਈ ਸੀ। ਪੁਲਿਸ ਨੇ ਮੁਲਜ਼ਮਾਂ ਕੋਲੋਂ ਦੋ ਕਿਲੋ ਹੈਰੋਇਨ, ਸੋਨੇ ਦੇ ਬਿਸਕੁਟ, ਇਕ ਦੇਸੀ ਪਿਸਤੌਲ, ਪੁਆਇੰਟ 315 ਬੋਰ ਦੀ ਪਿਸਤੌਲ ਅਤੇ ਦੋ ਪਾਕਿਸਤਾਨੀ ਸਿਮ ਕਾਰਡ ਬਰਾਮਦ ਕੀਤੇ ਸਨ। ਕਪੂਰਥਲਾ ਦੀ ਇਕ ਅਦਾਲਤ ਨੇ ਧਮਕੀ ਦੇਣ ਦੇ ਇਕ ਮਾਮਲੇ 'ਚ 15 ਜਨਵਰੀ ਨੂੰ ਖਹਿਰਾ ਨੂੰ ਜ਼ਮਾਨਤ ਦਿੱਤੀ ਹੈ।

## ਪ੍ਰਤਾਪ ਬਾਜਵਾ ਨੇ 'ਆਪ' ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਜ਼ਮਾਨਤ ਵਿਰੁੱਧ ਦਾਇਰ ਪਟੀਸ਼ਨ ਨੂੰ ਖਾਰਜ ਕਰਨ ਲਈ ਸੁਪਰੀਮ ਕੋਰਟ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਬਦਲਾਖੋਰੀ ਦੀ ਰਾਜਨੀਤੀ 'ਤੇ ਪੰਜਾਬ ਦੇ ਖ਼ਜ਼ਾਨੇ ਨੂੰ ਬਰਬਾਦ ਕਰਨ ਲਈ 'ਆਪ' ਸਰਕਾਰ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਖਹਿਰਾ ਨੂੰ ਦਿੱਤੀ ਜ਼ਮਾਨਤ ਵਿਰੁੱਧ ਸੁਪਰੀਮ ਕੋਰਟ ਵਿਚ ਪੇਸ਼ ਹੋਣ ਲਈ ਇਕ ਸੀਨੀਅਰ ਵਕੀਲ ਸਿਧਾਰਥ ਲੂਥਰਾ ਦੀ ਨਿਯੁਕਤੀ ਕੀਤੀ ਸੀ।

# ਮੁਫਤ ਸਫਰ ਸਹੂਲਤ ਨੇ ਸਰਕਾਰੀ ਖਜ਼ਾਨੇ ਦਾ ਧੂੰਆਂ ਕੱਢਿਆ

**ਬਠਿੰਡਾ:** ਪੰਜਾਬ ਵਿਚ ਬੀਬੀਆਂ ਲਈ ਮੁਫ਼ਤ ਬੱਸ ਸਫ਼ਰ ਸਕੀਮ ਨੇ ਸਰਕਾਰੀ ਖ਼ਜ਼ਾਨੇ ਦਾ ਧੂੰਆਂ ਕੱਢ ਦਿੱਤਾ ਹੈ ਕਿਉਂਕਿ ਸਰਕਾਰ ਨੂੰ ਮੁਫ਼ਤ ਬੱਸ ਯੋਜਨਾ ਦੇ ਪੈਸੇ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਨੂੰ ਅਦਾ ਕਰਨੇ ਪੈ ਰਹੇ ਹਨ। ਪੰਜਾਬ ਵਿਚ ਮੁਫ਼ਤ ਸਫ਼ਰ ਦੀ ਸਹੂਲਤ ਮਗਰੋਂ ਸਰਕਾਰੀ ਲਾਰੀਆਂ ਵਿਚ ਸਵਾਰੀਆਂ ਦੀ ਗਿਣਤੀ ਕਾਫ਼ੀ ਵਧੀ ਹੈ।

ਵੇਰਵਿਆਂ ਮੁਤਾਬਕ ਮੁਫ਼ਤ ਬੱਸ ਸੇਵਾ ਬਦਲੇ ਸਰਕਾਰ, ਸਰਕਾਰੀ ਟਰਾਂਸਪੋਰਟ ਅਦਾਰਿਆਂ ਨੂੰ ਕਰੀਬ 350 ਕਰੋੜ ਰੁਪਏ ਸਾਲਾਨਾ ਦੀ ਅਦਾਇਗੀ ਕਰਦੀ ਹੈ ਅਤੇ ਮੌਜੂਦਾ ਸਮੇਂ ਸਰਕਾਰ ਵੱਲ ਟਰਾਂਸਪੋਰਟ ਅਦਾਰਿਆਂ ਦੇ ਕਰੋੜਾਂ ਰੁਪਏ ਖੜ੍ਹੇ ਹਨ। ਟਰਾਂਸਪੋਰਟ ਮਹਿਕਮੇ ਵਿਚਲੇ ਸੂਤਰ ਮੁਫ਼ਤ ਸਕੀਮ ਨੂੰ ਸਰਕਾਰੀ ਟਰਾਂਸਪੋਰਟ ਲਈ 'ਫਾਇਦੇ ਵਾਲਾ ਸੌਦਾ' ਦੱਸਦੇ ਹਨ। ਮਿਸਾਲ ਵਜੋਂ ਪਹਿਲਾਂ ਬਠਿੰਡਾ ਦੇ ਪੀ.ਆਰ.ਟੀ.ਸੀ. ਡਿੱਪੂ ਦੀ ਰੋਜ਼ਾਨਾ ਲਗਭਗ 20 ਲੱਖ ਰੁਪਏ ਦੀ ਵੱਟਤ ਸੀ ਜੋ ਸਕੀਮ ਲਾਗੂ ਹੋਣ ਮਗਰੋਂ ਕਰੀਬ 40 ਲੱਖ ਤੱਕ ਅੱਪੜ ਗਈ। ਜਾਣਕਾਰੀ ਮੁਤਾਬਕ ਪੁਰਸ਼ ਸਵਾਰੀਆਂ ਵਾਲੀ ਅੱਧੀ ਰਕਮ ਦੀ ਵਸੂਲੀ ਨਕਦ ਹੋ ਜਾਂਦੀ ਹੈ ਜਦਕਿ ਬੀਬੀਆਂ ਵਾਲੇ ਰੋਜ਼ਾਨਾ ਦੇ 20 ਲੱਖ ਰੁਪਏ ਦੇ ਕਿਰਾਏ ਦੀ ਅਦਾਇਗੀ ਸਰਕਾਰ ਕਰਦੀ ਹੈ। ਔਰਤਾਂ ਦਾ ਸਫ਼ਰ ਮੁਫ਼ਤ ਹੋਣ ਕਰਕੇ ਉਨ੍ਹਾਂ ਨਾਲ ਸਫ਼ਰ ਕਰਨ ਵਾਲੇ ਪੁਰਸ਼ ਵੀ ਸਰਕਾਰੀ ਬੱਸਾਂ 'ਚ ਹੀ ਨਕਦੀ ਤਾਰ ਕੇ ਸਫ਼ਰ ਕਰਦੇ ਹਨ।




ਪਤਾ ਲੱਗਾ ਹੈ ਕਿ ਪੀ.ਆਰ.ਟੀ.ਸੀ. ਦੇ ਬਠਿੰਡਾ ਡਿੱਪੂ ਦੀ ਸਮਰੱਥਾ 264 ਬੱਸਾਂ ਦੇ ਫਲੀਟ ਦੀ ਹੈ ਪਰ ਮੌਜੂਦਾ ਸਮੇਂ ਸਿਰਫ 191 ਬੱਸਾਂ ਹੀ ਹਨ। ਅਜਿਹੇ 'ਚ ਡਿੱਪੂ ਲਈ 73 ਹੋਰ ਬੱਸਾਂ ਦੀ ਜ਼ਰੂਰਤ ਹੈ। ਸੂਤਰਾਂ ਦੀ ਮੰਨੀਏ ਤਾਂ ਇਕ ਬੱਸ ਰੋਜ਼ਾਨਾ 300 ਤੋਂ 350 ਕਿਲੋਮੀਟਰ ਸਫ਼ਰ ਤੈਅ ਕਰਦੀ ਹੈ। ਇਸ ਹਿਸਾਬ ਨਾਲ ਰੋਜ਼ਾਨਾ 24 ਹਜ਼ਾਰ ਕਿਲੋਮੀਟਰ ਰੂਟ ਖਾਲੀ ਰਹਿੰਦੇ ਹਨ। ਚੰਨੀ ਸਰਕਾਰ ਸਮੇਂ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਟਰਾਂਸਪੋਰਟ ਮੰਤਰੀ ਹੁੰਦਿਆਂ ਨਵੀਆਂ ਬੱਸਾਂ ਖ਼ਰੀਦੀਆਂ ਗਈਆਂ ਸਨ ਪਰ ਮਾਨ ਸਰਕਾਰ ਦੇ ਕਰੀਬ ਦੋ ਸਾਲਾ ਕਾਰਜਕਾਲ ਦੌਰਾਨ ਇਕ ਵੀ ਨਵੀਂ ਬੱਸ ਇਸ ਬੇੜੇ ਵਿਚ ਸ਼ਾਮਲ ਨਹੀਂ ਕੀਤੀ ਗਈ।

## ਸਹਾਇਕ ਲਾਈਨਮੈਨਾਂ ਦੀ ਬਰਖ਼ਾਸਤਗੀ ਵਿਰੁੱਧ ਤਿੱਖੇ ਮੁਜ਼ਾਹਰੇ

**ਪਟਿਆਲਾ:** ਪਾਵਰਕੌਮ ਮੈਨੇਜਮੈਂਟ ਵੱਲੋਂ ਸੀ.ਆਰ.ਏ. 295 ਰਾਹੀਂ 2019 ਵਿਚ ਨਿਗਮ ਵਿਚ ਭਰਤੀ ਹੋਏ 25 ਸਹਾਇਕ ਲਾਈਨਮੈਨਾਂ ਨੂੰ ਬਰਖ਼ਾਸਤ ਕਰਨ ਦੇ ਫੈਸਲੇ ਵਿਰੁੱਧ ਬਿਜਲੀ ਵਿਭਾਗ ਦੇ ਮੁਲਾਜ਼ਮਾਂ ਨੇ ਪੰਜਾਬ ਭਰ 'ਚ ਡਿਵੀਜ਼ਨ ਪੱਧਰ ਉਤੇ ਅਰਥੀ ਫੂਕ ਮੁਜ਼ਾਹਰੇ ਕੀਤੇ। ਮੁਜ਼ਾਹਰਿਆਂ ਵਿਚ ਪੀ.ਐਸ.ਈ.ਬੀ. ਜੁਆਇੰਟ ਫੋਰਮ ਅਧੀਨ ਆਉਂਦੀਆਂ ਦਰਜਨ ਭਰ ਜਥੇਬੰਦੀਆਂ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਨਾਲ ਸਬੰਧਤ ਜਥੇਬੰਦੀਆਂ ਨੇ ਸ਼ਿਰਕਤ ਕੀਤੀ।

ਆਗੂਆਂ ਨੇ ਰੋਸ ਪ੍ਰਦਰਸ਼ਨ ਕਰਦਿਆਂ ਸਹਾਇਕ ਲਾਈਨਮੈਨਾਂ ਦੀ ਬਰਖ਼ਾਸਤਗੀ ਨੂੰ ਮੈਨੇਜਮੈਂਟ ਵੱਲੋਂ ਕਾਹਲੀ ਵਿਚ ਪੁੱਟਿਆ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜਦੋਂ ਇਸ ਸਬੰਧੀ ਕੇਸ ਹਾਈਕੋਰਟ ਵਿਚ ਵਿਚਾਰਯੋਗ ਹੈ ਤਾਂ ਮੁਲਾਜ਼ਮਾਂ ਵਿਰੁੱਧ ਅਜਿਹੀ ਕਾਰਵਾਈ ਨਹੀਂ ਹੋਣੀ ਚਾਹੀਦੀ।

## ਮੋਦੀ ਸਰਕਾਰ ਵੱਲੋਂ ਵਾਗਡੋਰ ਸੰਭਾਲਣ ਪਿੱਛੋਂ ਬੇਰੁਜ਼ਗਾਰੀ ਵਧੀ: ਗੜ੍ਹੀ

**ਲਾਲੜੂ:** ਬਹੁਜਨ ਸਮਾਜ ਪਾਰਟੀ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਦਿਨੋਂ-ਦਿਨ ਵਧ ਰਹੀ ਅਤਿ ਦੀ ਮਹਿੰਗਾਈ ਆਮ ਨਾਗਰਿਕਾਂ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ ਕਿਉਂਕਿ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਦੇਸ਼ ਅੰਦਰ ਬੇਰੁਜ਼ਗਾਰੀ ਵਧੀ ਹੈ, ਇਹੀ ਕਾਰਨ ਹੈ ਕਿ ਅੱਜ ਸਾਡੇ ਨੌਜਵਾਨ ਵਿਦੇਸ਼ਾਂ ਨੂੰ ਚਾਲੇ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੋਂ ਦੇਸ਼ ਦੀ ਵਾਗਡੋਰ ਮੋਦੀ ਸਰਕਾਰ ਨੇ ਸੰਭਾਲੀ ਹੈ, ਉਸੇ ਦਿਨ ਤੋਂ ਹੀ ਇੱਥੇ ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ 'ਚ ਵਾਧਾ ਹੋਇਆ ਹੈ। ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਸਰਕਾਰੀ ਅਦਾਰੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤੇ ਗਏ। ਸ੍ਰੀ ਗੜ੍ਹੀ ਨੇ ਕਿਹਾ ਕਿ ਪਛੜੇ ਵਰਗ ਨੂੰ ਦਿੱਤਾ ਜਾਣ ਵਾਲਾ ਰਾਖਵਾਂਕਰਨ ਵੀ ਖ਼ਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵੱਡੇ ਕਾਰੋਬਾਰੀਆਂ ਨੂੰ ਫਾਇਦਾ ਪਹੁੰਚਾਉਣ ਲਈ ਮੋਦੀ ਸਰਕਾਰ ਨੇ ਲੰਬਾ ਸਮਾਂ ਤਾਲਾਬੰਦੀ ਕਰ ਕੇ ਛੋਟੇ ਕਾਰੋਬਾਰਾਂ ਨੂੰ ਫੇਲ੍ਹ ਕਰ ਕੇ ਰੱਖ ਦਿੱਤਾ।

## ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ 86 ਫੀਸਦ ਘਟੀ

**ਓਟਵਾ:** ਕੈਨੇਡਾ ਵਿਚ ਸਿੱਖ ਵੱਖਵਾਦੀ ਆਗੂ ਦੇ ਕਤਲ ਤੋਂ ਬਾਅਦ ਪੈਦਾ ਹੋਏ ਕੂਟਨੀਤਕ ਵਿਵਾਦ ਕਾਰਨ ਭਾਰਤ ਵੱਲੋਂ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢੇ ਜਾਣ ਤੋਂ ਬਾਅਦ ਪਿਛਲੇ ਸਾਲ ਦੇ ਅਖੀਰ ਵਿਚ ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਸਟੱਡੀ ਪਰਮਿਟਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਕਮੀ ਆਈ ਹੈ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਇੰਟਰਵਿਊ ਵਿਚ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਗਿਣਤੀ ਨੇੜੇ ਭਵਿੱਖ ਵਿਚ ਵਧਣ ਦੀ ਸੰਭਾਵਨਾ ਨਹੀਂ ਹੈ। ਭਾਰਤ 'ਚ ਬਹੁਤ ਸਾਰੀਆਂ ਅਰਜ਼ੀਆਂ ਨੂੰ ਪ੍ਰੋਸੈਸ ਕਰਨ ਦੀ ਸਮਰੱਥਾ ਅੱਧੀ ਰਹਿ ਗਈ ਹੈ। ਇਸ ਤੋਂ ਇਲਾਵਾ ਵਿਵਾਦ ਨੇ ਭਾਰਤੀ ਵਿਦਿਆਰਥੀਆਂ ਨੂੰ ਦੂਜੇ ਦੇਸ਼ਾਂ ਵਿਚ ਪੜ੍ਹਾਈ ਕਰਨ ਲਈ ਪ੍ਰੇਰਿਆ ਹੈ। ਇਨ੍ਹਾਂ ਕਾਰਕਾਂ ਕਾਰਨ ਪਿਛਲੇ ਸਾਲ ਦੀ ਚੌਥੀ ਤਿਮਾਹੀ



ਵਿਚ ਭਾਰਤੀਆਂ ਨੂੰ ਜਾਰੀ ਕੀਤੇ ਵਿਦਿਆਰਥੀ ਪਰਮਿਟਾਂ ਵਿਚ ਪਿਛਲੀ ਤਿਮਾਹੀ ਤੋਂ 86 ਫੀਸਦ ਦੀ ਗਿਰਾਵਟ ਆਈ, ਜੋ 108,940 ਤੋਂ 14,910 ਰਹਿ ਗਈ।

## ਕੈਨੇਡਾ ਤੋਂ ਪਰਤਿਆ ਨੌਜਵਾਨ ਗ੍ਰਿਫਤਾਰ

**ਜਲੰਧਰ:** ਨੂਰਮਹਿਲ ਪੁਲਿਸ ਨੇ ਤਿੰਨ ਸਾਲ ਬਾਅਦ ਕੈਨੇਡਾ ਤੋਂ ਪਰਤੇ ਇਕ ਪਰਵਾਸੀ ਭਾਰਤੀ ਨੌਜਵਾਨ ਨੂੰ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ ਉਤੇ ਆਪਣੀ ਪਤਨੀ ਨਾਲ ਕੁੱਟਮਾਰ ਕਰਨ ਅਤੇ ਉਸ ਨੂੰ ਕੈਨੇਡਾ ਬੁਲਾਉਣ ਲਈ 30 ਲੱਖ ਰੁਪਏ ਮੰਗਣ ਦਾ ਦੋਸ਼ ਹੈ।

ਮੁਲਜ਼ਮ ਦੀ ਪਛਾਣ ਗੁਰਵਿੰਦਰ ਸਿੰਘ ਵਾਸੀ ਐਡਿੰਗਟਨ (ਕੈਨੇਡਾ) ਵਜੋਂ ਹੋਈ ਹੈ। ਉਹ ਪਿਛਲੇ ਸਾਲ ਤੋਂ ਫ਼ਰਾਰ ਸੀ। ਸ਼ਾਮ ਜਦੋਂ ਉਹ ਹਵਾਈ ਅੱਡੇ ਪਹੁੰਚਿਆ ਤਾਂ ਜਲੰਧਰ ਪੁਲਿਸ ਨੂੰ ਇਸ ਬਾਰੇ ਸੂਚਨਾ ਦਿੱਤੀ ਗਈ। ਇਸ ਮਗਰੋਂ ਨੂਰਮਹਿਲ ਪੁਲਿਸ ਨੌਜਵਾਨ ਨੂੰ ਲੈਣ ਲਈ ਦਿੱਲੀ ਰਵਾਨਾ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਵਿੰਦਰ ਦੀ ਪਤਨੀ ਨੇ ਦੋ ਸਾਲ ਪਹਿਲਾਂ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਪੁਲਿਸ ਨੂੰ ਦੱਸਿਆ ਸੀ ਕਿ 15 ਦਸੰਬਰ 2019 ਨੂੰ ਨੂਰਮਹਿਲ 'ਚ ਉਨ੍ਹਾਂ ਦਾ ਵਿਆਹ ਹੋਇਆ ਸੀ। ਇਸ ਤੋਂ ਬਾਅਦ ਗੁਰਵਿੰਦਰ ਵਾਪਸ ਚਲਾ ਗਿਆ। ਜਦੋਂ ਪੀੜਤਾ ਨੇ ਉਸ ਨੂੰ ਕੈਨੇਡਾ ਬੁਲਾਉਣ ਲਈ ਕਿਹਾ ਤਾਂ ਗੁਰਵਿੰਦਰ ਨੇ 30 ਲੱਖ ਰੁਪਏ ਦੀ ਮੰਗ ਕੀਤੀ। ਪੀੜਤਾ ਵੱਲੋਂ ਇਨਕਾਰ ਕਰਨ ਉਤੇ ਮੁਲਜ਼ਮ ਨੇ ਤਲਾਕ ਦੇ ਕਾਗ਼ਜ਼ ਭੇਜ ਦਿੱਤੇ।

## 28 ਸਾਲ ਪਿੱਛੋਂ ਭਾਰਤ 'ਚ ਹੋਵੇਗਾ ਮਿਸ ਵਰਲਡ ਮੁਕਾਬਲਾ

**ਨਵੀਂ ਦਿੱਲੀ:** ਭਾਰਤ 28 ਸਾਲਾਂ ਦੇ ਵਕਫ਼ੇ ਤੋਂ ਬਾਅਦ 71ਵੇਂ ਮਿਸ ਵਰਲਡ ਮੁਕਾਬਲੇ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਪਿਛਲੀ ਵਾਰ 1996 ਵਿਚ ਭਾਰਤ ਨੇ ਇਸ ਮੁਕਾਬਲੇ ਦੀ ਮੇਜ਼ਬਾਨੀ ਕੀਤੀ ਸੀ। ਰੀਟਾ ਫਾਰੀਆ ਪਾਵੇਲ ਸਾਲ 1966 ਵਿਚ ਮਿਸ ਵਰਲਡ ਦਾ ਤਾਜ ਜਿੱਤਣ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ।

ਐਸ਼ਵਰਿਆ ਰਾਏ ਬੱਚਨ 1994 ਵਿਚ ਮਿਸ ਵਰਲਡ ਦਾ ਤਾਜ ਆਪਣੇ ਘਰ ਲੈ ਆਈ ਸੀ, ਜਦੋਂ ਕਿ ਡਾਇਨਾ ਹੇਡਨ ਨੂੰ 1997 ਵਿਚ ਮਿਸ ਵਰਲਡ ਦਾ ਤਾਜ ਮਿਲਿਆ ਸੀ। ਯੁਕਤਾ ਮੁਖੀ 1999 ਵਿਚ ਭਾਰਤ ਦੀ ਚੌਥੀ ਮਿਸ ਵਰਲਡ ਬਣੀ ਸੀ ਅਤੇ ਪ੍ਰਿਯੰਕਾ ਚੋਪੜਾ ਜੋਨਸ ਨੇ ਸਾਲ 2000 ਵਿਚ ਮਿਸ ਵਰਲਡ ਦਾ ਖਿਤਾਬ ਜਿੱਤਿਆ ਸੀ। ਮਾਨੁਸ਼ੀ ਛਿੱਲਰ ਨੇ ਮਿਸ ਵਰਲਡ ਦਾ ਤਾਜ 2017 ਵਿਚ ਜਿੱਤਿਆ ਸੀ। ਇਸ ਵਾਰ ਇਹ ਮੁਕਾਬਲਾ 18 ਫਰਵਰੀ ਤੋਂ 9 ਮਾਰਚ ਵਿਚਕਾਰ ਹੋਵੇਗਾ। ਫਾਈਨਲ 9 ਮਾਰਚ ਨੂੰ ਮੁੰਬਈ ਦੇ ਜੀਓ ਵਰਲਡ ਕਨਵੈਨਸ਼ਨ ਸੈਂਟਰ ਵਿਚ ਹੋਵੇਗਾ।

## ਸੁਖਪਾਲ ਖਹਿਰਾ ਵੱਲੋਂ ਭਗਵੰਤ ਮਾਨ ਸਰਕਾਰ ਉਤੇ ਤਿੱਖੇ ਹਮਲੇ

**ਭੁਲੱਥ:** ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਪਿੰਡ ਰਾਮਗੜ੍ਹ ਦੀ ਦਾਣਾ ਮੰਡੀ ਵਿਚ ਇਕ ਰੈਲੀ ਨੂੰ ਸੰਬੋਧਨ ਕੀਤਾ। ਇਸ ਰੈਲੀ ਵਿਚ ਹਲਕਾ ਵਾਸੀਆਂ ਸਮੇਤ ਬਠਿੰਡਾ, ਅਟਾਰੀ, ਸਤੌਜ ਤੇ ਭਵਾਨੀਗੜ੍ਹ ਤੋਂ ਆਏ ਲੋਕਾਂ ਨਾਲ ਜਲੰਧਰ ਤੋਂ ਕਾਂਗਰਸੀ ਵਿਧਾਇਕ ਬਾਵਾ ਹੈਨਰੀ, ਆਦਮਪੁਰ ਦੇ ਵਿਧਾਇਕ ਸੁਖਵਿੰਦਰ ਕੋਟਲੀ ਤੇ ਨਵਤੇਜ ਸਿੰਘ ਚੀਮਾ ਵੀ ਸ਼ਾਮਲ ਹੋਏ।

ਸ੍ਰੀ ਖਹਿਰਾ ਨੇ ਬਾਦਲ ਸਰਕਾਰ ਵੱਲੋਂ ਉਨ੍ਹਾਂ ਦੇ ਪਿਤਾ ਸੁਖਜਿੰਦਰ ਸਿੰਘ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਅਤੇ ਖ਼ੁਦ ਦੇ ਜੇਲ੍ਹ ਬਾਰੇ ਤਜਰਬੇ ਬਾਰੇ ਗੱਲਬਾਤ ਕਰਦਿਆਂ ਮਾਨ ਸਰਕਾਰ ਉਤੇ ਉਨ੍ਹਾਂ ਨਾਲ ਤੇ ਉਨ੍ਹਾਂ ਦੇ ਹਲਕਾ ਵਸੀਆਂ ਨਾਲ ਧੱਕਾ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਪਰਿਵਾਰ ਖ਼ਿਲਾਫ਼ ਬੋਲਣ ਦੀ ਸਜ਼ਾ ਉਨ੍ਹਾਂ ਦੀ (ਮੇਰੀ) ਭੈਣ ਨੂੰ ਵੀ ਭੁਗਤਣੀ ਪਈ ਕਿਉਂਕਿ ਉਨ੍ਹਾਂ 'ਤੇ ਕੇਸ ਦਰਜ ਕੀਤਾ ਗਿਆ। ਉਨ੍ਹਾਂ ਬੀਬੀ ਜਗੀਰ ਕੌਰ, ਬਿਕਰਮਜੀਤ ਮਜੀਠੀਆ, ਸਿਮਰਜੀਤ ਸਿੰਘ ਮਾਨ, ਸੁਨੀਲ ਜਾਖੜ ਤੇ ਆਪਣੇ ਸੰਸਦ ਮੈਂਬਰਾਂ ਤੇ ਹਲਕਾ ਵਾਸੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਉਨ੍ਹਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਹੈ। ਇਸ ਦੇ ਨਾਲ ਹੀ ਖਹਿਰਾ ਨੇ ਪਿਛਲੇ ਸਮੇਂ ਦੌਰਾਨ ਬੀਬੀ ਜਗੀਰ ਕੌਰ ਨਾਲ ਹੋਈਆਂ ਜ਼ਿਆਦਤੀਆਂ ਲਈ ਉਨ੍ਹਾਂ ਤੋਂ ਮੁਆਫ਼ੀ ਮੰਗਦਿਆਂ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਉਨ੍ਹਾਂ ਦੀ ਮਦਦ ਕਰਨ ਦਾ ਐਲਾਨ ਕੀਤਾ। ਖਹਿਰਾ ਨੇ ਕਿਹਾ ਕਿ ਜੇਕਰ ਮਾਨ ਸਰਕਾਰ ਮਜੀਠੀਆ ਵਿਰੁੱਧ ਕੋਈ ਪਰਚਾ ਦਰਜ ਕਰਦੀ ਹੈ ਤਾਂ ਉਹ ਡਟ ਕੇ ਮਜੀਠੀਆ ਦਾ ਸਾਥ ਦੇਣਗੇ।

ਇਸ ਦੌਰਾਨ ਕਾਂਗਰਸ ਤੇ ਅਕਾਲੀ ਦਲ ਬਾਰੇ ਗੱਲ ਕਰਦਿਆਂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਜੇਕਰ ਇਹ ਦੋਵੇਂ ਪਾਰਟੀਆਂ ਪੰਜਾਬ ਵਿਚ ਸਿੱਖ ਮਸਲਿਆਂ ਅਤੇ ਸਿੱਖ ਨੌਜਵਾਨਾਂ ਦੀਆਂ ਸਮੱਸਿਆਵਾਂ ਬਾਰੇ ਗੱਲ ਨਹੀਂ ਕਰਨਗੀਆਂ ਤਾਂ ਇਹ ਕਦੇ ਵੀ ਸੱਤਾਂ ਵਿਚ ਨਹੀਂ ਆ ਸਕਣਗੀਆਂ। ਸ੍ਰੀ ਖਹਿਰਾ ਨੇ ਇਸ ਮੌਕੇ ਪੰਜਾਬ ਸਰਕਾਰ ਉਤੇ ਦੋਸ਼ ਲਾਇਆ ਕਿ ਦੂਜੇ ਰਾਜਾਂ ਵਾਂਗ ਪੰਜਾਬ ਵਿਚ ਸੂਬੇ ਤੋਂ ਬਾਹਰਲੇ ਲੋਕਾਂ ਦੇ ਜ਼ਮੀਨ ਖਰੀਦਣ ਉਤੇ ਪਾਬੰਦੀ ਲਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।

## ਗੈਰਕਾਨੂੰਨੀ ਤੌਰ 'ਤੇ ਵਿਦੇਸ਼ ਭੇਜਣ ਵਾਲਿਆਂ ਦੇ ਟਿਕਾਣਿਆਂ 'ਤੇ ਛਾਪੇ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਜਾਅਲੀ ਵੀਜ਼ਿਆਂ ਅਤੇ ਪਾਸਪੋਰਟਾਂ ਦੇ ਆਧਾਰ ਉਤੇ ਭਾਰਤੀ ਨਾਗਰਿਕਾਂ ਨੂੰ ਵਿਦੇਸ਼ ਭੇਜਣ ਦਾ ਗੈਰਕਾਨੂੰਨੀ ਧੰਦਾ ਕਰਦੇ ਕੁਝ ਮੁੱਖ ਸਾਜ਼ਿਸ਼ਘਾੜਿਆਂ ਖ਼ਿਲਾਫ਼ ਗੁਜਰਾਤ ਤੇ ਦਿੱਲੀ ਵਿਚ ਕੁਝ ਟਿਕਾਣਿਆਂ ਉਤੇ ਛਾਪੇ ਮਾਰੇ। ਜਾਂਚ ਏਜੰਸੀ ਨੇ ਇਕ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਇਹ ਛਾਪੇ ਗੁਜਰਾਤ ਵਿਚ ਅਹਿਮਦਾਬਾਦ, ਸੂਰਤ ਤੇ ਮਹਿਸਾਨਾ ਅਤੇ ਦਿੱਲੀ ਵਿਚ 22 ਟਿਕਾਣਿਆਂ ਉਤੇ ਮਾਰੇ ਗਏ।

ਇਹ ਛਾਪੇ ਗੈਰਕਾਨੂੰਨੀ ਪਰਵਾਸੀਆਂ ਦੀ ਮਦਦ ਕਰਨ ਦੇ ਇਕ ਮਾਮਲੇ ਦੇ ਮੁੱਖ ਸਾਜ਼ਿਸ਼ਘਾੜਿਆਂ ਬੌਬੀ ਉਰਫ ਭਰਤਭਾਈ ਪਟੇਲ, ਚਰਨਜੀਤ ਸਿੰਘ ਅਤੇ ਹੋਰਾਂ ਨਾਲ ਸਬੰਧਤ ਸਨ। ਪਟੇਲ ਨੂੰ ਗੁਜਰਾਤ ਪੁਲਿਸ ਨੇ 2022 ਵਿਚ ਇਸੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਡਿੰਗੁਚਾ ਮਾਮਲੇ ਵਿਚ ਵੀ ਸ਼ਾਮਲ ਸੀ ਜਿਹੜਾ




ਕਿ ਇਸੇ ਸਾਲ ਵਾਪਰਿਆ ਸੀ। ਇਸ ਮਾਮਲੇ ਇਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਕੈਨੇਡਾ ਤੋਂ ਗੈਰਕਾਨੂੰਨੀ ਤੌਰ ਉਤੇ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਠੰਢ ਵਿਚ ਮੌਤ ਹੋ ਗਈ ਸੀ।

ਈ.ਡੀ. ਨੇ ਕਿਹਾ ਕਿ ਇਨ੍ਹਾਂ ਛਾਪਿਆਂ ਦੌਰਾਨ ਭਾਰਤੀ ਕਰੰਸੀ ਵਿਚ ਕਰੀਬ ਡੇਢ ਕਰੋੜ ਰੁਪਏ ਅਤੇ ਵਿਦੇਸ਼ੀ ਕਰੰਸੀ ਵਿਚ ਕਰੀਬ 21 ਲੱਖ ਰੁਪਏ ਬਰਾਮਦ ਕੀਤੇ ਗਏ ਹਨ। 2015 ਤੋਂ ਭਾਰਤੀ ਨਾਗਰਿਕਾਂ ਨੂੰ ਗੈਰ-ਕਾਨੂੰਨੀ ਤੌਰ ਉਤੇ ਵਿਦੇਸ਼ ਭੇਜਣ ਦੇ ਧੰਦੇ ਵਿਚ ਸ਼ਾਮਲ ਮੁਲਜ਼ਮਾਂ ਖ਼ਿਲਾਫ਼ ਗੁਜਰਾਤ ਪੁਲਿਸ ਵੱਲੋਂ ਦਰਜ ਕੀਤੀਆਂ ਗਈਆਂ ਦੋ ਐਫ.ਆਈ.ਆਰਜ਼. ਦੇ ਆਧਾਰ 'ਤੇ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਕਾਲੇ ਧਨ ਨੂੰ ਸਫੈਦ ਕਰਨ ਤੋਂ ਰੋਕਣ ਸਬੰਧੀ ਕਾਨੂੰਨ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉਤੇ ਵਿਦੇਸ਼ ਭੇਜਣ ਲਈ ਭਾਰਤੀ ਨਾਗਰਿਕਾਂ ਕੋਲੋਂ ਭਾਰੀ ਰਕਮ ਵਸੂਲਦੇ ਸਨ। ਉਹ ਇਕ ਵਿਅਕਤੀ ਕੋਲੋਂ 60-75 ਲੱਖ ਰੁਪਏ ਤੱਕ ਵਸੂਲਦੇ ਸਨ।

## ਹੁਣ ਔਰਤਾਂ ਡਰੋਨ ਰਾਹੀਂ ਖੇਤਾਂ 'ਚ ਕਰਨਗੀਆਂ ਯੂਰੀਆ ਤੇ ਡੀ.ਏ.ਪੀ. ਦਾ ਛਿੜਕਾਅ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਦੱਸਿਆ ਕਿ ਕੇਂਦਰ ਸਰਕਾਰ ਨੇ ਮਹਿਲਾ ਸ਼ਕਤੀਕਰਣ ਯੋਜਨਾ ਅਧੀਨ ਪੰਜਾਬ ਦੀਆਂ 110 ਮਹਿਲਾਵਾਂ ਨੂੰ ਡਰੋਨ ਚਲਾਉਣ ਦੀ ਸਿਖਲਾਈ ਦਿੱਤੀ ਹੈ। ਚੀਮਾ ਨੇ ਦੱਸਿਆ ਕਿ ਸਿਖਲਾਈ ਪ੍ਰਾਪਤ ਔਰਤਾਂ ਕੇਂਦਰ ਸਰਕਾਰ ਦੇ ਇਸ ਕਦਮ ਨਾਲ ਹੁਣ ਸਮਾਜ ਵਿਚ ਆਪਣਾ ਸਿਰ ਉੱਚਾ ਚੁੱਕ



ਕੇ ਚੱਲਣਗੀਆਂ ਅਤੇ ਆਤਮ ਨਿਰਭਰ ਬਣਨਗੀਆਂ।

ਉਨ੍ਹਾਂ ਕਿਹਾ ਕਿ ਜਲਦੀ ਹੀ ਪੰਜਾਬ ਵਿਚ ਔਰਤਾਂ ਖੇਤਾਂ 'ਚ ਡਰੋਨ ਉਡਾਉਣਗੀਆਂ। ਇਨ੍ਹਾਂ ਔਰਤਾਂ ਨੂੰ ਡਰੋਨ ਦੀਦੀ ਵਜੋਂ ਜਾਣਿਆ ਜਾਵੇਗਾ। ਇਨ੍ਹਾਂ ਡਰੋਨ ਰਾਹੀਂ ਖੇਤਾਂ ਵਿਚ ਨੈਨੋ ਯੂਰੀਆ ਅਤੇ ਨੈਨੋ ਡੀ.ਏ.ਪੀ. ਦਾ ਛਿੜਕਾਅ ਕੀਤਾ ਜਾਵੇਗਾ। ਇਫਕੋ ਜ਼ਰੀਏ ਕੇਂਦਰ ਸਰਕਾਰ ਵੱਲੋਂ 110 ਮਹਿਲਾ ਕਿਸਾਨਾਂ ਨੂੰ ਡਰੋਨ ਕਿੱਟ ਦੀ 15 ਦਿਨਾਂ ਦੀ ਸਿਖਲਾਈ ਦਿੱਤੀ ਜਾ ਚੁੱਕੀ ਹੈ। ਕੇਂਦਰ ਸਰਕਾਰ ਵੱਲੋਂ 26 ਜਨਵਰੀ ਨੂੰ ਇਨ੍ਹਾਂ ਔਰਤਾਂ ਨੂੰ ਲਗਭਗ 12 ਲੱਖ ਰੁਪਏ ਦੀ ਕੀਮਤ ਦਾ ਡਰੋਨ ਯੂਨਿਟ ਅਤੇ ਇਫਕੋ ਵੱਲੋਂ ਖੇਤਾਂ ਤੱਕ ਲਿਜਾਣ ਲਈ ਲਗਭਗ 5 ਲੱਖ ਰੁਪਏ ਦਾ ਇਕ ਇਲੈਕਟ੍ਰਿਕ ਵਾਹਨ ਦਿੱਤਾ ਜਾਵੇਗਾ। ਇਹ ਔਰਤਾਂ ਇਸ ਦੀ ਵਰਤੋਂ ਆਪਣੇ ਅਤੇ ਹੋਰ ਕਿਸਾਨਾਂ ਦੇ ਖੇਤਾਂ ਵਿਚ ਪੈਸੇ ਲੈ ਕੇ ਛਿੜਕਾਅ ਕਰਨ ਲਈ ਕਰਨਗੀਆਂ। ਇਨ੍ਹਾਂ ਡਰੋਨਾਂ ਰਾਹੀਂ ਇਕ ਦਿਨ ਵਿਚ ਕਰੀਬ 20 ਤੋਂ 25 ਏਕੜ ਰਕਬੇ ਵਿਚ ਛਿੜਕਾਅ ਕੀਤਾ ਜਾ ਸਕਦਾ ਹੈ। ਚੀਮਾ ਨੇ ਕਿਹਾ ਕਿ ਕਿਸਾਨ ਐਪ ਰਾਹੀਂ ਲੋਕ ਆਪਣੇ ਖੇਤਾਂ ਵਿਚ ਸਪਰੇਅ ਕਰਵਾਉਣ ਦੀ ਮੰਗ ਭੇਜਣਗੇ ਜਿਸ ਮਗਰੋਂ ਖੇਤਾਂ ਵਿਚ ਯੂਰੀਆ ਤੇ ਡੀ.ਏ.ਪੀ. ਦਾ ਛਿੜਕਾਅ ਕੀਤਾ ਜਾਵੇਗਾ।

# 'ਆਪ' ਨਾਲ ਗੱਠਜੋੜ ਬਾਰੇ ਨਰਮ ਪਏ ਪ੍ਰਤਾਪ ਬਾਜਵਾ ਦੇ ਸੁਰ



**ਕੁਰਾਲੀ:** ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਸੂਬੇ ਦੇ ਨਿਵੇਸ਼ ਅਤੇ ਆਰਥਿਕ ਵਿਕਾਸ ਬਾਰੇ ਗਲਤ ਜਾਣਕਾਰੀ ਦੇ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਤਾਜ਼ਾ ਅਧਿਐਨ ਅਨੁਸਾਰ 'ਆਪ' ਸਰਕਾਰ ਦੇ ਪਹਿਲੇ ਵਿੱਤੀ ਸਾਲ (2022-23) ਦੌਰਾਨ ਸੂਬੇ ਵਿਚ ਨਿਵੇਸ਼ ਵਿਚ 85 ਫੀਸਦ ਤੋਂ ਵੱਧ ਦੀ ਗਿਰਾਵਟ ਦਰਜ ਹੋਈ ਹੈ।

ਪੰਜਾਬ ਵਿਚ ਭਾਜਪਾ ਨੂੰ ਹਰਾਉਣ ਲਈ ਕਾਂਗਰਸ ਤੇ 'ਆਪ' ਦੇ ਗੱਠਜੋੜ ਬਾਰੇ ਪੁੱਛੇ ਜਾਣ ਉਤੇ ਉਨ੍ਹਾਂ ਪਾਰਟੀ ਹਾਈਕਮਾਨ ਦੇ ਫ਼ੈਸਲੇ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਸਾਰੇ ਕਾਂਗਰਸੀ ਵਰਕਰ ਇਸ ਮੁੱਦੇ 'ਤੇ ਆਪਣੀ ਪਾਰਟੀ ਨਾਲ ਚੱਟਾਨ ਵਾਂਗ ਖੜ੍ਹੇ ਹਨ। ਗੱਠਜੋੜ ਬਾਰੇ ਬਾਜਵਾ ਦੇ ਪਹਿਲੀ ਵਾਰ ਸੁਰ ਨਰਮ ਨਜ਼ਰ ਆਏ ਹਨ। ਇਸ ਤੋਂ ਪਹਿਲਾਂ ਉਹ ਗੱਠਜੋੜ ਦਾ ਡਟ ਕੇ ਵਿਰੋਧ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਭਾਜਪਾ ਦਾ ਕੋਈ ਵਜੂਦ ਨਹੀਂ ਹੈ। ਸ੍ਰੀ ਬਾਜਵਾ ਨੇ ਸਪੱਸ਼ਟ ਕੀਤਾ ਕਿ 'ਆਪ' ਸਰਕਾਰ ਬਦਲੇ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਦਲੇ ਦੀ ਭਾਵਨਾ ਕਾਰਨ ਸਰਕਾਰ ਵੱਲੋਂ ਕਾਂਗਰਸੀ ਆਗੂਆਂ ਨੂੰ ਝੂਠੇ ਕੇਸ ਪਾ ਕੇ ਜੇਲ੍ਹ ਭਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਪੱਖ ਤੋਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਅਰਾ ਦੇ ਕੇ ਆਈ ਇਸ ਸਰਕਾਰ ਦੇ ਰਾਜ ਵਿਚ ਨਾਜਾਇਜ਼ ਖਣਨ ਜ਼ੋਰਾਂ ਉਤੇ ਹੈ, ਜਦਕਿ ਵਿਦੇਸ਼ਾਂ ਵੱਲ ਜਾ ਰਹੇ ਨੌਜਵਾਨਾਂ ਨੂੰ ਰੋਕਣ ਵਿਚ ਵੀ ਸਰਕਾਰ ਅਸਫਲ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਕੇਜਰੀਵਾਲ ਕਾਂਗਰਸ ਦੇ ਕੌਮੀ ਆਗੂਆਂ ਨੂੰ ਗੁਲਦਸਤੇ ਦੇ ਰਹੇ ਹਨ ਜਦਕਿ ਦੂਜੇ ਪਾਸੇ ਪੰਜਾਬ ਦੀ 'ਆਪ' ਸਰਕਾਰ ਸੂਬੇ ਦੇ ਕਾਂਗਰਸੀਆਂ ਖ਼ਿਲਾਫ਼ ਰੰਜਿਸ਼ ਤਹਿਤ ਪਰਚੇ ਦਰਜ ਕਰ ਰਹੀ ਹੈ।

# ਸੁਲਤਾਨਪੁਰ ਲੋਧੀ ਗੋਲੀਬਾਰੀ ਦੀ ਘਟਨਾ ਲਈ ਭਗਵੰਤ ਮਾਨ ਦੋਸ਼ੀ ਕਰਾਰ



**ਅੰਮ੍ਰਿਤਸਰ:** ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਨੇ ਪਿਛਲੇ ਸਾਲ 23 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਚ ਗੁਰਦੁਆਰਾ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਵਿਚ ਗੋਲੀਬਾਰੀ ਅਤੇ ਮਰਿਆਦਾ ਭੰਗ ਕਰਨ ਦੀ ਵਾਪਰੀ ਘਟਨਾ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਦੋਸ਼ੀ ਠਹਿਰਾਇਆ ਹੈ।

ਇਹ ਫੈਸਲਾ ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਸਬ-ਕਮੇਟੀ ਵੱਲੋਂ ਭੇਜੀ ਗਈ ਪੜਤਾਲ ਰਿਪੋਰਟ ਉਤੇ ਵਿਚਾਰ ਕਰਨ ਮਗਰੋਂ ਦਿੱਤਾ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਤੋਂ ਜਾਰੀ ਕੀਤੇ ਬਿਆਨ ਵਿਚ ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਸਬ-ਕਮੇਟੀ ਦੀ ਰਿਪੋਰਟ ਵਿਚਲੇ ਤੱਥ ਤੇ ਬਿਆਨ ਸਾਬਤ ਕਰਦੇ ਹਨ ਕਿ ਬਿਨਾਂ ਕਿਸੇ ਭੜਕਾਹਟ ਤੋਂ ਪੁਲਿਸ ਨੇ ਗੁਰਦੁਆਰਾ ਅਕਾਲ ਬੁੰਗਾ ਛਾਉਣੀ ਨਿਹੰਗ ਸਿੰਘਾਂ ਵਿਚ ਵੱਡੀ ਪੱਧਰ ਉਤੇ ਗੋਲੀਬਾਰੀ ਕੀਤੀ, ਜੁੱਤੀਆਂ ਸਮੇਤ ਗੁਰਦੁਆਰਾ ਸਮੂਹ ਵਿਚ ਦਾਖ਼ਲ ਹੋ ਕੇ ਮਰਿਆਦਾ ਭੰਗ ਕੀਤੀ ਅਤੇ ਅੱਥਰੂ ਗੈਸ ਦੇ ਗੋਲੇ ਛੱਡ ਕੇ ਗੁਰਦੁਆਰੇ ਅੰਦਰ ਚੱਲ ਰਹੇ ਸ੍ਰੀ ਅਖੰਡ ਪਾਠ ਨੂੰ ਖੰਡਿਤ ਕੀਤਾ।

ਉਨ੍ਹਾਂ ਕਿਹਾ ਕਿ ਇਹ ਸਿੱਧੇ ਰੂਪ ਵਿਚ ਗੁਰਦੁਆਰਾ ਸਾਹਿਬ ਦੀ ਮਰਿਆਦਾ ਅਤੇ ਪਵਿੱਤਰਤਾ ਨੂੰ ਭੰਗ ਕਰਨ ਵਾਲੀ ਕਾਰਵਾਈ ਸੀ। ਸਬ-ਕਮੇਟੀ ਦੀ ਰਿਪੋਰਟ ਮੁਤਾਬਕ ਗ੍ਰਹਿ ਮੰਤਰਾਲੇ ਦਾ ਮੁਖੀ ਹੋਣ ਦੇ ਨਾਤੇ ਗੁਰਦੁਆਰੇ ਵਿਚ ਹੋਈ ਧਾਰਮਿਕ ਅਵੱਗਿਆ ਦਾ ਸਿੱਧਾ ਦੋਸ਼ੀ ਮੁੱਖ ਮੰਤਰੀ ਹੈ। ਨਿਹੰਗ ਜਥੇਬੰਦੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਇਹ ਜਾਂਚ ਰਿਪੋਰਟ ਇਕਤਰਫੀ ਤੇ ਉਲਾਰਵਾਦੀ ਹੈ।

# ਨਵਜੋਤ ਸਿੱਧੂ ਵੱਲੋਂ ਭਗਵੰਤ ਮਾਨ ਨੂੰ ਪੰਜਾਬ ਦੇ ਮੁੱਦਿਆਂ 'ਤੇ ਬਹਿਸ ਦੀ ਚੁਣੌਤੀ



**ਮੋਗਾ:** ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਵੱਲੋਂ 'ਜਿੱਤੇਗਾ ਪੰਜਾਬ, ਜਿੱਤੇਗੀ ਕਾਂਗਰਸ' ਤਹਿਤ ਮੋਗਾ ਵਿਚ ਰੈਲੀ ਕੀਤੀ ਗਈ ਜਿਸ ਵਿਚ ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਤੇ 'ਆਪ' ਸੁਪਰੀਮੋ ਕੇਜਰੀਵਾਲ ਉਤੇ ਨਿਸ਼ਾਨੇ ਸਾਧੇ। ਸ੍ਰੀ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ 'ਚ ਅਮਨ-ਕਾਨੂੰਨ, ਬੇਰੁਜ਼ਗਾਰੀ ਅਤੇ ਰੇਤ ਮਾਫ਼ੀਆ ਦੇ ਮਾਮਲੇ ਉਤੇ ਘੇਰਿਆ। ਉਨ੍ਹਾਂ ਪੰਜਾਬ ਦੇ ਮੁੱਦਿਆਂ ਉਤੇ ਮੁੱਖ ਮੰਤਰੀ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ।

ਉਨ੍ਹਾਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਕਿਹਾ ਕਿ ਜਿਹੜੇ ਮੁੱਖ ਮੰਤਰੀ ਲੋਕ ਮੁੱਦਿਆਂ ਦੀ ਗੱਲ ਕਰਦੇ ਸਨ, ਉਹ ਅੱਜ ਖੁਦ 150 ਗੱਡੀਆਂ ਦੇ ਕਾਫਲੇ ਨਾਲ ਨਿਕਲਦੇ ਹਨ ਜਿਸ ਨਾਲ ਪੈਸੇ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬ ਕੰਗਾਲ ਹੋ ਰਿਹਾ ਹੈ ਅਤੇ ਕਰਜ਼ੇ ਦੀ ਮਾਰ ਹੇਠ ਦੱਬਿਆ ਪਿਆ ਹੈ। ਸੂਬੇ ਦੀ ਹਾਲਤ ਇਹ ਹੈ ਕਿ ਰੁਜ਼ਗਾਰ ਮੰਗ ਰਹੇ ਨੌਜਵਾਨਾਂ ਉਤੇ ਡਾਂਗਾਂ ਵਰ੍ਹਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਨੂੰ ਬਚਾਉਣ ਲਈ ਮੌਜੂਦਾ ਪ੍ਰਣਾਲੀ ਨੂੰ ਬਦਲਣ ਦੀ ਲੋੜ ਹੈ ਕਿਉਕਿ ਪੰਜਾਬ ਦੇ ਹਾਲਾਤ ਮਾੜੇ ਹੁੰਦੇ ਜਾ ਰਹੇ ਹਨ।

ਉਨ੍ਹਾਂ 'ਆਪ' ਸੁਪਰੀਮੋ ਕੇਜਰੀਵਾਲ ਉਤੇ ਈ.ਡੀ. ਸਾਹਮਣੇ ਪੇਸ਼ ਹੋਣ ਤੋਂ ਬਹਾਨੇਬਾਜ਼ੀ ਕਰਨ ਉਤੇ ਵੀ ਨਿਸ਼ਾਨਾ ਸੇਧਿਆ। ਉਨ੍ਹਾਂ ਆਪਣੇ ਅੰਦਾਜ਼ 'ਚ ਕੇਂਦਰ ਉਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਿਸੇ ਨੂੰ ਈ.ਡੀ. ਦਾ ਫੋਨ ਆਉਂਦਾ ਹੈ ਤਾਂ ਉਹ ਭਾਜਪਾ 'ਚ ਸ਼ਾਮਲ ਹੋਣ ਦੀ ਗੱਲ ਆਖ ਕੇ ਖਹਿੜਾ ਛੁਡਵਾ ਲੈਂਦਾ ਹੈ। ਉਨ੍ਹਾਂ ਆਪਣਾ ਵਿਰੋਧ ਕਰਨ ਵਾਲੇ ਆਗੂਆਂ ਦਾ ਨਾਂ ਲਏ ਬਿਨਾਂ ਕਿਹਾ ਕਿ ਕਾਂਗਰਸ ਨੂੰ ਬੱਬਰ ਸ਼ੇਰਾਂ ਦੀ ਲੋੜ ਹੈ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਉਹ ਕਾਂਗਰਸੀ ਸਨ ਅਤੇ ਕਾਂਗਰਸੀ ਹੀ ਮਰਨਗੇ। ਉਨ੍ਹਾਂ ਆਪਣਾ ਵਿਰੋਧ ਕਰਨ ਵਾਲਿਆਂ ਨੂੰ ਇਥੇ ਹੋਏ ਇਕੱਠ ਬਾਰੇ ਵੀ ਅਹਿਸਾਸ ਕਰਵਾਇਆ।

# 'ਆਪ' ਦੇ ਸਾਬਕਾ ਆਗੂ ਅਸ਼ੋਕ ਤੰਵਰ ਭਾਜਪਾ 'ਚ ਸ਼ਾਮਲ




**ਨਵੀਂ ਦਿੱਲੀ:** ਹਰਿਆਣਾ ਵਿਚ 'ਆਪ' ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨੀ ਛੱਡਣ ਵਾਲੇ ਅਸ਼ੋਕ ਤੰਵਰ ਭਾਜਪਾ 'ਚ ਸ਼ਾਮਲ ਹੋ ਗਏ। ਭਾਜਪਾ ਹੈੱਡਕੁਆਰਟਰ 'ਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ।

ਅਸ਼ੋਕ ਤੰਵਰ ਨੇ ਪਹਿਲਾਂ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਉਹ 'ਆਪ' ਵਿਚ ਸ਼ਾਮਲ ਹੋਣ ਤੋਂ ਪਹਿਲਾਂ ਕਾਂਗਰਸ ਵਿਚ ਸਨ। ਇਸ ਮੌਕੇ ਅਸ਼ੋਕ ਤੰਵਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੋ ਵੀ ਗਾਰੰਟੀ ਦਿੰਦੇ ਹਨ, ਉਹ ਹਰ ਹਾਲ ਵਿਚ ਪੂਰੀ ਕਰਦੇ ਹਨ। ਲੋਕਾਂ ਨੂੰ ਦੇਖਿਆ ਹੈ ਜੋ ਲੋਕ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਤਸਵੀਰ ਲਗਾਉਂਦੇ ਹਨ, ਉਨ੍ਹਾਂ ਨੂੰ ਬਾਬਾ ਸਾਹਿਬ ਦੇ ਸੰਵਿਧਾਨ ਉਤੇ ਕੋਈ ਭਰੋਸਾ ਨਹੀਂ ਹੈ। ਉਹ ਸਿਰਫ ਧੋਖਾਧੜੀ ਕਰਨ ਤੇ ਠੱਗੀ ਮਾਰਨ ਵਿਚ ਲੱਗੇ ਹੋਏ ਹਨ ਜਿਸ ਕਰਕੇ ਜਨਤਾ ਅਜਿਹੇ ਧੋਖੇਬਾਜ਼ਾਂ ਨੂੰ 2024 ਵਿਚ ਸਬਕ ਸਿਖਾਏਗੀ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਅਸ਼ੋਕ ਤੰਵਰ ਦੇ ਭਾਜਪਾ ਵਿਚ ਆਉਣ ਨਾਲ ਹਰਿਆਣਾ ਵਿਚ ਪਾਰਟੀ ਹੋਰ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ 'ਚ ਭਾਜਪਾ ਸੂਬੇ ਵਿਚ ਬਿਹਤਰ ਪ੍ਰਦਰਸ਼ਨ ਕਰੇਗੀ।

# ਗ੍ਰਹਿ ਮੰਤਰਾਲੇ ਨੇ ਵਿੱਤੀ ਧੋਖਾਧੜੀ ਖਿਲਾਫ ਕੀਤਾ ਚੌਕਸ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰਾਲੇ ਅਧੀਨ ਕੰਮ ਕਰਨ ਵਾਲੇ ਇਕ ਪੁਲਿਸ ਥਿੰਕ ਟੈਂਕ ਨੇ ਸੋਸ਼ਲ ਮੀਡੀਆ ਮੈਸੇਜਿੰਗ ਪਲੈਟਫਾਰਮ ਵੱਟਸਐਪ ਉਤੇ ਸਾਈਬਰ ਅਪਰਾਧ ਅਤੇ ਵਿੱਤੀ ਧੋਖਾਧੜੀ ਦੇ ਵੱਖ-ਵੱਖ ਮਾਮਲਿਆਂ ਖ਼ਿਲਾਫ਼ ਸਲਾਹ ਤੇ ਚਿਤਾਵਨੀ ਜਾਰੀ ਕੀਤੀ ਹੈ।

ਪੁਲਿਸ ਖੋਜ ਤੇ ਵਿਕਾਸ ਬਿਊਰੋ (ਬੀ.ਪੀ.ਆਰ.ਡੀ.) ਨੇ ਅਜਿਹੀ ਸੱਤ ਤਰ੍ਹਾਂ ਦੀ ਧੋਖਾਧੜੀ ਦੀ ਪਛਾਣ ਕੀਤੀ ਹੈ ਜਿਸ ਵਿਚ ਮਿਸਡ ਕਾਲ, ਵੀਡੀਓ ਕਾਲ, ਨੌਕਰੀ ਦੀ ਪੇਸ਼ਕਸ਼ ਅਤੇ ਨਿਵੇਸ਼ ਯੋਜਨਾਵਾਂ ਦੇ ਨਾਮ ਉਤੇ ਧੋਖਾਧੜੀ, ਪਛਾਣ ਬਦਲ ਕੇ ਜਾਅਲਸਾਜ਼ੀ, ਹਾਈਜੈਕਿੰਗ ਅਤੇ ਸਕਰੀਨ ਸਾਂਝੀ ਕਰਨਾ ਸ਼ਾਮਲ ਹਨ।

ਅੱਠ ਪੰਨਿਆਂ ਦੇ ਮਸ਼ਵਰੇ-ਕਮ-ਚਿਤਾਵਨੀ ਵਿਚ ਕਿਹਾ ਗਿਆ ਹੈ ਕਿ 'ਹਾਈਜੈਕਿੰਗ' ਮਾਮਲੇ ਦੇ ਜਾਲਸਾਜ਼, ਪੀੜਤ ਦੇ ਵੱਟਸਐਪ ਅਕਾਊਂਟ ਤੱਕ ਅਣਅਧਿਕਾਰਤ ਪਹੁੰਚ ਬਣਾ ਲੈਂਦੇ ਹਨ ਅਤੇ ਉਸ ਦੇ ਸੰਪਰਕਾਂ ਨੂੰ ਪੈਸੇ ਦੀ ਅਪੀਲ ਕਰਦੇ ਹਨ। ਬੀ.ਪੀ.ਆਰ.ਡੀ. ਨੇ ਕਿਹਾ, ''ਕੁਝ ਲੋਕਾਂ ਨੇ ਅਣਜਾਣ ਨੰਬਰਾਂ ਤੋਂ ਵੱਟਸਐਪ ਵੀਡੀਓ ਕਾਲ ਵੀ ਦੇਖੀ ਹੈ। ਇਹ ਸੈਕਸਟੌਰਸ਼ਨ ਆਧਾਰਿਤ ਵੀਡੀਓ ਕਾਲਾਂ ਸਨ ਜਿਨ੍ਹਾਂ ਦਾ ਇਸਤੇਮਾਲ ਧਮਕੀ ਦੇਣ ਲਈ ਕੀਤਾ ਜਾਂਦਾ ਹੈ।''

# ਸਿਆਸੀ ਧਿਰਾਂ ਨੇ ਵਿਸਾਰਿਆ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ

**ਮਹਿਲ ਕਲਾਂ:** ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ 90ਵੇਂ ਬਰਸੀ ਸਮਾਗਮ ਦੇ ਅੰਤਿਮ ਦਿਨ ਵੱਖ-ਵੱਖ ਵਿਰੋਧੀ ਪਾਰਟੀਆਂ ਅਤੇ ਜਥੇਬੰਦੀਆਂ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਸਾਰੀਆਂ ਪਾਰਟੀਆਂ ਦੇ ਮੁਖੀਆਂ ਨੂੰ ਸੱਦਾ ਦੇਣ ਦੇ ਬਾਵਜੂਦ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਬਸਪਾ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਸਮਾਗਮ ਵਿਚ ਨਾ ਪੁੱਜੇ।

ਇਸ ਮੌਕੇ ਸਿਰਫ ਅਕਾਲੀ ਦਲ (ਅ) ਦੇ ਪ੍ਰਧਾਨ ਅਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਹੀ ਹਾਜ਼ਰ ਹੋਏ। ਸ੍ਰੀ ਮਾਨ ਨੇ ਕਿਹਾ ਕਿ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਕੌਮ ਦੇ ਇਕ ਮਹਾਨ ਸ਼ਹੀਦ ਹਨ- ਜਿਨ੍ਹਾਂ ਨੇ ਹਕੂਮਤ ਵਿਰੁੱਧ ਲੜਦਿਆਂ ਸ਼ਹਾਦਤ ਦੇ ਦਿੱਤੀ। ਉਨ੍ਹਾਂ ਦੀਆਂ ਸਿੱਖ ਧਰਮ ਦੇ ਪ੍ਰਚਾਰ, ਸਮਾਜ ਸੁਧਾਰ ਤੇ ਕੌਮੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਨੂੰ ਭੁਲਾਇਆ ਨਹੀਂ ਜਾ ਸਕਦਾ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਜਸੂਸੀ ਏਜੰਸੀਆਂ ਨੇ ਕੈਨੇਡਾ, ਬਰਤਾਨੀਆ ਅਤੇ ਪਾਕਿਸਤਾਨ ਵਿਚ ਸਿੱਖਾਂ ਦੇ ਕਤਲ ਕਰਵਾਏ ਤੇ ਅਮਰੀਕਾ ਵਿਚ ਇਕ ਕਤਲ ਦੀ ਕੋਸ਼ਿਸ਼ ਕੀਤੀ, ਇਸੇ ਕਰਕੇ ਸਿੱਖਾਂ ਦੀ ਗੱਲ ਅੰਤਰਰਾਸ਼ਟਰੀ ਪੱਧਰ ਉਤੇ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਤਲਾਂ ਕਾਰਨ ਹੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਦਿੱਲੀ ਆਉਣ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਦੇਸ਼ ਵਿਚ ਅਜ਼ਾਦ ਨਹੀਂ ਹਨ। ਉਨ੍ਹਾਂ ਨੂੰ ਕਿਹਾ ਕਿ ਲੋਕਾਂ ਨੇ ਉਨ੍ਹਾਂ ਨੂੰ ਚੁਣ ਕੇ ਸੰਸਦ ਵਿਚ ਭੇਜਿਆ ਹੈ ਪਰ ਭਾਜਪਾ ਤੇ ਆਰ.ਐਸ.ਐਸ. ਸੰਸਦ ਵਿਚ ਬੋਲਣ ਨਹੀਂ ਦੇ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਤੇ ਲੀਡਰ ਸ਼ਹੀਦਾਂ ਦੇ ਨਾਮ ਉਪਰ ਰਾਜਨੀਤੀ ਕਰਦੇ ਹਨ ਅਤੇ ਵੋਟਾਂ ਲੈ ਕੇ ਸਰਕਾਰਾਂ ਬਣਾਉਂਦੇ ਹਨ। ਬੀ.ਕੇ.ਯੂ. ਡਕੌਂਦਾ ਦੇ ਪ੍ਰਧਾਨ ਮਨਜੀਤ ਧਨੇਰ ਅਤੇ ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ ਨੇ ਕਿਹਾ ਕਿ ਸ਼ਹੀਦ ਠੀਕਰੀਵਾਲਾ ਨੇ ਪੂਰੀ ਜ਼ਿੰਦਗੀ ਸਾਧਾਰਨ ਕਿਰਤੀ ਲੋਕਾਂ ਲਈ ਆਵਾਜ਼ ਉਠਾਈ।

# ਬਠਿੰਡਾ ਜ਼ਿਲ੍ਹੇ ਵਿਚ ਬਿਮਾਰੀ ਕਾਰਨ ਸੈਂਕੜੇ ਪਸ਼ੂਆਂ ਦੀ ਮੌਤ ਹੋਈ



**ਬਠਿੰਡਾ:** ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ 'ਮਿਕਸ ਇਨਫੈਕਸ਼ਨ' ਬਿਮਾਰੀ ਨਾਲ ਪ੍ਰਭਾਵਿਤ ਪਿੰਡ ਰਾਏਕੇ ਕਲਾਂ ਦਾ ਦੌਰਾ ਕੀਤਾ। ਉਨ੍ਹਾਂ ਡਿਪਟੀ ਕਮਿਸ਼ਨਰ, ਬਠਿੰਡਾ ਸ਼ੌਕਤ ਅਹਿਮਦ ਪਰੇ ਨੂੰ ਪਸ਼ੂਆਂ ਦੀ ਮੌਤ ਸਬੰਧੀ ਸਰਵੇਖਣ ਕਰਵਾਉਣ ਦਾ ਹੁਕਮ ਦਿੱਤਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਬਿਮਾਰੀ ਨਾਲ ਨਜਿੱਠਣ ਲਈ ਵਿਭਾਗ ਵੱਲੋਂ ਤਿੰਨ ਤਿੰਨ ਮੈਂਬਰਾਂ ਵਾਲੀਆਂ ਦਸ ਟੀਮਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚੋਂ ਪੰਜ ਟੀਮਾਂ ਇਲਾਜ ਲਈ, ਦੋ ਟੀਮਾਂ ਸੈਂਪਲਿੰਗ ਲਈ, ਦੋ ਟੀਮਾਂ ਰਾਤ ਦੀ ਡਿਊਟੀ ਲਈ ਅਤੇ ਇਕ ਟੀਮ ਪਸ਼ੂ ਹਸਪਤਾਲ, ਰਾਏਕੇ ਕਲਾਂ ਵਿਚ ਤਾਇਨਾਤ ਕੀਤੀ ਗਈ ਹੈ। ਸੂਬਾ ਸਰਕਾਰ ਵੱਲੋਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦਿਆਂ ਸ੍ਰੀ ਖੁੱਡੀਆਂ ਨੇ ਕਿਹਾ ਕਿ ਇਸ ਬਿਮਾਰੀ ਤੋਂ ਪ੍ਰਭਾਵਿਤ ਪਸ਼ੂਆਂ ਦੇ ਇਲਾਜ ਦਾ ਸਾਰਾ ਖਰਚਾ ਸੂਬਾ ਸਰਕਾਰ ਚੁੱਕੇਗੀ। ਉਨ੍ਹਾਂ ਦੱਸਿਆ ਕਿ ਰਾਏਕੇ ਕਲਾਂ ਪਿੰਡ ਦੀ ਧਰਮਸ਼ਾਲਾ ਵਿਚ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਦਫ਼ਤਰ, ਬਠਿੰਡਾ ਵਿਚ ਇਕ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਬਣਾ ਕੇ ਪਸ਼ੂ ਪਾਲਣ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਨਿਗਰਾਨੀ ਹੇਠ ਦੋ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਨੇ ਗੁਰਮੀਤ ਸਿੰਘ ਖੁੱਡੀਆਂ ਨੂੰ ਦੱਸਿਆ ਕਿ ਹੁਣ ਤੱਕ 82 ਪਸ਼ੂਆਂ ਦਾ ਸਫ਼ਲ ਇਲਾਜ ਕੀਤਾ ਗਿਆ ਹੈ ਤੇ 39 ਸੈਂਪਲ ਵੀ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ, ਲੁਧਿਆਣਾ ਅਤੇ ਐਨ.ਆਰ.ਡੀ.ਡੀ.ਐਲ, ਜਲੰਧਰ ਦੀਆਂ ਟੀਮਾਂ ਨੇ ਵੀ ਪਿੰਡ ਦਾ ਦੌਰਾ ਕਰਕੇ ਪ੍ਰਭਾਵਿਤ ਪਸ਼ੂਆਂ ਦੇ ਸੈਂਪਲ ਲਏ ਹਨ। ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪਸ਼ੂ ਧਨ ਨੂੰ ਠੰਢ ਤੋਂ ਬਚਾਉਣ ਲਈ ਉਨ੍ਹਾਂ ਥੱਲੇ ਪਰਾਲੀ ਵਿਛਾਈ ਜਾਵੇ ਤੇ ਸਾਹ ਦੀ ਬਿਮਾਰੀ ਤੋਂ ਬਚਾਉਣ ਲਈ ਧੂੰਆਂ ਨਾ ਕੀਤਾ ਜਾਵੇ। ਲਾਗ ਤੋਂ ਬਚਾਅ ਲਈ ਪਸ਼ੂਆਂ ਦੇ ਸ਼ੈਲਟਰਾਂ ਦੇ ਫਰਸ਼ ਉਤੇ ਕੱਪੜੇ ਧੋਣ ਵਾਲੇ ਸੋਢੇ ਦਾ ਛਿੜਕਾਅ ਕਰਨ ਲਈ ਵੀ ਕਿਹਾ ਹੈ। ਜਾਣਕਾਰੀ ਅਨੁਸਾਰ ਰਾਏਕੇ ਕਲਾਂ ਵਿਚ ਹੁਣ ਤੱਕ ਸੈਂਕੜੇ ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਪਿੰਡ ਵਾਸੀ ਦੋਸ਼ ਲਾ ਰਹੇ ਹਨ ਕਿ ਪਸ਼ੂ ਪਾਲਣ ਵਿਭਾਗ ਸਹੀ ਤਰੀਕੇ ਨਾਲ ਇਸ ਬਿਮਾਰੀ 'ਤੇ ਕਾਬੂ ਪਾਉਣ ਵਿਚ ਅਸਫ਼ਲ ਰਿਹਾ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 27 ਜਨਵਰੀ, 2024

# ਭਾਰਤੀ ਸਿਆਸਤ ਦਾ ਮੋੜ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਯੁੱਧਿਆ ਵਿਚ ਰਾਮ ਮੰਦਰ ਦੇ ਉਦਘਾਟਨ ਤੋਂ ਕੁਝ ਗੱਲਾਂ ਨਿੱਤਰ ਕੇ ਸਾਹਮਣੇ ਆ ਗਈਆਂ ਹਨ। ਇਹ ਉਦਘਾਟਨ ਜਿਸ ਢੰਗ ਨਾਲ ਕੀਤਾ ਗਿਆ ਅਤੇ ਜਿਸ ਢੰਗ ਨਾਲ ਮੋਦੀ ਸਰਕਾਰ ਨੇ ਵੱਧ ਤੋਂ ਵੱਧ ਲੋਕਾਂ ਨੂੰ ਨਾਲ ਜੋੜਨ ਦੀ ਕਵਾਇਦ ਕੀਤੀ, ਉਸ ਤੋਂ ਸਪਸ਼ਟ ਹੈ ਕਿ ਇਹ ਸਾਰਾ ਕੁਝ ਭਾਵੇਂ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਧਾਰਮਿਕ ਧਰੁਵੀਕਰਨ ਕਰ ਕੇ ਵੋਟਾਂ ਹਾਸਲ ਕਰਨ ਲਈ ਕੀਤਾ ਗਿਆ ਪਰ ਇਸ ਉਦਘਾਟਨ ਨਾਲ ਮੁਲਕ ਦੀ ਸਿਆਸਤ ਵਿਚ ਲਕੀਰ ਖਿੱਚੀ ਗਈ ਹੈ। ਅਯੁੱਧਿਆ ਵਿਚ ਰਾਮ ਮੰਦਰ ਦਾ ਨਿਰਮਾਣ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਦਾ ਖਾਸ ਮੁੱਦਾ ਰਿਹਾ ਹੈ। ਇਹ ਜਥੇਬੰਦੀਆਂ ਹਮੇਸ਼ਾ ਦਾਅਵਾ ਕਰਦੀਆਂ ਰਹੀਆਂ ਹਨ ਕਿ ਬਾਬਰੀ ਮਸਜਿਦ, ਰਾਮ ਮੰਦਰ ਤੋੜ ਕੇ ਬਣਾਈ ਗਈ ਸੀ। ਇਹ ਵਿਵਾਦ ਬਹੁਤ ਲੰਮਾ ਸਮਾਂ ਚੱਲਿਆ ਅਤੇ ਆਖਰਕਾਰ ਮੋਦੀ ਦੇ ਕਾਰਜਕਾਲ ਦੌਰਾਨ ਸੁਪਰੀਮ ਕੋਰਟ ਨੇ ਫੈਸਲਾ ਰਾਮ ਮੰਦਰ ਦੇ ਹੱਕ ਵਿਚ ਦੇ ਦਿੱਤਾ। ਇਉਂ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਰਾਮ ਮੰਦਰ 'ਤੇ ਅਦਾਲਤੀ ਮੋਹਰ ਲਵਾ ਲਈ। ਵਿਵਾਦ ਵਾਲੇ ਦੋ ਹੋਰ ਮੁੱਦਿਆਂ- ਜੰਮੂ ਕਸ਼ਮੀਰ ਵਿਚ ਧਾਰਾ 370 ਅਤੇ ਇਕਸਾਰ ਸਿਵਲ ਕੋਡ ਬਾਰੇ ਵੀ ਸੱਤਾ ਧਿਰ ਨੇ ਇਹੀ ਰਾਹ ਅਪਣਾਇਆ। ਅਸਲ ਵਿਚ ਜਦੋਂ ਤੋਂ ਮੋਦੀ ਸਰਕਾਰ ਨੇ ਕੇਂਦਰ ਵਿਚ ਸੱਤਾ ਸੰਭਾਲੀ ਹੈ, ਇਸ ਨੇ ਮਿਥ ਕੇ ਆਪਣੀ ਸਿਆਸਤ ਚਲਾਈ ਅਤੇ ਹੌਲੀ-ਹੌਲੀ ਕਰ ਕੇ ਸਭ ਸੰਸਥਾਵਾਂ ਉਤੇ ਕਬਜ਼ਾ ਕਰ ਲਿਆ। ਪਿਛਲੇ ਦਸਾਂ ਸਾਲਾਂ ਦੌਰਾਨ ਅਜਿਹਾ ਮਾਹੌਲ ਤਿਆਰ ਕਰ ਦਿੱਤਾ ਗਿਆ ਕਿ ਕੋਈ ਬੋਲਣ ਵਾਲਾ ਛੱਡਿਆ ਹੀ ਨਹੀਂ। ਮੀਡੀਆ ਨੂੰ ਇਸ ਢੰਗ ਨਾਲ ਕਾਬੂ ਕੀਤਾ ਕਿ ਕੋਈ ਵੀ ਖਬਰ ਜਾਂ ਟਿੱਪਣੀ ਸਰਕਾਰ ਖ਼ਿਲਾਫ ਆਉਣ ਨਹੀਂ ਦਿੱਤੀ ਜਾ ਰਹੀ। ਇਸੇ ਕਰ ਕੇ ਕੁਝ ਸਿਆਸੀ ਮਾਹਿਰਾਂ ਨੇ ਮੋਦੀ ਰਾਜ ਨੂੰ ਅਣਐਲਾਨੀ ਐਮਰਜੈਂਸੀ ਦਾ ਨਾਂ ਦਿੱਤਾ ਸੀ।*

*ਰਾਮ ਮੰਦਰ ਦਾ ਨਿਰਮਾਣ ਅਸਲ ਵਿਚ ਮੁਲਕ ਦੀਆਂ ਸਭ ਘੱਟ-ਗਿਣਤੀਆਂ ਨੂੰ ਬੜਾ ਸਖਤ ਸੁਨੇਹਾ ਹੈ। ਆਰ.ਐਸ.ਐਸ. ਤਾਂ ਚਿਰਾਂ ਤੋਂ ਕਹਿ ਰਹੀ ਹੈ ਕਿ ਜਿਸ ਨੇ ਵੀ ਭਾਰਤ ਵਿਚ ਰਹਿਣਾ ਹੈ, ਉਸ ਨੂੰ ਇਥੋਂ ਦੇ ਸੱਭਿਆਚਾਰ ਅਨੁਸਾਰ ਵਿਚਰਨਾ ਪਵੇਗਾ। ਆਰ.ਐਸ.ਐਸ.ਦਾ ਮੌਜੂਦਾ ਮੁਖੀ ਮੋਹਨ ਭਾਗਵਤ ਤਾਂ ਸ਼ਰੇਆਮ ਕਹਿ ਰਿਹਾ ਹੈ ਕਿ ਭਾਰਤ ਵਿਚ ਰਹਿਣ ਵਾਲਾ ਹਰ ਸ਼ਖਸ ਹਿੰਦੂ ਹੈ। ਹੁਣ ਉਦਘਾਟਨ ਮੌਕੇ ਉਸ ਨੇ ਸਾਫ ਸ਼ਬਦਾਂ ਵਿਚ ਕਿਹਾ, "ਰਾਮ ਰਾਜ ਆ ਰਿਹਾ ਹੈ। ਦੇਸ਼ ਵਿਚ ਸਾਰਿਆਂ ਨੂੰ ਮਤਭੇਦ ਭੁਲਾ ਕੇ ਇਕਜੁੱਟ ਰਹਿਣਾ ਚਾਹੀਦਾ ਹੈ। ਅੱਜ ਦਾ ਪ੍ਰੋਗਰਾਮ ਨਵੇਂ ਭਾਰਤ ਦਾ ਪ੍ਰਤੀਕ ਹੈ ਜੋ ਖੜ੍ਹਾ ਹੋਵੇਗਾ ਅਤੇ ਪੂਰੀ ਦੁਨੀਆ ਦੀ ਮਦਦ ਕਰੇਗਾ। ਰਾਮ ਇਥੋਂ ਕਿਉਂ ਗਏ ਸਨ? ਉਹ ਇਸ ਲਈ ਗਏ ਕਿਉਂਕਿ ਅਯੁੱਧਿਆ 'ਚ ਕਲੇਸ਼ ਸੀ।" ਆਰ.ਐਸ.ਐਸ. ਮੁਖੀ ਦਾ ਮਤਭੇਦ ਭੁਲਾਉਣ ਦਾ ਇਹ ਸੁਨੇਹਾ ਘੱਟ-ਗਿਣਤੀਆਂ ਲਈ ਹੀ ਹੈ। ਜਾਪਦਾ ਹੈ, ਰਾਮ ਮੰਦਰ ਦੇ ਉਦਘਾਟਨ ਲਈ 22 ਜਨਵਰੀ ਦੀ ਤਾਰੀਕ ਵੀ ਬਹੁਤ ਸੋਚ-ਸਮਝ ਕੇ ਤੈਅ ਕੀਤੀ ਗਈ। 22 ਜਨਵਰੀ 1999 ਨੂੰ ਕੱਟੜਪੰਥੀਆਂ ਨੇ ਇਸਾਈ ਮਿਸ਼ਨਰੀ ਗਰਾਹਮ ਸਟੇਨਜ਼ ਅਤੇ ਉਸ ਦੇ ਦੋ ਪੁੱਤਰਾਂ ਨੂੰ ਅੱਗ ਲਾ ਕੇ ਜ਼ਿੰਦਾ ਸਾੜ ਦਿੱਤਾ ਗਿਆ ਸੀ। ਇਹ ਕਾਰਾ ਬਜਰੰਗ ਦਲ ਦੇ ਕਾਰਕੁਨ ਦਾਰਾ ਸਿੰਘ ਦੀ ਅਗਵਾਈ ਹੇਠ ਉੜੀਸਾ ਦੇ ਆਦਿਵਾਸੀ ਇਲਾਕੇ ਵਿਚ ਕੀਤਾ ਗਿਆ ਸੀ ਜਿੱਥੇ ਗਰਾਹਮ ਸਟੇਨਜ਼ ਸਮਾਜ ਸੇਵਕ ਵਜੋਂ ਸਰਗਰਮ ਸੀ। ਉਹ ਕੋਹੜ ਦੇ ਮਰੀਜ਼ਾਂ ਦਾ ਮੁਫਤ ਇਲਾਜ ਕਰਦਾ ਸੀ; ਨਾਲ ਹੀ ਉਨ੍ਹਾਂ ਬੱਚਿਆਂ ਨੂੰ ਪੜ੍ਹਾਉਂਦਾ ਸੀ ਜੋ ਕਿਸੇ ਨਾ ਕਿਸੇ ਕਾਰਨ ਪੜ੍ਹਨ ਤੋਂ ਰਹਿ ਗਏ ਸਨ ਜਾਂ ਰਹਿ ਜਾਂਦੇ ਸਨ। ਜ਼ਾਹਿਰ ਹੈ ਕਿ ਮੋਦੀ ਸਰਕਾਰ ਐਨ ਮਿਥ ਕੇ ਘੱਟ-ਗਿਣਤੀਆਂ ਅੰਦਰ ਖੌਫ ਪੈਦਾ ਕਰ ਰਹੀ ਹੈ।*

*ਮੋਦੀ ਸਰਕਾਰ ਜਿਸ ਤਰ੍ਹਾਂ ਦੀਆਂ ਨੀਤੀਆਂ 'ਤੇ ਚੱਲ ਰਹੀ ਹੈ, ਉਸ ਨੂੰ ਦੇਖਦਿਆਂ ਇਹ ਚਰਚਾ ਚਿਰਾਂ ਤੋਂ ਚੱਲ ਰਹੀ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਆਰ.ਐਸ.ਐਸ. ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਰਾਹ ਪਈ ਹੋਈ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਅਤੇ ਰਣਨੀਤੀਆਂ ਦੀ ਪੁਣ-ਛਾਣ ਕਰਦਿਆਂ ਕੁਝ ਸਿਆਸੀ ਮਾਹਿਰ ਤਾਂ ਇਹ ਵੀ ਮੰਨ ਰਹੇ ਹਨ ਕਿ ਮੁਲਕ ਇਕ ਲਿਹਾਜ਼ ਨਾਲ ਹਿੰਦੂ ਰਾਸ਼ਟਰ ਬਣ ਚੁੱਕਾ ਹੈ, ਹੁਣ ਤਾਂ ਬੱਸ ਐਲਾਨ ਹੋਣਾ ਹੀ ਬਾਕੀ ਹੈ। ਹਰ ਮਸਲੇ 'ਤੇ ਮੋਦੀ ਸਰਕਾਰ ਤਾਨਾਸ਼ਾਹਾਂ ਵਾਲਾ ਵਿਹਾਰ ਕਰ ਰਹੀ ਹੈ। ਸਿੱਖਿਆ ਨੀਤੀ ਤਿਆਰ ਕਰਨ ਸਮੇਂ ਵੀ ਇਸ ਨੇ ਮਨਮਰਜ਼ੀ ਕੀਤੀ। ਇਸ ਨੇ ਮੂੰਹ-ਰਖਾਈ ਲਈ ਸਿੱਖਿਆ ਮਾਹਿਰਾਂ ਤੋਂ ਵਿਚਾਰ ਤਾਂ ਮੰਗੇ ਪਰ ਉਨ੍ਹਾਂ ਉਤੇ ਅਮਲ ਕਤਈ ਨਹੀਂ ਕੀਤਾ। ਇਸੇ ਤਰ੍ਹਾਂ ਮੁਲਕ ਵਿਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇਕੱਠੀਆਂ ਕਰਵਾਉਣ ਦੇ ਮਾਮਲੇ 'ਤੇ ਕੀਤਾ ਜਾ ਰਿਹਾ ਹੈ। 'ਇਕ ਮੁਲਕ ਇਕ ਚੋਣ' ਦੇ ਨਾਅਰੇ ਹੇਠ ਇਹ ਮੁਹਿੰਮ ਚਲਾਈ ਜਾ ਰਹੀ ਹੈ। ਮੰਦਭਾਗੀ ਗੱਲ ਇਹ ਹੈ ਕਿ ਅਜਿਹੇ ਭਿਆਨਕ ਮਾਹੌਲ ਦੇ ਬਾਵਜੂਦ ਮੁਲਕ ਦੀ ਵਿਰੋਧੀ ਧਿਰ ਇਕਜੁਟ ਨਹੀਂ ਹੋ ਸਕੀ। ਮੁੱਖ ਵਿਰੋਧੀ ਧਿਰ ਕਾਂਗਰਸ ਆਪਣੀ ਵੁਕਅਤ ਵਧਾਉਣ ਲਈ 'ਭਾਰਤ ਜੋੜੋ ਨਿਆਂ ਯਾਤਰਾ' ਕਰ ਰਹੀ ਹੈ ਹਾਲਾਂਕਿ ਚਾਹੀਦਾ ਇਹ ਸੀ ਕਿ ਸਮੁੱਚੀ ਵਿਰੋਧੀ ਧਿਰ ਨੂੰ ਇਕ ਧਾਰਾ ਵਿਚ ਪਰੋਣ ਲਈ ਸਾਂਝੀ ਸਰਗਰਮੀ ਵਿੱਢੀ ਜਾਂਦੀ। ਅਜਿਹੇ ਹਾਲਾਤ ਕਾਰਨ ਹੀ ਸਿਆਸੀ ਮਾਹਿਰ ਦੱਬਵੀਂ ਸੁਰ ਵਿਚ ਕਹਿ ਰਹੇ ਹਨ ਕਿ ਲੋਕ ਸਭਾ ਚੋਣਾਂ ਵਿਚ ਮੋਦੀ ਨੂੰ ਹਰਾਉਣਾ ਹੁਣ ਔਖਾ ਹੋਵੇਗਾ। ਉਂਜ, ਇਹ ਵੀ ਸਚਾਈ ਹੈ ਕਿ ਸਿਆਸਤ ਵਿਚ ਪਲ-ਪਲ ਨਵਾਂ ਮੋੜ ਆਉਣ ਦੀ ਗੁੰਜਾਇਸ਼ ਜ਼ਰੂਰ ਹੁੰਦੀ ਹੈ। ਇਸ ਲਈ ਆਸ ਕਰਨੀ ਚਾਹੀਦੀ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਜ਼ਹਿਰੀਲੀ ਸਿਆਸਤ ਦੇ ਟਾਕਰੇ ਲਈ ਕੋਈ ਜਾਨਦਾਰ ਮੰਚ ਉਭਰੇ ਅਤੇ ਭਾਰਤੀ ਸਮਾਜ ਨੂੰ ਵੰਡਣ ਵਾਲੀ ਸਿਆਸਤ ਨੂੰ ਕੁਝ ਠੱਲ੍ਹ ਪਵੇ। ਇਹ ਸਾਰਾ ਕੁਝ ਵਿਰੋਧੀ ਧਿਰ ਦੀ ਕਾਰਗੁਜ਼ਾਰੀ 'ਤੇ ਨਿਰਭਰ ਹੈ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਿਛਲ ਖੁਰੀਏਂ ਨਾ ਤੁਰੀਏ!

ਪੂਜਾ-ਪਾਠ 'ਨਮਾਜ਼' ਸਭ ਨਿੱਜੀ ਹੁੰਦੇ ਕਰੀਏ ਹੋਰਾਂ ਨਾਲ ਕਿਉਂ ਕਲੇਸ਼ ਯਾਰੋ।
ਕਿਸੇ ਇੱਕ ਨੂੰ ਦੇਈਏ ਨਾ ਮਾਣ ਬਹੁਤਾ ਸਭ ਨੂੰ ਪਿਆਰੇ ਨੇ ਆਪਣੇ ਭੇਸ ਯਾਰੋ।
ਵਧ ਗਏ ਵੈਰ ਵਿਰੋਧ ਹਨ ਉਦੋਂ ਦੇ ਹੀ ਲੱਗਣ ਲੱਗ ਪਈ ਜਦੋਂ ਦੀ 'ਠੇਸ' ਯਾਰੋ।
ਪਿੱਛੇ ਪੱਲੇ ਵਿਚ ਰਹਿਣਾ ਕੀ ਫੇਰ ਸਾਡੇ ਦਿੱਤੀ ਪਿਆਰ ਦੀ ਪੱਟੀ ਜਦ ਮੇਸ ਯਾਰੋ।
ਛੱਡ ਕੇ ਨਫਰਤਾਂ ਚਾਰ ਦਿਨ ਕੱਟ ਲਈਏ ਰਹਿਣਾ ਧਰਤੀ 'ਤੇ ਨਹੀਂ ਹਮੇਸ਼ ਯਾਰੋ।
ਫੈਦਾ ਹੋਇਆ ਕੀ ਚੰਦ 'ਤੇ ਪਹੁੰਚਣੇ ਦਾ ਪਿਛਲ ਖੁਰੀਏਂ ਜੇ ਤੁਰ ਪਿਆ ਦੇਸ ਯਾਰੋ!

# ਭਾਰਤ ਜੋੜੋ ਨਿਆਂ ਯਾਤਰਾ ਬਨਾਮ ਰਾਮ ਮੰਦਰ ਮੁਹਿੰਮ

ਅਯੁੱਧਿਆ ਵਿਚ ਉਸਾਰੀ ਅਧੀਨ ਰਾਮ ਮੰਦਰ ਦਾ ਉਦਘਾਟਨ ਹੋ ਗਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਨੂੰ ਕੇਂਦਰਿਤ ਕਰ ਕੇ ਭਾਜਪਾ ਇਸ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਵਿਚ ਜੁਟੀ ਹੋਈ ਹੈ। ਭਾਜਪਾ ਦੀ ਇਸ ਮੁਹਿੰਮ ਦੇ ਬਦਲ ਵਜੋਂ ਕਾਂਗਰਸ ਨੇ ਰਾਹੁਲ ਗਾਂਧੀ ਦੀ ਅਗਵਾਈ ਹੇਠ 14 ਜਨਵਰੀ ਨੂੰ ਭਾਰਤ ਦੇ ਇਸ ਸਮੇਂ ਸਭ ਤੋਂ ਵੱਧ ਸੁਲਘ ਰਹੇ ਸੂਬੇ ਮਨੀਪੁਰ ਤੋਂ 'ਭਾਰਤ ਜੋੜੋ ਨਿਆਂ ਯਾਤਰਾ' ਸ਼ੁਰੂ ਕੀਤੀ ਹੈ। 20 ਮਾਰਚ ਤੱਕ 66 ਦਿਨ ਚੱਲਣ ਵਾਲੀ ਇਹ ਯਾਤਰਾ 15 ਰਾਜਾਂ ਦੇ 100 ਸੰਸਦੀ ਹਲਕਿਆਂ ਵਿਚੋਂ ਲੰਘੇਗੀ।

ਸਵਾਲ ਹੈ: ਕੀ ਇਹ ਯਾਤਰਾ ਫਿਰਕੂ ਪੱਤਾ ਖੇਡ ਰਹੀ ਭਾਜਪਾ ਵਰਗੀ ਫਾਸ਼ੀਵਾਦੀ ਪਾਰਟੀ ਦੀ ਚੋਣ ਮੁਹਿੰਮ ਦਾ ਬਦਲ ਬਣ ਸਕਦੀ ਹੈ? 6713 ਕਿਲੋਮੀਟਰ ਦੇ ਕਰੀਬ ਲੰਮੀ ਇਸ ਯਾਤਰਾ ਦਾ ਰਾਹੁਲ ਗਾਂਧੀ ਦੀ ਪਿਛਲੀ ਯਾਤਰਾ ਨਾਲੋਂ ਭੂਗੋਲਿਕ ਫਰਕ ਇਹ ਹੈ ਕਿ ਪਿਛਲੀ ਯਾਤਰਾ ਭਾਰਤ ਦੇ ਦੱਖਣੀ ਖੂੰਜੇ ਕੰਨਿਆਕੁਮਾਰੀ ਤੋਂ ਉੱਤਰੀ ਖੂੰਜੇ ਕਸ਼ਮੀਰ ਤੱਕ ਲੱਗਭੱਗ 4 ਹਜ਼ਾਰ ਕਿਲੋਮੀਟਰ ਸੀ; ਇਸ ਵਾਰ ਉਹ ਉੱਤਰ ਪੂਰਬੀ ਸੂਬੇ ਮਨੀਪੁਰ ਦੀ ਰਾਜਧਾਨੀ ਇੰਫਾਲ ਤੋਂ ਆਪਣੀ ਭਾਰਤ ਜੋੜੋ ਨਿਆਂ ਯਾਤਰਾ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸ਼ੁਰੂ ਕਰ ਕੇ ਮਹਾਰਾਸ਼ਟਰ ਤੱਕ ਜਾ ਰਿਹਾ ਹੈ।

ਮਨੀਪੁਰ ਤੋਂ ਯਾਤਰਾ ਸ਼ੁਰੂ ਕਰਨ ਦਾ ਮੰਤਵ ਉਥੋਂ ਦੇ ਵਿਗੜੇ ਹਾਲਾਤ ਹੋਣਗੇ ਕਿਉਂਕਿ ਮਨੀਪੁਰ ਵਿਚ ਭਾਈਚਾਰਕ ਲੜਾਈ ਤੋਂ ਸ਼ੁਰੂ ਹੋਈ ਹਿੰਸਾ ਹੁਣ ਸੁਰੱਖਿਆ ਬਲਾਂ ਹੇਠ ਲੋਕਾਂ ਨੂੰ ਲਤਾੜਨ ਤੱਕ ਬਦਲ ਚੁੱਕੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਮਨੀਪੁਰ ਦੇ ਮੌਜੂਦਾ ਹਾਲਾਤ ਲਈ ਭਾਜਪਾ ਜ਼ਿੰਮੇਵਾਰ ਹੈ ਪਰ ਕੀ ਕਾਂਗਰਸ ਕਦੇ ਸੋਚੇਗੀ ਕਿ ਸਾਰੇ ਹੀ ਉੱਤਰ ਪੂਰਬੀ ਸੂਬੇ- ਮਨੀਪੁਰ, ਨਾਗਾਲੈਂਡ, ਮਿਜ਼ੋਰਮ, ਅਰੁਣਾਚਲ ਪ੍ਰਦੇਸ਼, ਅਸਾਮ, ਮੇਘਾਲਿਆ ਇਕੱਲਤਾ ਮਹਿਸੂਸ ਕਿਉਂ ਕਰ ਰਹੇ ਹਨ? ਹਕੀਕਤ ਇਹ ਹੈ ਕਿ ਇਨ੍ਹਾਂ ਸੂਬਿਆਂ ਨਾਲ ਕਾਂਗਰਸ ਨੇ ਵੀ ਘੱਟ ਨਹੀਂ ਗੁਜ਼ਾਰੀ। ਕਾਂਗਰਸ ਨੇ ਸੱਤਾ ਦੌਰਾਨ ਇਨ੍ਹਾਂ ਸੂਬਿਆਂ 'ਤੇ 'ਅਫਸਪਾ' ਵਰਗਾ ਕਾਲਾ ਕਾਨੂੰਨ ਥੋਪਿਆ ਸੀ। ਇਨ੍ਹਾਂ ਉੱਤਰ ਪੂਰਬੀ ਸੂਬਿਆਂ ਨਾਲ ਹੁਣ ਹਮਦਰਦੀ ਦਿਖਾ ਰਹੀ ਕਾਂਗਰਸ ਨੂੰ ਉਹ ਲੋਕ ਕਿਵੇਂ ਮੂੰਹ ਲਾਉਣਗੇ ਜਿਨ੍ਹਾਂ ਨੂੰ ਪਿਛਲੀਆਂ ਕਾਂਗਰਸੀ ਸਰਕਾਰਾਂ ਨੇ 'ਖੁੱਲ੍ਹੀ ਜੇਲ੍ਹ' ਵਿਚ ਡੱਕੀ ਰੱਖਿਆ ਸੀ।

ਪਹਿਲੀ ਗੱਲ, ਅੱਜ ਜਦੋਂ ਦੇਸ਼ ਦੀਆਂ ਭਾਜਪਾ ਵਿਰੋਧੀ ਪਾਰਟੀਆਂ 'ਇੰਡੀਆ' ਗੱਠਜੋੜ ਦੇ ਰੂਪ ਵਿਚ ਇਕ ਮੰਚ 'ਤੇ ਇਕੱਤਰ ਹੋ ਚੁੱਕੀਆਂ ਹਨ ਤਾਂ ਇਸ ਤਰ੍ਹਾਂ ਦੀ ਯਾਤਰਾ ਇਕੱਲੀ ਕਾਂਗਰਸ ਵੱਲੋਂ ਲੈ ਤੁਰਨਾ ਖੁਦ ਨੂੰ ਵੱਡੀ ਧਿਰ ਸਾਬਤ ਕਰਨ ਦੀ ਮਨਸ਼ਾ ਨੂੰ ਦਰਸਾਉਂਦਾ ਹੈ। ਦੂਸਰਾ ਇਹ ਕਿ ਇਹ ਯਾਤਰਾ ਲੋਕ ਮੁੱਦੇ ਉਠਾਉਣ ਦੀ ਬਜਾਇ ਸਿਰਫ ਸਿਆਸੀ ਇੱਛਾਵਾਂ ਦੀ ਪੂਰਤੀ ਤੱਕ ਮਹਿਦੂਦ ਹੈ। ਭਾਜਪਾ ਦੀ ਤਾਨਾਸ਼ਾਹ ਹਕੂਮਤ ਖਿਲਾਫ ਪਿਛਲੇ 10 ਸਾਲਾਂ ਦੌਰਾਨ ਅਨੇਕ ਅੰਦੋਲਨ ਹੋਏ ਪਰ ਕਿਸੇ ਅੰਦੋਲਨ ਵਿਚ ਵੀ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਬਣਦਾ ਯੋਗਦਾਨ ਨਹੀਂ ਪਾਇਆ।

ਜਿਸ ਦਿਨ ਕਾਂਗਰਸ ਨੇ 'ਭਾਰਤ ਜੋੜੋ ਨਿਆਂ ਯਾਤਰਾ' ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਉਸ ਦਿਨ ਰਾਹੁਲ ਗਾਂਧੀ ਹਰਿਆਣਾ ਦੇ ਝੱਜਰ ਵਿਚ ਦੇਸ਼ ਦੇ ਨਾਮੀ ਭਲਵਾਨਾਂ ਦੇ ਅਖਾੜੇ ਵਿਚ ਜ਼ਰੂਰ ਪਹੁੰਚੇ ਪਰ ਇਨ੍ਹਾਂ ਭਲਵਾਨਾਂ ਨੇ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ 'ਤੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਰਗੇ 'ਬਦਮਾਸ਼' ਖਿਲਾਫ ਅੰਦੋਲਨ ਲੜਿਆ ਲੇਕਿਨ ਉਸ ਸਮੇਂ ਕਾਂਗਰਸ ਨੇ ਬਣਦੀ ਭੂਮਿਕਾ ਅਦਾ ਨਹੀਂ ਕੀਤੀ। ਕੀ ਉਸ ਸਮੇਂ ਰਾਹੁਲ ਗਾਂਧੀ ਇਹੋ ਜਿਹੀ ਯਾਤਰਾ ਲੈ ਕੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਸੰਸਦੀ ਹਲਕੇ ਜਾਂ ਉਸ ਦੇ ਘਰ ਅੱਗੇ ਨਹੀਂ ਜਾ ਸਕਦਾ ਸੀ? ਜੇ ਉਸ ਸਮੇਂ ਮਹਿਲਾ ਖਿਡਾਰੀਆਂ ਦੇ ਹੱਕੀ ਅੰਦੋਲਨ ਵਿਚ ਕਾਂਗਰਸ ਸਮੇਤ 'ਇੰਡੀਆ' ਗੱਠਜੋੜ ਵਿਚ ਸ਼ਾਮਲ ਧਿਰਾਂ ਕੁੱਦੀਆਂ ਹੁੰਦੀਆਂ ਤਾਂ ਉਹ ਅੰਦੋਲਨ ਭਾਜਪਾ ਖਿਲਾਫ ਜਨਤਕ ਲਹਿਰ ਬਣ ਸਕਦਾ ਸੀ।

ਹੁਣ ਤਾਂ ਇਹ ਯਾਤਰਾ ਭਾਰਤ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿਚ 1074 ਕਿਲੋਮੀਟਰ ਦਾ ਸਫ਼ਰ ਤੈਅ ਕਰੇਗੀ ਪਰ ਪਿਛਲੇ ਸਾਲੀਂ ਉਸੇ ਉੱਤਰ ਪ੍ਰਦੇਸ਼ ਵਿਚ ਧਾਰਮਿਕ ਘੱਟ-ਗਿਣਤੀ ਨਾਲ ਸਬੰਧਿਤ ਅਨੇਕ ਲੋਕਾਂ ਦੇ ਘਰਾਂ 'ਤੇ ਬੁਲਡੋਜ਼ਰ ਚੱਲੇ ਲੇਕਿਨ ਕਾਂਗਰਸ ਪਾਰਟੀ ਜਾਂ ਗਾਂਧੀ ਪਰਿਵਾਰ ਦਾ ਕੋਈ ਮੈਂਬਰ ਕਦੇ ਉਨ੍ਹਾਂ ਘਰਾਂ ਤੱਕ ਨਹੀਂ ਗਿਆ। ਜਦ ਘੱਟ-ਗਿਣਤੀਆਂ, ਦਲਿਤਾਂ, ਔਰਤਾਂ



ਰਾਮ ਮੰਦਰ ਦਾ ਨਕਸ਼ਾ।

'ਤੇ ਯੂ.ਪੀ. ਵਿਚ ਤਸ਼ੱਦਦ ਹੋ ਰਿਹਾ ਸੀ, ਉਸ ਸਮੇਂ ਰਾਹੁਲ ਗਾਂਧੀ ਨਹੀਂ ਆਏ ਤਾਂ ਹੁਣ ਉਹ ਲੋਕ ਕਿਵੇਂ ਆਉਣਗੇ?

ਦੇਸ਼ ਵਿਚ ਹਾਲਾਤ ਇਸ ਤਰ੍ਹਾਂ ਦੇ ਹਨ ਕਿ ਬੇਰੁਜ਼ਗਾਰ ਨੌਜਵਾਨ ਰੁਜ਼ਗਾਰ ਦੀ ਖਾਤਰ ਸੜਕਾਂ 'ਤੇ ਉੱਤਰ ਰਹੇ ਹਨ, ਅਜੇ ਕੁਝ ਦਿਨ ਪਹਿਲਾਂ ਰੁਜ਼ਗਾਰ ਦੀ ਮੰਗ ਲਈ ਚੰਪਾਰਨ ਤੋਂ 1100 ਕਿਲੋਮੀਟਰ ਪੈਦਲ ਯਾਤਰਾ ਕਰ ਕੇ ਨੌਜਵਾਨਾਂ ਦਾ ਇੱਕ ਜਥਾ ਦੇਸ਼ ਦੀ ਰਾਜਧਾਨੀ ਦਿੱਲੀ ਪੁੱਜਿਆ ਸੀ ਤਾਂ ਰਾਹੁਲ ਗਾਂਧੀ ਪਹੁੰਚ ਗਏ ਪਰ ਕਾਂਗਰਸ ਦੀ ਸਰਕਾਰ ਦੌਰਾਨ ਰੁਜ਼ਗਾਰ ਦੇਣ ਦੇ ਮਾਮਲੇ ਨੂੰ ਕਿਸੇ ਵੀ ਪੱਧਰ 'ਤੇ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ।

ਪਿਛਲੇ ਮਹੀਨੇ ਪੰਜ ਰਾਜਾਂ ਦੇ ਵਿਧਾਨ ਸਭਾ ਚੋਣ ਨਤੀਜਿਆਂ ਬਾਅਦ ਭਾਜਪਾ ਕੋਲ ਮੁਲਕ ਦੇ 28 ਵਿਚੋਂ 12 ਰਾਜਾਂ ਦੀ ਸੱਤਾ ਆ ਗਈ ਹੈ ਅਤੇ ਤਿੰਨ ਸੂਬਿਆਂ ਵਿਚ ਗੱਠਜੋੜ ਸਰਕਾਰਾਂ ਹਨ। ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਮਹਿਜ਼ ਤਿੰਨ ਸੂਬਿਆਂ ਤੱਕ ਸਿਮਟ ਕੇ ਰਹਿ ਗਈ ਹੈ। ਜਦ ਤੱਕ ਕਾਂਗਰਸ ਇਹ ਸਵਾਲ ਹੱਲ ਨਹੀਂ ਕਰਦੀ ਕਿ ਉਹ ਸਭ ਤੋਂ ਪੁਰਾਣੀ ਪਾਰਟੀ ਹੋਣ ਦੇ ਬਾਵਜੂਦ ਤਿੰਨ ਸੂਬਿਆਂ ਤੱਕ ਕਿਉਂ ਸਿਮਟ ਗਈ, ਤਦ ਤੱਕ ਉਸ ਦਾ ਕੇਂਦਰੀ ਸੱਤਾ ਵਿਚ ਆਉਣਾ ਮੁਸ਼ਕਿਲ ਹੈ। ਅਸਲ ਵਿਚ ਸੱਤਾ 'ਤੇ ਕਬਜ਼ਾ ਕਰਨ ਦੀ ਜੋ ਨੀਅਤ ਅੱਜ ਭਾਜਪਾ ਦੀ ਸਾਹਮਣੇ ਆ ਰਹੀ ਹੈ, ਘੱਟ ਜਾਂ ਵੱਧ ਰੂਪ ਵਿਚ ਇਸੇ ਤਰ੍ਹਾਂ ਦਾ ਕਿਰਦਾਰ ਕਾਂਗਰਸ ਦਾ ਰਿਹਾ ਹੈ। ਬਹੁਤੇ ਮਾਮਲਿਆਂ ਵਿਚ ਕਾਂਗਰਸ ਦਾ ਕਿਰਦਾਰ ਅਜੇ ਵੀ ਭਾਜਪਾ ਨਾਲ ਮੇਲ ਖਾਂਦਾ ਹੈ; ਉਦਾਹਰਨ ਵਜੋਂ ਦੇਸ਼ ਦੇ ਕੁਝ ਬੇਰੁਜ਼ਗਾਰ ਨੌਜਵਾਨਾਂ ਵੱਲੋਂ ਸੰਸਦ ਵਿਚ ਸ਼ਾਂਤਮਈ ਤਰੀਕੇ ਨਾਲ ਨਾਅਰੇਬਾਜ਼ੀ ਕਰਦਿਆਂ ਰੰਗ ਖਿੰਡਾਉਣ ਵਾਲੇ 'ਪਟਾਕੇ' ਚਲਾਏ, ਬਣਦਾ ਤਾਂ ਇਹ ਸੀ ਕਿ ਕਾਂਗਰਸ ਸਮੇਤ ਦੇਸ਼ ਦੀਆਂ ਵਿਰੋਧੀ ਧਿਰਾਂ ਉਨ੍ਹਾਂ ਨੌਜਵਾਨਾਂ ਵੱਲੋਂ ਨਾਅਰੇਬਾਜ਼ੀ ਦੌਰਾਨ ਉਠਾਏ ਮੁੱਦਿਆਂ ਨੂੰ ਚਰਚਾ ਵਿਚ ਲਿਆਉਂਦੀਆਂ ਤੇ ਇਸ ਗੱਲ 'ਤੇ ਕੇਂਦਰਿਤ ਕਰਦੀਆਂ ਕਿ ਕਿਵੇਂ ਪੜ੍ਹੇ-ਲਿਖੇ ਨੌਜਵਾਨ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਮੰਗਾਂ ਉਠਾਉਣ ਲਈ ਮਜਬੂਰ ਹਨ ਪਰ ਵਿਰੋਧੀ ਧਿਰਾਂ ਸੰਸਦ ਦੀ ਸੁਰੱਖਿਆ ਉਲੰਘਣਾ ਦਾ ਫੋਕਾ ਰਾਗ ਅਲਾਪ ਕੇ ਭਾਜਪਾ ਵੱਲੋਂ ਸਿਰਜੇ ਬਿਰਤਾਂਤ ਦਾ ਹੀ ਹਿੱਸਾ ਬਣ ਗਈਆ। ਭਾਜਪਾ ਨੇ ਵਿਰੋਧੀ ਧਿਰ ਦੇ ਲੱਗਭੱਗ 150 ਸੰਸਦ ਮੈਂਬਰਾਂ ਦੀ ਨੂੰ ਮੁਅੱਤਲ ਕਰ ਕੇ ਮਾਮਲਾ ਹੋਰ ਹੀ ਹੋਰ ਬਣਾ ਧਰਿਆ।

ਯਾਤਰਾ ਦੌਰਾਨ ਰਾਹੁਲ ਗਾਂਧੀ ਕਾਂਗਰਸ ਦੇ ਮੁੱਖ ਲੀਡਰ ਵਜੋਂ ਚਮਕ ਰਿਹਾ ਹੈ ਪਰ ਦੇਸ਼ ਦੀ ਕੇਂਦਰੀ ਰਾਜਨੀਤੀ ਤੋਂ ਉਸ ਦੀ ਲੰਮੀ ਗੈਰ-ਹਾਜ਼ਰੀ ਅਤੇ ਖੇਤਰੀ ਪਾਰਟੀਆਂ ਨਾਲ ਸੀਟ ਵੰਡ ਦੌਰਾਨ ਧਾਰੀ ਚੁੱਪ ਸਵਾਲ ਖੜ੍ਹੇ ਕਰਦੀ ਹੈ।

ਅਸਲ ਵਿਚ 'ਇੰਡੀਆ' ਗੱਠਜੋੜ ਕਿਸੇ ਸਮਝ ਜਾਂ ਵਿਚਾਰਧਾਰਾ ਵਿਚੋਂ ਨਹੀਂ ਬਣਿਆ ਬਲਕਿ ਇਹ ਮੌਕਾਪ੍ਰਸਤ ਪਾਰਟੀਆਂ ਦਾ ਸੱਤਾ ਹਾਸਲ ਕਰਨ ਦੀ ਮੌਕਾਪ੍ਰਸਤੀ ਵਿਚੋਂ ਨਿਕਲਿਆ ਮੰਚ ਹੈ। ਭਾਜਪਾ ਪੂਰੇ ਭਾਰਤ ਦੀਆਂ ਲੋਕ ਸਭਾ ਸੀਟਾਂ 'ਤੇ ਕੇਂਦਰਿਤ ਕਰਨ ਦੀ ਬਜਾਇ ਸਿਰਫ ਹਿੰਦੀ ਭਾਸ਼ਾਈ ਜਾਂ ਹਿੰਦੂ ਬਹੁ-ਗਿਣਤੀ ਦੀਆਂ ਸੀਟਾਂ 'ਤੇ ਕੇਂਦਰਿਤ ਕਰ ਰਹੀ ਹੈ ਪਰ ਦੂਜੇ ਪਾਸੇ ਕਾਂਗਰਸ ਤੇ ਉਸ ਦੀਆਂ ਸਹਿਯੋਗੀ ਧਿਰਾਂ ਗੈਰ-ਭਾਜਪਾ ਸੂਬਿਆਂ ਵਿਚ ਵੀ ਆਪਸੀ ਕਾਟੋ-ਕਲੇਸ਼ ਵਿਚ ਉਲਝੀਆਂ ਹੋਈਆਂ ਹਨ। ਇਨ੍ਹਾਂ ਪਾਰਟੀਆਂ ਦੀ ਆਪਸੀ ਖਿਚਾਤਾਣ ਕਾਰਨ ਪੱਛਮੀ ਬੰਗਾਲ, ਪੰਜਾਬ, ਦਿੱਲੀ ਸਮੇਤ ਕਈ ਸੂਬਿਆਂ ਵਿਚ ਇਸ ਪਲੇਟਫਾਰਮ ਦੀ ਮੌਕਾਪ੍ਰਸਤੀ ਜੱਗ-ਜ਼ਾਹਿਰ ਹੋ ਰਹੀ ਹੈ। ਪੱਛਮੀ ਬੰਗਾਲ ਦੇ ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਵੱਲੋਂ ਤ੍ਰਿਣਮੂਲ ਕਾਂਗਰਸ ਖਿਲਾਫ ਕੀਤੀ ਜਾ ਰਹੀ ਬਿਆਨਬਾਜ਼ੀ ਕਾਂਗਰਸ ਹਾਈਕਮਾਂਡ ਦੀ ਸਹਿਮਤੀ ਬਗੈਰ ਸੰਭਵ ਨਹੀਂ ਹਾਲਾਂਕਿ ਪੱਛਮੀ ਬੰਗਾਲ ਦੇ ਹਾਲਾਤ ਇਹ ਹਨ ਕਿ ਜੇ ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਖੱਬੇ ਪੱਖੀਆਂ ਨੇ ਇਕੱਠਿਆਂ ਚੋਣ ਨਾ ਲੜੀ ਤਾਂ ਭਾਜਪਾ ਇਨ੍ਹਾਂ ਨੂੰ ਪਛਾੜ ਦੇਵੇਗੀ ਕਿਉਂਕਿ ਪੱਛਮੀ ਬੰਗਾਲ ਦੀਆਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਨੇ 22 ਸੀਟਾਂ ਜਿੱਤੀਆਂ ਸਨ ਤੇ ਭਾਰਤੀ ਜਨਤਾ ਪਾਰਟੀ 18 ਸੀਟਾਂ ਜਿੱਤ ਗਈ ਸੀ; ਕਾਂਗਰਸ ਮਹਿਜ਼ ਦੋ ਸੀਟਾਂ ਤੱਕ ਸਿਮਟ ਗਈ ਸੀ। 2021 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਇਕ ਵੀ ਉਮੀਦਵਾਰ ਸਫਲ ਨਹੀਂ ਹੋਇਆ ਸੀ; ਹੁਣ ਚੌਧਰੀ ਪਤਾ ਨਹੀਂ ਕਿਹੜੀ ਚੌਧਰ ਘੋਟ ਰਿਹਾ ਹੈ?

ਕੌਮਾਂਤਰੀ ਪੱਧਰ 'ਤੇ ਭਾਜਪਾ ਨੂੰ ਪੈ ਰਹੀਆਂ ਫਟਕਾਰਾਂ ਕਾਂਗਰਸ ਸਮੇਤ ਭਾਜਪਾ ਵਿਰੋਧੀ ਤਮਾਮ ਰਾਜਨੀਤਕ ਪਾਰਟੀਆਂ ਦੇ ਪੱਖ ਵਿਚ ਬੈਠਦੀਆਂ ਹਨ ਪਰ ਇਹ ਪਾਰਟੀਆਂ ਅਜੇ ਤੱਕ ਭਾਜਪਾ ਨੂੰ ਉਨ੍ਹਾਂ ਤੱਥਾਂ ਨਾਲ ਵੀ ਘੇਰ ਨਹੀਂ ਸਕੀਆਂ। ਪਿਛਲੇ ਦਿਨੀਂ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੀ ਸੰਸਥਾ 'ਹਿਊਮਨ ਰਾਈਟਸ ਵਾਚ' ਨੇ ਭਾਰਤ ਸਰਕਾਰ ਉੱਤੇ ਧਾਰਮਿਕ ਘੱਟ-ਗਿਣਤੀਆਂ ਨਾਲ ਪੱਖਪਾਤ ਕਰਨ ਦਾ ਇਲਜ਼ਾਮ ਲਾਉਂਦਿਆਂ 'ਵਰਲਡ ਰਿਪੋਰਟ-2024 ਵਿਚ ਕਿਹਾ ਕਿ 31 ਜੁਲਾਈ ਨੂੰ ਬਜਰੰਗ ਦਲ ਵੱਲੋਂ ਕਰਵਾਈ ਗਈ ਧਾਰਮਿਕ ਯਾਤਰਾ ਬਾਅਦ ਹਰਿਆਣਾ ਦੇ ਨੂਹ ਵਿਚ ਕਈ ਮੁਸਲਮਾਨਾਂ ਦੀਆਂ ਜਾਇਦਾਦਾਂ ਦੀ ਭੰਨ-ਤੋੜ ਕੀਤੀ। ਇਹੀ ਨਹੀਂ, ਉਲਟਾ ਉਨ੍ਹਾਂ ਨੂੰ ਹੀ ਹਿਰਾਸਤ ਵਿਚ ਲੈ ਲਿਆ ਗਿਆ। ਇਹ ਰਿਪੋਰਟ ਮਨੀਪੁਰ ਦੇ ਨਾਲ-ਨਾਲ ਮਹਿਲਾ ਖਿਡਾਰੀਆਂ ਦੇ ਮਾਮਲੇ ਵਿਚ ਦੱਸਦੀ ਹੈ ਕਿ ਮੋਦੀ ਸਰਕਾਰ ਨੇ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ।

ਵੈਸੇ ਭਾਰਤ ਵਿਚ ਇਹ ਪਹਿਲੀ ਯਾਤਰਾ ਨਹੀਂ; 1930 ਵਿਚ ਮਹਾਤਮਾ ਗਾਂਧੀ ਵੱਲੋਂ ਗੁਜਰਾਤ ਤੋਂ 380 ਕਿਲੋਮੀਟਰ ਲੰਮਾ ਡਾਂਡੀ ਮਾਰਚ, 1983 ਵਿਚ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਵੱਲੋਂ 6 ਮਹੀਨੇ ਵਿਚ 4000 ਕਿਲੋਮੀਟਰ ਲੰਮਾ ਮਾਰਚ ਤੇ 1990 ਵਿਚ ਭਾਜਪਾ ਦੇ ਹੁਣ ਖੂੰਡੇ ਲਾਈਨ ਲਗਾਏ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਹਜ਼ਾਰਾਂ ਕਿਲੋਮੀਟਰ ਲੰਮੀ ਰੱਥ ਯਾਤਰਾ, 2011 ਵਿਚ ਅਨੁਰਾਗ ਠਾਕੁਰ ਦੀ ਏਕਤਾ ਯਾਤਰਾ ਚਰਚਾ ਵਿਚ ਰਹੀਆਂ ਸਨ। ਇਸੇ ਤਰਜ਼ 'ਤੇ ਰਾਹੁਲ ਗਾਂਧੀ ਦੂਜੀ ਵਾਰ ਯਾਤਰਾ ਲੈ ਤੁਰਿਆ ਹੈ।

ਅਸਲ ਵਿਚ, ਭਾਜਪਾ ਹਿੰਦੁਤਵੀ ਵਿਚਾਰਧਾਰਾ ਤਹਿਤ ਘੱਟ-ਗਿਣਤੀਆਂ ਨੂੰ ਦਬਾਉਂਦਿਆਂ ਬਹੁ-ਗਿਣਤੀ ਨੂੰ ਖੁਸ਼ ਕਰ ਕੇ ਸੱਤਾ ਵਿਚ ਬਣੇ ਰਹਿਣਾ ਚਾਹੁੰਦੀ ਹੈ ਪਰ ਇਸ ਵਿਚਾਰਧਾਰਾ ਨੂੰ ਕਾਟ ਕਰਨ ਲਈ ਕਾਂਗਰਸ ਕੋਲ ਕੋਈ ਵਿਚਾਰਧਾਰਕ ਸਟੈਂਡ ਨਹੀਂ। ਸੱਤਾ ਲਈ ਮੌਕਾਪ੍ਰਸਤ ਕਾਂਗਰਸ ਲੀਡਰਸ਼ਿਪ ਭਾਜਪਾ ਨੂੰ ਲੋਕ ਮਾਮਲਿਆਂ 'ਤੇ ਘੇਰਨ ਦੀ ਬਜਾਇ 'ਲਿਬਰਲ ਹਿੰਦੂਤਵੀ' ਵਿਚਾਰਧਾਰਾ ਰਾਹੀਂ ਅੱਗੇ ਵਧਣਾ ਚਾਹੁੰਦੀ ਹੈ।

ਹੁਣ ਸੰਘਰਸ਼ਸ਼ੀਲ ਲੋਕਾਂ ਨੂੰ ਭਾਜਪਾ ਵਰਗੀ ਫਿਰਕੂ ਪਾਰਟੀ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਲੋਕ ਮੁੱਦਿਆਂ 'ਤੇ ਕਿਸਾਨ ਅੰਦੋਲਨ ਦੀ ਤਰ੍ਹਾਂ ਲੋਕ ਲਹਿਰ ਬਣਾਉਣੀ ਪਵੇਗੀ। ਸੱਤਾ ਹਾਸਲ ਕਰਨ ਲਈ ਬਣੇ 'ਇੰਡੀਆ' ਗੱਠਜੋੜ ਤੋਂ ਭਾਜਪਾ ਦੇ ਮੁਕਾਬਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਰਾਹੁਲ ਗਾਂਧੀ ਦੀ ਯਾਤਰਾ ਲੋਕਾਂ ਨੂੰ ਨਿਆਂ ਦਿਵਾਉਣ ਲਈ ਨਹੀਂ ਬਲਕਿ ਖੁਦ ਅਤੇ ਕਾਂਗਰਸ ਨੂੰ ਚਮਕਾਉਣ ਲਈ ਹੈ। ਇਨ੍ਹਾਂ ਨਾਕਾਮੀਆਂ ਕਰ ਕੇ ਹੀ ਫਿਰਕੂ ਤਾਕਤਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ ਹੈ।

# ਬੇਅਦਬੀ ਦੇ ਬਹਾਨੇ ਅਰਾਜਕ ਕਤਲਾਂ ਦਾ ਵਰਤਾਰਾ

ਲੰਘੀ 16 ਜਨਵਰੀ ਨੂੰ ਇਕ ਕਥਿਤ ਨਿਹੰਗ ਸਿੰਘ ਵੱਲੋਂ ਫਗਵਾੜਾ ਦੇ ਗੁਰਦੁਆਰਾ ਪਾਤਸ਼ਾਹੀ ਛੇਵੀਂ (ਚੌੜਾ ਖੂਹ) ਦੇ ਅੰਦਰ ਇਕ ਵਿਅਕਤੀ ਦਾ ਇਹ ਕਹਿ ਕੇ ਕਤਲ ਕਰ ਦਿੱਤਾ ਗਿਆ ਕਿ ਉਸ ਨੂੰ ਬੇਅਦਬੀ ਨੂੰ ਅੰਜਾਮ ਦੇਣ ਲਈ ਉਥੇ ਭੇਜਿਆ ਗਿਆ ਸੀ।

ਇਹ ਸਾਹਮਣੇ ਆਇਆ ਹੈ ਕਿ ਗੁਰਦੁਆਰੇ ਦੇ ਮੁੱਖ ਸੇਵਾਦਾਰ ਵੱਲੋਂ ਪੁਲਿਸ ਨੂੰ ਇਹ ਇਤਲਾਹ ਦਿੱਤੀ ਗਈ ਸੀ ਕਿ ਉਨ੍ਹਾਂ ਨੇ ਸ਼ੱਕੀ ਵਿਅਕਤੀ ਨੂੰ ਫੜ ਕੇ ਗੁਰਦੁਆਰੇ 'ਚ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਬੰਦ ਕੀਤਾ ਹੋਇਆ ਹੈ ਜਿਸ ਬਾਰੇ ਸ਼ੱਕ ਹੈ ਕਿ ਉਸ ਨੂੰ ਬੇਅਦਬੀ ਕਰਨ ਲਈ ਭੇਜਿਆ ਗਿਆ ਸੀ। ਅਧਿਕਾਰੀ ਹੁਣ ਕੁਝ ਵੀ ਸਪਸ਼ਟੀਕਰਨ ਦੇਣ, ਹਕੀਕਤ ਇਹੀ ਹੈ ਕਿ ਪੁਲਿਸ ਸਮੇਂ ਸਿਰ ਹਰਕਤ 'ਚ ਨਹੀਂ ਆਈ ਅਤੇ ਇਤਲਾਹ ਦੇਣ ਤੋਂ ਤਿੰਨ ਘੰਟੇ ਬਾਅਦ ਨਿਹੰਗ ਭੇਖਧਾਰੀ ਵੱਲੋਂ ਉਸ ਦਾ ਕਤਲ ਕਰ ਦਿੱਤਾ ਗਿਆ। ਘਟਨਾਕ੍ਰਮ ਦੀ ਵੀਡੀਓ ਬਣਾ ਕੇ ਕਾਤਲ ਮੰਗੂ ਮਠ ਵੱਲੋਂ ਇਹ ਕਹਾਣੀ ਪੇਸ਼ ਕੀਤੀ ਕਿ ਮੁਲਜ਼ਮ ਨੇ ਹਮਲਾ ਕਰ ਕੇ ਉਸ ਦਾ ਸ਼ਸਤਰ ਖੋਹਣ ਦੀ ਕੋਸ਼ਿਸ਼ ਕੀਤੀ ਸੀ ਜਿਸ ਕਰ ਕੇ ਸਵੈ-ਰੱਖਿਆ ਕਰਦਿਆਂ ਉਹ ਉਸ ਹੱਥੋਂ ਮਾਰਿਆ। ਪੁਲਿਸ ਨੇ ਗੈਰ-ਇਰਾਦਤਨ ਹੱਤਿਆ ਦਾ ਕੇਸ ਦਰਜ ਕੀਤਾ ਹੈ।

'ਨਿਹੰਗ' ਦੇ ਬੇਪਰਦ ਹੋਏ ਪਿਛੋਕੜ ਉਪਰ ਸਰਸਰੀ ਝਾਤ ਮਾਰਨ ਅਤੇ ਉਸ ਨੌਜਵਾਨ ਨੂੰ ਬੰਦੀ ਬਣਾ ਕੇ ਰਿਕਾਰਡ ਕੀਤੇ ਵੀਡੀਓ ਕਲਿੱਪ ਗੌਰ ਨਾਲ ਦੇਖਣ 'ਤੇ ਇਹੀ ਸਮਝ ਪੈਂਦਾ ਹੈ ਕਿ ਇਸ ਪਿੱਛੇ ਕੋਈ ਡੂੰਘੀ ਸਾਜ਼ਿਸ਼ ਸੀ, ਨੌਜਵਾਨ ਨੂੰ ਮਾਰ ਕੇ ਸਾਜ਼ਿਸ਼ ਦੇ ਸਬੂਤ ਹਮੇਸ਼ਾ ਲਈ ਖ਼ਤਮ ਕਰ ਦਿੱਤੇ ਗਏ। 2016 'ਚ ਆਲਮਗੀਰ (ਲੁਧਿਆਣਾ) ਅਤੇ ਵੈਰੋਕੇ (ਤਰਨਤਾਰਨ) 'ਚ ਦੋ ਕਥਿਤ ਦੋਸ਼ੀ ਔਰਤਾਂ ਦੇ ਕਤਲ ਇਸੇ ਤਰ੍ਹਾਂ ਕੀਤੇ ਗਏ ਸਨ; ਲੇਕਿਨ ਨਾ ਤਾਂ ਉਨ੍ਹਾਂ ਕਤਲਾਂ ਨਾਲ ਬੇਅਦਬੀ ਦਾ ਸਿਲਸਿਲਾ ਬੰਦ ਹੋਇਆ ਅਤੇ ਨਾ ਬੇਅਦਬੀ ਦੀਆਂ ਵਾਰਦਾਤਾਂ ਦੇ ਅਸਲ ਸਾਜ਼ਿਸ਼ਘਾੜੇ ਬੇਪਰਦ ਹੋਏ।

ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਨਿਹੰਗਾਂ ਦੇ ਇਕ ਟੋਲੇ ਵੱਲੋਂ ਅੰਮ੍ਰਿਤਸਰ ਇਲਾਕੇ ਦੇ ਇਕ ਸਾਧਾਰਨ ਵਿਅਕਤੀ ਨੂੰ ਸਿੰਘੂ ਬਾਰਡਰ ਉਪਰ ਲਿਜਾ ਕੇ ਅਤੇ ਕਤਲ ਕਰ ਕੇ ਇਹ ਕਹਾਣੀ ਪ੍ਰਚਾਰੀ ਗਈ ਕਿ ਉਸ ਨੇ ਉਨ੍ਹਾਂ ਦੇ ਡੇਰੇ ਵਿਚ ਘੁਸ ਕੇ 'ਸਰਬ-ਲੋਹ' ਗ੍ਰੰਥ ਦੀ ਬੇਅਦਬੀ ਕੀਤੀ ਸੀ। ਇਸੇ ਤਰ੍ਹਾਂ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਿਜ਼ਾਮਪੁਰ ਨੇੜੇ ਗੁਰਦੁਆਰਾ ਵਿਚ ਇਕ ਵਿਅਕਤੀ ਨੂੰ ਕਤਲ ਕਰ ਦਿੱਤਾ ਗਿਆ ਸੀ। ਵੀਡੀਓ ਕਲਿੱਪ ਦੇਖ ਕੇ ਅਤੇ ਹੋਰ ਵੇਰਵਿਆਂ ਤੋਂ ਸਾਫ਼ ਪਤਾ ਲੱਗਦਾ ਸੀ ਕਿ ਉਹ ਤਾਂ ਕੋਈ ਮਾਨਸਿਕ ਰੋਗੀ ਸੀ ਜੋ ਭੁੱਖ ਅਤੇ ਠੰਢ ਕਾਰਨ ਗੁਰਦੁਆਰੇ ਅੰਦਰ ਚਲਾ ਗਿਆ ਸੀ ਜਿਸ ਨੂੰ ਸੌੜੇ ਹਿਤਾਂ ਲਈ ਬੇਕਸੂਰ ਹੀ ਮਾਰ ਦਿੱਤਾ ਗਿਆ। ਪਿਛਲੇ ਸਾਲਾਂ 'ਚ ਬੇਅਦਬੀ ਜਾਂ ਬੇਅਦਬੀ ਦੀ ਕੋਸ਼ਿਸ਼ ਦੀਆਂ ਇਸੇ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ ਜਿਨ੍ਹਾਂ ਵਿਚ ਕਥਿਤ ਦੋਸ਼ੀ ਨੂੰ ਮਾਰ ਕੇ ਸਬੂਤ ਮਿਟਾ ਦਿੱਤੇ ਗਏ। ਜਿਨ੍ਹਾਂ ਉਪਰ ਬੇਅਦਬੀ ਕਰਨ ਦਾ ਦੋਸ਼ ਲਾਇਆ ਗਿਆ, ਉਸ ਨੂੰ ਉਥੇ ਕੌਣ ਲੈ ਕੇ ਆਇਆ ਸੀ, ਬੇਅਦਬੀ ਕਰਾਉਣ ਪਿੱਛੇ ਅਸਲ ਮਕਸਦ ਕੀ ਸੀ ਅਤੇ ਸਾਜ਼ਿਸ਼ ਦੇ ਅਸਲ ਸੂਤਰਧਾਰ ਕੌਣ ਸਨ, ਉਹ ਇਨ੍ਹਾਂ ਘਿਨਾਉਣੇ ਕਾਂਡਾਂ ਰਾਹੀਂ ਕੀ ਹਾਸਲ ਕਰਨਾ ਚਾਹੁੰਦੇ ਸਨ, ਇਹ ਸਭ ਭੇਤ ਬਣ ਕੇ ਰਹਿ ਗਿਆ।

ਬੇਅਦਬੀ ਦੀਆਂ ਇਨ੍ਹਾਂ ਜ਼ਿਆਦਾਤਰ ਕਹਾਣੀਆਂ 'ਚ ਸਾਂਝਾ ਪੈਟਰਨ ਬਿਲਕੁਲ ਸਪਸ਼ਟ ਹੈ। ਕਤਲ ਕਰਨ ਵਾਲੇ ਜ਼ਿਆਦਾਤਰ ਜਰਾਇਮਪੇਸ਼ਾ ਪਿਛੋਕੜ/ਬਿਰਤੀ ਵਾਲੇ ਹਨ। ਇਹ ਸੰਭਵ ਹੈ ਕਿ ਉਹ ਸਿਰਫ਼ ਮੋਹਰੇ ਹੋਣ ਅਤੇ ਉਨ੍ਹਾਂ ਦੇ ਪਿੱਛੇ ਕੋਈ ਹੋਰ ਤਾਕਤਾਂ ਹੋਣ। ਉਹ ਆਪਣੇ 'ਸ਼ਿਕਾਰ' ਨੂੰ ਗਿਣ-ਮਿੱਥ ਕੇ ਬਾਹਰੋਂ ਉਥੇ ਲੈ ਕੇ ਜਾਂਦੇ ਹਨ ਜਾਂ ਗੁਰਦੁਆਰੇ ਅੰਦਰ ਦਾਖ਼ਲ ਹੋਏ ਕਿਸੇ ਵਿਅਕਤੀ ਨੂੰ ਬੇਅਦਬੀ ਕਰਨ ਦੇ ਮਨੋਰਥ ਨਾਲ ਭੇਜਿਆ ਗਿਆ ਕਰਾਰ ਦੇ ਕੇ ਉਸ ਦੀ ਜਾਨ ਲੈਂਦੇ ਹਨ। ਸਿੰਘੂ ਬਾਰਡਰ ਅਤੇ ਫਗਵਾੜਾ ਵਿਚ ਕਤਲ ਕਰਨ ਵਾਲੇ ਭੇਖਧਾਰੀ 'ਨਿਹੰਗਾਂ' ਦਾ ਆਪਣਾ ਪਿਛੋਕੜ ਜਰਾਇਮਪੇਸ਼ਾ ਹੈ। ਸਿੰਘੂ ਬਾਰਡਰ ਉਪਰ ਕਤਲ ਕੀਤੇ ਲਖਬੀਰ ਸਿੰਘ ਜੋ ਆਪਣੇ ਪਿੰਡ ਤੋਂ ਨੇੜਲੇ ਸ਼ਹਿਰ 'ਚ ਵੀ ਆਪਣੇ ਆਪ ਮੁਸ਼ਕਿਲ ਨਾਲ ਹੀ ਜਾ ਸਕਦਾ ਸੀ, ਨੂੰ ਨਿਹੰਗਾਂ ਦੇ ਇਕ ਟੋਲੇ ਵੱਲੋਂ ਵਰਗਲਾ ਕੇ ਦਿੱਲੀ ਦੇ ਕਿਸਾਨ ਮੋਰਚੇ 'ਚ ਲਿਜਾਇਆ ਗਿਆ ਅਤੇ ਉਥੇ ਦਸਹਿਰੇ ਦੇ ਦਿਨ ਦੰਗੇ ਭੜਕਾਉਣ ਲਈ ਬੇਕਿਰਕੀ ਨਾਲ ਕਤਲ ਕੀਤਾ ਗਿਆ। 'ਸੋਧਾ ਲਾਉਣ' ਦੀ ਜ਼ਿੰਮੇਵਾਰੀ ਲੈਣ ਵਾਲਾ ਨਿਹੰਗ 'ਮੁਖੀ' ਅਮਨ ਨਾ ਸਿਰਫ਼ ਖ਼ੁਦ ਕਤਲ ਤੇ ਨਸ਼ਾ ਤਸਕਰੀ ਕਰਨ ਵਾਲਾ ਜਰਾਇਮਪੇਸ਼ਾ ਨਿੱਕਲਿਆ ਬਲਕਿ ਉਸ ਦੀ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਨਾਲ ਮਿਲਣੀ ਦੇ ਸਬੂਤ ਵੀ ਸਾਹਮਣੇ ਆਏ। ਉਸ ਨਾਲ ਪਿੰਕੀ ਕੈਟ ਵੀ ਮੌਜੂਦ ਸੀ ਜੋ 90ਵਿਆਂ 'ਚ ਬਹੁਤ ਸਾਰੇ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਨ ਲਈ ਬਦਨਾਮ ਰਿਹਾ ਹੈ। ਨਿਜ਼ਾਮਪੁਰ ਹਜੂਮੀ ਕਤਲ ਕਾਂਡ ਦਾ ਮੁੱਖ ਸ਼ਖ਼ਸ ਜਿਸ ਨੇ 'ਬੇਅਦਬੀ' ਦੀ ਅਫ਼ਵਾਹ ਫੈਲਾਈ ਸੀ, ਪੁਲਿਸ ਦਾ 'ਖ਼ਾਸ' ਬੰਦਾ ਸੀ। ਫਗਵਾੜਾ ਕਤਲ ਕਾਂਡ ਦਾ ਮੁੱਖ ਮੁਜਰਿਮ ਰਮਨਦੀਪ ਪੁਲਿਸ ਅਨੁਸਾਰ ਜਰਾਇਮਪੇਸ਼ਾ ਪਿਛੋਕੜ ਵਾਲਾ ਹੈ। ਉਸ ਦਾ ਡੋਪ ਟੈਸਟ ਵੀ ਪਾਜ਼ਿਟਿਵ ਆਇਆ ਹੈ ਅਤੇ ਆਮਦਨ ਦੇ ਸਰੋਤ ਵੀ ਸ਼ੱਕੀ ਹਨ। ਉਸ ਵਿਰੁੱਧ ਵੱਖ-ਵੱਖ ਜ਼ਿਲ੍ਹਿਆਂ ਵਿਚ ਬਾਈਕ ਚੋਰੀ ਕਰਨ, ਜਾਨਲੇਵਾ ਹਮਲਾ ਕਰਨ, ਜਲੰਧਰ ਦੇ ਕੁੱਲ੍ਹੜ ਪਿਜ਼ਾ ਰੈਸਟੋਰੈਂਟ ਵਾਲਿਆਂ ਤੋਂ ਫਿਰੌਤੀ ਮੰਗਣ, ਸ਼ਿਵ ਸੈਨਿਆਂ ਤੇ ਹੋਰ ਵਿਅਕਤੀਆਂ ਨਾਲ ਵਿਵਾਦ ਖੜ੍ਹੇ ਕਰਨ ਤੋਂ ਇਲਾਵਾ ਅਸਲ੍ਹਾ ਐਕਟ ਤਹਿਤ ਤਿੰਨ ਕੇਸ ਦਰਜ ਹਨ। ਮੁੱਦੇ ਬਣਾ ਕੇ ਅਤੇ ਝਗੜੇ ਕਰ ਕੇ ਪੈਸੇ ਬਟੋਰਨ ਦੀਆਂ ਉਸ ਦੀਆਂ ਕਈ ਕਹਾਣੀਆਂ ਚਰਚਾ 'ਚ ਆਈਆਂ ਹਨ।

ਉਸ ਦੇ ਹੱਥੋਂ ਮਾਰਿਆ ਗਿਆ 20 ਕੁ ਸਾਲ ਦਾ ਨੌਜਵਾਨ ਵਿਕਾਸ ਕਪੂਰ ਮੂਲ ਰੂਪ 'ਚ ਦਿੱਲੀ ਦੇ ਪੀਤਮਪੁਰਾ ਤੋਂ ਸੀ ਜਿਸ ਨੂੰ ਯਤੀਮ ਹੋਣ ਕਾਰਨ ਕੋਈ ਵਿਅਕਤੀ ਫਗਵਾੜੇ ਲੈ ਆਇਆ ਸੀ। ਵੱਡਾ ਹੋ ਕੇ ਉਹ ਆਪਣੀ ਦਾਦੀ ਕੋਲ ਦਿੱਲੀ ਚਲਾ ਗਿਆ। ਦਾਦੀ ਦੀ ਮੌਤ ਤੋਂ ਬਾਅਦ ਯਤੀਮ ਹੋਣ ਕਾਰਨ ਸੋਨੀਪਤ ਦੇ ਯਤੀਮਖ਼ਾਨੇ ਵਿਚ ਰਿਹਾ ਅਤੇ ਉਥੋਂ ਲਾਪਤਾ ਹੈ। ਇਹ ਰਹੱਸ ਬਣਿਆ ਹੋਇਆ ਹੈ ਕਿ ਉਹ ਫਗਵਾੜਾ ਦੇ ਉਪਰੋਕਤ ਗੁਰਦੁਆਰੇ 'ਚ ਕਿਵੇਂ ਪਹੁੰਚਿਆ। ਕਹਾਣੀ ਇਹ ਵੀ ਪੇਸ਼ ਕੀਤੀ ਜਾ ਰਹੀ ਹੈ ਕਿ 'ਨਿਹੰਗ' ਮੰਗੂ ਮਠ ਯਾਤਰਾ ਦੌਰਾਨ ਰਾਤ ਗੁਰਦੁਆਰੇ 'ਚ ਰੁਕਿਆ ਸੀ ਪਰ ਨੌਜਵਾਨ ਨੂੰ ਕਤਲ ਕਰਨ ਤੋਂ ਪਹਿਲਾਂ ਬਣਾਏ ਵੀਡੀਓ ਕਲਿੱਪ ਯਾਤਰਾ ਦੀ ਕਹਾਣੀ ਦੀ ਪੋਲ ਖੋਲ੍ਹ ਦਿੰਦੇ ਹਨ। ਨੌਜਵਾਨ ਤੋਂ ਪੁੱਛਗਿੱਛ ਦੇ ਸਵਾਲਾਂ-ਜਵਾਬਾਂ ਤੋਂ ਇਹ ਗੱਲ ਗੁੱਝੀ ਨਹੀਂ ਰਹਿੰਦੀ ਕਿ ਗੁਰਦੁਆਰੇ ਦੇ ਅੰਦਰ ਆਉਣ ਤੋਂ ਪਹਿਲਾਂ ਉਨ੍ਹਾਂ ਦਾ ਆਪਸ 'ਚ ਮੇਲ-ਮਿਲਾਪ ਹੋ ਚੁੱਕਾ ਸੀ। ਇਸ ਕਹਾਣੀ 'ਚ ਸੁੱਖੀ ਨਾਂ ਦੇ ਇਕ ਵਿਅਕਤੀ ਦਾ ਜ਼ਿਕਰ ਵੀ ਆਇਆ ਹੈ। ਇੰਝ ਜਾਪਦਾ ਹੈ ਕਿ ਇਹ ਬਦਕਿਸਮਤ ਗਰੀਬ ਕਿਸੇ ਤਰ੍ਹਾਂ ਇਸ ਗਰੋਹ ਦੇ ਕਾਬੂ ਆ ਗਿਆ ਅਤੇ ਉਨ੍ਹਾਂ ਨੇ ਮੁਲਕ ਦੇ ਮੌਜੂਦਾ ਹਾਲਾਤ 'ਚ ਫਿਰਕੂ ਫ਼ਸਾਦ ਕਰਾਉਣ, ਫੋਕੀ ਸ਼ੁਹਰਤ ਹਾਸਲ ਕਰਨ ਜਾਂ ਕਿਸੇ ਹੋਰ ਸੌੜੇ ਹਿਤ ਲਈ ਬੇਅਦਬੀ ਦੀ ਕਹਾਣੀ ਘੜ ਕੇ ਉਸ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਕਤਲ ਤੋਂ ਬਾਅਦ 'ਨਿਹੰਗ' ਨੇ ਟਵਿੱਟਰ ਉਪਰ ਵੀਡੀਓ ਸ਼ੇਅਰ ਕੀਤੀ। ਗੁਰਦੁਆਰੇ ਦੇ 'ਸੇਵਾਦਾਰ' ਦੀ ਵੀ ਇਸ ਵਿਚ ਕੋਈ ਮਿਲੀਭੁਗਤ ਸੀ ਜਾਂ ਨਹੀਂ, ਇਸ ਬਾਰੇ ਅਜੇ ਕੁਝ ਵੀ ਸਪਸ਼ਟ ਨਹੀਂ।

ਗੁਰਦੁਆਰੇ ਦੇ ਮੁੱਖ ਸੇਵਾਦਾਰ ਵੱਲੋਂ ਲਿਖਾਈ ਐੱਫ.ਆਈ.ਆਰ., ਮਾਰੇ ਜਾਣ ਵਾਲੇ ਨੌਜਵਾਨ ਤੋਂ ਪੁੱਛਗਿੱਛ ਦੌਰਾਨ ਬਣਾਈ ਵੀਡੀਓ ਕਲਿੱਪ, ਪੁਲਿਸ ਅਧਿਕਾਰੀਆਂ ਦੇ ਬਿਆਨਾਂ ਅਤੇ ਮੌਕੇ ਦੇ ਹਾਲਾਤ ਅਨੁਸਾਰ ਉਥੇ ਕੋਈ ਬੇਅਦਬੀ ਨਹੀਂ ਹੋਈ। ਬੇਅਦਬੀ ਤਾਂ ਛੱਡੋ, ਬੇਅਦਬੀ ਦੀ ਕੋਈ ਕੋਸ਼ਿਸ਼ ਵੀ ਸਾਹਮਣੇ ਨਹੀਂ ਆਈ। ਅਸਲ ਸਾਜ਼ਿਸ਼ ਸ਼ਾਇਦ ਹੀ ਸਾਹਮਣੇ ਆਵੇ ਕਿਉਂਕਿ ਇਸ ਸਾਜ਼ਿਸ਼ ਦਾ ਗਵਾਹ ਮਾਰ ਦਿੱਤਾ ਗਿਆ। ਮੰਗੂ ਮਠ ਜਿਸ ਨੇ ਪਹਿਲਾਂ ਇਹ ਕਿਹਾ ਕਿ ਉਸ ਨੇ ਵਿਕਾਸ ਕਪੂਰ ਨੂੰ ਬੇਅਦਬੀ ਕਰਨ ਦੀ ਮਨਸ਼ਾ ਨਾਲ ਆਇਆ ਹੋਣ ਕਾਰਨ ਮਾਰਿਆ, ਨੇ ਬਾਅਦ 'ਚ ਕਾਨੂੰਨੀ ਬਚਾਅ ਲਈ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਸਵੈ-ਰੱਖਿਆ ਕਰਦਿਆਂ ਉਸ ਦੇ ਹੱਥੋਂ ਮਾਰਿਆ ਗਿਆ ਕਿਉਂਕਿ ਉਸ ਨੇ ਸ਼ਸਤਰ ਖੋਹਣ ਲਈ ਹਮਲਾ



ਕਰ ਦਿੱਤਾ ਸੀ। ਕਾਤਲ ਕਦੇ ਵੀ ਅਸਲ ਸਾਜ਼ਿਸ਼ ਨਹੀਂ ਦੱਸੇਗਾ। ਇਹ ਹੁਣ ਪੁਲਿਸ ਅਧਿਕਾਰੀਆਂ ਉਪਰ ਮੁਨੱਸਰ ਹੈ ਕਿ ਤਫ਼ਤੀਸ਼ ਦੌਰਾਨ ਸਾਹਮਣੇ ਆਈ ਸਾਜ਼ਿਸ਼ ਅਤੇ ਸਾਜ਼ਿਸ਼ ਘਾੜਿਆਂ ਨੂੰ ਉਹ ਸਾਹਮਣੇ ਲਿਆਉਣਾ ਚਾਹੁਣਗੇ ਜਾਂ ਨਹੀਂ; ਜਾਂ ਕਹਾਣੀ ਨੂੰ ਕਿਸ ਹੱਦ ਤੱਕ ਨਸ਼ਰ ਕਰਨਾ ਚਾਹੁਣਗੇ।

ਇਹ ਸਿੱਖ ਅਕੀਦੇ ਵਾਲੇ ਸਾਧਾਰਨ ਵਿਅਕਤੀਆਂ ਵੱਲੋਂ ਧਾਰਮਿਕ ਭਾਵਨਾਵਾਂ ਦੇ ਵਹਿਣ 'ਚ ਵਹਿ ਕੇ ਕੀਤੇ ਕਤਲ ਨਹੀਂ ਹਨ। ਫਿਰ ਸਵਾਲ ਇਹ ਹੈ ਕਿ ਅਜਿਹੇ ਜਰਾਇਮਪੇਸ਼ਾ ਪਿਛੋਕੜ ਵਾਲਿਆਂ ਦੀਆਂ 'ਧਾਰਮਿਕ ਭਾਵਨਾਵਾਂ' ਐਨੀ ਛੇਤੀ ਕਿਉਂ ਭੜਕ ਜਾਂਦੀਆਂ ਹਨ ਕਿ ਕਥਿਤ ਬੇਅਦਬੀ ਕਾਂਡਾਂ ਦੀ ਕੋਈ ਨਿਰਪੱਖ ਜਾਂਚ ਕੀਤੇ ਜਾਣ ਤੋਂ ਪਹਿਲਾਂ ਹੀ ਅਜਿਹੇ ਅਨਸਰ ਖ਼ੁਦ ਹੀ ਜੱਜ ਅਤੇ ਜਲਾਦ ਬਣ ਕੇ ਮੌਤ ਦੀ ਸਜ਼ਾ ਦੇਣਾ ਆਪਣਾ ਅਧਿਕਾਰ ਸਮਝਦੇ ਹਨ। ਇਸ ਦਾ ਕਾਰਨ ਇਨ੍ਹਾਂ ਵੱਲੋਂ ਧਾਰਮਿਕ ਭਾਵਨਾਵਾਂ ਦੇ ਬਹਾਨੇ ਹਥਿਆਇਆ ਹਜੂਮੀ ਹਿੰਸਾ ਦਾ ਅਧਿਕਾਰ ਹੈ ਜੋ 'ਸੋਧਾ ਲਾਉਣ' ਦੀ ਕਥਿਤ ਪਰੰਪਰਾ ਦਾ ਸਹਾਰਾ ਲੈਂਦੇ ਹਨ। ਕੁਝ ਸਿੱਖ ਗਰੁੱਪ ਇਨ੍ਹਾਂ ਕਤਲਾਂ ਨੂੰ 'ਪੰਥ ਵੱਲੋਂ ਦਿੱਤੀ ਸਜ਼ਾ' ਦੱਸਦੇ ਹਨ। ਇਤਿਹਾਸ ਵਿਚ ਸਿੱਖ ਲਹਿਰ ਵੱਲੋਂ ਜ਼ਾਲਮ ਦੁਸ਼ਟਾਂ ਨੂੰ ਦਿੱਤੀਆਂ ਮੌਤ ਦੀਆਂ ਸਜ਼ਾਵਾਂ ਬਿਲਕੁਲ ਵੱਖਰੀ ਤਰ੍ਹਾਂ ਦੀਆਂ ਸਨ ਜਿਨ੍ਹਾਂ ਦੀ ਮਿਸਾਲ ਦੇ ਕੇ ਮੌਜੂਦਾ ਕਤਲਾਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਅਨਿਆਂਕਾਰੀ ਸਟੇਟ ਦੀ ਲੋਕ ਵਿਰੋਧੀ ਭੂਮਿਕਾ ਇਸ ਨੂੰ ਵਾਜਬੀਅਤ ਮੁਹੱਈਆ ਕਰਦੀ ਹੈ ਕਿ ਕਾਨੂੰਨ ਰਾਹੀਂ ਕਿਹੜਾ ਨਿਆਂ ਮਿਲਦਾ ਹੈ, ਇਸ ਲਈ 'ਪੰਥ' ਵੱਲੋਂ ਤੱਤ ਫੱਟ ਨਿਆਂ ਕਰਨਾ ਹੀ ਦਰੁਸਤ ਹੈ। ਬਰਗਾੜੀ ਬੇਅਦਬੀ ਕਾਂਡ 'ਚ ਸਰਕਾਰ ਅਤੇ ਪੁਲਿਸ ਦੀ ਭੂਮਿਕਾ ਜੱਗ ਜ਼ਾਹਿਰ ਹੈ। ਹਕੂਮਤ ਅਤੇ ਰਾਜ ਮਸ਼ੀਨਰੀ ਦੀਆਂ ਗਿਣਤੀਆਂ-ਮਿਣਤੀਆਂ, ਲੋਕਾਂ ਨੂੰ ਆਪਸ 'ਚ ਲੜਾ ਕੇ ਰੱਖਣ ਦੀਆਂ ਸ਼ਾਤਰ ਚਾਲਾਂ ਕਾਨੂੰਨੀ ਅਮਲ ਉਪਰ ਬੇਭਰੋਸਗੀ ਦੇ ਆਲਮ 'ਚ ਵਹਿਸ਼ੀ ਕਤਲਾਂ ਦੀ ਦਲੀਲ ਨੂੰ ਆਧਾਰ ਮੁਹੱਈਆ ਕਰਦੀਆਂ ਹਨ। ਹਕੂਮਤੀ ਤਾਕਤਾਂ ਦੇ ਸੌੜੇ ਹਿਤਾਂ ਨੂੰ ਕਾਨੂੰਨ ਹੱਥ ਲੈਣ ਦਾ ਇਹ ਅਰਾਜਕ ਵਰਤਾਰਾ ਪੂਰੀ ਤਰ੍ਹਾਂ ਰਾਸ ਆਉਂਦਾ ਹੈ। ਜਿਸ ਨੂੰ ਆਮ ਲੋਕਾਈ ਦੇ ਸੰਘਰਸ਼ ਰਾਹੀਂ ਨਿਆਂ ਦੇ ਜਾਇਜ਼ ਤਰੀਕੇ ਉਪਰ ਝਪਟਣ ਤੇ ਜਬਰ ਢਾਹੁਣ ਲਈ ਸੌਖਿਆਂ ਹੀ ਵਰਤਿਆ ਜਾ ਸਕਦਾ ਹੈ।

ਬੇਸ਼ੱਕ ਅਜਿਹੀਆਂ ਸਾਰੀਆਂ ਹੀ ਘਟਨਾਵਾਂ ਦੇ ਸਮੇਂ ਆਮ ਲੋਕ ਭੜਕਾਹਟ 'ਚ ਨਹੀਂ ਆਏ ਅਤੇ ਫਿਰਕੂ ਟਕਰਾਅ ਖੜ੍ਹਾ ਹੋਣ ਤੋਂ ਬਚਾਅ ਰਿਹਾ, ਇਸ ਦੇ ਬਾਵਜੂਦ ਸਿੱਖ ਭਾਈਚਾਰੇ ਦੇ ਇਕ ਹਿੱਸੇ ਵੱਲੋਂ 'ਸੋਧਾ ਲਾਉਣ' ਨੂੰ ਜਾਇਜ਼ ਠਹਿਰਾਉਣ ਅਤੇ ਇਨ੍ਹਾਂ ਕਤਲਾਂ ਦੇ ਜਸ਼ਨ ਮਨਾਉਣ ਦਾ ਰੁਝਾਨ ਬਹੁਤ ਹੀ ਖ਼ਤਰਨਾਕ ਹੈ। ਫਗਵਾੜਾ ਕਤਲ ਕਾਂਡ ਦੇ ਮੁਜਰਿਮ ਵੱਲੋਂ ਆਤਮ-ਸਮਰਪਣ ਕੀਤੇ ਜਾਣ ਸਮੇਂ ਫੁੱਲਾਂ ਦੀ ਵਰਖਾ ਕੀਤੀ ਗਈ। ਅਜਿਹੇ ਕਤਲਾਂ ਸਮੇਂ ਕੁਝ ਹਿੱਸਿਆਂ ਵੱਲੋਂ 'ਸੋਧਾ ਲਾਉਣ' ਦੀ ਹਮਾਇਤ ਕਰਨ ਦੇ ਬਿਆਨ ਅਕਸਰ ਸੁਣਨ ਨੂੰ ਮਿਲਦੇ ਹਨ।

ਜੇ ਦਲੀਲ ਦੀ ਖ਼ਾਤਰ ਇਹ ਵੀ ਮੰਨ ਲਿਆ ਜਾਵੇ ਕਿ ਇਹ ਕਤਲ ਬਾਕਾਇਦਾ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਨਹੀਂ ਕੀਤੇ ਗਏ, ਤਾਂ ਵੀ ਬੇਅਦਬੀ ਦੀਆਂ ਲਗਾਤਾਰ ਘਟਨਾਵਾਂ ਨੂੰ ਰੋਕਣ ਦੀ ਜ਼ਰੂਰਤ ਇਹ ਮੰਗ ਕਰਦੀ ਹੈ ਕਿ ਇਨ੍ਹਾਂ ਘਟਨਾਵਾਂ ਦੀ ਡੂੰਘਾਈ 'ਚ ਜਾਂਚ ਹੋਵੇ, ਭੜਕਾਹਟ ਪੈਦਾ ਕਰਨ ਦੀ ਬਜਾਇ ਸੰਜੀਦਗੀ ਨਾਲ ਲੋਕ ਤਾਕਤ ਦਾ ਦਬਾਅ ਬਣਾ ਕੇ ਪੁਲਿਸ ਤੇ ਪ੍ਰਸ਼ਾਸਨ ਨੂੰ ਬਾਰੀਕੀ 'ਚ ਜਾਂਚ ਰਾਹੀਂ ਸਾਜ਼ਿਸ਼ਾਂ ਦੇ ਸੂਤਰਧਾਰਾਂ ਨੂੰ ਬੇਪਰਦ ਕਰਨ ਅਤੇ ਕਾਨੂੰਨੀ ਪ੍ਰਕਿਰਿਆ ਰਾਹੀਂ ਢੁੱਕਵੀਂਆਂ ਸਜ਼ਾਵਾਂ ਦੇਣ ਲਈ ਮਜਬੂਰ ਕੀਤਾ ਜਾਵੇ।

ਸਿੱਖ ਲਹਿਰ ਦਾ ਜ਼ੁਲਮਾਂ ਵਿਰੁੱਧ ਅਤੇ ਨਿਆਂ ਲਈ ਜੂਝਣ ਅਤੇ ਮਜ਼ਲੂਮਾਂ, ਨਿਤਾਣਿਆਂ ਦੇ ਹੱਕ 'ਚ ਜਾਨ ਦੀ ਬਾਜ਼ੀ ਲਾ ਕੇ ਡਟ ਕੇ ਲੜਨ ਦਾ ਸ਼ਾਨਦਾਰ ਇਤਿਹਾਸ ਹੈ। ਬਹਾਨੇ ਘੜ ਕੇ 'ਸੋਧਾ ਲਾਉਣ' ਦੀਆਂ ਕਾਰਵਾਈਆਂ ਸਿੱਖ ਲਹਿਰ ਦਾ ਕੁਝ ਸੰਵਾਰਨ ਦੀ ਬਜਾਏ ਸਿੱਖੀ ਨੂੰ ਬਦਨਾਮ ਹੀ ਕਰਦੀਆਂ ਹਨ। ਸਿੱਖ ਭਾਈਚਾਰੇ ਨੂੰ ਸਵਾਰਥੀ ਅਨਸਰਾਂ ਦੇ ਬਹਿਕਾਵੇ 'ਚ ਆਉਣ ਤੋਂ ਬਚਣਾ ਚਾਹੀਦਾ ਹੈ।

ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਅਜਿਹੇ 'ਸੋਧੇ ਲਾਉਣ' ਨਾਲ ਨਾ ਬੇਅਦਬੀ ਦੀਆਂ ਘਟਨਾਵਾਂ ਰੁਕੀਆਂ, ਨਾ ਰੁਕਣਗੀਆਂ ਅਤੇ ਨਾ ਇਨ੍ਹਾਂ ਪਿੱਛੇ ਕੰਮ ਕਰਦੀਆਂ ਸ਼ਾਤਰ ਤਾਕਤਾਂ ਬੇਪਰਦ ਹੋਣਗੀਆਂ। ਨਾ ਸਿੱਖ ਵਿਚਾਰਧਾਰਾ ਬੇਕਸੂਰਾਂ, ਨਿਤਾਣਿਆਂ, ਨਿਹੱਥਿਆਂ ਨੂੰ ਕਤਲ ਕਰਨ ਦੀ ਇਜਾਜ਼ਤ ਦਿੰਦੀ ਹੈ ਅਤੇ ਨਾ ਬੇਅਦਬੀ ਦੇ ਵਰਤਾਰੇ ਨੂੰ ਰੋਕਣ ਲਈ ਅਜਿਹੀਆਂ ਸਾਜ਼ਿਸ਼ਾਂ ਦੇ ਬੇਪਰਦ ਹੋਣ ਦੀ ਜ਼ਰੂਰਤ ਇਸ ਦੀ ਇਜਾਜ਼ਤ ਦਿੰਦੀ ਹੈ।

ਗੁਰਮਤਿ ਦੇ ਤਰਕਪੂਰਨ ਮਾਪਦੰਡਾਂ ਅਤੇ ਬੁਨਿਆਦੀ ਅਸੂਲਾਂ ਤੋਂ ਸੇਧ ਲੈਂਦੇ ਹੋਏ ਆਮ ਸਿੱਖ ਨੂੰ ਅਜਿਹੀਆਂ ਆਪਹੁਦਰੀਆਂ, ਅਰਾਜਕ ਕਾਰਵਾਈਆਂ ਅਤੇ ਇਨ੍ਹਾਂ ਪਿੱਛੇ ਕੰਮ ਕਰਦੇ ਦਿਮਾਗਾਂ ਤੋਂ ਸੁਚੇਤ ਵੀ ਹੋਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਵਿਰੋਧ ਵੀ ਕਰਨਾ ਚਾਹੀਦਾ ਹੈ। ਸਿੱਖ ਭਾਈਚਾਰੇ ਨੂੰ ਇਸ ਸਵਾਲ ਦਾ ਜਵਾਬ ਵੀ ਲੱਭਣਾ ਚਾਹੀਦਾ ਹੈ ਕਿ ਅਜੀਤ ਪੂਹਲੇ, ਅਮਨ, ਰਮਨ ਵਰਗੇ ਜਰਾਇਮਪੇਸ਼ਾ ਟੋਲਿਆਂ ਨੂੰ ਨਿਹੰਗ ਸਿੰਘਾਂ ਦੇ ਭੇਸ ਦੀ ਓਟ ਲੈਣ ਦੀ ਇਜਾਜ਼ਤ ਕਿਉਂ ਹੈ?

# ਸਿੱਖਿਆ ਖੇਤਰ ਦੀਆਂ ਹਾਕਾਂ

ਕਿਸੇ ਵੀ ਆਰਥਿਕਤਾ ਨੂੰ ਵਿਕਾਸ ਦੇ ਰਾਹ 'ਤੇ ਤੋਰਨ ਲਈ ਉਸ ਸਮਾਜ ਦੀਆਂ ਮੁੱਢਲੀਆਂ ਜ਼ਰੂਰਤਾਂ ਰੋਟੀ, ਕੱਪੜਾ, ਮਕਾਨ, ਚੰਗੀ ਸਿਹਤ ਤੇ ਸਿੱਖਿਆ ਅਹਿਮ ਹਨ ਪਰ ਸਾਡੇ ਪੰਜਾਬ ਦੀ ਤਰਾਸਦੀ ਇਹ ਹੈ ਕਿ ਇਥੋਂ ਦੇ ਨੌਜਵਾਨ ਨੂੰ ਚੰਗੀ ਸਿੱਖਿਆ ਲੈਣ ਲਈ ਵਿਦੇਸ਼ ਦੀ ਚੋਣ ਕਰਨੀ ਪੈ ਰਹੀ ਹੈ। ਇਥੇ ਸਵਾਲ ਇਹ ਹੈ ਕਿ ਨੌਜਵਾਨ ਪੀੜ੍ਹੀ ਪੰਜਾਬ ਵਿਚ ਰਹਿ ਕੇ ਅਧਿਆਪਕ, ਡਾਕਟਰ, ਇੰਜਨੀਅਰ, ਅਫਸਰ ਬਣਨ ਦੀ ਇੱਛਾ ਕਿਉਂ ਨਹੀਂ ਰੱਖ ਰਹੀ ? ਇਸ

**ਜੀਵਨਪ੍ਰੀਤ ਕੌਰ**
**ਫੋਨ: +91-84370-10461**

ਸਵਾਲ ਦੇ ਮੂਲ ਕਾਰਨਾਂ ਵਿਚੋਂ ਇਕ ਇਹ ਹੈ ਕਿ ਨੌਜਵਾਨਾਂ ਨੂੰ ਪੰਜਾਬ 'ਚ ਰਹਿ ਕਿ ਆਪਣੇ ਰੁਜ਼ਗਾਰ ਬਾਰੇ ਚਿੰਤਾ ਹੈ।

ਇਹ ਵਰਤਾਰਾ ਇੱਕ ਜਾਂ ਦੋ ਦਿਨ ਵਿਚ ਨਹੀਂ ਵਾਪਰਿਆ ਸਗੋਂ ਪਿਛਲੇ ਲੰਮੇ ਸਮੇਂ ਤੋਂ ਸਾਡੇ ਮਨਾਂ ਵਿਚ ਭਵਿੱਖ ਨੂੰ ਲੈ ਕਿ ਚਿੰਤਾ ਪੈਦਾ ਕੀਤੀ ਗਈ ਹੈ। ਹਰ ਮਹਿਕਮੇ ਵਿਚ ਆਰਜੀ ਭਰਤੀ ਕੀਤੀ ਜਾਂਦੀ ਰਹੀ ਹੈ ਅਤੇ ਜਦੋਂ ਬੇਰੁਜ਼ਗਾਰ ਜਾਂ ਕੱਚੇ ਮੁਲਾਜ਼ਮ ਆਪਣੀਆਂ ਮੰਗਾਂ ਸਬੰਧੀ ਧਰਨੇ ਲਗਾਉਂਦੇ ਹਨ ਤਾਂ ਉਨ੍ਹਾਂ 'ਤੇ ਲਾਠੀਚਾਰਜ ਕਰ ਕੇ ਭਾਰੀ ਤਸ਼ੱਦਦ ਕੀਤਾ ਜਾਂਦਾ ਹੈ। ਇਥੇ ਕਸੂਰ ਸਰਕਾਰਾਂ ਦਾ ਹੈ ਜਿਨ੍ਹਾਂ ਦੀਆਂ ਨੀਅਤਾਂ ਤੇ ਨੀਤੀਆਂ ਦੀ ਖੋਟ ਦੇ ਨਤੀਜੇ ਵਜੋਂ ਹੌਲੀ-ਹੌਲੀ ਨੌਜਵਾਨਾਂ ਦੇ ਮਨਾਂ ਨੂੰ ਪੰਜਾਬ ਤੋਂ ਮੋੜ ਕੇ ਵਿਦੇਸ਼ਾਂ ਵੱਲ ਕੀਤਾ ਗਿਆ। ਇਸ ਦੇ ਨਤੀਜੇ ਵਜੋਂ ਹੀ ਕੁਝ ਸਮੇਂ ਪਹਿਲਾਂ ਫਿਰੋਜ਼ਪੁਰ ਦੇ ਕਾਲਜ 'ਚੋਂ ਲੰਮੇ ਸਮੇਂ ਤੋਂ ਨੌਕਰੀ ਕਰ ਰਹੇ ਪ੍ਰੋਫੈਸਰਾਂ ਨੂੰ ਫਾਰਗ ਕਰ ਦੇਣਾ ਕਿਸੇ ਇੱਕ ਕਾਲਜ ਦਾ ਮੁੱਦਾ ਨਾ ਹੋ ਕਿ ਪੰਜਾਬ ਦੇ ਕਈ ਕਾਲਜਾਂ ਦਾ ਭਵਿੱਖ ਹੋ ਸਕਦਾ ਹੈ। ਅੱਜ ਜਿਸ ਗਿਣਤੀ ਵਿਚ ਨੌਜਵਾਨ ਬਾਰ੍ਹਵੀਂ ਕਰ ਕੇ ਵਿਦੇਸ਼ੀ ਜਹਾਜ਼ ਚੜ੍ਹ ਰਹੇ ਹਨ, ਉਸੇ ਗਿਣਤੀ ਵਿਚ ਪੰਜਾਬ ਦੇ ਕਾਲਜਾਂ ਦੇ ਦਾਖਲਿਆਂ ਵਿਚ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਕਮੀ ਆ ਰਹੀ ਹੈ। ਸਿੱਖਿਆ ਨੂੰ ਸਿਰਫ ਮੁਨਾਫੇਖੋਰੀ ਦੇ ਸੌਦੇ ਵਜੋਂ ਵੇਖਣ ਵਾਲੇ ਪ੍ਰਬੰਧਕਾਂ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਜੜੇ ਬਾਗ਼ਾਂ ਨੂੰ ਹੋਰ ਉਜੜਨ ਤੋਂ ਬਚਾਅ ਲਿਆ ਜਾਵੇ।

ਉਚੇਰੀ ਸਿੱਖਿਆ ਇੱਕ ਹੋਰ ਮਾੜੇ ਰੁਝਾਨ ਵੱਲ ਵਧ ਰਹੀ ਹੈ। ਕਾਲਜਾਂ ਵਿਚ ਸੇਵਾਮੁਕਤ ਹੋਏ ਪ੍ਰੋਫੈਸਰ ਸਾਹਿਬਾਨ ਨੂੰ ਰਿਸੋਰਸ ਪਰਸਨ ਨਿਯੁਕਤ ਕਰਨ ਲਈ ਇਸ਼ਤਿਹਾਰ ਦੇਣਾ ਇਸੇ ਦੀ ਸ਼ੁਰੂਆਤ ਹੈ ਜਿਸ ਦੇ ਨਤੀਜੇ ਆਉਣ ਵਾਲੇ ਸਮੇਂ ਵਿਚ ਉਚ ਸਿੱਖਿਆ ਪ੍ਰਾਪਤ ਨੌਜਵਾਨ ਵਰਗ ਭੁਗਤੇਗਾ ਕਿਉਂਕਿ ਪੀ.ਐੱਚ.ਡੀ. ਤੇ ਕੌਮੀ ਪੱਧਰ ਦੀ ਪ੍ਰੀਖਿਆ ਨੈੱਟ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸੇਵਾ ਕਰਨ ਤੋਂ ਪਹਿਲਾਂ ਹੀ ਸੇਵਾਮੁਕਤੀ ਦੇ ਦਿੱਤੀ ਗਈ ਹੈ। ਦੂਜੇ ਪਾਸੇ ਪਿਛਲੀ ਸਰਕਾਰ ਦੁਆਰਾ 1158 ਸਹਾਇਕ ਪ੍ਰੋਫੈਸਰਾਂ ਦੀ ਭਰਤੀ ਸਰਕਾਰਾਂ ਦੀਆਂ ਨਲਾਇਕੀਆਂ ਕਹਿ ਲਵੋ ਜਾਂ ਤਕਨੀਕੀ ਕਾਰਨਾਂ ਕਰ ਕੇ ਪੂਰੀ ਨਹੀਂ ਹੋ ਸਕੀ। ਜੋ ਨੌਜਵਾਨ ਪ੍ਰੀਖਿਆ ਦੀ ਪ੍ਰਕਿਰਿਆ ਪਾਸ ਕਰ ਕੇ ਪਹੁੰਚੇ ਸਨ, ਉਨ੍ਹਾਂ ਲਈ ਤਕਨੀਕੀ ਘਾਟ ਸੀ ਤੇ ਦੂਜੇ ਪਾਸੇ ਸੇਵਾਮੁਕਤ ਵਿਅਕਤੀ ਨੂੰ ਦੁਬਾਰਾ ਨੌਕਰੀ 'ਤੇ ਰੱਖਣਾ ਕਿਹੜੇ ਨੁਕਤੇ ਅਧੀਨ ਆਉਂਦਾ ਹੈ?

ਇਹ ਸਮੱਸਿਆ ਕਾਲਜਾਂ ਤੋਂ ਹੁੰਦੇ ਹੋਏ ਸਕੂਲਾਂ ਵਿਚ ਵੀ ਆ ਗਈ ਹੈ। ਬਾਰ੍ਹਵੀਂ ਤੱਕ ਦੇ ਸਕੂਲਾਂ ਵਿਚ ਸੇਵਾਮੁਕਤ ਹੋਏ ਅਧਿਆਪਕਾਂ ਨੂੰ ਦੁਬਾਰਾ ਕਲਾਸਾਂ ਦੇਣੀਆਂ ਇਸੇ ਨਵੇਂ ਰੁਝਾਨ ਦਾ ਹਿੱਸਾ ਹੈ। ਆਜ਼ਾਦੀ ਦੀ ਪੌਣੀ ਸਦੀ ਬੀਤਣ 'ਤੇ ਵੀ ਅਸੀਂ ਸਿੱਖਿਆ ਦੇ ਮਿਆਰ ਨੂੰ ਇੰਨਾ ਮਜ਼ਬੂਤ ਨਹੀਂ ਕਰ ਸਕੇ ਤਾਂ ਹੀ ਸਾਨੂੰ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਨੂੰ ਰੰਗ-ਬਿਰੰਗੇ ਬਣਾ ਕੇ ਦੱਸਣਾ ਪੈਂਦਾ ਹੈ ਕਿ ਇਹ ਸਮਾਰਟ ਸਕੂਲ ਹੈ ਜਾਂ ਸਕੂਲ ਆਫ ਐਮੀਨੈਂਸ ਚੁਣਿਆ ਗਿਆ ਹੈ।

ਦੋ ਸਾਲ ਪਹਿਲਾਂ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਤੋਂ ਲੋਕਾਂ ਨੂੰ ਬਹੁਤ ਉਮੀਦਾਂ ਹਨ ਪਰ ਇਹ ਉਮੀਦਾਂ ਦਿਨੋ-ਦਿਨ ਟੁੱਟਦੀਆਂ ਨਜ਼ਰ ਆ ਰਹੀਆਂ ਹਨ। ਪੰਜਾਬ ਸਰਕਾਰ ਨੂੰ ਮੁੱਖ ਸਮੱਸਿਆਵਾਂ ਨੌਜਵਾਨਾਂ ਦਾ ਨਸ਼ੇ ਦੇ ਦਰਿਆ ਵਿਚ ਗੋਤੇ ਲਗਾਉਣਾ ਜਾਂ ਸੱਤ ਸਮੁੰਦਰ ਪਾਰ ਕਰ ਕੇ ਰੁਜ਼ਗਾਰ ਦੀ ਭਾਲ ਵਿਚ ਭਟਕਣ ਦੇ ਇਸ ਚਿੰਤਾਜਨਕ ਵਿਸ਼ੇ ਨੂੰ ਗਹੁ ਨਾਲ ਵਿਚਾਰਨ ਦੀ ਜ਼ਰੂਰਤ ਹੈ, ਜਦੋਂ ਕੋਈ ਸਮਾਜ ਜਵਾਨੀ ਤੋਂ ਵਿਹੂਣਾ ਹੋ ਰਿਹਾ ਹੋਵੇ ਤਾਂ ਉਥੇ 'ਰੰਗਲੇ ਪੰਜਾਬ' ਦੇ ਜਸ਼ਨ ਮਨਾਉਣੇ ਅਰਥਹੀਣ ਲੱਗਦੇ ਹਨ। ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਨੌਜਵਾਨ ਪੀੜ੍ਹੀ ਨੂੰ ਸਾਂਭ ਲਿਆ ਜਾਵੇ ਅਤੇ ਵਿਦੇਸ਼ਾਂ ਵੱਲ ਆਕਰਸ਼ਿਤ ਹੋ ਰਹੀ ਜਵਾਨੀ ਨੂੰ ਪੰਜਾਬ ਵਿਚ ਉਚਿਤ ਮਾਹੌਲ ਦੇ ਕੇ ਇੱਥੇ ਹੀ ਰੋਕਿਆ ਜਾਵੇ। ਇਥੇ ਸਾਨੂੰ ਵੀ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਸਾਨੂੰ ਆਪਣੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਇਕਜੁੱਟ ਹੋ ਕੇ ਹੀ ਆਪਣੇ ਹੱਕ ਹਾਸਲ ਕਰਨੇ ਪੈਣਗੇ। ਇਸ ਕਰ ਕੇ ਸਾਨੂੰ ਵੀ ਚਾਹੀਦਾ ਹੈ ਕਿ ਆਪਣੀ ਸੂਝ-ਬੂਝ ਨੂੰ ਕਾਇਮ ਰੱਖ ਕੇ ਆਪਣੇ ਸੰਵਿਧਾਨਕ ਹੱਕ ਨੂੰ ਮੁੱਦੇ ਬਣਾ ਕੇ ਹੱਲ ਕਰਵਾਉਣ ਲਈ ਵਰਤਿਆ ਜਾਵੇ।

## ਰਾਮ ਦੀ ਪੁਨਰ-ਰਚਨਾ

# ਬ੍ਰਾਹਮਣਵਾਦੀ ਸਰਵਉੱਚਤਾ ਉਤਸ਼ਾਹਿਤ ਕਰਨ ਦਾ ਸਾਧਨ

***ਅਯੁੱਧਿਆ ਵਿਚ 22 ਜਨਵਰੀ ਨੂੰ ਬਾਬਰੀ ਮਸਜਿਦ ਵਾਲੀ ਜਗ੍ਹਾ ਬਣਾਏ ਜਾ ਰਹੇ ਰਾਮ ਮੰਦਰ ਅਤੇ ਇਸ ਅਧੂਰੇ ਮੰਦਰ ਵਿਚ 2024 ਦੀਆਂ ਆਮ ਚੋਣਾਂ ਤੋਂ ਐਨ ਪਹਿਲਾਂ ਨਰਿੰਦਰ ਮੋਦੀ ਵੱਲੋਂ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨਾਲ ਮਿਲ ਕੇ ਕੀਤੀ 'ਪ੍ਰਾਣ ਪ੍ਰਤਿਸ਼ਠਾ' ਦਾ ਦੂਰਗਾਮੀ ਮਨੋਰਥ ਕੀ ਹੈ, 'ਕਾਰਵਾਂ' ਰਸਾਲੇ ਦੇ ਸਟਾਫ ਮੈਂਬਰ ਸਾਗਰ ਦੀ ਇਹ ਟਿੱਪਣੀ ਗ਼ੌਰਤਲਬ ਹੈ। 'ਕਾਰਵਾਂ' ਆਪਣੀਆਂ ਖੋਜੀ ਰਿਪੋਰਟਾਂ ਲਈ ਜਾਣਿਆ ਜਾਂਦਾ ਹੈ। ਟਿੱਪਣੀ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਸਾਗਰ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

25 ਨਵੰਬਰ 2023 ਨੂੰ ਮੱਧ ਪ੍ਰਦੇਸ਼ ਦੇ ਤੀਰਥ ਸਥਾਨ ਚਿਤਰਕੂਟ ਦੇ ਇਕ ਮੰਦਰ ਦੇ ਮੁੱਖ ਪੁਜਾਰੀ ਰਾਮਭੱਦਰਾਚਾਰੀਆ ਨੇ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਹਿੰਦੂ ਭਗਵਾਨ ਰਾਮ ਨੇ ਇਕ ਸਵੇਰੇ ਉਸ ਨੂੰ ਦੈਵੀ ਦਰਸ਼ਨ ਦਿੱਤੇ ਸਨ। ਉਸ ਅਨੁਸਾਰ, ਉਹ ਹਾਜ਼ਤ ਲਈ ਜਾਗਿਆ ਸੀ ਜਦੋਂ ਰਾਮ ਛੋਟੇ ਬੱਚੇ ਦੇ ਰੂਪ ਵਿਚ ਉਸ ਦੇ ਸਾਹਮਣੇ ਪ੍ਰਗਟ ਹੋਏ, ਉਸ ਨੂੰ ਬਾਥਰੂਮ ਵਿਚ ਲੈ ਗਏ ਅਤੇ ਫਿਰ ਉਸ ਦੇ ਨਾਲ ਬੈੱਡਰੂਮ ਵਿਚ ਵਾਪਸ ਆਏ। ਰਾਮਭੱਦਰਚਾਰੀਆ ਅੱਖਾਂ ਤੋਂ ਅੰਨ੍ਹਾ ਹੈ ਅਤੇ ਭਗਵਾਨ ਦੇ ਦਰਸ਼ਨ ਹੋਏ ਹੋਣ ਦਾ ਦਾਅਵਾ ਕਰਦਾ ਹੈ। ਇਕ ਸਵਰਨ (ਉਚ ਜਾਤੀ) ਪੱਤਰਕਾਰ ਸੁਧੀਰ ਚੌਧਰੀ ਜੋ ਸਾਰਥਕ ਕੰਮਾਂ ਦੇ ਵਿਰੁੱਧ ਸ਼ੋਅ ਕਰਨ ਲਈ ਬਦਨਾਮ ਹੈ, ਆਜ ਤਕ ਚੈਨਲ ਉੱਪਰ ਉਸ ਨੂੰ ਹੋਸਟ ਕਰ ਰਿਹਾ ਸੀ। ਚੌਧਰੀ ਨੇ ਸਿਰਫ਼ ਰਾਮਭੱਦਰਚਾਰੀਆ ਨੂੰ ਇਹ ਸਵਾਲ ਕਰਨ ਤੋਂ ਹੀ ਟਾਲਾ ਨਹੀਂ ਵੱਟਿਆ ਕਿ ਇਹ ਤਾਂ ਬਹੁਤ ਹੀ ਸਤਿਕਾਰਤ ਭਗਵਾਨ ਬਾਰੇ ਕੁਫ਼ਰ ਦੇ ਬਰਾਬਰ ਹੈ, ਉਸ ਨੇ ਪੁਜਾਰੀ ਨੂੰ 'ਗੁਰੂ ਜੀ' ਵੀ ਕਿਹਾ।

ਇਸ ਦੀ ਬਜਾਇ ਚੌਧਰੀ ਨੇ ਪੁਜਾਰੀ ਨੂੰ ਪੁੱਛਿਆ ਕਿ 22 ਜਨਵਰੀ ਨੂੰ ਰਾਮ ਮੰਦਰ ਦਾ ਜੋ ਮਹੂਰਤ ਕੀਤਾ ਜਾਣਾ ਹੈ, ਉਸ ਬਾਰੇ ਉਸ ਦਾ ਬ੍ਰਹਮ ਦਰਸ਼ਨ ਕੀ ਕਹਿੰਦਾ ਹੈ। ਰਾਮਭੱਦਰਾਚਾਰੀਆ ਨੇ ਕਿਹਾ ਕਿ ਰਾਮ ਨੇ ਉਸ ਨੂੰ ਕਿਹਾ ਕਿ "ਮੇਰੇ ਨਾਲ ਆ ਕੇ ਅੰਮ੍ਰਿਤ ਮਹੋਤਸਵ ਮਨਾਓ।" ਅੰਮ੍ਰਿਤ ਮਹੋਤਸਵ ਭਾਰਤ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨਾਂ ਬਾਰੇ ਪ੍ਰਚਲਤ ਕੀਤਾ ਸਰਕਾਰੀ ਸ਼ਬਦ ਹੈ ਪਰ ਦਰਅਸਲ ਇਹ ਬ੍ਰਾਹਮਣਵਾਦੀ ਸੰਸਕ੍ਰਿਤੀ ਦਾ ਪ੍ਰਚਾਰ ਕਰਨ ਦਾ ਸਾਧਨ ਹੈ।

ਮੱਧ ਪ੍ਰਦੇਸ਼ ਵਿਧਾਨ ਸਭਾ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਇਕ ਜਨਤਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੇਦਾਂ ਅਤੇ ਹੋਰ ਬ੍ਰਾਹਮਣੀ ਸਾਹਿਤ ਦੇ ਗਿਆਨ ਲਈ ਰਾਮਭੱਦਰਾਚਾਰੀਆ ਨੂੰ 'ਰਾਸ਼ਟਰੀ ਵਿਰਾਸਤ' ਐਲਾਨਿਆ ਸੀ। ਮੋਦੀ ਨੇ ਇਸ ਗੱਲ 'ਤੇ ਵੀ ਮਾਣ ਕੀਤਾ ਕਿ ਉਨ੍ਹਾਂ ਦੀ ਸਰਕਾਰ ਨੇ 2015 'ਚ ਰਾਮਭੱਦਰਾਚਾਰੀਆ ਨੂੰ ਦੇਸ਼ ਦੇ ਦੂਜੇ ਸਭ ਤੋਂ ਵੱਡੇ ਨਾਗਰਿਕ ਸਨਮਾਨ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਸੀ। ਉਸ ਦਿਨ ਮੋਦੀ ਦਾ ਧੰਨਵਾਦ ਕਰਦੇ ਹੋਏ ਰਾਮਭੱਦਰਾਚਾਰੀਆ ਨੇ ਕਿਹਾ ਕਿ ਉਸ ਨੇ ਰਾਮ ਨੂੰ ਕਿਹਾ ਸੀ ਕਿ ਉਹ ਆਪਣੇ ਲਈ ਅੱਖਾਂ ਨਹੀਂ ਸਗੋਂ ਭਾਰਤ ਵਿਚ ਦੁਬਾਰਾ ਜਨਮ ਲੈਣਾ ਚਾਹੁੰਦਾ ਹੈ- ਤੇ ਉਹ ਵੀ 'ਸਿਰਫ਼ ਬ੍ਰਾਹਮਣ ਵੰਸ਼ ਵਿਚ।'

ਰਾਮਭੱਦਰਾਚਾਰੀਆ ਇੱਕੋ-ਇਕ ਅਜਿਹਾ ਪੁਜਾਰੀ ਨਹੀਂ ਜਿਸ ਦੇ ਤਰਕਹੀਣ ਭਾਸ਼ਣਾਂ ਨੂੰ ਸਵਰਨ ਪੱਤਰਕਾਰਾਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਰਾਮ ਦੇ ਨਾਮ 'ਤੇ ਜਨਤਕ ਤੌਰ 'ਤੇ ਸਨਮਾਨਿਤ ਕੀਤਾ ਅਤੇ ਮੰਚ ਦਿੱਤਾ ਜਾ ਰਿਹਾ ਹੈ। ਪਿਛਲੇ ਕੁਝ ਹਫ਼ਤਿਆਂ ਤੋਂ ਜਿਉਂ ਹੀ ਮੰਦਰ ਦਾ ਮਹੂਰਤ ਨੇੜੇ ਆ ਰਿਹਾ ਸੀ, ਮੁੱਖਧਾਰਾ ਮੀਡੀਆ ਅਤੇ ਭਾਜਪਾ ਆਗੂ ਬ੍ਰਾਹਮਣ ਸਰਵਉੱਚਤਾ ਅਤੇ ਰਾਮ ਦੇ ਬ੍ਰਾਹਮਣਵਾਦੀ ਰੂਪ ਨੂੰ ਉਤਸ਼ਾਹਿਤ ਕਰ ਰਹੇ ਸਨ ਜਦੋਂਕਿ ਕਿਸੇ ਵੀ ਤਰਕਸ਼ੀਲ ਆਵਾਜ਼ ਉੱਪਰ ਸਿਆਸੀ, ਵਿਵਾਦਪੂਰਨ ਅਤੇ ਹਿੰਦੂ ਅਕੀਦਿਆਂ ਵਿਰੋਧੀ ਹੋਣ ਦਾ ਠੱਪਾ ਲਾ ਰਹੇ ਹਨ।

ਜਨਵਰੀ ਦੇ ਪਹਿਲੇ ਹਫ਼ਤੇ ਸ਼ੰਕਰਾਚਾਰੀਆ ਨਿਸ਼ਚਲਾਨੰਦ ਸਰਸਵਤੀ ਜੋ ਹਿੰਦੂ ਧਰਮ ਦੇ ਚਾਰ ਸਭ ਤੋਂ ਉੱਚੇ ਪੀਠ ਵਿਚੋਂ ਇਕ ਹੈ, ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਰਾਮ ਮੰਦਰ ਦੇ ਮਹੂਰਤ ਵਿਚ ਸ਼ਾਮਲ ਨਹੀਂ ਹੋਣਗੇ ਕਿਉਂਕਿ ਮੋਦੀ ਨੂੰ ਮੂਰਤੀ ਸਥਾਪਤ ਕਰਦੇ ਦੇਖਣਾ ਉਸ ਦੇ ਰੁਤਬੇ ਦੀ ਹੇਠੀ ਹੋਵੇਗਾ। ਉਸ ਦਾ ਮੰਨਣਾ ਸੀ ਕਿ ਸਥਾਪਨਾ ਸਿਰਫ਼ ਧਰਮਾਚਾਰੀਆ ਦੁਆਰਾ ਹੀ ਕੀਤੀ ਜਾ ਸਕਦੀ ਹੈ- ਇਕ ਬ੍ਰਾਹਮਣ ਬੰਦਾ ਜੋ ਹਿੰਦੂ ਮੱਤ ਦਾ ਅਧਿਕਾਰੀ ਹੈ। 2019 'ਚ ਮੋਦੀ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਸੀ ਕਿ ਉਹ ਅਤਿ ਪਿਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਹੈ। ਖ਼ਫ਼ਾ ਹੋਏ ਸਰਸਵਤੀ ਨੇ ਪੁੱਛਿਆ ਕਿ ਫਿਰ ਉਹ ਕੀ ਕਰੇ। "ਜਦੋਂ ਮੋਦੀ ਸਮਾਰੋਹ ਵਿਚ ਬੁੱਤ ਨੂੰ ਛੂਹੇਗਾ, ਕੀ ਤਾੜੀ ਵਜਾਏ?" ਸ਼ੰਕਰਾਚਾਰੀਆ ਜਾਤੀ ਵਿਵਸਥਾ ਦਾ ਪੱਕਾ ਹਮਾਇਤੀ ਰਿਹਾ ਹੈ। ਪੱਤਰਕਾਰਾਂ ਦੇ ਸਾਹਮਣੇ ਆਪਣੀ ਬ੍ਰਹਮ ਸ਼ਖ਼ਸੀਅਤ ਪੇਸ਼ ਕਰਦੇ ਹੋਏ ਸਰਸਵਤੀ ਨੇ ਕਿਹਾ, "ਮੈਂ ਭਗਵਤੀ ਸੀਤਾ (ਰਾਮ ਦੀ ਪਤਨੀ) ਨੂੰ ਆਪਣੀ ਬੜੀ ਭੈਣ ਸਮਝਦਾ ਸੀ ਪਰ ਇਕ ਵਾਰ, ਜਦੋਂ ਮੈਂ ਅੰਤਰ-ਧਿਆਨ ਸੀ ਤਾਂ ਸੀਤਾ ਨੇ ਮੈਨੂੰ ਕਿਹਾ ਕਿ ਮੈਂ ਉਸ ਨੂੰ ਆਪਣੀ ਛੋਟੀ ਭੈਣ ਮੰਨਾਂ।"



ਸੁਧੀਰ ਚੌਧਰੀ ਵਾਂਗ ਪੱਤਰਕਾਰਾਂ ਨੇ ਸਰਸਵਤੀ ਨੂੰ ਗੁਰੂਦੇਵ ਕਹਿ ਕੇ ਸੰਬੋਧਨ ਕੀਤਾ ਅਤੇ ਉਸ ਦੇ ਬਿਆਨਾਂ ਦਾ ਵਿਰੋਧ ਨਹੀਂ ਕੀਤਾ ਜਿਸ ਨੂੰ ਦੇਵ ਪੁਰਸ਼ਾਂ ਦੀ ਪੁਸ਼ਤ-ਪਨਾਹੀ ਮੰਨਿਆ ਜਾ ਸਕਦਾ ਹੈ। ਇਸ ਤੋਂ ਤੁਰੰਤ ਬਾਅਦ ਸਰਸਵਤੀ ਨੂੰ ਸੀ.ਐੱਨ.ਐੱਨ. ਨਿਊਜ਼ 18 ਦੇ ਸ਼ੋਅ ਵਿਚ ਬੁਲਾਇਆ ਗਿਆ ਜਿੱਥੇ ਉਸ ਨੇ ਦੱਸਿਆ ਕਿ ਕਿਵੇਂ ਸਿਰਫ਼ ਬ੍ਰਾਹਮਣ ਹੀ ਅਧਿਆਪਕ ਹੋ ਸਕਦਾ ਹੈ ਅਤੇ ਉਹ ਹੋਰ ਬਹੁਤ ਸਾਰੇ ਕੰਮਾਂ ਦੇ ਨਾਲ-ਨਾਲ ਪ੍ਰਚਾਰ ਕਰਨ ਦੇ ਕਾਬਲ ਹੈ। ਆਨੰਦ ਨਰਸਿਮਹਾ (ਮੈਨੇਜਿੰਗ ਐਡੀਟਰ) ਜੋ ਤਾਮਿਲ ਬ੍ਰਾਹਮਣ ਹੈ, ਨੇ ਸਰਸਵਤੀ ਦੀ ਇੰਟਰਵਿਊ ਕੀਤੀ ਜੋ ਸੋਫ਼ੇ 'ਤੇ ਬੈਠਾ ਸੀ, ਜਦੋਂਕਿ ਨਰਸਿਮਹਾ ਹੇਠਾਂ ਫਰਸ਼ 'ਤੇ ਬੈਠਾ ਸੀ ਅਤੇ ਉਸ ਨੂੰ ਗੁਰੂਦੇਵ ਕਹਿ ਕੇ ਸੰਬੋਧਨ ਕਰ ਰਿਹਾ ਸੀ। ਨਰਸਿਮਹਾ ਨੇ ਸਰਸਵਤੀ ਨੂੰ ਮੁੱਖ ਸਵਾਲ ਪੁੱਛ ਕੇ ਉਸ ਨੂੰ ਇਹ ਕਹਿਣ ਲਈ ਪ੍ਰੇਰਿਆ ਕਿ ਮੰਦਰ ਭਾਰਤੀਆਂ ਦੀ ਧਾਰਮਿਕ ਚੇਤਨਾ ਨੂੰ ਜਗਾਏਗਾ। ਉਸੇ ਹਫ਼ਤੇ ਮਸ਼ਹੂਰ ਬ੍ਰਾਹਮਣ ਪ੍ਰਚਾਰਕ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਨੇ ਇਕ ਸਰਕਾਰ ਪੱਖੀ ਟੈਲੀਵਿਜ਼ਨ ਚੈਨਲ ਨੂੰ ਦੱਸਿਆ ਕਿ ਮਨੂ ਸਿਮਰਿਤੀ ਜੋ ਜਾਤ ਪ੍ਰਣਾਲੀ ਨੂੰ ਸ਼ਾਸਤਰੀ ਹਮਾਇਤ ਮੁਹੱਈਆ ਕਰਦੀ ਹੈ ਅਤੇ ਇਸ ਦੀਆਂ ਦਰਜੇਬੰਦੀਆਂ ਨੂੰ ਤੈਅ ਕਰਦੀ ਹੈ, "ਮਨੁੱਖਤਾ ਦੀ ਗੱਲ ਕਰਦੀ ਹੈ"। ਉਸ ਨੇ ਇਹ ਵੀ ਕਿਹਾ ਕਿ ਜੋ ਮਨੂ ਸਿਮਰਿਤੀ ਨੂੰ ਹੋਰ ਤਰ੍ਹਾਂ ਪੇਸ਼ ਕਰਦੇ ਹਨ, ਉਹ 'ਮਾਨਸਿਕ ਰੋਗ' ਦਾ ਸ਼ਿਕਾਰ ਹਨ।

ਸਿਰਫ਼ ਧਾਰਮਿਕ ਆਗੂ ਹੀ ਨਹੀਂ, ਭਾਜਪਾ ਦੇ ਸਵਰਨ ਆਗੂ ਵੀ ਅੰਧ-ਵਿਸ਼ਵਾਸ ਫੈਲਾਉਣ ਲਈ ਰਾਮ ਦਾ ਸਹਾਰਾ ਲੈ ਰਹੇ ਹਨ। 5 ਜਨਵਰੀ ਨੂੰ ਭਾਜਪਾ ਦੇ ਇਕ ਬੁਲਾਰੇ ਸੁਧਾਂਸ਼ੂ ਤ੍ਰਿਵੇਦੀ ਜੋ ਬ੍ਰਾਹਮਣ ਹੈ, ਨੇ ਟੈਲੀਵਿਜ਼ਨ ਸ਼ੋਅ ਵਿਚ ਦਲੀਲ ਦਿੱਤੀ ਕਿ ਹਸਪਤਾਲਾਂ ਨਾਲੋਂ ਮੰਦਰਾਂ ਦੀ ਲੋੜ ਜ਼ਿਆਦਾ ਹੈ ਕਿਉਂਕਿ ਹਸਪਤਾਲ ਸਿਰਫ਼ ਬੰਦੇ ਦੀ ਸਿਹਤ ਦਾ ਇਲਾਜ ਕਰਦੇ ਹਨ, ਮੰਦਰ ਚਰਿੱਤਰ ਉਸਾਰਦੇ ਹਨ। ਤ੍ਰਿਵੇਦੀ ਬਿਹਾਰ ਦੇ ਉੱਪ ਮੁੱਖ ਮੰਤਰੀ ਤੇਜਸਵੀ ਯਾਦਵ ਦਾ ਵਿਰੋਧ ਕਰ ਰਿਹਾ ਸੀ ਜਿਸ ਨੇ ਕਿਹਾ ਸੀ ਕਿ ਲੋਕਾਂ ਨੂੰ ਮੰਦਰਾਂ ਨਾਲੋਂ ਹਸਪਤਾਲਾਂ ਦੀ ਲੋੜ ਜ਼ਿਆਦਾ ਹੈ। ਯਾਦਵ ਹੋਰ ਪਿਛੜੀਆਂ ਸ਼੍ਰੇਣੀਆਂ 'ਚੋਂ ਹੈ।

ਦਸੰਬਰ 2023 'ਚ ਤ੍ਰਿਵੇਦੀ ਨੇ ਸੰਸਦ ਵਿਚ ਸੁਝਾਅ ਦਿੱਤਾ ਸੀ ਕਿ ਭਾਰਤ ਦਾ ਆਰਥਿਕ ਵਿਕਾਸ ਅਤੇ ਇਸ ਦੀ ਗਿਰਾਵਟ ਦਾ ਸਬੰਧ ਰਾਮ ਜਨਮ ਭੂਮੀ ਮੁਹਿੰਮ ਦੇ ਕ੍ਰਮਵਾਰ ਉਭਾਰ ਅਤੇ ਗਿਰਾਵਟ ਨਾਲ ਹੈ। ਜਨਵਰੀ 2023 'ਚ ਜਦੋਂ ਸ਼ੂਦਰ ਸਮਾਜ ਨਾਲ ਸਬੰਧਿਤ ਰਾਸ਼ਟਰੀ ਜਨਤਾ ਦਲ ਦੇ ਆਗੂ ਚੰਦਰ ਸ਼ੇਖਰ ਨੇ ਸੋਲ੍ਹਵੀਂ ਸਦੀ ਦੇ ਬ੍ਰਾਹਮਣ ਲੇਖਕ ਤੁਲਸੀਦਾਸ ਦੀ ਆਲੋਚਨਾ ਕੀਤੀ ਕਿ ਉਸ ਨੇ ਆਪਣੇ ਮਹਾਂਕਾਵਿ ਰਾਮਚਰਿਤਮਾਨਸ ਵਿਚ ਸ਼ੂਦਰਾਂ ਦਾ ਅਪਮਾਨ ਕੀਤਾ ਹੈ ਤਾਂ ਤ੍ਰਿਵੇਦੀ ਨੇ ਇਹ ਕਹਿ ਕੇ ਅਪਮਾਨਜਨਕ ਦੋਹੇ ਨੂੰ ਜਾਇਜ਼ ਠਹਿਰਾਇਆ ਕਿ ਇਸ ਦੀ ਆਲੋਚਨਾ ਕਰਨ ਵਾਲਿਆਂ ਨੂੰ ਇਸ ਦੇ ਸਹੀ ਅਰਥ ਸਮਝ ਨਹੀਂ ਆਉਂਦੇ।

ਹਾਲ ਹੀ ਵਿਚ ਖ਼ਾਨਾਬਦੋਸ਼ ਕਬੀਲੇ ਨਾਲ ਸਬੰਧਿਤ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਆਗੂ ਜਤਿੰਦਰ ਅਵਹਾੜ ਨੇ ਕਿਹਾ, "ਰਾਮ ਬਹੁਜਨਾਂ ਦਾ ਹੈ। ਜੋ ਰਾਮ ਸ਼ਿਕਾਰ ਕਰਦਾ ਤੇ ਮਾਸ ਖਾਂਦਾ ਹੈ, ਉਹ ਸਾਡਾ ਹੈ।" ਵਾਲਮੀਕਿ ਦੀ ਰਾਮਾਇਣ ਦਾ ਹਵਾਲਾ ਦਿੰਦਿਆਂ ਅਵਹਾੜ ਨੇ ਕਿਹਾ ਕਿ ਰਾਮ ਮਾਸ ਖਾਂਦੇ ਸਨ ਕਿਉਂਕਿ ਉਹ ਚੌਦਾਂ ਸਾਲ ਤੱਕ ਜੰਗਲਾਂ ਵਿਚ ਰਹੇ ਸਨ। ਹਿੰਦੂ ਧਰਮ ਉੱਪਰ ਆਪਣੀਆਂ ਵਿਸਤਾਰਤ ਲਿਖਤਾਂ ਵਿਚ ਬੀ.ਆਰ. ਅੰਬੇਡਕਰ ਨੋਟ ਕਰਦੇ ਹਨ ਕਿ ਰਾਮ ਤੇ ਕ੍ਰਿਸ਼ਨ ਵੈਦਿਕ ਭਗਵਾਨ ਨਹੀਂ ਸਗੋਂ ਸੰਪਰਦਾਵਾਂ ਸਨ ਜੋ ਬ੍ਰਾਹਮਣਾਂ ਦੁਆਰਾ ਕਬਜ਼ਾ ਕੀਤਾ ਜਾਣ ਤੋਂ ਪਹਿਲਾਂ ਸਥਾਨਕ ਭਾਈਚਾਰਿਆਂ 'ਚੋਂ ਉਪਜੀਆਂ ਸਨ।

ਜਦੋਂ ਅਵਹਾੜ ਨੇ ਦਾਅਵਾ ਕੀਤਾ ਕਿ ਰਾਮ ਉਨ੍ਹਾਂ ਦੇ ਭਾਈਚਾਰੇ ਦਾ ਭਗਵਾਨ ਹੈ ਅਤੇ ਉਨ੍ਹਾਂ ਨੂੰ ਉਸ ਦੇ ਮਾਸ ਖਾਣ ਵਾਲੇ ਸੱਭਿਆਚਾਰ 'ਤੇ ਮਾਣ ਹੈ ਤਾਂ ਮੁੱਖਧਾਰਾ ਮੀਡੀਆ ਨੇ ਤੁਰੰਤ ਉਸ ਦੇ ਬਿਆਨ ਨੂੰ ਵਿਵਾਦਪੂਰਨ ਕਹਿ ਕੇ ਤੋੜ-ਮਰੋੜ ਕੇ ਪੇਸ਼ ਕੀਤਾ। ਰਾਮਭੱਦਰਾਚਾਰੀਆ ਨੇ ਅਵਹਾੜ ਦੇ ਵਾਲਮੀਕਿ ਦੇ ਹਵਾਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਕਿਹਾ ਕਿ ਜਿਸ ਅਧਿਆਏ ਦਾ ਜ਼ਿਕਰ ਅਵਹਾੜ ਨੇ ਕੀਤਾ ਸੀ, ਉਹ 'ਪ੍ਰਾਕਸ਼ਿਪਤ' (ਯਾਨੀ ਬਾਅਦ ਵਿਚ ਜੋੜਿਆ ਗਿਆ) ਹੈ ਅਤੇ 'ਇਸ ਨੂੰ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।' ਤ੍ਰਿਵੇਦੀ ਨੇ ਵੀ ਇਸੇ ਤਰ੍ਹਾਂ ਸੁਝਾਅ ਦਿੰਦੇ ਹੋਏ ਕਿਹਾ ਕਿ ਸਿਰਫ਼ ਸੰਸਕ੍ਰਿਤ ਭਾਸ਼ਾ 'ਚ ਵੇਦਿਕ ਸਕੂਲਾਂ ਤੋਂ ਗ੍ਰੈਜੂਏਟ ਹੋਏ ਲੋਕ ਹੀ ਧਾਰਮਿਕ ਪੁਸਤਕਾਂ 'ਤੇ ਟਿੱਪਣੀ ਕਰਨ ਦੇ ਯੋਗ ਹਨ। ਧਾਰਮਿਕ ਕਿਤਾਬਾਂ ਦੀਆਂ ਗੈਰ-ਬ੍ਰਾਹਮਣ ਵਿਆਖਿਆਵਾਂ ਨੂੰ ਅਯੋਗ ਕਰਾਰ ਦੇਣ ਵਾਲੀਆਂ ਅਜਿਹੀਆਂ ਦਲੀਲਾਂ ਜਾਤ-ਪਾਤ ਦੀ ਉੱਤਮਤਾ ਨੂੰ ਦਰਸਾਉਂਦੀਆਂ ਹਨ ਅਤੇ ਇਸ ਵਿਚਾਰ ਨੂੰ ਮਜ਼ਬੂਤ ਕਰਦੀਆਂ ਹਨ ਕਿ ਸਿਰਫ਼ ਬ੍ਰਾਹਮਣ ਹੀ ਧਾਰਮਿਕ ਪੁਸਤਕਾਂ ਪੜ੍ਹਨ ਅਤੇ ਪ੍ਰਚਾਰ ਕਰਨ ਦੇ ਯੋਗ ਹਨ।

> ***ਮੀਡੀਆ ਅਤੇ ਭਾਜਪਾ ਦੇ ਆਗੂ ਬ੍ਰਾਹਮਣੀ ਸਰਦਾਰੀ, ਅੰਧ-ਵਿਸ਼ਵਾਸ, ਸਿਆਸੀ ਹਿੰਦੂਵਾਦ ਅਤੇ ਰਾਮ ਦੀ ਕੱਟੜ ਤਸਵੀਰ ਦਾ ਪ੍ਰਚਾਰ ਕਰ ਕੇ ਹਿੰਦੂਆਂ ਦੀ ਬੁੱਧੀ ਦਾ ਨਾਸ ਮਾਰ ਰਹੇ ਹਨ। ਆਪਣੇ ਜਾਤੀ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਵਿਚ ਉਹ ਦੱਬੂ ਵਸੋਂ ਪੈਦਾ ਕਰ ਰਹੇ ਹਨ ਜੋ ਬਰਾਬਰੀ ਵਾਲੇ ਅਤੇ ਸਿਹਤਮੰਦ ਸਮਾਜ ਲਈ ਹੰਭਲਾ ਮਾਰਨ ਦੀ ਸਥਿਤੀ 'ਚ ਨਹੀਂ ਹੋਵੇਗੀ।***

ਉਸੇ ਹਫ਼ਤੇ ਰਾਮ ਜਨਮ ਭੂਮੀ ਤੀਰਥ ਖੇਤਰ ਜੋ ਅਯੁੱਧਿਆ ਵਿਚ ਮੰਦਰ ਕੰਪਲੈਕਸ ਦੀ ਉਸਾਰੀ ਲਈ ਜ਼ਿੰਮੇਵਾਰ ਟਰੱਸਟ ਦਾ ਜਨਰਲ ਸਕੱਤਰ ਚੰਪਤ ਰਾਏ ਬਾਂਸਲ ਤਾਂ ਸੰਘ ਪਰਿਵਾਰ ਦੇ ਰਾਮ ਦੇ ਬਿਰਤਾਂਤ ਨੂੰ ਅੱਗੇ ਵਧਾਉਂਦਿਆਂ ਇਕ ਕਦਮ ਹੋਰ ਅੱਗੇ ਚਲਾ ਗਿਆ। ਆਪਣੇ ਪੈਰੋਕਾਰਾਂ ਦੇ ਇਕੱਠ 'ਚ ਸ਼ਾਮਲ ਇਕ ਔਰਤ ਦੇ ਇਸ ਸਵਾਲ ਦੇ ਜਵਾਬ 'ਚ ਕਿ ਕੀ ਸੀਤਾ ਮੰਦਰ 'ਚ ਬਿਰਾਜਮਾਨ ਹੋਵੇਗੀ, ਬਾਂਸਲ ਨੇ ਕਿਹਾ ਕਿ ਕਿਉਂਕਿ ਰਾਮ ਨੂੰ ਪੰਜ ਸਾਲ ਦੇ ਬੱਚੇ ਵਜੋਂ ਦਰਸਾਇਆ ਜਾ ਰਿਹਾ ਹੈ, ਇਸ ਲਈ ਉਨ੍ਹਾਂ ਦੀ ਪਤਨੀ ਦੀ ਮੂਰਤੀ ਉਨ੍ਹਾਂ ਦੇ ਨਾਲ ਨਹੀਂ ਲਗਾਈ ਜਾਵੇਗੀ। ਇਸ ਦੀ ਬਜਾਇ ਉਸ ਨੂੰ ਰਾਮ ਦੇ ਤਿੰਨ ਹੋਰ ਭਰਾਵਾਂ ਦੇ ਨਾਲ ਮੰਦਰ ਦੀ ਪਹਿਲੀ ਮੰਜ਼ਿਲ 'ਤੇ ਲਗਾਇਆ ਜਾਵੇਗਾ, ਰਾਮ ਦੀ ਮੂਰਤੀ ਜ਼ਮੀਨੀ ਮੰਜ਼ਿਲ 'ਤੇ ਇਕੱਲੀ ਲੱਗੇਗੀ। ਬਾਂਸਲ ਨਾ ਸਿਰਫ਼ ਭਗਵਾਨ ਦਾ ਸਰਪ੍ਰਸਤ ਬਣ ਰਿਹਾ ਸੀ ਸਗੋਂ ਰਾਮ ਦੀ ਉਮਰ ਵੀ ਤੈਅ ਕਰ ਰਿਹਾ ਸੀ।

ਰਾਮ ਦੀ 'ਹਮੇਸ਼ਾ ਬਾਲ ਉਮਰ' ਬਾਰੇ ਸੁਪਰੀਮ ਕੋਰਟ 'ਚ ਵੀ ਲੰਮੀ ਬਹਿਸ ਹੋਈ। ਰਾਮ ਨੂੰ ਮਨੁੱਖਾਂ ਵਾਂਗ ਅਧਿਕਾਰਾਂ ਵਾਲੀ ਨਿਆਂਇਕ ਸ਼ਖ਼ਸੀਅਤ ਵਜੋਂ ਸਵੀਕਾਰ ਕੀਤਾ ਗਿਆ ਸੀ ਪਰ ਉਸ ਦਾ ਹਮੇਸ਼ਾ ਨਾਬਾਲਗ ਵਾਲਾ ਦਰਜਾ ਸੀਮਾਵਾਂ ਦੇ ਮਾਤਹਿਤ ਸੀ। ਇਸ ਦਾ ਮਤਲਬ ਸੀ ਕਿ ਰਾਮ ਸਦਾ ਲਈ ਨਾਬਾਲਗ ਨਹੀਂ ਰਹਿ ਸਕਦਾ। ਇਹ ਸਿਰਫ਼ ਰਾਮ ਦੇ ਨਾਬਾਲਗ ਦਰਜੇ ਕਾਰਨ ਹੀ ਸੀ ਕਿ ਹਿੰਦੂ ਮੁਕੱਦਮਾ ਧਿਰ ਭਗਵਾਨ ਦੀ ਤਰਫ਼ੋਂ ਕੇਸ ਲੜਨ ਦੇ ਯੋਗ ਹੋਏ ਸਨ। ਬੈਂਚ ਨੇ ਆਪਣੇ ਫ਼ੈਸਲੇ ਵਿਚ ਲਿਖਿਆ, "ਇਕ ਭਗਵਾਨ ਦੀ ਨਾਬਾਲਗ ਦੇ ਰੂਪ 'ਚ ਕਾਨੂੰਨੀ ਕਲਪਨਾ ਭਗਵਾਨ ਦੀ ਆਪਣੇ ਆਪ ਕਾਨੂੰਨੀ ਕਾਰਵਾਈ ਸ਼ੁਰੂ ਕਰਨ 'ਚ ਅਯੋਗਤਾ ਨੂੰ ਦੂਰ ਕਰਨ ਲਈ ਘੜੀ ਗਈ ਹੈ।... ਇਸ ਅਪਾਹਜਪਣ ਉੱਪਰ ਕਾਬੂ ਪਾਉਣ ਲਈ ਇਕ ਮਨੁੱਖੀ ਏਜੰਟ ਵੱਲੋਂ ਭਗਵਾਨ ਦੀ ਤਰਫ਼ੋਂ ਕਾਨੂੰਨੀ ਕਾਰਵਾਈ ਸ਼ੁਰੂ ਕਰਨੀ ਜ਼ਰੂਰੀ ਹੈ; ਹਾਲਾਂਕਿ ਸੀਮਤਾਈ ਦੇ ਕਾਨੂੰਨ ਦੀ ਅਮਲਦਾਰੀ ਤੋਂ ਭਗਵਾਨ ਨੂੰ ਛੋਟ ਦੇਣ ਲਈ ਬਿਰਤਾਂਤ ਦਾ ਵਿਸਤਾਰ ਨਹੀਂ ਕੀਤਾ ਗਿਆ ਹੈ।" ਫਿਰ ਵੀ ਟਰੱਸਟ ਨੇ ਰਾਮ ਨੂੰ ਉਮਰ ਦੇ ਦਿੱਤੀ ਹੈ। ਅਸਲ ਸਵਾਲ ਇਹ ਹੈ: ਕੀ ਟਰੱਸਟ ਕੇਂਦਰ ਸਰਕਾਰ ਦੁਆਰਾ ਦਿੱਤੀ ਸੱਤਰ ਏਕੜ ਜ਼ਮੀਨ ਅਤੇ ਰਾਮ ਦੇ ਨਾਂ 'ਤੇ ਖ਼ਰੀਦੀ ਗਈ ਵਾਧੂ ਜ਼ਮੀਨ ਦੀ ਬਰਾਬਰ ਮਾਤਰਾ ਰਾਮ ਦੇ ਬਾਲਗ ਹੋਣ 'ਤੇ ਭਗਵਾਨ ਨੂੰ ਵਾਪਸ ਦੇਵੇਗਾ ਜਾਂ ਇਹ ਉਸ ਦਾ ਨਿਗਰਾਨ ਬਣਿਆ ਰਹੇਗਾ? ਨਾਲ ਹੀ, ਇਹ ਫੈਸਲਾ ਕੌਣ ਕਰੇਗਾ ਕਿ ਰਾਮ ਕਦੋਂ ਬਾਲਗ ਹੋਵੇਗਾ, ਇਸ ਬਾਰੇ ਕਦੇ ਵੀ ਜਨਤਕ ਤੌਰ 'ਤੇ ਗੱਲ ਨਹੀਂ ਕੀਤੀ ਗਈ। ਇਸ ਬਾਰੇ ਮੀਡੀਆ ਵੱਲੋਂ ਵੀ ਕੋਈ ਚਰਚਾ ਨਹੀਂ ਕੀਤੀ ਗਈ।

ਫਰਵਰੀ 2022 'ਚ ਉੱਤਰ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣ ਮੁਹਿੰਮ ਦੌਰਾਨ, ਬਾਂਸਲ ਨੇ ਕਿਹਾ ਕਿ ਭਾਜਪਾ ਨੂੰ "ਰਾਮ ਮੰਦਰ ਦੇ ਨਿਰਮਾਣ ਦਾ ਸਿਹਰਾ ਲੈਣ ਦਾ ਪੂਰਾ ਹੱਕ ਹੈ" ਅਤੇ ਨਾਗਰਿਕਾਂ ਨੂੰ ਅਜਿਹੇ ਲੋਕਾਂ ਨੂੰ ਵੋਟ ਪਾਉਣੀ ਚਾਹੀਦੀ ਹੈ। ਇਹ ਟਰੱਸਟ ਦਾ ਨਿਰੋਲ ਸਿਆਸੀ ਬਿਆਨ ਹੈ ਜਿਸ ਨੇ ਅਦਾਲਤ ਵਿਚ ਦਾਅਵਾ ਕੀਤਾ ਸੀ ਕਿ ਇਹ ਨਿੱਜੀ ਸੰਸਥਾ ਹੈ। ਫਿਰ ਵੀ, ਕਿਸੇ ਵੀ ਮੀਡੀਆ ਨੇ ਬਾਂਸਲ ਦੇ ਬਿਆਨ ਨੂੰ ਸਿਆਸੀ ਜਾਂ ਵਿਵਾਦਪੂਰਨ ਨਹੀਂ ਕਿਹਾ। ਦਸੰਬਰ 2023 'ਚ ਬਾਂਸਲ ਟੈਲੀਵਿਜ਼ਨ ਸ਼ੋਅ ਉੱਪਰ ਆਇਆ। ਉਸ ਨੇ ਰਾਮ ਕੀ ਪੈੜੀ ਲਾਗੇ ਬੈਠ ਕੇ ਸਿਆਸੀ ਰੋਹਬ ਪਾਉਂਦਿਆਂ ਕਿਹਾ, "ਵਿਰੋਧੀ ਧਿਰ ਦੇ ਆਗੂਆਂ ਲਈ ਚੰਗਾ ਇਹੀ ਹੋਵੇਗਾ ਜੇਕਰ ਉਹ ਚੁੱਪ ਰਹਿਣ। ਜੇਕਰ ਤੁਸੀਂ ਚੁੱਪ ਰਹੋਗੇ ਤਾਂ ਤੁਹਾਡਾ ਨਾਮ ਸੱਦਾ ਪੱਤਰ ਵਾਲੀ ਸੂਚੀ ਵਿਚ ਆ ਸਕਦਾ ਹੈ।"

ਟਰੱਸਟ ਨੂੰ ਆਉਂਦੀ ਮਾਇਆ ਉੱਪਰ ਟੈਕਸ ਛੋਟ ਵੀ ਮਿਲਦੀ ਹੈ ਜੋ ਮਾਰਚ 2023 ਤੱਕ 3000 ਕਰੋੜ ਰੁਪਏ ਤੋਂ ਵੱਧ ਸੀ। ਟਰੱਸਟ ਜਿਸ ਤਰ੍ਹਾਂ ਮੰਦਰ ਨੂੰ ਕੰਟਰੋਲ ਕਰਦਾ ਹੈ ਅਤੇ ਭਗਵਾਨ ਦੀ ਤਰਫ਼ੋਂ ਫ਼ੈਸਲੇ ਕਰਦਾ ਹੈ, ਉਹ ਹੁਣ ਬਹੁਤ ਸਪਸ਼ਟ ਹੈ। ਜਨਵਰੀ 2023 'ਚ ਰਾਜਪੂਤ ਭਾਈਚਾਰੇ ਦੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਜਗਦਾਨੰਦ ਸਿੰਘ ਨੇ ਕਿਹਾ ਕਿ ਰਾਮ ਦਾ ਸ਼ਰਧਾਲੂ ਹੋਣ ਦੇ ਨਾਤੇ ਉਸ ਨੂੰ ਇਹ ਦੇਖ ਕੇ ਦੁੱਖ ਹੋਇਆ ਕਿ ਕਿਵੇਂ ਭਗਵਾਨ ਨੂੰ ਰਾਜਨੀਤਕ ਲਾਹੇ ਲਈ ਆਪਣੇ ਕਬਜ਼ੇ 'ਚ ਲੈ ਗਿਆ ਹੈ। ਉਸ ਅਨੁਸਾਰ, "ਰਾਮ ਨੂੰ ਆਲੀਸ਼ਾਨ ਇਮਾਰਤ ਵਿਚ ਕੈਦ ਕਰ ਦਿੱਤਾ ਗਿਆ ਹੈ।... ਪਹਿਲਾਂ ਉਹ ਇਸ ਰਾਸ਼ਟਰ ਦੇ ਜ਼ੱਰੇ-ਜ਼ੱਰੇ ਵਿਚ ਰਹਿੰਦੇ ਸਨ। ਭਾਰਤ ਹੁਣ ਰਾਮ ਦਾ ਨਹੀਂ ਰਹੇਗਾ, ਸਿਰਫ਼ ਰਾਮ ਦਾ ਮੰਦਰ ਹੋਵੇਗਾ।" ਮੀਡੀਆ ਨੇ ਇਕ ਵਾਰ ਫਿਰ ਇਸ ਬਿਆਨ ਨੂੰ ਵਿਵਾਦਗ੍ਰਸਤ ਕਰਾਰ ਦਿੱਤਾ ਹਾਲਾਂਕਿ ਇਹ ਹਿੰਦੂਆਂ ਲਈ ਰਾਮ ਨੂੰ ਇਕ ਜਗ੍ਹਾ ਤੱਕ ਸੀਮਤ ਕਰਨ ਵਾਲੇ ਸਿਆਸੀ ਪ੍ਰਚਾਰ ਦੇ ਅੱਗੇ ਗੋਡੇ ਟੇਕਣ ਤੋਂ ਬਚਣ ਲਈ ਚਿਤਾਵਨੀ ਤੋਂ ਸਿਵਾਇ ਕੁਝ ਨਹੀਂ ਸੀ।

ਇਸੇ ਤਰ੍ਹਾਂ ਨਵੰਬਰ 2023 ਵਿਚ ਸਮਾਜਵਾਦੀ ਪਾਰਟੀ ਦੇ ਪਿਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਆਗੂ ਸਵਾਮੀ ਪ੍ਰਸਾਦ ਮੌਰੀਆ ਨੇ 22 ਜਨਵਰੀ ਨੂੰ ਭਗਵਾਨ ਰਾਮ ਦੀ ਮੂਰਤੀ ਲਗਾਉਣ ਲਈ ਟਰੱਸਟ ਦੁਆਰਾ ਕੀਤੀ ਜਾ ਰਹੀ ਰਸਮ 'ਤੇ ਸਵਾਲ ਚੁੱਕੇ। ਟਰੱਸਟ ਨੇ ਰਾਮ ਦੀ ਮੂਰਤੀ ਦੀ ਸਥਾਪਨਾ ਨੂੰ 'ਪ੍ਰਾਣ ਪ੍ਰਤਿਸ਼ਠਾ' ਦਾ ਨਾਮ ਦਿੱਤਾ ਹੈ ਜਿਸ ਦਾ ਸ਼ਾਬਦਿਕ ਅਰਥ ਹੈ- ਕਿਸੇ ਚੀਜ਼ ਵਿਚ ਜਾਨ ਪਾਉਣਾ। ਮੌਰੀਆ ਨੇ ਕਿਹਾ, "ਤੁਸੀਂ ਉਸ ਵਿਚ ਜਾਨ ਕਿਵੇਂ ਪਾ ਸਕਦੇ ਹੋ ਜਿਸ ਦੀ ਹਜ਼ਾਰਾਂ ਸਾਲਾਂ ਤੋਂ ਪੂਜਾ ਕੀਤੀ ਜਾਂਦੀ ਹੈ? ਕੀ ਇਹ ਇਸ ਲਈ ਹੈ ਕਿਉਂਕਿ ਤੁਸੀਂ ਇਹ ਦਿਖਾਉਣਾ ਚਾਹੁੰਦੇ ਹੋ ਕਿ ਤੁਸੀਂ ਭਗਵਾਨ ਤੋਂ ਉੱਪਰ ਹੋ?" ਕੋਈ ਇਹ ਸੋਚੇਗਾ ਕਿ ਇਹ ਵਾਜਬ ਸਵਾਲ ਸੀ ਜੋ ਰਾਮ ਦਾ ਕੋਈ ਵੀ ਸ਼ਰਧਾਲੂ ਪੁੱਛ ਸਕਦਾ ਹੈ। ਮੀਡੀਆ ਨੇ ਮੌਰੀਆ ਨੂੰ ਵੀ ਵਿਵਾਦ ਖੜ੍ਹੇ ਕਰਨ ਵਾਲਾ ਕਰਾਰ ਦੇ ਦਿੱਤਾ।

ਮੀਡੀਆ ਅਤੇ ਭਾਜਪਾ ਦੇ ਆਗੂ ਬ੍ਰਾਹਮਣੀ ਸਰਦਾਰੀ, ਅੰਧ-ਵਿਸ਼ਵਾਸ, ਸਿਆਸੀ ਹਿੰਦੂਵਾਦ ਅਤੇ ਰਾਮ ਦੀ ਕੱਟੜ ਤਸਵੀਰ ਦਾ ਪ੍ਰਚਾਰ ਕਰ ਕੇ ਹਿੰਦੂਆਂ ਦੀ ਬੁੱਧੀ ਦਾ ਨਾਸ ਮਾਰ ਰਹੇ ਹਨ। ਆਪਣੇ ਜਾਤੀ ਵਿਸ਼ੇਸ਼ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੀ ਕੋਸ਼ਿਸ਼ ਵਿਚ ਉਹ ਦੱਬੂ ਵਸੋਂ ਪੈਦਾ ਕਰ ਰਹੇ ਹਨ ਜੋ ਬਰਾਬਰੀ ਵਾਲੇ ਅਤੇ ਸਿਹਤਮੰਦ ਸਮਾਜ ਲਈ ਹੰਭਲਾ ਮਾਰਨ ਦੀ ਸਥਿਤੀ 'ਚ ਨਹੀਂ ਹੋਵੇਗੀ।

# ਔਰਤਾਂ ਖਿਲਾਫ ਵਧ ਰਹੇ ਜੁਰਮ ਅਤੇ ਨਿਆਂ

***ਭਾਰਤੀ ਸਮਾਜ ਵਿਚ ਔਰਤ ਵਿਰੋਧੀ ਮਾਨਸਿਕਤਾ ਦੀਆਂ ਡੂੰਘੀਆਂ ਜੜ੍ਹਾਂ ਹਨ। ਦੇਸ਼ ਵਿਚ ਹਾਲੇ ਵੀ ਪੱਛੜੀਆਂ ਜਗੀਰੂ ਕਦਰਾਂ-ਕੀਮਤਾਂ ਬਹੁਤ ਹਾਵੀ ਹਨ। ਅਜੋਕੇ ਸਮੇਂ ਵਿਚ ਵੀ ਭਾਰਤ ਦੀਆਂ ਬਹੁਤੀਆਂ ਔਰਤਾਂ ਨੂੰ ਬਹੁਤ ਹੀ ਤੰਗ ਘੇਰੇ ਵਿਚ ਆਪਣੀ ਪੂਰੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਆਪਣੀ ਮਰਜ਼ੀ ਨਾਲ ਪਿਆਰ ਕਰਨ ਅਤੇ ਜੀਵਨ ਸਾਥੀ ਚੁਣਨ ਤੋਂ ਲੈ ਕੇ ਆਜ਼ਾਦੀ ਨਾਲ ਘਰੋਂ ਬਾਹਰ ਨਿੱਕਲਣ, ਇੱਛਾ ਮੁਤਾਬਕ ਕੱਪੜੇ ਪਹਿਨਣ, ਨੌਕਰੀ ਕਰਨ ਵਰਗੇ ਬਹੁਤ ਹੀ ਮਾਮੂਲੀ ਜਿਹੇ ਹੱਕਾਂ ਲਈ ਵੀ ਔਰਤਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ।***

**ਗੁਰਪ੍ਰੀਤ ਅੰਮ੍ਰਿਤਸਰ**
**ਫੋਨ: +91-88476-32954**

ਭਾਰਤੀ ਸਮਾਜ ਔਰਤਾਂ ਲਈ ਬਹੁਤ ਨਿਰਦਈ ਹੈ। ਇੱਥੇ ਕਾਨੂੰਨੀ ਤੌਰ 'ਤੇ ਤਾਂ ਭਾਵੇਂ ਔਰਤਾਂ ਨੂੰ ਕਈ ਹੱਕ ਪ੍ਰਾਪਤ ਹਨ ਪਰ ਹਕੀਕਤ ਵਿਚ ਉਨ੍ਹਾਂ ਦੀ ਹਾਲਤ ਦੂਜੇ ਦਰਜੇ ਦੇ ਨਾਗਰਿਕ ਅਤੇ ਮਨੁੱਖਾਂ ਵਾਲੀ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਦੇ ਹਰ ਹਿੱਸੇ ਵਿਚ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੋਣ ਪੈਂਦਾ ਹੈ। ਕਦੀ ਇੱਥੇ ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਆਪਣਾ ਜੀਵਨ ਸਾਥੀ ਚੁਣਨ ਲਈ ਅਣਖ ਦੇ ਨਾਮ 'ਤੇ ਕਤਲ ਕਰ ਦਿੱਤਾ ਜਾਂਦਾ ਹੈ ਅਤੇ ਕਦੀ ਦਾਜ ਦੇ ਨਾਮ 'ਤੇ ਜਿਊਂਦਾ ਸਾੜ ਦਿੱਤਾ ਜਾਂਦਾ ਹੈ। ਹਰ ਰੋਜ਼ ਔਰਤਾਂ ਨਾਲ ਹੁੰਦੇ ਜਬਰ ਜਨਾਹ ਦੀਆਂ ਖਬਰਾਂ ਨਾਲ ਅਖਬਾਰਾਂ ਭਰੀਆਂ ਰਹਿੰਦੀਆਂ ਹਨ। ਅਜਿਹੇ ਮਾਹੌਲ 'ਚ ਔਰਤਾਂ ਨੂੰ ਭਿਆਨਕ ਮਾਨਸਿਕ ਤਣਾਅ 'ਚ ਜ਼ਿੰਦਗੀ ਕੱਟਣੀ ਪੈਂਦੀ ਹੈ। ਇਹ ਸਿਰਫ ਹਵਾਈ ਗੱਲਾਂ ਨਹੀਂ ਸਗੋਂ ਇਨ੍ਹਾਂ ਨੂੰ ਸਹੀ ਸਿੱਧ ਕਰਦੇ ਤੱਥ ਵੀ ਮੌਜੂਦ ਹਨ।

ਕੁਝ ਚਿਰ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਜਾਂਦੀ ਕੌਮੀ ਅਪਰਾਧ ਰਿਕਾਰਡ ਵਿਭਾਗ ਦੀ ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਖਿਲਾਫ ਕੁੱਲ 4.45 ਲੱਖ ਮਾਮਲੇ ਦਰਜ ਕੀਤੇ ਗਏ ਜੋ 2021 ਅਤੇ 2020 ਨਾਲੋਂ ਵੱਧ ਹਨ। ਇਨ੍ਹਾਂ ਅਪਰਾਧਾਂ ਦੀ ਸੂਚੀ ਵਿਚ ਪਤੀ ਜਾਂ ਰਿਸ਼ਤੇਦਾਰਾਂ ਵੱਲੋਂ ਕੀਤੀ ਜਾਂਦੀ ਹਿੰਸਾ ਤੋਂ ਲੈ ਕੇ ਜਬਰ ਜਨਾਹ, ਛੇੜਖਾਨੀ, ਅਗਵਾ ਕਰਨ ਜਿਹੇ ਅਪਰਾਧ ਸ਼ਾਮਲ ਹਨ। ਇਹ ਵੀ ਸਿਰਫ ਉਹ ਅਪਰਾਧ ਹਨ ਜੋ ਕਿਸੇ ਤਰ੍ਹਾਂ ਨਾਲ ਭਾਰਤ ਦੀ ਨਿਕੰਮੀ ਪੁਲੀਸ ਅਤੇ ਨਿਆਂ ਪ੍ਰਣਾਲੀ ਦੇ ਕੋਲ ਦਰਜ ਕੀਤੇ ਗਏ ਹਨ, ਔਰਤਾਂ ਨਾਲ ਹੁੰਦੇ ਜ਼ਿਆਦਾਤਰ ਅਪਰਾਧ ਤਾਂ ਸਮਾਜ ਦੇ ਸਾਹਮਣੇ ਵੀ ਨਹੀਂ ਆਉਂਦੇ। ਇਹ ਅੰਕੜੇ ਮਨੁੱਖਤਾ ਨੂੰ ਸ਼ਰਮਸਾਰ ਕਰ ਸਕਦੇ ਹਨ ਪਰ ਭਾਰਤ ਦੇਸ਼ ਦੇ ਹਾਕਮ ਅਤੇ ਨੌਕਰਸ਼ਾਹੀ ਬੜੀ ਬੇਸ਼ਰਮੀ ਨਾਲ ਇਨ੍ਹਾਂ ਤੱਥਾਂ ਤੋਂ ਵੀ ਮੂੰਹ ਲੁਕਾਉਣ ਦੇ ਨਿੱਤ ਨਵੇਂ ਬਹਾਨੇ ਘੜਨ ਵਿਚ ਮਾਹਿਰ ਹੈ।

ਕੌਮੀ ਅਪਰਾਧ ਰਿਕਾਰਡ ਵਿਭਾਗ ਦਾ ਕਹਿਣਾ ਹੈ ਕਿ ਇਨ੍ਹਾਂ ਅੰਕੜਿਆਂ ਵਿਚ ਵਾਧੇ ਦਾ ਅਰਥ ਇਹ ਨਹੀਂ ਹੈ ਕਿ ਔਰਤਾਂ ਖਿਲਾਫ ਹੋਣ ਵਾਲੇ ਜੁਰਮਾਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ ਸਗੋਂ ਇਹ ਹੈ ਕਿ ਦੇਸ਼ ਵਿਚ ਅਪਰਾਧ ਦਰਜ ਕਰਨ ਵਾਲੀ ਪ੍ਰਣਾਲੀ ਦੇ ਬਿਹਤਰ ਹੋਣ ਨਾਲ ਇਨ੍ਹਾਂ ਅੰਕੜਿਆਂ ਵਿਚ ਵਾਧਾ ਹੋਇਆ ਹੈ। ਇਹੋ ਜਿਹੇ ਨਿਆਂ ਪ੍ਰਬੰਧ ਤੋਂ ਔਰਤਾਂ ਕਿਵੇਂ ਆਪਣੀ ਸੁਰੱਖਿਆ ਤੇ ਇਨਸਾਫ ਦੀ ਉਮੀਦ ਰੱਖ ਸਕਦੀਆਂ ਹਨ?

ਇਸ ਰਿਪੋਰਟ ਮੁਤਾਬਕ ਦੇਸ਼ ਵਿਚ ਔਰਤਾਂ ਦੇ ਰਹਿਣ ਲਈ ਸਭ ਤੋਂ ਵੱਧ ਭਿਆਨਕ ਹਾਲਤ ਉੱਤਰ ਪ੍ਰਦੇਸ਼ ਦੀ ਹੈ ਜਿੱਥੇ 2022 ਵਿਚ ਔਰਤਾਂ




ਖਿਲਾਫ ਹੋਣ ਵਾਲੇ ਜੁਰਮਾਂ ਦੇ 65743 ਮਾਮਲੇ ਦਰਜ ਕੀਤੇ ਗਏ। ਇਸ ਤੋਂ ਬਾਅਦ ਮਹਾਰਾਸ਼ਟਰ 45331, ਰਾਜਸਥਾਨ 45058, ਪੱਛਮੀ ਬੰਗਾਲ 34731 ਅਤੇ ਮੱਧ ਪ੍ਰਦੇਸ਼ 32765 ਮਾਮਲਿਆਂ ਨਾਲ ਇਸ ਸੂਚੀ ਵਿਚ ਸ਼ਾਮਲ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਔਰਤਾਂ ਖਿਲਾਫ ਹੋਣ ਵਾਲੇ ਅਪਰਾਧਾਂ ਦੀ ਸੰਖਿਆ ਕੌਮੀ ਔਸਤ ਤੋਂ ਕਾਫੀ ਵੱਧ ਹੈ। 2022 ਵਿਚ ਦਿੱਲੀ ਵਿਚ ਔਰਤਾਂ ਖਿਲਾਫ ਵੱਖ-ਵੱਖ ਤਰ੍ਹਾਂ ਦੇ ਜੁਰਮਾਂ ਦੇ 14247 ਪਰਚੇ ਦਰਜ ਕੀਤੇ ਗਏ। ਅਜਿਹੇ ਮਾਮਲਿਆਂ ਵਿਚ ਦਿੱਲੀ ਦੀ ਔਸਤ 144.4 ਹੈ ਜੋ ਦੇਸ਼ ਦੀ ਔਸਤ 66.4 ਤੋਂ ਚੋਖੀ ਵੱਧ ਹੈ। ਸਿਰਫ 2022 ਵਿਚ ਹੀ ਦਿੱਲੀ ਵਿਚ ਜਬਰ ਜਨਾਹ ਦੇ 1204 ਪਰਚੇ ਦਰਜ ਹੋਏ ਜੋ ਦੇਸ਼ ਵਿਚ ਜਬਰ ਜਨਾਹ ਨਾਲ ਸਬੰਧਿਤ ਕੁੱਲ ਮਾਮਲਿਆਂ ਦਾ 31% ਹੈ! ਦੇਸ਼ ਦੀ ਰਾਜਧਾਨੀ ਦਾ ਹਾਲ ਇਹ ਹੈ ਕਿ ਇੱਥੇ ਹਰ ਰੋਜ਼ 3 ਔਰਤਾਂ ਜਬਰ ਜਨਾਹ ਦਾ ਸ਼ਿਕਾਰ ਹੁੰਦੀਆਂ ਹਨ।

ਇਸ ਤੋਂ ਬਾਅਦ ਦੇਸ਼ ਦੀ ਆਰਥਿਕ ਰਾਜਧਾਨੀ ਕਹੀ ਜਾਣ ਵਾਲੇ ਸ਼ਹਿਰ ਮੁੰਬਈ ਦੇ ਤੱਥ ਵੀ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਹਨ। ਇਸ ਸ਼ਹਿਰ ਵਿਚ ਔਰਤਾਂ ਵਿਰੁੱਧ ਹਿੰਸਾ ਦੀਆਂ 6176 ਘਟਨਾਵਾਂ ਹੋਈਆਂ। ਇਸ ਰਿਪੋਰਟ ਵਿਚ ਉਨ੍ਹਾਂ ਮਾਮਲਿਆਂ ਦਾ ਹੀ ਜ਼ਿਕਰ ਹੈ ਜੋ ਅਧਿਕਾਰਤ ਤੌਰ 'ਤੇ ਦਰਜ ਕੀਤੇ ਗਏ ਅਤੇ ਸਾਡੇ ਸਾਹਮਣੇ ਆਏ। ਭਾਰਤ ਵਿਚ ਔਰਤਾਂ ਨਾਲ ਹੋਣ ਵਾਲੀਆਂ ਜ਼ਿਆਦਾਤਰ ਜ਼ਿਆਦਤੀਆਂ ਲੁਕੀਆਂ ਰਹਿੰਦੀਆਂ ਹਨ। ਇਹ ਅਪਰਾਧ ਕਰਨ ਵਾਲੇ ਮੁਜਰਮਾਂ ਵਿਚੋਂ ਵਿਰਲੇ-ਟਾਵੇਂ ਨੂੰ ਹੀ ਕਾਨੂੰਨ ਵੱਲੋਂ ਸਜ਼ਾ ਮਿਲਦੀ ਹੈ। ਬਾਕੀ ਬਹੁਤੇ ਮਾਮਲੇ ਸਾਲਾਂ ਬੱਧੀ ਅਦਾਲਤਾਂ ਵਿਚ ਲਟਕਦੇ ਹਨ। ਇੱਥੇ ਇੱਕ ਹੋਰ ਗੱਲ ਯਾਦ ਰੱਖਣ ਦੀ ਲੋੜ ਹੈ ਕਿ ਇਨ੍ਹਾਂ ਅੰਕੜਿਆਂ ਵਿਚ ਵਿਆਹੁਤਾ ਜਬਰ ਜਨਾਹ ਦੇ ਅੰਕੜੇ ਸ਼ਾਮਲ ਨਹੀਂ। ਭਾਰਤੀ ਕਾਨੂੰਨ ਵਿਆਹੁਤਾ ਜਬਰ ਜਨਾਹ ਨੂੰ ਜੁਰਮ ਮੰਨਣ ਤੋਂ ਇਨਕਾਰੀ ਹੈ। ਸੰਵਿਧਾਨ ਦੀ ਧਾਰਾ 375 ਵਿਆਹੁਤਾ ਜਬਰ ਜਨਾਹ ਨੂੰ ਕਾਨੂੰਨੀ ਜੁਰਮ ਦੀ ਸ਼੍ਰੇਣੀ ਤੋਂ ਬਾਹਰ ਰੱਖਦੀ ਹੈ। ਇੱਕ ਸਰਕਾਰੀ ਵਿਭਾਗ ਦੇ ਸਰਵੇਖਣ ਮੁਤਾਬਕ ਸਰੀਰਕ ਸ਼ੋਸ਼ਣ ਦਾ ਸ਼ਿਕਾਰ 18-49 ਸਾਲ ਦੀਆਂ 83% ਔਰਤਾਂ ਨੇ ਆਪਣੇ ਮੌਜੂਦਾ ਪਤੀ ਨੂੰ ਇਸ ਦਾ ਦੋਸ਼ੀ ਠਹਿਰਾਇਆ।

ਭਾਰਤੀ ਸਮਾਜ ਵਿਚ ਔਰਤ ਵਿਰੋਧੀ ਮਾਨਸਿਕਤਾ ਦੀਆਂ ਡੂੰਘੀਆਂ ਜੜ੍ਹਾਂ ਹਨ। ਇਸ ਦੇਸ਼ ਵਿਚ ਹਾਲੇ ਵੀ ਪੱਛੜੀਆਂ ਜਗੀਰੂ ਕਦਰਾਂ-ਕੀਮਤਾਂ ਬਹੁਤ ਹਾਵੀ ਹਨ। ਅਜੋਕੇ ਸਮੇਂ ਵਿਚ ਵੀ ਭਾਰਤ ਦੀਆਂ ਬਹੁਤੀਆਂ ਔਰਤਾਂ ਨੂੰ ਬਹੁਤ ਹੀ ਤੰਗ ਘੇਰੇ ਵਿਚ ਆਪਣੀ ਪੂਰੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਆਪਣੀ ਮਰਜ਼ੀ ਨਾਲ ਪਿਆਰ ਕਰਨ ਅਤੇ ਜੀਵਨ ਸਾਥੀ ਚੁਣਨ ਤੋਂ ਲੈ ਕੇ ਆਜ਼ਾਦੀ ਨਾਲ ਘਰੋਂ ਬਾਹਰ ਨਿੱਕਲਣ, ਇੱਛਾ ਮੁਤਾਬਕ ਕੱਪੜੇ ਪਹਿਨਣ, ਨੌਕਰੀ ਕਰਨ ਵਰਗੇ ਬਹੁਤ ਹੀ ਮਾਮੂਲੀ ਜਿਹੇ ਹੱਕਾਂ ਲਈ ਵੀ ਔਰਤਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਔਰਤਾਂ ਨੂੰ ਵਿਆਹ ਤੋਂ ਪਹਿਲਾਂ ਪਿਤਾ ਤੇ ਬਾਅਦ ਵਿਚ ਪਤੀ ਦੀ ਮਰਜ਼ੀ ਮੁਤਾਬਕ ਜਿਊਣਾ ਪੈਂਦਾ ਹੈ। ਵਿਆਹ ਤੋਂ ਬਾਅਦ ਔਰਤਾਂ ਉੱਪਰ ਹਿੰਸਾ ਨੂੰ ਇਸ ਸਮਾਜ ਵਿਚ ਸਮਾਜਿਕ ਮਾਨਤਾ ਪ੍ਰਾਪਤ ਹੈ। ਹਰ ਸਾਲ ਤਕਰੀਬਨ 5 ਲੱਖ ਕੁੜੀਆਂ ਗਰਭ ਵਿਚ ਹੀ ਕਤਲ ਕਰ ਦਿੱਤੀਆਂ ਜਾਂਦੀਆਂ ਹਨ। ਅਣਖ ਦੇ ਨਾਮ 'ਤੇ ਹੋਣ ਵਾਲੇ ਕਤਲਾਂ ਦਾ ਸ਼ਿਕਾਰ ਵੀ ਜ਼ਿਆਦਾਤਰ ਔਰਤਾਂ ਹੀ ਹੁੰਦੀਆਂ ਹਨ। ਬਸਤੀਵਾਦੀ ਗ਼ੁਲਾਮੀ ਕਾਰਨ ਸਿਹਤਮੰਦ ਢੰਗ ਨਾਲ ਸਰਮਾਏਦਾਰੀ ਵਿਕਾਸ ਨਾ ਹੋਣ ਕਾਰਨ ਭਾਰਤੀ ਸਮਾਜ ਅੱਜ ਇਨ੍ਹਾਂ ਮੱਧਯੁਗੀ ਅਲਾਮਤਾਂ ਨਾਲ ਪੀੜਤ ਹੈ।

ਇਸ ਦੇ ਨਾਲ ਅਜੋਕੇ ਸਰਮਾਏਦਾਰੀ ਪ੍ਰਬੰਧ ਦੇ ਭੈੜੇ ਵਿਕਾਰਾਂ ਦਾ ਵੀ ਅਜੀਬ ਮਿਲਗੋਭਾ ਬਣ ਗਿਆ ਹੈ। ਸਰਮਾਏਦਾਰੀ ਆਉਣ ਨਾਲ ਔਰਤਾਂ ਦੀ ਗ਼ੁਲਾਮੀ ਦਾ ਰੂਪ ਬਦਲ ਜਾਂਦਾ ਹੈ। ਕੁਝ ਹੱਦ ਤੱਕ ਨਿੱਜੀ ਆਜ਼ਾਦੀਆਂ ਵੀ ਭਾਵੇਂ ਮਿਲਦੀਆਂ ਹਨ ਪਰ ਸਮਾਜਿਕ ਪ੍ਰਬੰਧ ਵਿਚ ਔਰਤਾਂ ਦੇ ਸਰੀਰ ਨੂੰ ਜਿਣਸ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਔਰਤਾਂ ਦੀ ਹੋਂਦ ਨੂੰ ਸਿਰਫ ਮਰਦਾਂ ਦੇ ਭੋਗ ਦੀ ਵਸਤ ਤੱਕ ਸੀਮਿਤ ਕਰਨਾ ਸਰਮਾਏਦਾਰੀ ਸੱਭਿਆਚਾਰ ਦੀ ਹੀ ਅਲਾਮਤ ਹੈ। ਤਰ੍ਹਾਂ-ਤਰ੍ਹਾਂ ਦੀਆਂ ਜਿਣਸਾਂ ਵੇਚਣ ਲਈ ਔਰਤਾਂ ਦੇ ਜਿਸਮ ਦਾ ਸਹਾਰਾ ਲਿਆ ਜਾਂਦਾ ਹੈ। ਫਿਲਮਾਂ, ਗਾਣਿਆਂ ਆਦਿ ਵਿਚ ਔਰਤਾਂ ਨੂੰ ਇੱਕ ਮਨੁੱਖ ਨਾ ਹੋ ਕੇ ਸਿਰਫ ਭੋਗਣ ਲਾਇਕ ਸੁੰਦਰ ਸਰੀਰ ਵਜੋਂ ਹੀ ਦਿਖਾਇਆ ਜਾਂਦਾ ਹੈ। ਇਸ ਤੋਂ ਬਿਨਾਂ ਪੋਰਨੋਗ੍ਰਾਫੀ ਸਰਮਾਏਦਾਰੀ ਸਭਿਆਚਾਰ ਦਾ ਸਭ ਤੋਂ ਘਿਨਾਉਣਾ ਰੂਪ ਹੈ। ਇਹ ਫਿਲਮਾਂ ਔਰਤਾਂ ਖਿਲਾਫ ਸਰੀਰਕ ਹਿੰਸਾ, ਜਬਰ ਜਨਾਹ ਨੂੰ ਜਾਇਜ਼ ਬਣਾ ਕੇ ਪੇਸ਼ ਕਰਦੀਆਂ ਹਨ।

ਇਸ ਤੋਂ ਬਿਨਾਂ ਇਹ ਲਿੰਗ ਕਿਰਿਆ ਨੂੰ ਹੀ ਮਨੁੱਖੀ ਰਿਸ਼ਤੇ ਦਾ ਕੇਂਦਰ ਅਤੇ ਇੱਕੋ-ਇੱਕ ਵਜ੍ਹਾ ਦੇ ਤੌਰ 'ਤੇ ਸਥਾਪਤ ਕਰਦੀਆਂ ਹਨ ਅਤੇ ਔਰਤ-ਮਰਦ ਰਿਸ਼ਤਿਆਂ ਵਿਚਲੇ ਇਨਸਾਨੀ ਪੱਖ ਨੂੰ ਬਿਲਕੁਲ ਖਾਰਜ ਕਰ ਕੇ ਪਸ਼ੂਆਂ ਵਰਗੇ ਸਬੰਧ ਦੇ ਰੂਪ ਵਿਚ ਦਿਖਾਉਂਦੀਆਂ ਹਨ। ਭਾਰਤ ਵਿਚ ਭਾਵੇਂ ਸਰਕਾਰ ਵੱਲੋਂ ਪੋਰਨੋਗ੍ਰਾਫੀ 'ਤੇ ਪਾਬੰਦੀ ਹੈ ਪਰ ਇਸ ਦੇ ਬਾਵਜੂਦ ਇੱਥੇ ਛੋਟੇ ਬੱਚਿਆਂ ਤੱਕ ਵੀ ਪੋਰਨ ਦੀ ਪਹੁੰਚ ਹੈ। ਇਨ੍ਹਾਂ ਸਭ ਕਾਰਨਾਂ ਕਰ ਕੇ ਔਰਤਾਂ ਖਿਲਾਫ ਹੋਣ ਵਾਲੇ ਜੁਰਮਾਂ ਨੂੰ ਹੋਰ ਹੁਲਾਰਾ ਮਿਲਦਾ ਹੈ। ਔਰਤਾਂ ਖਿਲਾਫ ਹੋਣ ਵਾਲੇ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਲਾਜ਼ਮੀ ਹੀ ਲੋਕ ਸੰਘਰਸ਼ਾਂ ਨਾਲ ਸਰਕਾਰ ਅਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਲੋਕ ਸੰਘਰਸ਼ਾਂ ਵਿਚ ਸ਼ਾਮਲ ਹੋ ਕੇ ਹੀ ਔਰਤਾਂ ਨੂੰ ਸਮਾਜਿਕ ਪੱਧਰ 'ਤੇ ਮਨੁੱਖੀ ਸਨਮਾਨ ਭਰਪੂਰ ਜ਼ਿੰਦਗੀ ਮਿਲੇਗੀ। ਇਸ ਦੇ ਨਾਲ ਹੀ ਜਗੀਰੂ ਅਤੇ ਸਰਮਾਏਦਾਰਾ ਔਰਤ ਵਿਰੋਧੀ ਕਦਰਾਂ-ਕੀਮਤਾਂ ਦੇ ਗਲਬੇ ਨੂੰ ਤੋੜਨ ਲਈ ਸੱਭਿਆਚਾਰਕ ਅਤੇ ਵਿਚਾਰਧਾਰਕ ਪੱਧਰ 'ਤੇ ਵੀ ਤਿੱਖੇ ਸੰਘਰਸ਼ ਦੀ ਲੋੜ ਹੈ।

# ਭੋਲੂ ਦਾ ਵਿਆਹ ਅਤੇ ਧਾਰਮਿਕ ਭਾਵਨਾਵਾਂ

**ਰਣਜੀਤ ਲਹਿਰਾ**

ਭੋਲੂ ਮੇਰੀ ਮਾਸੀ ਦਾ ਮੁੰਡਾ ਸੀ, ਮੈਥੋਂ 7-8 ਸਾਲ ਵੱਡਾ। ਮਾਸੀ ਕੈਂਸਰ ਨਾਲ ਮਰ ਗਈ ਸੀ, ਉਦੋਂ ਉਹ ਅਜੇ ਸਕੂਲ ਵਿਚ ਪੜ੍ਹਦਾ ਸੀ। ਮਾਸੀ ਇੱਕ ਹੋਰ ਮੁੰਡੇ ਨੂੰ ਦੁੱਧ ਚੁੰਘਦੇ ਨੂੰ ਛੱਡ ਗਈ ਸੀ ਜਿਸ ਨੂੰ ਮੇਰੀ ਮਾਂ ਤੇ ਨਾਨੀ ਨੇ ਬੜੀਆਂ ਔਖਾਂ ਨਾਲ ਪਾਲਿਆ ਸੀ। ਵੈਲ ਤਾਂ ਇੱਕ ਨਹੀਂ ਬੰਦੇ ਨੂੰ ਜਿਊਣ ਜੋਗਾ ਛੱਡਦਾ, ਭੋਲੂ ਤਾਂ ਦੋ-ਦੋ ਲਾਈ ਫਿਰਦਾ ਸੀ। ਦਾਰੂ ਤੇ ਬੀੜੀ-ਬੱਤੀ ਦੇ ਵੈਲ ਉਸ ਨੂੰ ਆਪਣੇ ਲਾਣੇ ਵਿਚੋਂ ਵਿਰਾਸਤ ਵਿਚ ਹੀ ਮਿਲ ਗਏ ਸਨ। ਦਸਵੀਂ ਪਾਸ ਕਰਦਿਆਂ ਹੀ ਮੇਰੀ ਮਾਂ ਦੇ ਜ਼ੋਰ ਪਾਉਣ 'ਤੇ ਜਿਵੇਂ-ਕਿਵੇਂ ਬਾਪੂ ਨੇ ਭੋਲੂ ਨੂੰ ਬਿਜਲੀ ਬੋਰਡ 'ਚ ਖੰਭੇ ਖੜ੍ਹੇ ਕਰਨ ਵਾਲੇ ਕੱਚੇ ਕਾਮਿਆਂ 'ਚ ਲਵਾ ਦਿੱਤਾ। ਹੌਲੀ-ਹੌਲੀ ਉਹ ਪੱਕਾ ਹੋ ਗਿਆ, ਫਿਰ ਸਹਾਇਕ ਲਾਈਨਮੈਨ ਬਣ ਗਿਆ। ਪਿੰਡਾਂ ਦੇ ਲੋਕਾਂ ਨਾਲ ਪੈਂਦੇ ਵਾਹ ਨੇ ਉਹਦੀ ਦਾਰੂ ਤੇ ਬੀੜੀ-ਬੱਤੀ ਦੀ ਆਦਤ ਪਕਾ ਦਿੱਤੀ।

ਖ਼ੈਰ! ਭੋਲੂ ਦੀ ਨੌਕਰੀ ਨੇ ਉਹਦੇ ਵਿਆਹ ਦਾ ਹੀਲਾ ਕਰ ਦਿੱਤਾ। 70ਵਿਆਂ ਦੇ ਅੰਤਲੇ ਦਿਨਾਂ ਦੀ ਗੱਲ ਹੈ ਜਦੋਂ ਉਹ ਸਿਹਰਾ ਬੰਨ੍ਹ ਕੇ ਲਾੜੀ ਵਿਆਹੁਣ ਤੁਰਿਆ। ਉਹਦਾ ਸਰਬਾਲਾ ਬਣਨ ਦਾ ਮੌਕਾ ਮੈਨੂੰ ਮਿਲਿਆ। ਬਠਿੰਡੇ ਦੇ ਇੱਕ ਪਿੰਡ ਢੁਕੀ ਬਰਾਤ ਦਾ ਉਤਾਰਾ ਧਰਮਸ਼ਾਲਾ 'ਚ ਹੋਇਆ। ਬੈਂਡ-ਵਾਜਿਆਂ ਦੀਆਂ ਧੁਨਾਂ 'ਤੇ ਨੱਚਦੀ-ਟੱਪਦੀ ਬਰਾਤ ਚਾਹ ਪੀ ਕੇ ਧਰਮਸ਼ਾਲਾ ਮੁੜ ਆਈ। ਦਾਰੂ-ਪਿਆਲੇ ਦਾ ਦੌਰ ਉਦੋਂ ਆਨੰਦ ਕਾਰਜ ਤੋਂ ਬਾਅਦ ਸ਼ੁਰੂ ਹੁੰਦਾ ਸੀ। ਪੀਣ ਦੇ ਸ਼ੁਕੀਨ ਬਰਾਤੀਆਂ ਨੂੰ ਚਾਰ-ਚਾਰ ਦਾ ਜੁੱਟ ਬਣਾ ਕੇ ਇੱਕ-ਇੱਕ ਬੋਤਲ ਦੇ ਦਿੱਤੀ ਜਾਂਦੀ ਸੀ। ਕਈ ਬਾਹਲੇ ਪਿਅੱਕੜ ਆਪਣੀ ਨਬੇੜ ਕੇ ਹੋਰ ਪਾਸੇ ਵੀ ਹੱਥ ਮਾਰ ਆਉਂਦੇ ਪਰ ਲਾੜੇ ਅਤੇ ਉਹਦੇ ਚਾਚੇ ਨੇ ਪਤਾ ਨਹੀਂ ਕਿਹੜੇ ਵੇਲੇ ਆਨੰਦ ਕਾਰਜਾਂ ਤੋਂ ਪਹਿਲਾਂ ਹੀ ਲਾ ਲਈ। ਆਨੰਦ ਕਾਰਜ ਵੇਲੇ ਨੂੰ ਦੋਵੇਂ ਵਾਹਵਾ ਰੰਗਾਂ 'ਚ ਹੋ ਗਏ।

ਕੁਝ ਦੇਰ ਬਾਅਦ ਆਨੰਦ ਕਾਰਜ ਦਾ ਸੱਦਾ ਆ ਗਿਆ। ਮੂਹਰੇ ਲਾੜਾ, ਨਾਲ ਸਰਬਾਲਾ ਤੇ ਪਿੱਛੇ ਬਰਾਤੀ ਆਨੰਦ ਕਾਰਜਾਂ ਲਈ ਪਹੁੰਚ ਗਏ। ਵਿਆਹ ਵਾਲੇ ਘਰ ਵੱਡੀ ਸਾਰੀ ਸਬਾਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੂਹਰੇ ਗਦੈਲੇ 'ਤੇ ਚਾਦਰ ਵਿਛਾਈ ਸੀ ਤੇ ਪਿੱਛੇ ਪਟੀਆਂ ਵਿਛੀਆਂ ਸਨ। ਭੋਲੂ ਜਾ ਕੇ ਗਦੈਲੇ 'ਤੇ ਇੱਕ ਪਾਸੇ ਬੈਠ ਗਿਆ, ਬਿਨਾਂ ਮੱਥਾ ਟੇਕੇ ਤੇ ਚੜ੍ਹਾਵਾ ਚੜ੍ਹਾਏ। ਉਹਦੇ ਨਾਲ ਹੀ ਮੈਂ ਤੇ ਉਹਦਾ ਚਾਚਾ ਬਹਿ ਗਏ; ਤੇ ਪਿੱਛੇ ਸਾਰੀ ਬਰਾਤ ਬਿਨਾਂ ਮੱਥਾ ਟੇਕੇ ਤੇ ਚੜ੍ਹਾਵਾ ਚੜ੍ਹਾਏ ਹੀ ਬੈਠ ਗਈ। ਆਨੰਦ ਕਾਰਜ ਕਰਾਉਣ ਲਈ ਬੈਠਾ ਭਾਈ ਜੀ ਅਤੇ ਹੋਰ ਸੱਜਣ ਝਾਕਣ, ਬਈ ਇਹ ਕਿਹੋ ਜਿਹੀ ਬਰਾਤ ਹੋਈ ਜਿਹੜੀ ਬਿਨਾਂ ਮੱਥਾ ਟੇਕੇ ਤੇ ਚੜ੍ਹਾਵਾ ਚੜ੍ਹਾਏ ਹੀ ਬੈਠ ਗਈ। ਇੰਨੇ ਨੂੰ ਸਭ ਤੋਂ ਪਿੱਛੋਂ ਮੇਰਾ ਗਿਆਨੀ-ਧਿਆਨੀ ਬਾਪੂ ਸੰਵਾਰ ਕੇ ਹੱਥ-ਮੂੰਹ ਧੋ ਕੇ ਆਰਾਮ ਨਾਲ ਜੇਬ 'ਚ ਪਾਈ ਛੋਟੀ ਜਿਹੀ ਡਾਇਰੀ ਵਿਚੋਂ ਇੱਕ ਰੁਪਿਆ ਕੱਢਦਾ ਹੋਇਆ ਆਇਆ ਤੇ ਪੂਰੀ ਸ਼ਰਧਾ ਨਾਲ ਚੜ੍ਹਾਵਾ ਚੜ੍ਹਾ ਕੇ ਗੋਡਿਆਂ ਭਾਰ ਹੋ ਕੇ ਮੱਥਾ ਟੇਕਣ ਲੱਗਿਆ। ਉਹਨੂੰ ਮੱਥਾ ਟੇਕਦਿਆਂ ਦੇਖ ਕੇ ਬਰਾਤੀਆਂ ਦਾ ਮੱਥਾ ਠਣਕਿਆ ਤੇ ਅਕਲ ਟਿਕਾਣੇ ਆਈ ਕਿ ਉਹ ਮੱਥਾ ਟੇਕਣਾ ਤਾਂ ਭੁੱਲ ਹੀ ਗਏ; ਤੇ ਫਿਰ ਉੱਠ ਉੱਠ ਮੱਥਾ ਟੇਕਣ ਤੇ ਚੜ੍ਹਾਵਾ ਚੜ੍ਹਾਉਣ ਲੱਗ ਪਏ।

ਭੋਲੂ ਦੇ ਚਾਚੇ ਨੇ ਬੈਠੇ-ਬੈਠੇ ਇੱਕ ਰੁਪਿਆ ਚੜ੍ਹਾ ਕੇ ਮੱਥਾ ਟੇਕ ਦਿੱਤਾ। ਮੱਥਾ ਟੇਕ ਕੇ ਉਹ ਭੋਲੂ ਦੇ ਹੁੱਝਾਂ ਮਾਰਨ ਲੱਗ ਪਿਆ- ਮੱਥਾ ਟੇਕ ਦੇ, ਮੱਥਾ ਟੇਕ ਦੇ। ਭੋਲੂ ਨੇ ਵੀ ਬੈਠੇ-ਬੈਠੇ ਨੇ ਜੇਬ 'ਚੋਂ ਪੰਜ ਦਾ ਨੋਟ ਕੱਢ ਕੇ ਮੱਥਾ ਟੇਕ ਦਿੱਤਾ। ਉਦੋਂ ਆਮ ਤੌਰ 'ਤੇ ਮੱਥਾ ਇੱਕ ਜਾਂ ਦੋ ਰੁਪਏ ਚੜ੍ਹਾ ਕੇ ਟੇਕਿਆ ਜਾਂਦਾ ਸੀ; ਲਾੜਾ ਪੰਜ ਰੁਪਏ ਵੀ ਚੜ੍ਹਾ ਦਿੰਦਾ ਸੀ ਪਰ ਚਾਚੇ ਦੇ ਅੰਦਰ ਗਏ ਘੁੱਟ ਉਹਨੂੰ ਟਿਕਣ ਨਾ ਦੇਣ। ਉਹ ਫਿਰ ਭੋਲੂ ਦੇ ਹੁੱਝਾਂ ਮਾਰਨ ਲੱਗ ਪਿਆ- ਚਾਰ ਰੁਪਏ ਚੱਕ ਲੈ। ਜਦੋਂ ਚਾਚਾ ਨਾ ਹਟਿਆ ਤਾਂ ਅਖ਼ੀਰ ਭੋਲੂ ਨੇ ਬੈਠੇ-ਬੈਠੇ ਨੇ ਚਾਰ ਰੁਪਏ ਚੁੱਕ ਕੇ ਜੇਬ 'ਚ ਪਾ ਲਏ।

ਹੁਣ ਇਹ ਗੱਲ ਤਾਂ ਕਿਸੇ ਤੋਂ ਛੁਪੀ ਨਹੀਂ ਰਹੀ ਕਿ ਲਾੜਾ ਅਤੇ ਲਾੜੇ ਦਾ ਚਾਚਾ ਦਾਰੂ ਪੀ ਕੇ ਬੈਠੇ ਸਨ ਪਰ ਨਾ ਭਾਈ ਜੀ ਨੇ ਕੋਈ ਉਜ਼ਰ ਕੀਤਾ ਅਤੇ ਨਾ ਹੀ ਵਿਆਂਦੜ ਦੇ ਘਰ ਵਾਲੇ ਕੁਝ ਬੋਲੇ। ਹਾਜ਼ਰ ਪਿੰਡ ਵਾਲਿਆਂ ਨੇ ਦੇਖ ਕੇ ਅਣਡਿੱਠ ਕਰ ਦਿੱਤਾ, ਕਿਸੇ ਨੇ ਵੀ ਵਿਆਹ 'ਚ ਬੀਅ ਦਾ ਲੇਖਾ ਨਾ ਛੇੜਿਆ।

ਅਸਲ ਵਿਚ, ਉਨ੍ਹਾਂ ਸਮਿਆਂ 'ਚ ਪਿੰਡ ਦੀ ਧੀ-ਭੈਣ ਨੂੰ ਸਾਰੇ ਪਿੰਡ ਦੀ ਧੀ-ਭੈਣ ਸਮਝਦੇ ਸਨ; ਧੀ-ਭੈਣ ਦੇ ਕਾਰਜ ਨੂੰ ਨੇਪਰੇ ਚਾੜ੍ਹਨਾ ਪਿੰਡ ਵਾਲਿਆਂ ਦਾ ਧਰਮ ਸਮਝਿਆ ਜਾਂਦਾ ਸੀ। ਗੱਲ ਇਹ ਵੀ ਨਹੀਂ ਕਿ ਲੋਕ ਉਦੋਂ ਸ਼ਰਧਾਵਾਨ ਨਹੀਂ ਸੀ ਹੁੰਦੇ, ਹੁੰਦੇ ਸਨ ਸਗੋਂ ਅੱਜ ਦੇ ਲੋਕਾਂ ਨਾਲੋਂ ਵੱਧ ਹੁੰਦੇ ਸਨ ਪਰ ਠਰੰਮੇ ਵਾਲੇ ਤੇ ਦੂਰ ਦੀ ਸੋਚਣ ਵਾਲੇ ਹੁੰਦੇ ਸਨ, ਕਿਸੇ ਗੱਲ ਤੋਂ ਪਹਿਲਾਂ ਭਾਈਚਾਰੇ ਦੀ ਤੰਦ ਮਜ਼ਬੂਤ ਬਣਾ ਕੇ ਰੱਖਣ ਵਾਲੇ ਹੁੰਦੇ ਸਨ। ਅੱਜ ਦੇ ਸੋਸ਼ਲ ਮੀਡੀਆ ਭਲਵਾਨਾਂ ਵਰਗੇ ਤੱਤ-ਭੜੱਥੇ ਨਹੀਂ ਸਨ ਹੁੰਦੇ। ਉਹ ਭੁੱਲੇ-ਭਟਕੇ ਵਾਪਰੀ ਅਜਿਹੀ ਘਟਨਾ 'ਤੇ ਮਿੱਟੀ ਪਾ ਕੇ, ਸੱਥਾਂ ਵਿਚ ਬਹਿ ਕੇ ਠਹਾਕੇ ਲਾਉਣ ਦਾ ਮਾਦਾ ਵੀ ਰੱਖਦੇ ਸਨ।

ਉਹ ਭਲੇ ਵੇਲੇ ਸਨ ਜਦੋਂ ਲੋਕ ਖੁੱਲ੍ਹਦਿਲੇ ਹੁੰਦੇ ਸਨ, ਉਨ੍ਹਾਂ ਅੰਦਰ ਸਹਿਣਸ਼ੀਲਤਾ ਵੀ ਸੀ; ਸਭ ਤੋਂ ਵੱਧ, ਉਦੋਂ ਸਿਆਸਤ ਨੇ ਧਰਮ ਨੂੰ ਵੋਟਾਂ ਲਈ ਆਪਣਾ ਮੁੱਖ ਹਥਿਆਰ ਨਹੀਂ ਸੀ ਬਣਾਇਆ; ਤੇ ਨਾ ਸਿਆਸਤ ਤੇ ਧਰਮ ਦੀ ਖਿਚੜੀ ਨੇ ਲੋਕਾਂ ਦੇ ਦਿਮਾਗ ਨੂੰ ਅੱਜ ਵਾਂਗ ਸੰਕੀਰਨਤਾ, ਸਾੜੇ ਤੇ ਵੈਰ-ਭਾਵ ਨਾਲ ਭਰਿਆ ਸੀ। ਜੇ ਅਜਿਹਾ ਹੋਇਆ ਹੁੰਦਾ ਤਾਂ ਲਾੜੇ ਸਮੇਤ ਬਰਾਤੀਆਂ ਦੀ ਗਿੱਦੜ-ਕੁੱਟ ਯਕੀਨੀ ਸੀ ਅਤੇ ਉਸ ਗਿੱਦੜ-ਕੁੱਟ ਵਿਚ ਸਰਬਾਲੇ ਦਾ ਘੋਰਤੂ ਬੋਲ ਜਾਣਾ ਵੀ ਯਕੀਨੀ ਸੀ।

ਚਲੋ, ਸਮਝਣ ਦੀ ਲੋੜ ਇਹ ਹੈ ਕਿ ਜਦੋਂ ਤੋਂ ਸੱਤਾ ਪ੍ਰਾਪਤੀ ਲਈ ਸਿਆਸਤਦਾਨਾਂ ਨੇ ਵੋਟਾਂ ਵੋਟਰਨ ਖ਼ਾਤਰ ਧਰਮ ਨੂੰ ਸੱਤਾ ਪ੍ਰਾਪਤੀ ਦਾ ਸਸਤਾ ਤੇ ਸੌਖਾ ਹਥਿਆਰ ਬਣਾਇਆ ਹੈ, ਉਦੋਂ ਤੋਂ ਹਰ ਛੋਟੀ-ਮੋਟੀ ਘਟਨਾ ਨੂੰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਲਈ ਵਰਤਿਆ ਜਾਣ ਲੱਗਿਆ ਹੈ। ਰਹਿੰਦੀ ਕਸਰ ਸੋਸ਼ਲ ਮੀਡੀਆ ਦੇ ਆਈ.ਟੀ. ਸੈੱਲ ਤੇ ਟਰੋਲ ਆਰਮੀਆਂ ਪੂਰਾ ਕਰ ਦਿੰਦੀਆਂ ਹਨ। ਅਸਲੀ ਗੱਲ ਇਹ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਅਤੇ ਭਾਵਨਾਵਾਂ ਨੂੰ ਠੇਸ ਦੇ ਨਾਂ 'ਤੇ ਭਾਈਚਾਰਕ ਸਾਂਝ ਨੂੰ ਤਾਰ ਤਾਰ ਕਰਨ ਦੇ ਵਰਤਾਰੇ ਵੋਟ ਵਟੋਰੂ ਸਿਆਸਤਦਾਨਾਂ ਲਈ ਮੁਆਫ਼ਕ ਹਨ। ਇਹ ਤਾਂ ਲੋਕਾਂ ਦਾ ਫਰਜ਼ ਹੈ ਕਿ ਅਸੀਂ ਪਹਿਲਾਂ ਠਰੰਮੇ ਨਾਲ ਸੋਚੀਏ, ਘਟਨਾ ਦੀ ਤਹਿ ਤੱਕ ਜਾਈਏ ਤੇ ਫਿਰ ਕੋਈ ਕਦਮ ਚੁੱਕੀਏ।

# ਕਲਮ ਅਤੇ ਕਾਗਜ਼ ਦਾ ਰਿਸ਼ਤਾ

**ਰਾਜਿੰਦਰ ਸਿੰਘ ਬੇਦੀ ਦੀ ਗਿਣਤੀ ਉਰਦੂ ਦੇ ਚੋਣਵੇਂ ਅਫਸਾਨਾ ਨਿਗਾਰਾਂ ਵਿਚ ਹੁੰਦੀ ਹੈ। ਉਨ੍ਹਾਂ ਆਪਣੀਆਂ ਸਾਹਿਤਕ ਰਚਨਾਵਾਂ 'ਤੇ ਫਿਲਮਾਂ ਵੀ ਬਣਾਈਆਂ। ਇਸ ਲੇਖ ਵਿਚ ਉਨ੍ਹਾਂ ਕਲਮ ਤੇ ਕਾਗਜ਼ ਦੇ ਰਿਸ਼ਤੇ ਬਾਰੇ ਬਹੁਤ ਖੂਬਸੂਰਤ ਗੱਲਾਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ।**

ਦੋਸਤੋ!

ਮੈਂ ਲਗਭਗ ਦਸ ਸਾਲਾਂ ਤੋਂ ਬਿਮਾਰੀ ਦੇ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰ ਰਿਹਾ ਹਾਂ। ਹੁਣ ਪਿਛਲੀ ਜਿਹੀ ਸ਼ਿਦਤ ਮੇਰੀ ਬਿਮਾਰੀ ਵਿਚ ਬਾਕੀ ਨਹੀਂ ਹੈ, ਫੇਰ ਵੀ ਮੇਰੇ ਲਈ ਲਿਖਣਾ ਖਾਸੀ ਮੁਸ਼ਕਿਲ ਗੱਲ ਹੈ...

ਕਜ਼ਾ ਨੇ ਥਾ ਮੁਝੇ ਚਾਹਾ ਖਰਾਬ ਵਾਦਾ-ਏ-ਉਲਫ਼ਤ,<br>'ਫਕਤ' ਖਰਾਬ ਲਿਖਾ, ਬਸ ਨ ਚਲ ਸਕਾ ਕਲਮ ਆਗੇ।

ਮੈਂ ਆਪਣੀ ਚੇਤਨਾ ਬਾਰੇ ਕੀ ਲਿਖਾਂ? ਇਹ ਕੋਸ਼ਿਸ਼ਾਂ, ਨਾਤਮਾਮ, 'ਦਾਨਾਂ ਵ ਦਾਮ' ਤੋਂ ਸ਼ੁਰੂ ਹੁੰਦੀਆਂ ਹਨ। 'ਗਹਨ', 'ਕੋਖਜਲੀ', 'ਅਪਨੇ ਦੁਖ ਮੁਝੇ ਦੇ ਦੋ', 'ਹਾਥ ਹਮਾਰੇ ਕਲਮ ਹੁਯੇ' ਅਫਸਾਨਿਆਂ ਦੇ ਸੰਗ੍ਰਹਿ ਹਨ। ਇੱਕ ਛੋਟਾ ਜਿਹਾ

**ਰਾਜਿੰਦਰ ਸਿੰਘ ਬੇਦੀ**

ਨਾਵਲ 'ਏਕ ਚਾਦਰ ਮੈਲੀ ਸੀ' ਹੈ। ਦੂਜਾ ਕੁਝ ਲੰਮਾ ਨਾਵਲ 'ਨਮਕ' ਹੈ ਜਿਹੜਾ ਮੇਰੀ ਬਿਮਾਰੀ ਕਰ ਕੇ ਪੂਰਾ ਨਹੀਂ ਹੋ ਸਕਿਆ। ਦੋ ਡਰਾਮਿਆਂ ਦੇ ਸੰਗ੍ਰਹਿ ਹਨ- 'ਸਾਤ ਖੇਲ' ਤੇ 'ਬੇਜਾਨ ਚੀਜ਼ੇਂ'। ਮੈਂ ਅਸਲ ਵਿਚ ਕੋਈ 'ਜ਼ੀਵਾਗੋ' ਲੇਖਕ ਨਹੀਂ ਹਾਂ। ਮੈਂ ਕਲਮ ਚੁੱਕ ਕੇ ਕਾਗਜ਼ ਨੂੰ ਸਿਆਹ ਕਰਨਾ ਚਾਹਾਂ ਵੀ ਤਾਂ ਕਦੇ ਕਲਮ ਰੁਕ ਜਾਂਦੀ ਹੈ ਤੇ ਕਦੇ ਕਾਗਜ਼ ਦੀ ਸ਼ੁਰੂਆਤ ਰੁਕਾਵਟ ਬਣ ਕੇ ਆ ਜਾਂਦੀ ਹੈ। ਇਹ ਤੁਹਾਡਾ ਕਰਮ ਹੈ ਕਿ ਤੁਸੀਂ ਮੈਨੂੰ ਇਨਾਮ ਦੇ ਕਾਬਿਲ ਸਮਝਿਆ।

ਇਹ ਵੀ ਸੱਚ ਹੈ ਕਿ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਲਿਖਣ ਵਿਚ ਹੀ ਬੀਤਿਆ ਹੈ; ਯਾਨੀ ਕਿ ਲਿਖਣ ਬਾਰੇ ਚ ਸੋਚਣ-ਸਮਝਣ ਤੇ ਫਿਰ ਕਦੇ-ਕਦੇ ਲਿਖਣ ਵਿਚ। ਲਿਖਣਾ ਮੇਰੇ ਲਈ ਮੁਸੀਬਤ ਨਹੀਂ ਰਿਹਾ ਹੈ। ਸ਼ੁਰੂ-ਸ਼ੁਰੂ ਵਿਚ ਅਜਿਹਾ ਲੱਗਦਾ ਸੀ ਕਿ ਤਜਰਬੇ ਤੋਂ ਧਿਆਨ ਨੂੰ ਕਾਗਜ਼ 'ਤੇ ਉਤਾਰ ਦੇਵਾਂ ਪਰ ਹੌਲੀ-ਹੌਲੀ ਕਲਾਤਮਕ ਸ਼ਊਰ ਦੀ ਗ੍ਰਿਫਤ ਮਜ਼ਬੂਤ ਹੁੰਦੀ ਗਈ। ਕਦੇ-ਕਦੇ ਇਹ ਗ੍ਰਿਫਤ ਇੰਨੀ ਸਖਤ ਹੋ ਗਈ ਕਿ ਮੈਂ ਕਈ ਮਹੀਨੇ ਕੋਈ ਅਫਸਾਨਾ ਨਾ ਲਿਖ ਸਕਿਆ। ਕਦੇ-ਕਦਾਈਂ ਅਜਿਹਾ ਵੀ ਹੁੰਦਾ ਹੈ ਕਿ ਕਲਮ ਰੋਕਿਆਂ ਨਹੀਂ ਰੁਕਦੀ ਸੀ। ਚੇਤਨ ਤੇ ਅਵਚੇਤਨ ਵਿਚ ਕੋਈ ਇੰਨੀ ਸਿੱਧੀ ਲੜਾਈ ਨਹੀਂ ਹੁੰਦੀ ਹੈ ਕਿ ਸਫਾ-ਏ-ਕੁਰਤਾਸ 'ਤੇ ਖ਼ੂਬ-ਖਰਾਬੇ ਦੀ ਨੌਬਤ ਆ ਜਾਵੇ ਪਰ ਕੋਈ ਕਸ਼ਮਕਸ਼ ਤਾਂ ਚੱਲਦੀ ਹੀ ਰਹਿੰਦੀ ਹੈ, ਉਹੀ ਹੇਮਲਿਟ ਦਾ ਵਿਸ਼ਲੇਸ਼ਣਾਤਮਕ ਸਵਾਲ, ਯਾਨੀ... 'ਕੀ ਲਿਖਾਂ, ਕੀ ਨਾ ਲਿਖਾਂ?'

ਤੇ ਫਿਰ ਅਫਸਾਨਾ ਕੀ ਹੈ? ਇਹ ਸੁਆਲ ਮੇਰੇ ਅਫਸਾਨਿਆਂ ਦੇ ਨਾਲ-ਨਾਲ ਬਦਲਦਾ ਰਿਹਾ ਹੈ; ਐਦਾਂ ਕਿ ਕਦੇ ਬੱਚੇ ਦੀ ਕਹਾਣੀ ਸੁਣਾਉਣ ਦਾ ਖਿਆਲ ਆਇਆ ਤਾਂ 'ਭੋਲਾ' ਲਿਖੀ। ਕਦੇ ਇੱਕ ਹੋਰ ਬੱਚੇ ਦੇ ਜ਼ਰੀਏ ਅੱਜ ਦੀ ਰੋਜ਼ ਦੀ ਸੀਤਾ ਦੀ ਬਿਪਤਾ ਲਿਖਣੀ ਹੋਈ ਤਾਂ 'ਬੱਬਲ' ਲਿਖੀ। ਬੱਚੇ ਤੇ ਕਹਾਣੀ ਦਾ ਬੜਾ ਸਬੰਧ ਸੀ, ਹੈ ਤੇ ਰਹੇਗਾ। ਇਸ ਲਈ ਕਿ ਕਹਾਣੀ ਸੁਣਨ ਦੀ ਖ਼ੁਆਇਸ਼ ਹੀ ਅਫਸਾਨਾ ਨਿਗਾਰ ਨੂੰ ਕਹਾਣੀ ਲਿਖਣ 'ਤੇ ਮਜਬੂਰ ਕਰਦੀ ਹੈ। ਤਕਨੀਕ ਬਦਲਦੀ ਰਹਿੰਦੀ ਹੈ। ਹਾਂ, ਕਦੇ-ਕਦੇ ਅਜਿਹਾ ਵੀ ਮਨ ਚਾਹਿਆ ਹੈ ਕਿ ਆਪਣੇ ਚਹੁੰ ਪਾਸੀਂ ਫੈਲੇ ਹੋਏ ਹੰਗਾਮਾ-ਏ-ਜਾਰ 'ਤੇ ਵੀ ਨਜ਼ਰ ਮਾਰੀ ਜਾਵੇ ਤਾਂ ਮੈਂ 'ਜਨਾਜ਼ਾ ਕਹਾਂ ਹੈ' ਲਿਖੀ। ਜਦੋਂ ਦਹਿਸ਼ਤ ਤੇ ਜ਼ੁਰਮ ਦੀ ਫਿਜ਼ਾ ਨੂੰ ਮਸੱਲਤ ਹੁੰਦਿਆਂ ਦੇਖਿਆ ਤਾਂ 'ਬੋਲੋ' ਲਿਖੀ; ਗਰਜ ਕਿ ਘੱਟ ਲਿਖਦਿਆਂ ਹੋਇਆਂ ਵੀ ਕਰੀਬ ਅੱਸੀ ਕਹਾਣੀਆਂ ਪੰਤਾਲੀ ਸਾਲਾਂ ਵਿਚ ਲਿਖੀਆਂ। ਹੁਣ ਵੀ ਲਿਖਣ ਦੀ ਖ਼ੁਆਇਸ਼ ਹੈ। ਆਪਣੇ ਹੱਥਾਂ ਵਿਚ ਕਲਮ ਫੜ ਕੇ, ਕਾਗਜ਼ 'ਤੇ ਨਜ਼ਰਾਂ ਗੱਡ ਕੇ ਦੇਖਦਾ ਹਾਂ ਤੇ ਸੋਚਦਾ ਹਾਂ ਕਿ ਕਿਸੇ ਨੇ ਕਿਹਾ ਸੀ:

ਕਭੀ ਪੀਲੇ ਸੇ ਕਾਗਜ਼ ਪਰ ਸਯਾਹ ਲਫ਼ਜ਼ੋਂ ਮੇਂ ਕੁਛ ਲਿਖਨਾ,<br>ਕਭੀ ਨਜ਼ਰੋਂ ਸੇ ਲਿਖਕਰ ਯੂੰ ਹੀ ਕਾਗਜ਼ ਕੋ ਜਲਾ ਦੇਨਾ!

ਯਾਨੀ ਕਿ ਕਲਮ ਤੇ ਕਾਗਜ਼ ਦਾ ਰਿਸ਼ਤਾ ਕਾਇਮ ਹੈ ਤੇ ਮੈਂ ਜ਼ਰੂਰ ਲਿਖਾਂਗਾ। ਪਤਾ ਨਹੀਂ ਕਦੋਂ ਫਲਾਬੇਅਰ ਨੇ ਮੋਪਾਸਾਂ ਨੂੰ ਕਿਹਾ, "ਦੇਖ, ਉਹ ਸਾਹਮਣੇ ਦਰਖ਼ਤ ਏ। ਉਸ ਬਾਰੇ ਕਹਾਣੀ ਲਿਖ ਕੇ ਲਿਆ।" ਜਦੋਂ ਮੋਪਾਸਾਂ ਕਹਾਣੀ ਲਿਖ ਕੇ ਲੈ ਆਇਆ ਤਾਂ ਫਲਾਬੇਅਰ ਨੇ ਕਿਹਾ, "ਤੂੰ ਪਤਾ ਨਹੀਂ ਕੀ ਲਿਖ ਲਿਆਇਆਂ? ਸ਼ਾਖਾਵਾਂ, ਪੱਤੇ, ਫੁੱਲ ਆਦਿ ਵੀ ਨੇ ਪਰ ਕਹਾਣੀ ਦਰਖ਼ਤ ਬਾਰੇ ਕਹਿੰਦੀ ਏ, ਦਰਖ਼ਤ ਦੇ ਜਿਸਮ ਦੀ ਅਨੈਟਮੀ ਬਾਰੇ ਨਹੀਂ।" ਪਤਾ ਨਹੀਂ ਕਿੰਨੀ ਵਾਰ ਮੋਪਾਸਾਂ ਨੂੰ ਦਰੱਖ਼ਤ 'ਤੇ ਨਜ਼ਰਾਂ ਗੱਡ ਕੇ ਉਸ ਦੇ ਆਰ-ਪਾਰ ਦੇਖਣਾ ਪਿਆ ਤੇ ਫਿਰ ਉਹ ਦਰਖ਼ਤ ਦੀ ਕਹਾਣੀ ਲਿਖ ਸਕਿਆ। ਪਤਾ ਨਹੀਂ, ਮੈਂ ਅਜਿਹੇ ਤਜਰਬਿਆਂ ਤੇ ਖਿਆਲਾਂ ਨਾਲ ਦਰਖ਼ਤ ਦੀ ਪੂਰੀ ਤਰਜਮਾਨੀ ਕਰ ਰਿਹਾ ਹਾਂ ਜਾਂ ਨਹੀਂ ਪਰ ਮੇਰੀ ਕੋਸ਼ਿਸ਼ ਇਹੀ ਰਹੀ ਕਿ ਸਾਰੇ ਦਰਖ਼ਤ ਦੀ ਕਹਾਣੀ ਨਾ ਸਈ, ਕਿਸੇ ਇੱਕ ਟਾਹਣੀ, ਕਿਸੇ ਫਲ, ਹਰੇ ਜਾਂ ਪੀਲੇ ਪੱਤੇ ਦੀ ਕਹਾਣੀ ਲਿਖਾਂ। ਕਦੇ-ਕਦੇ ਦਰੱਖ਼ਤ ਬਾਰੇ ਘੱਟ, ਉਸ ਦੀਆਂ ਜੜ੍ਹਾਂ ਬਾਰੇ ਜ਼ਿਆਦਾ ਲਿਖ ਗਿਆ ਹਾਂ ਕਿ ਅਸਲ ਦਰੱਖ਼ਤ ਤਾਂ ਜ਼ਮੀਨ ਦੇ ਅੰਦਰ ਹੈ। ਪਤਾ ਨਹੀਂ, ਕੀ ਲਿਖਣਾ ਚਾਹੁੰਦਾ ਸੀ, ਕੀ ਲਿਖ ਗਿਆ ਪਰ ਜੋ ਲਿਖਿਆ, ਉਹ ਪੂਰੀ ਇਮਾਨਦਾਰੀ ਤੇ ਯਤਨ ਨਾਲ ਲਿਖਿਆ ਹੈ। ਸ਼ਾਇਦ ਇਸੇ ਲਈ ਹੁਣ ਵੀ ਲਿਖਣ ਦੀ ਖ਼ੁਆਇਸ਼ ਬਾਕੀ ਹੈ।



ਰਾਜਿੰਦਰ ਸਿੰਘ ਬੇਦੀ

### ਕਿਤਾਬਾਂ ਤੋਂ ਫਿਲਮਾਂ ਤੱਕ

ਕਦੇ ਮੈਂ ਇਸ ਲਈ ਲਿਖਣਾ ਸ਼ੁਰੂ ਕੀਤਾ ਸੀ ਕਿ ਮੈਂ ਕੁਝ ਕਹਿਣਾ ਸੀ- ਸਮਾਜ ਬਾਰੇ, ਜ਼ਮਾਨੇ ਬਾਰੇ, ਹਾਲਾਤ ਬਾਰੇ, ਖ਼ੁਦ ਆਪਣੇ ਬਾਰੇ; ਮੈਂ ਸੋਚਿਆ ਸੀ ਕਿ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਦੇ ਜ਼ਖ਼ਮ ਦਿਖਾਵਾਂ ਤਾਂ ਲੋਕ ਉਨ੍ਹਾਂ 'ਤੇ ਮੱਲ੍ਹਮ ਲਗਾ ਸਕਦੇ ਹਨ। ਉਹ ਛੋਟੀਆਂ-ਛੋਟੀਆਂ ਗੱਲਾਂ ਬਿਆਨ ਕਰਾਂ ਜਿਹੜੀਆਂ ਜ਼ਿੰਦਗੀ ਦੀਆਂ ਵੱਡੀਆਂ-ਵੱਡੀਆਂ ਮੁਸੀਬਤਾਂ ਬਣ ਜਾਂਦੀਆਂ ਹਨ।

ਫਿਰ ਮੈਂ ਕਿਤਾਬੀ ਜ਼ਿੰਦਗੀ ਤੋਂ ਨਿਕਲ ਕੇ ਫਿਲਮੀ ਜ਼ਿੰਦਗੀ ਵਿਚ ਆਇਆ। ਮੈਂ ਮਹਿਸੂਸ ਕੀਤਾ ਕਿ ਹਰ ਫਿਲਮ ਨਿਰਮਾਤਾ ਮੇਰੇ ਵੱਲ ਐਦਾਂ ਦੇਖਦਾ ਸੀ ਜਿੱਦਾਂ ਸ਼ੀਸ਼ ਮਹਿਲ ਵਿਚ ਕੋਈ ਕੁੱਤਾ ਆ ਵੜਿਆ ਹੋਵੇ। ਹਰ ਕੋਈ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਕਿ ਫਿਲਮੀ ਕਹਾਣੀ ਅਸਲ ਵਿਚ ਕੀ ਹੁੰਦੀ ਹੈ ਤੇ ਕਿੰਦਾਂ ਲਿਖੀ ਜਾਂਦੀ ਹੈ। ਸਫਲ ਨਿਰਮਾਤਾਵਾਂ ਦੇ ਭਾਸ਼ਣ ਸੁਣਨਾ ਤਾਂ ਮੈਂ ਗਵਾਰਾ ਕਰ ਹੀ ਲੈਂਦਾ ਪਰ ਉਨ੍ਹਾਂ ਦੇ ਚੇਲੇ-ਚਾਂਟੇ ਜਿਨ੍ਹਾਂ ਨੂੰ ਫਿਲਮੀ ਜ਼ਬਾਨ ਵਿਚ 'ਚਮਚੇ' ਕਿਹਾ ਜਾਂਦਾ ਹੈ, ਖ਼ੁਦ ਵੀ ਮੈਨੂੰ ਸਮਝਾਉਂਦੇ ਕਿ ਫਿਲਮੀ ਕਹਾਣੀ ਅਸਲ ਵਿਚ ਅਜਿਹੀ ਹੋਣੀ ਚਾਹੀਦੀ ਹੈ, ਉਸ ਵਿਚ ਫਲਾਣੀਆਂ-ਫਲਾਣੀਆਂ ਗੱਲਾਂ ਦਾ ਖਿਆਲ ਰੱਖਣਾ ਚਾਹੀਦਾ ਤੇ ਕਹਿਣ ਦਾ ਅੰਦਾਜ਼ ਅਜਿਹਾ ਹੋਣਾ ਚਾਹੀਦਾ। ਇਨ੍ਹਾਂ ਗੱਲਾਂ ਵਿਚ ਮੈਂ ਐਦਾਂ ਜਕੜਿਆ ਗਿਆ ਕਿ ਕਦੇ ਸੋਚਣ ਲੱਗਦਾ ਕਿ ਸਾਹਿਤਕ ਕਹਾਣੀ ਤੇ ਫਿਲਮੀ ਕਹਾਣੀ ਅਸਲ ਵਿਚ ਦੋ ਵੱਖ-ਵੱਖ ਚੀਜ਼ਾਂ ਹਨ। ਫਿਰ ਜਦੋਂ ਮੈਂ ਫਿਲਮੀ ਕਹਾਣੀਆਂ ਲਿਖੀਆਂ ਤਾਂ ਉਨ੍ਹਾਂ 'ਤੇ ਵੀ ਨੁਕਤਾਚੀਨੀ ਹੋਈ ਜਿਹਤੀ ਸਾਹਿਤਕ ਕਹਾਣੀਆਂ 'ਤੇ ਹੁੰਦੀ ਸੀ। ਉਨ੍ਹਾਂ ਵਿਚ ਵੀ ਉਹੀ ਝੋਲ ਨਜ਼ਰ ਆਏ ਜਿਹੜੇ ਸਾਹਿਤਕ ਕਹਾਣੀਆਂ ਵਿਚ ਦਿਖਾਈ ਦਿੰਦੇ ਹਨ। ਨੌਬਤ ਇੱਥੋਂ ਤੱਕ ਆ ਪਹੁੰਚੀ ਕਿ ਫਿਲਮ ਨਿਰਮਾਤਾ ਮੈਨੂੰ ਭਾਸ਼ਾ, ਲਿਖਣ ਦਾ ਅੰਦਾਜ਼ ਅਤੇ ਵਾਕ ਰਚਨਾ ਤਾਈਂ ਸਿਖਾਉਣ ਲੱਗੇ। ਮੈਂ ਉਨ੍ਹਾਂ ਦੀਆਂ ਗਲਤ ਗੱਲਾਂ 'ਤੇ ਖਿਝਦਾ। ਆਖਰ ਇੱਕ ਵਾਰ ਮੈਂ ਉਸ ਜ਼ਮਾਨੇ ਦੇ ਬਹੁਤ ਵੱਡੇ ਫਿਲਮ ਨਿਰਮਾਤਾ ਤੋਂ ਇਹ ਪੁੱਛਣ ਤੋਂ ਨਾ ਰੁਕਿਆ, "ਤੁਸੀਂ ਕਿਹੜੀ ਕਿਤਾਬ ਲਿਖੀ ਏ?" ਉਸ ਦੇ ਦੱਸਣ 'ਤੇ ਕਿ ਉਸ ਨੇ ਕੋਈ ਕਿਤਾਬ ਨਹੀਂ ਲਿਖੀ, ਮੈਂ ਕਿਹਾ, "ਮੇਰੀਆਂ ਤਿੰਨ ਕਿਤਾਬਾਂ ਛਪ ਚੁੱਕੀਆਂ ਨੇ। ਉਨ੍ਹਾਂ 'ਚ ਮੈਂ ਕਿਸੇ ਹਿੰਦੋਸਤਾਨੀ ਜਾਂ ਵਿਦੇਸ਼ੀ ਫਿਲਮ ਦਾ ਕੁਛ ਨਹੀਂ ਚੋਰੀ ਕੀਤਾ।" ਫਿਰ ਉਹ ਜਿਹੜਾ ਦ੍ਰਿਸ਼ ਮੈਥੋਂ ਸੱਤ ਵਾਰ ਲਿਖਾ ਚੁੱਕਿਆ ਸੀ, ਉਸ ਨੂੰ ਅੱਠਵੀਂ ਵਾਰ ਲਿਖਣ ਦੀ ਥਾਂ 'ਤੇ ਮੈਂ ਕਾਗਜ਼ਾਂ ਦੇ ਪੁਰਜ਼ੇ-ਪੁਰਜ਼ੇ ਕਰ ਕੇ ਉਸ ਦੇ ਮੇਜ਼ 'ਤੇ ਸੁੱਟ ਕੇ ਆ ਗਿਆ।

---

ਸਾਡੇ ਸਟੂਡੀਓ ਬਹੁਤ ਵੱਡੇ ਤਬੇਲੇ ਹਨ। ਉਨ੍ਹਾਂ ਵਿਚ ਕੈਮਰੇ ਤੇ ਸਾਊਂਡ ਰਿਕਾਰਡਿੰਗ ਦਾ ਸਾਮਾਨ ਪਿਛਲੀ ਸਦੀ ਦਾ ਹੈ। ਮਹਿੰਗਾਈ ਕਾਰਨ ਉਨ੍ਹਾਂ ਦਾ ਕਿਰਾਇਆ ਦੁੱਗਣਾ ਹੈ। ਫਿਰ ਅੰਗੜਾਈ ਲੈ ਕੇ ਜਾਗੇ ਮਜ਼ਦੂਰ ਅਤੇ ਉਨ੍ਹਾਂ ਦੀ ਯੂਨੀਅਨ ਹੈ। ਸਵੇਰ ਦੀ ਸ਼ਿਫ਼ਟ ਵਿਚ ਕੰਮ ਕਰਨ ਵਾਲਿਆਂ ਨੂੰ ਵੀ ਨਿਰਮਾਤਾ ਨੂੰ ਲੰਚ ਦੇਣਾ ਪੈਂਦਾ ਹੈ, ਸ਼ਾਮ ਦੀ ਸ਼ਿਫਟ ਵਿਚ ਕੰਮ ਕਰਨ ਵਾਲਿਆਂ ਨੂੰ ਵੀ। ਲੰਚ ਤਾਂ ਲੰਚ ਹੀ ਹੋਇਆ ਪਰ ਡਿਨਰ ਵੀ ਲੰਚ, ਤੇ ਬ੍ਰੇਕਫਾਸਟ ਵੀ ਲੰਚ! ਫਿਰ ਨਾਂ ਵਿਚ ਕੀ ਰੱਖਿਆ ਹੈ। ਗੁਲਾਬ ਦੇ ਫੁੱਲ ਨੂੰ ਅੱਕ ਕਹਿ ਦਿਉ ਤਾਂ ਕੀ ਉਹ ਗੁਲਾਬ ਨਹੀਂ ਰਹਿੰਦਾ? ਖਾਸ ਕਰ ਕੇ ਜਦੋਂ ਲੰਚ ਦਾ ਭਾਵ ਦਾਲ ਰੋਟੀ ਨਾ ਹੋ ਕੇ ਸਿਰਫ਼ ਪੈਸਾ ਹੋਵੇ, ਤੇ ਪੈਸਾ ਵੀ ਛੇ ਜਾਂ ਅੱਠ ਗੁਣਾ।

ਫਿਲਮ ਦੀ ਪੂਰੀ ਦੁਨੀਆ ਉਲਟਾ ਉਸਤਰਾ ਹੈ ਜਿਸ ਨਾਲ ਨਿਰਮਾਤਾ ਦੇ ਸਿਰ ਦੀ ਹਜਾਮਤ ਕੀਤੀ ਜਾਂਦੀ ਹੈ। ਲੱਖਾਂ ਰੁਪਈਏ ਲੈਣ ਦੇ ਬਾਵਜੂਦ ਤੁਹਾਡਾ ਹੀਰੋ ਕਾਰ ਦੇ ਪੈਟਰੋਲ ਦੇ ਪੈਸੇ ਨਾ ਮੰਗੇ ਤਾਂ ਇਹ ਬਹੁਤ ਚੰਗਾ ਤੇ ਪਾਪੂਲਰ ਹੀਰੋ ਮੰਨਿਆ ਜਾਂਦਾ ਹੈ ਪਰ ਡਰਾਈਵਰ ਦੇ ਦਸ ਰੁਪਈਏ ਦੇ ਭੱਤੇ ਲਈ ਉਹ ਵੀ ਵਿਗੜ ਜਾਂਦਾ ਹੈ। ਫਿਰ ਉਸ ਦੀਆਂ ਸ਼ਰਤਾਂ ਕਿ ਮੇਕ-ਅਪ-ਮੈਨ ਉਸ ਦਾ ਆਪਣਾ ਹੋਵੇਗਾ ਪਰ ਉਸ ਦੀ ਤਨਖਾਹ ਨਿਰਮਾਤਾ ਨੂੰ ਦੇਣੀ ਪਵੇਗੀ। ਐਦਾਂ ਹੀ ਹੀਰੋਇਨ ਨੂੰ ਵੀ ਅਨਾਰ, ਅੰਗੂਰ, ਮੁਸੰਮੀ ਦੇ ਰਸ ਤੇ ਭੁੰਨੇ ਹੋਏ ਮੁਰਗ-ਮੁਸੱਲਮ ਤੋਂ ਇਲਾਵਾ ਵਧੀਆ ਸ਼ਰਾਬ ਹੀ ਚਾਹੀਦੀ ਹੈ। ਜੇ ਕੋਈ ਸ਼ਰਤ ਨਹੀਂ ਹੈ ਤਾਂ ਨਿਰਮਾਤਾ ਦੀ ਨਹੀਂ ਹੈ।

ਸੜਿਆ-ਬਲਿਆ ਮੈਂ ਇੱਕ ਦਿਨ ਬੈਠਾ ਹੋਇਆ ਸੀ ਕਿ ਇੱਕ ਹੋਰ ਨਿਰਮਾਤਾ ਆ ਗਿਆ। ਉਹ ਜਿੱਦਾਂ ਭੁੱਲ ਹੀ ਗਿਆ ਕਿ ਮੈਂ ਹੁਣ ਲੇਖਕ ਨਹੀਂ ਰਿਹਾ। ਕਹਿਣ ਲੱਗਾ, "ਬੇਦੀ ਸਾਹਿਬ, ਮੈਂ 'ਛੀਨਾ ਝਪਟੀ' ਨਾਂ ਦੀ ਫਿਲਮ ਬਣਾ ਰਿਹਾ ਹਾਂ। ਤੁਸੀਂ ਮੇਰੇ ਲਈ ਡਾਇਲਾਗ ਲਿਖ ਦਿਉਂਗੇ।"

"ਜ਼ਰੂਰ ਲਿਖ ਦਵਾਂਗਾ ਪਰ ਮੇਰੀ ਸ਼ਰਤ ਏ?"

"ਦੱਸੋ।"


"ਹੇਅਰ ਡਰੈਸਰ ਮੇਰਾ ਆਪਣਾ ਹੋਊਗਾ।"


---


ਮੈਂ ਨਵੀਂ ਕਸ਼ਮਕਸ਼ ਵਿਚ ਗ੍ਰਿਫਤਾਰ ਹੋ ਗਿਆ ਸੀ। ਕਈ ਮੌਕਿਆਂ 'ਤੇ ਮੈਂ ਦੇਖਿਆ ਕਿ ਡਾਇਰੈਕਟਰ ਤੇ ਨਿਰਮਾਤਾ ਦੀ ਅਲੱਗ-ਅਲੱਗ ਪਸੰਦ ਹੁੰਦੀ ਤੇ ਉਹ ਇੱਕ ਦੂਜੇ ਦੇ ਉਲਟ ਆਪਣੀ ਰਾਇ ਦਿੰਦੇ। ਸੋ, ਦੋਹਾਂ ਦੀ ਤਸੱਲੀ ਕਰਨ ਦਾ ਜਿਹੜਾ ਤਰੀਕਾ ਮੈਨੂੰ ਸੁੱਝਿਆ, ਉਹ ਇਹ ਸੀ ਕਿ ਇੱਕ ਹੀ ਦ੍ਰਿਸ਼ ਨੂੰ ਦੋ ਵੱਖ-ਵੱਖ ਢੰਗ ਨਾਲ ਲਿਖਾਂ ਤੇ ਫਿਰ ਫੈਸਲਾ ਉਨ੍ਹਾਂ ਦੋਹਾਂ 'ਤੇ ਛੱਡ ਦਿਆਂ ਕਿ ਉਨ੍ਹਾਂ ਨੂੰ ਕਿਹੜਾ ਦ੍ਰਿਸ਼ ਪਸੰਦ ਹੈ। ਇਹ ਸਿਲਸਿਲਾ ਚੱਲ ਹੀ ਰਿਹਾ ਸੀ ਕਿ ਸ਼ਿਕਾਇਤ ਅੰਦਰ ਹੀ ਅੰਦਰ ਮੈਨੂੰ ਪ੍ਰੇਸ਼ਾਨ ਕਰਨ ਲੱਗੀ। ਅਜਿਹਾ ਕਦੇ ਨਹੀਂ ਹੋਇਆ ਸੀ ਕਿ ਮੈਂ ਕਦੇ ਕਿਸੇ ਪ੍ਰਕਾਸ਼ਕ ਦੇ ਕਹਿਣ 'ਤੇ ਉਸ ਦੀ ਮਰਜ਼ੀ ਦੇ ਮੁਤਾਬਿਕ ਲਿਖਿਆ ਹੋਵੇ ਸਗੋਂ ਮੈਂ ਜੋ ਕੁਝ ਆਪਣੀ ਮਰਜ਼ੀ ਨਾਲ ਲਿਖਿਆ, ਉਹੀ ਪ੍ਰਕਾਸ਼ਕਾਂ ਨੇ ਕਬੂਲ ਕੀਤਾ ਪਰ ਹੁਣ ਮੈਂ ਮਜਬੂਰ ਸੀ ਕਿ ਜਾਂ ਤਾਂ ਫਿਲਮ ਨਿਰਮਾਤਾ ਦੀ ਮਰਜ਼ੀ ਮੁਤਾਬਿਕ ਲਿਖਾਂ, ਜਾਂ ਫਿਲਮ ਡਾਇਰੈਕਟਰ ਦੀ ਪਸੰਦ ਨੂੰ ਧਿਆਨ ਵਿਚ ਰੱਖਾਂ। ਮੈਨੂੰ ਅਜੀਬ ਜਿਹੀ ਘੁਟਣ ਮਹਿਸੂਸ ਹੋਣ ਲੱਗੀ। ਨਿਰਮਾਤਾ ਤੇ ਡਾਇਰੈਕਟਰ, ਦੋਹਾਂ ਦੀਆਂ ਸ਼ਿਕਾਇਤਾਂ ਸੁਣਨੀਆਂ ਪੈਂਦੀਆਂ। ਉਨ੍ਹਾਂ ਸ਼ਿਕਾਇਤਾਂ ਤੋਂ ਬਚਣ ਦਾ ਇੱਕ ਹੀ ਤਰੀਕਾ ਸੀ ਕਿ ਮੈਂ ਆਪ ਡਾਇਰੈਕਟਰ ਬਣ ਜਾਵਾਂ ਪਰ ਕੋਈ ਅਜਿਹਾ ਨਿਰਮਾਤਾ ਨਾ ਮਿਲਿਆ ਜਿਹੜਾ ਸੰਵਾਦ ਲੇਖਕ ਨੂੰ ਡਾਇਰੈਕਟਰ ਵਜੋਂ ਫਿਲਮ ਦੇਣ ਲਈ ਤਿਆਰ ਹੋ ਜਾਵੇ। ਆਖਰਕਾਰ ਮੈਨੂੰ ਮਜਬੂਰ ਹੋ ਕੇ ਖ਼ੁਦ ਨਿਰਮਾਤਾ ਤੇ ਡਾਇਰੈਕਟਰ ਬਣਨਾ ਪਿਆ।

ਫਿਰ ਸਭ ਤੋਂ ਪਹਿਲਾ ਸੁਆਲ ਆਇਆ ਪੈਸੇ ਦਾ। ਫਿਲਮ ਲਈ ਪੈਸਾ ਕਿੱਥੋਂ ਆਵੇਗਾ? ਆਖਰ ਕੌਣ ਮੈਨੂੰ ਪੈਸਾ ਦੇਵੇਗਾ? ਜਦੋਂ ਕੋਈ ਵੀ ਪੈਸਾ ਦੇਣ ਵਾਲਾ ਨਾ ਮਿਲਿਆ ਤਾਂ 'ਫਿਲਮ ਫਾਈਨਾਂਸ ਕਾਰਪੋਰੇਸ਼ਨ' ਵੱਲ ਨਜ਼ਰ ਗਈ ਜਿਸ ਕੋਲ ਮਿਥੀ-ਗਿਥੀ ਰਕਮ ਮਿਲ ਸਕਦੀ ਸੀ। ਉਸ ਰਕਮ ਨੂੰ ਧਿਆਨ ਵਿਚ ਰੱਖ ਕੇ ਮੈਂ ਆਪਣੀਆਂ ਕਹਾਣੀਆਂ ਤੇ ਨਾਲ ਹੀ ਉਨ੍ਹਾਂ ਨਾਟਕਾਂ 'ਤੇ ਨਜ਼ਰ ਮਾਰੀ ਜਿਹੜੇ ਮੈਂ ਕਦੇ ਆਲ ਇੰਡੀਆ ਰੇਡੀਉ ਲਈ ਲਿਖੇ ਸਨ। ਇਹ 'ਸਾਤ ਖੇਲ' ਨਾਂ ਨਾਲ ਪ੍ਰਕਾਸ਼ਤ ਹੋ ਚੁੱਕੇ ਸਨ। ਉਨ੍ਹਾਂ ਨਾਟਕਾਂ ਵਿਚੋਂ ਮੈਂ 'ਨਕਲੀ ਮਕਾਨੀ' ਨਾਟਕ ਚੁਣਿਆ ਕਿਉਂ ਜੁ ਉਸ ਲਈ ਇੱਕ ਸੈਟ ਹੀ ਕਾਫੀ ਹੋ ਸਕਦਾ ਸੀ। ਫਿਰ ਮੈਂ ਉਸ ਨਾਟਕ ਨੂੰ ਫਿਲਮ ਦੇ ਦ੍ਰਿਸ਼ਟੀਕੋਣ ਤੋਂ ਲਿਖਿਆ। ਉਸ 'ਤੇ 'ਦਸਤਕ' ਨਾਂ ਦੀ ਫਿਲਮ ਬਣਾਈ। ਇਸ ਫਿਲਮ ਨੇ ਉਸ ਸਾਲ ਦੀ ਸਰਵਸ੍ਰੇਸ਼ਟ ਫਿਲਮ ਹੋਣ ਵਜੋਂ ਕੌਮੀ ਅਵਾਰਡ ਪ੍ਰਾਪਤ ਕੀਤਾ। 'ਬਾਕਸ ਆਫਿਸ' 'ਤੇ ਵੀ ਸਫਲ ਰਹੀ। ਇਸ ਤਰ੍ਹਾਂ ਉਸ ਨੇ ਇਹ ਸਿੱਧ ਕਰ ਦਿਖਾਇਆ ਕਿ ਸਾਹਿਤਕ ਕਹਾਣੀ ਫਿਲਮੀ ਕਹਾਣੀ ਹੋ ਸਕਦੀ ਹੈ ਤੇ ਸਾਹਿਤਕ ਲੇਖਕ ਫਿਲਮ ਡਾਇਰੈਕਟਰ ਵੀ ਬਣ ਸਕਦਾ ਹੈ।










ਉੱਘੇ ਲਿਖਾਰੀ ਰਾਜਿੰਦਰ ਸਿੰਘ ਬੇਦੀ ਇਕ ਸਮਾਗਮ ਦੌਰਾਨ ਸਦਾਰਤ ਕਰਦੇ ਹੋਏ ਅਤੇ ਉਨ੍ਹਾਂ ਦੀਆਂ ਕੁਝ ਕਿਤਾਬਾਂ ਦੇ ਮੁਖੜੇ: (ਖੱਬਿਓਂ) 'ਏਕ ਚਾਦਰ ਮੈਲੀ ਸੀ', 'ਅਪਨੇ ਦੁਖ ਮੁਝੇ ਦੇ ਦੋ' ਅਤੇ 'ਦਾਨ-ਓ-ਦਾਮ'।

# ਰਾਮਰਾਜ ਵੱਲ ਵਾਪਸੀ

*ਉਘਾ ਜੁਝਾਰੂ ਸ਼ਾਇਰ ਪਾਸ਼ (9 ਸਤੰਬਰ 1950-23 ਮਾਰਚ 1988) ਆਪਣੇ ਵੇਲਿਆਂ ਦੀ ਸਿਆਸਤ ਨਾਲ ਖੂਬ ਦਸਤਪੰਜਾ ਲੈਂਦਾ ਰਿਹਾ ਹੈ। ਉਸ ਨੇ ਉਸ ਦੌਰ ਦੀ ਪੰਜਾਬੀ ਕਵਿਤਾ ਅੰਦਰ ਵੱਡਾ ਵੱਢ ਮਾਰਿਆ ਸੀ ਜਿਸ ਦੀ ਗੂੰਜ ਅੱਜ ਲਿਖੀ ਜਾ ਰਹੀ ਕਵਿਤਾ ਵਿਚ ਵੀ ਸੁਣਾਈ ਦੇ ਜਾਂਦੀ ਹੈ। ਉਂਝ, ਉਸ ਨੇ ਵਾਰਤਕ ਵੀ ਲਿਖੀ। ਇਥੇ ਅਸੀਂ 1977 ਵਿਚ 'ਸਿਆੜ' ਵਿਚ ਛਪਿਆ ਪਾਸ਼ ਦਾ ਇਹ ਲੇਖ ਛਾਪ ਰਹੇ ਹਾਂ। ਉਸ ਵਕਤ ਉਸ ਦੀ ਉਮਰ 27 ਵਰ੍ਹਿਆਂ ਦਾ ਨੌਜਵਾਨ ਸੀ। ਇਹ ਲੇਖ ਅੱਜ 46 ਸਾਲਾਂ ਬਾਅਦ ਵੀ ਓਨਾ ਹੀ ਸਾਰਥਕ ਹੈ ਅਤੇ ਇਸ ਵਿਚ ਉਸ ਫਿਰਕੂ ਸਿਆਸਤ ਦੀਆਂ ਕਨਸੋਆਂ ਪੈਂਦੀਆਂ ਹਨ ਜੋ ਅੱਜ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ ਸਮਾਜ ਦੇ ਧਾਰਮਿਕ ਧਰੁਵੀਕਰਨ ਰਾਹੀਂ ਕਰ ਰਹੀਆਂ ਹਨ। ਉਸ ਵਕਤ ਭਾਰਤੀ ਜਨਤਾ ਪਾਰਟੀ ਦਾ ਪਹਿਲਾ ਨਾਂ ਜਨ ਸੰਘ ਸੀ।*



**ਪਾਸ਼**

**ਪਾਸ਼**

ਜਿਸ ਨੂੰ ਤੁਸੀਂ ਭਾਰਤ ਦੀ ਪੁਰਾਣੀ ਸੰਸਕ੍ਰਿਤੀ ਕਹਿੰਦੇ ਹੋ, ਉਸ ਤੋਂ ਜਿੰਨਾ ਛੇਤੀ ਪਿੱਛਾ ਛੁਡਾ ਲਈਏ, ਖਰਾ ਹੈ। ਸਿਰਫ ਆਪਣੀ ਹੋਣ ਨਾਲ ਕੋਈ ਬਿਮਾਰੀ ਚੰਗੀ ਨਹੀਂ ਹੋ ਜਾਂਦੀ ਪਰ ਜਿਸ ਜਾਲ ਵਿਚ ਤੁਸੀਂ ਜਕੜੇ ਹੋਏ ਹੋਵੋਂ, ਹਜ਼ਾਰਾਂ ਸਾਲਾਂ ਤੋਂ; ਉਹ ਚੰਗਾ ਲੱਗਣ ਲੱਗ ਪੈਂਦਾ ਹੈ। ਲੋਕ ਆਖਦੇ ਹਨ, ਸਭ ਚੰਗੀਆਂ ਚੀਜ਼ਾਂ ਭਾਰਤ ਵਿਚ ਸਨ- ਰਾਮਰਾਜ, ਸਮਾਜਵਾਦ, ਸਚਾਈ ਸੀ, ਖੁਸ਼ਹਾਲੀ ਸੀ। ਉਹ ਬਕਦੇ ਹਨ। ਪਿੱਛੇ ਵੱਲ ਮੁੜਨਾ ਮੂਰਖਤਾ ਹੈ। ਸਨਕ ਹੈ। ਕੋਈ ਚੰਗੀ ਚੀਜ਼ ਨਹੀਂ ਸੀ ਜਿਸ ਵੱਲ ਮੁੜਨ ਦੀ ਲੋੜ ਹੋਵੇ। ਚੰਗੀਆਂ ਚੀਜ਼ਾਂ ਛੱਡ ਕੇ ਤੁਰ ਆਉਣ ਵਾਲੀ ਕਰਤੂਤ ਦੇ ਮਾਲਕ ਭਲਾਂ ਅਸੀਂ ਕਿੱਥੋਂ? ਜੇ ਕੋਈ ਚੰਗੀ ਚੀਜ਼ ਹੁੰਦੀ ਤਾਂ ਅਸੀਂ ਛੱਡ ਕੇ ਹੀ ਨਾ ਆਏ ਹੁੰਦੇ। ਚੰਗੀ ਚੀਜ਼ ਨੂੰ ਛੱਡ ਕੇ ਕੋਈ ਨਹੀਂ ਜਾਂਦਾ; ਤੇ ਜੇ ਜਾਂਦਾ ਵੀ ਹੈ ਨਾ ਤਾਂ ਹੋਰ ਚੰਗੀ ਚੀਜ਼ ਦੀ ਖੋਜ ਵਿਚ ਜਾਂਦਾ ਹੈ ਪਰ ਅਸੀਂ ਬੜੇ ਭੁਲੇਖੇ ਵਿਚ ਹਾਂ।

ਸਾਡਾ ਖਿਆਲ ਹੈ ਕਿ ਭਾਰਤ ਸੋਨੇ ਦੀ ਚਿੜੀ ਸੀ। ਭਾਰਤ ਕਦੇ ਸੋਨੇ ਦੀ ਚਿੜੀ ਨਹੀਂ ਸੀ। ਹਾਂ, ਕੁਝ ਲੋਕਾਂ ਵਾਸਤੇ ਸੀ; ਤੇ ਕੁਝ ਕੁ ਲੋਕਾਂ ਵਾਸਤੇ ਤਾਂ ਅੱਜ ਵੀ ਹੈ। ਸਾਰੇ ਲੋਕਾਂ ਲਈ ਤਾਂ ਕਦੇ ਵੀ ਨਹੀਂ ਸੀ। ਅਸੀਂ ਸੋਚਦੇ ਹਾਂ ਕਿ ਪਿਛਲੇ ਸਮੇਂ ਵਿਚ ਘਰਾਂ ਨੂੰ ਜੰਦਰੇ ਨਹੀਂ ਲਗਾਏ ਜਾਂਦੇ ਸਨ। ਭਲੇ ਵੇਲੇ ਸਨ। ਮੈਂ ਨਹੀਂ ਸਮਝਦਾ ਇਹ ਸੱਚ ਹੋ ਸਕਦਾ ਹੈ। ਸੱਚ ਹੋਊ ਤਾਂ ਕਾਰਨ ਕੁਝ ਹੋਰ ਹੋਣਗੇ। ਜੋ ਆਮ ਸਮਝਿਆ ਜਾਂਦਾ ਹੈ, ਉਹ ਕਾਰਨ ਨਹੀਂ ਹੋ ਸਕਦਾ।

ਕਿਉਂਕਿ ਮਹਾਤਮਾ ਬੁੱਧ ਲੋਕਾਂ ਨੂੰ ਸਮਝਾ ਰਹੇ ਹਨ ਕਿ ਚੋਰੀ ਨਾ ਕਰੋ। ਮਹਾਂਵੀਰ ਸਿਖਿਆ ਦਿੰਦੇ ਹਨ ਕਿ ਚੋਰੀ ਨਾ ਕਰੋ। ਜੇ ਲੋਕ ਏਨੇ ਚੰਗੇ ਸਨ ਕਿ ਘਰਾਂ ਨੂੰ ਤਾਲੇ ਦੀ ਲੋੜ ਨਹੀ ਸੀ ਤਾਂ ਮਹਾਂਵੀਰ ਤੇ ਬੁੱਧ ਦਾ ਦਿਮਾਗ ਖਰਾਬ ਰਿਹਾ ਹੋਵੇਗਾ। ਉਹ ਕਿਸ ਨੂੰ ਸਮਝਾ ਰਹੇ ਸਨ ਕਿ ਚੋਰੀ ਨਾ ਕਰੋ? ਨਹੀਂ, ਚੋਰੀ ਏਸੇ ਤਰ੍ਹਾਂ ਹੀ ਸੀ ਪੁਰਾਣੇ ਵਕਤਾਂ ਵਿਚ ਵੀ; ਤਾਂ ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਜੰਦਰੇ ਉਹਨਾਂ ਘਰਾਂ ਵਿਚ ਨਹੀਂ ਲਗਦੇ ਹੋਣਗੇ ਜਿਨ੍ਹਾਂ ਘਰਾਂ 'ਚ ਚੋਰੀ ਹੋਣ ਨੂੰ ਕੁਝ ਨਹੀਂ ਹੋਵੇਗਾ। ਹੋਰ ਕੋਈ ਕਾਰਨ ਨਹੀਂ ਹੋਵੇਗਾ ਪਰ ਜੇ ਜੰਦਰੇ ਨਹੀਂ ਸਨ ਤਾਂ ਇਸ ਦਾ ਇਹ ਮਤਲਬ ਉੱਕਾ ਨਹੀਂ ਨਿਕਲਦਾ ਕਿ ਲੋਕ ਚੋਰ ਨਹੀਂ ਸਨ ਕਿਉਕਿ ਸਾਰੇ ਸ਼ਾਸਤਰ, ਗ੍ਰੰਥ ਕਹਿ ਰਹੇ ਹਨ ਕਿ ਚੋਰੀ ਨਾ ਕਰੋ।

ਸੁਕਰਾਤ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨ (ਵਿਚ) ਇਹੋ ਕਹਿੰਦਾ ਗਿਆ ਹੈ ਕਿ ਮੁੰਡੇ ਵਿਗੜ ਗਏ ਹਨ। ਮਾਂ ਪਿਓ ਤੇ ਅਧਿਆਪਕ ਦਾ ਕੋਈ ਆਦਰ ਨਹੀਂ ਰਿਹਾ। ਲੋਕ ਬੇਈਮਾਨ ਤੇ ਭ੍ਰਿਸ਼ਟਾਚਾਰੀ ਹੋ ਗਏ ਹਨ। ਚੀਨ ਵਿਚ ਇੱਕ ਛੇ ਹਜ਼ਾਰ ਵਰ੍ਹੇ ਪੁਰਾਣੀ ਕਿਤਾਬ ਹੈ, ਉਸ ਦਾ ਮੁੱਖ ਬੰਦ ਪੜ੍ਹੀਏ ਤਾਂ ਏਦਾਂ ਜਾਪਦਾ ਹੈ ਜਿਵੇਂ ਅੱਜ ਸਵੇਰ ਦੇ ਅਖਬਾਰ ਦਾ ਸੰਪਾਦਕੀ ਲੇਖ ਹੈ। ਉਸ ਵਿਚ ਲਿਖਿਆ ਹੈ ਕਿ ਲੋਕ ਬੜੇ ਵਿਗੜ ਗਏ ਹਨ। ਨੈਤਿਕਤਾ ਦਾ ਨਾਸ਼ ਹੋ ਗਿਆ ਹੈ। ਲੋਕ ਭੌਤਿਕਵਾਦੀ ਹੋ ਗਏ ਹਨ। ਭ੍ਰਿਸ਼ਟਾਚਾਰ ਫੈਲ ਗਿਆ ਹੈ। ਕੋਈ ਕਿਸੇ ਦੀ ਨਹੀਂ ਸੁਣਦਾ। ਲਗਦਾ ਹੈ ਜਿਵੇਂ ਮਹਾਂ ਪਰਲੋ ਨੇੜੇ ਆ ਗਈ ਹੈ। ਛੇ ਹਜ਼ਾਰ ਸਾਲ ਪਹਿਲਾਂ ਦੀ ਕਿਤਾਬ ਹੈ, ਉਸ ਵਿਚ ਵੀ ਲਿਖਿਆ ਹੈ ਕਿ ਪੁਰਾਣੇ ਲੋਕ ਚੰਗੇ ਹੁੰਦੇ ਹਨ। ਯੇ ਹੁੰਦਾ ਸੀ, ਵੋ ਹੁੰਦਾ ਸੀ।

ਅਸਲ 'ਚ ਇਹ ਸਰਵਵਿਆਪੀ ਤੇ ਚਗਲਿਆ ਹੋਇਆ ਵਹਿਮ ਹੈ ਕਿ ਪਹਿਲਾਂ ਦੇ ਲੋਕ ਚੰਗੇ ਹੁੰਦੇ ਸਨ। ਅਸਲ 'ਚ ਪਹਿਲਾਂ ਦੇ ਲੋਕਾਂ, ਆਮ ਜਨਤਾ ਨੂੰ ਅਸੀਂ ਭੁੱਲ ਚੁੱਕੇ ਹਾਂ ਅਤੇ ਥੋੜ੍ਹੇ ਜਿਹੇ ਖਾਸ ਲੋਕ ਸਾਨੂੰ ਚੇਤੇ ਰਹਿ ਗਏ ਹਨ।

ਉਹਨਾਂ ਕਰਕੇ ਹੀ ਇਹ ਸਾਰੀ ਗੜਬੜ ਹੁੰਦੀ ਹੈ। ਮਹਾਂਵੀਰ ਚੇਤੇ ਹੈ, ਮਹਾਂਵੀਰ ਵੇਲੇ ਦਾ ਆਮ ਆਦਮੀ ਚੇਤੇ ਨਹੀਂ। ਜੇ ਮਹਾਂਵੀਰ ਦੇ ਸਮੇਂ ਸਾਰੇ ਲੋਕ ਚੰਗੇ ਹੁੰਦੇ ਤਾਂ ਮਹਾਂਵੀਰ ਦਾ ਚੇਤਾ ਹੀ ਨਾ ਰਹਿੰਦਾ। ਸਕੂਲ ਮਾਸਟਰ ਕਾਲੇ ਬੋਰਡ ਉੱਤੇ ਚਿੱਟੇ ਚਾਕ ਨਾਲ ਲਿਖਦੇ ਹਨ। ਚਿੱਟੀ ਕੰਧ ਉੱਤੇ ਲਿਖ ਤਾਂ ਜ਼ਰੂਰ ਸਕਦਾ ਹੈ ਪਰ ਦਿਸੇਗਾ ਨਹੀਂ, ਕਾਲੇ ਉੱਤੇ ਹੀ ਦਿਸੇਗਾ। ਮਹਾਂਵੀਰ ਢਾਈ ਹਜ਼ਾਰ ਸਾਲ ਮਗਰੋਂ ਇਸੇ ਲਈ ਦਿਖਾਈ ਦਿੰਦੇ ਹਨ ਕਿ ਉਹ ਮਹਾਂਪੁਰਖ ਸਨ। ਕੁੱਲ ਪੰਜ ਦਸ ਮਹਾਂਪੁਰਖ ਹੀ ਪੂਰੀ ਮਨੁੱਖ ਜਾਤੀ 'ਚ ਦਿਖਾਈ ਦਿੰਦੇ ਹਨ, ਬਾਕੀ ਸਾਰੀ ਮਨੁੱਖਤਾ ਇਕ ਕਾਲੇ ਤਖਤੇ ਵਾਂਗ ਹੈ ਜਿਸ ਉੱਤੇ ਲਕੀਰਾਂ ਉੱਕਰੀਆਂ ਹੋਈਆਂ ਦਿਸਦੀਆਂ ਹਨ ਪਰ ਕੋਈ ਮਨੁੱਖਤਾ ਕਦੀ ਚੰਗੀ ਨਹੀਂ ਸੀ। ਜਿੰਨੀ ਚੰਗੀ ਅੱਜ ਹੈ, ਓਨੀ ਵੀ ਨਹੀਂ ਸੀ। ਅਸੀਂ ਹਰ ਰੋਜ਼ ਚੰਗਿਆਈ ਵੱਲ ਵਿਕਾਸ ਕਰ ਰਹੇ ਹਾਂ।

ਪਰ ਇੱਕ ਧਾਰਨਾ ਸਾਡੇ ਮਨਾਂ ਵਿਚ ਜੜ੍ਹ ਫੜ ਗਈ ਹੈ ਕਿ ਪਤਨ ਹੋ ਰਿਹਾ ਹੈ। ਪਹਿਲਾਂ ਸਤਯੁਗ ਹੋ ਚੁਕਿਆ, ਗੋਲਡਨ ਏਜ ਹੋ ਗਈ, ਹੁਣ ਕਲਯੁਗ ਹੈ, ਹੁਣ ਤਾਂ ਨਿਘਾਰ ਹੀ ਨਿਘਾਰ ਹੈ। ਜਿਹੜੀ ਕੌਮ ਦੇ ਮਨ ਵਿਚ ਬਹਿ ਜਾਏ ਕਿ ਅੱਗੇ ਨਿਘਾਰ ਹੀ ਨਿਘਾਰ ਹੈ, ਉਸ ਦਾ ਨਿਘਾਰ ਹੋ ਜਾਣਾ ਜ਼ਰੂਰ ਹੀ ਹੈ ਕਿਉਂਕਿ ਅੱਗੇ ਭਾਵ ਹੀ ਤੋਰਦੇ ਹਨ। ਅਸੀਂ ਸੁਨਹਿਰੀ ਯੁੱਗ ਨੂੰ ਪਿੱਛੇ ਰੱਖੀ ਬੈਠੇ ਹਾਂ। ਚੰਗਾ ਸਭ ਹੋ ਚੁੱਕਾ ਹੈ, ਅੱਗੇ ਤਾਂ ਬੁਰਾ ਹੀ ਬੁਰਾ ਹੈ। ਇਹ ਅਸਾਂ ਪੱਕਾ ਹੀ ਮੰਨ ਲਿਆ ਹੈ। ਇਹ ਗੱਲ ਪ੍ਰਾਣਾਂ ਵਿਚ ਡੂੰਘੀ ਬਹਿ ਗਈ, ਸਾਡਾ ਸੰਸਕਾਰ ਹੀ ਬਣ ਗਿਆ ਕਿ ਅੱਗੇ ਤਾਂ ਮਾੜਾ ਹੀ ਵਾਪਰਨਾ ਹੈ। ਜਦੋਂ ਕੋਈ ਕਿਸੇ ਦੀ ਵੱਖੀ ਵਿਚ ਛੁਰੀ ਖੋਭਦਾ ਹੈ ਤਾਂ ਅਸੀਂ ਕਹਿੰਦੇ ਹਾਂ- ਆ ਗਿਆ ਕਲਯੁਗ। ਜੇ ਕੋਈ ਜਿਸੇ ਜ਼ਨਾਨੀ ਨੂੰ ਕੱਢ ਲਿਆਉਂਦਾ ਹੈ ਤਾਂ ਕਹਿੰਦੇ ਹਾਂ- ਆ ਗਿਆ ਕਲਯੁਗ; ਤੇ ਜਦ ਰਿਸ਼ੀ ਮੁਨੀ ਤੀਵੀਆਂ ਕੱਢ ਕੇ ਲਿਜਾਂਦੇ ਰਹੇ ਤਾਂ ਸਤਯੁਗ ਸੀ। ਜਦ ਉਹ ਅਸਮਾਨੋਂ ਉਤਰ ਕੇ ਦੂਜਿਆਂ ਦੀਆਂ ਜ਼ਨਾਨੀਆਂ ਨਾਲ ਖੇਹ ਖਾਂਦੇ ਰਹੇ ਤਾਂ ਸਤਯੁਗ ਸੀ; ਤੇ ਹੁਣ ਆ ਗਿਆ ਕਲਯੁਗ। ਕਿਉਂਕਿ ਗਵਾਂਢੋਂ ਹੀ ਕੋਈ ਆਦਮੀ ਕੱਢ ਕੇ ਲੈ ਗਿਆ। ਅਜੀਬ ਗੱਲਾਂ ਹਨ। ਜੇ ਰਾਮਚੰਦਰ ਦੀ ਔਰਤ ਚੋਰੀ ਚਲੀ ਗਈ ਤਾਂ ਚੰਗੀ ਦੁਨੀਆ ਹੈ, ਜੇ ਹੁਣ ਕੋਈ ਰਾਮਚੰਦਰ ਜੀ ਤੁਹਾਡੇ ਗੁਆਂਢ ਰਹਿੰਦੇ ਹਨ ਅਤੇ ਉਹਨਾਂ ਦੀ ਤੀਵੀਂ ਚੋਰੀ ਚਲੀ ਜਾਏ ਤਾਂ ਕਲਯੁਗ ਆ ਗਿਆ।

ਨਹੀਂ, ਆਦਮੀ ਹਰ ਰੋਜ਼ ਚੰਗਾ ਹੋ ਰਿਹਾ ਹੈ। ਜੇ ਭਵਿੱਖ ਚੰਗਾ ਬਣਾਉਣਾ ਹੈ ਤਾਂ ਸੁਨਹਿਰੀ ਯੁੱਗ ਅੱਗੇ ਹੈ। ਹਨੇਰਾ ਪਿੱਛੇ ਹੈ, ਚਾਨਣ ਅੱਗੇ। ਭਵਿੱਖ ਚੰਗਾ ਬਣਾਉਣਾ ਹੋਏ ਤਾਂ ਆਸ ਚਾਹੀਦੀ ਹੈ; ਤੇ ਆਸ ਨਾ ਹੋਵੇ ਤਾਂ ਭਵਿੱਖ ਨਹੀਂ ਬਣਾਇਆ ਜਾ ਸਕਦਾ।

ਮਨੁੱਖ ਦੇ ਪੈਰ ਜੋ ਏਨੇ ਡਗਮਗਾਏ ਜਾਪਦੇ ਹਨ, ਉਸ ਦਾ ਇੱਕ ਕਾਰਨ ਇਹੀਓ ਹੈ। ਆਸ ਅੱਗੇ ਨਹੀਂ ਜਾਪਦੀ। ਅੱਗੇ ਹਨੇਰਾ ਹੈ। ਹਨੇਰਾ ਸਾਡਾ ਪੈਦਾ ਕੀਤਾ ਹੋਇਆ ਹੈ।

ਅੱਜ ਜਿੰਨਾ ਚੰਗਾ ਇਨਸਾਨ ਧਰਤੀ ਉੱਤੇ ਕਦੇ ਨਹੀਂ ਸੀ। ਪਿੱਛੇ ਜਿਹੇ ਬਿਹਾਰ 'ਚ ਅਕਾਲ ਪਿਆ। ਉਸ ਨਾਲ ਦੋ ਕਰੋੜ ਆਦਮੀ ਮਰ ਸਕਦੇ ਸਨ ਪਰ ਮਰੇ ਸਿਰਫ ਚਾਲੀ। ਦੋ ਕਰੋੜ ਆਦਮੀ ਕਿਵੇਂ ਬਚੇ? ਸਾਰੀ ਦੁਨੀਆ ਦੌੜ ਪਈ। ਦੂਰ ਦਰੇਡੇ ਦੇਸ਼ਾਂ ਦੇ ਅਣਜਾਣੇ ਬੱਚਿਆਂ ਨੇ ਆਪਣੇ ਖਾਣੇ ਦੇ ਪੈਸੇ ਬਚਾਏ, ਆਈਸਕਰੀਮ ਦੇ, ਸਿਨੇਮਾ ਦੇਖਣ ਦੇ ਪੈਸੇ ਬਚਾਏ। ਬਿਹਾਰ ਵਿਚ ਕੋਈ ਅਣਜਾਣਿਆ ਆਦਮੀ ਮਰ ਰਿਹਾ ਹੈ ਜਿਸ ਨਾਲ ਕੋਈ ਸੰਬੰਧ ਨਹੀਂ ਹੈ, ਉਸ ਨੂੰ ਬਚਾਉਣਾ ਹੈ। ਅੱਜ ਵੀਅਤਨਾਮ ਵਿਚ ਲੜਾਈ ਛਿੜੇ ਤਾਂ ਏਥੇ ਉੱਗੀ, ਚਿੱਟੀ ਦੀ ਰੂਹ ਵੀ ਕੰਬ ਉਠਦੀ ਹੈ ਕਿ ਗਲਤ ਹੋ ਰਿਹਾ ਹੈ। ਕਿਤੇ ਕੁਝ ਵੀ ਗਲਤ ਹੋਵੇ, ਸਾਰੀ ਦੁਨੀਆ ਪੀੜ ਮਹਿਸੂਸ ਕਰਦੀ ਹੈ। ਭਾਰਤ ਵਿਚ ਨਕਸਲੀਆਂ ਦੇ ਨੇਤਾ ਚਾਰੂ ਮਜੂਮਦਾਰ ਦਾ ਕਤਲ ਕੀਤਾ ਗਿਆ ਤਾਂ ਕੈਨੇਡਾ ਗਈ ਕਾਤਲ ਪ੍ਰਧਾਨ ਮੰਤਰੀ ਨੂੰ ਅੰਗਰੇਜ਼ੀ ਨੌਜਵਾਨ ਬਿਫਰ ਕੇ ਪੈਂਦੇ ਹਨ। ਭਾਰਤ ਵਿਚ ਗਰੀਬ ਨਪੀੜੇ ਜਾ ਰਹੇ ਹਨ ਤਾਂ ਇੰਗਲੈਂਡ ਦੀ ਨੇਕਦਿਲ ਨਾਰੀ ਮੇਰੀ ਟੇਲਰ ਉਹਨਾਂ ਖਾਤਰ ਆ ਕੇ ਬਿਹਾਰ ਆਂਧਰਾ ਦੇ ਜੰਗਲਾਂ 'ਚ ਗੁਰੀਲਾ ਯੁੱਧ ਲੜਦੀ ਹੈ, ਕੈਦਾਂ ਕੱਟਦੀ ਹੈ। ਸਪੇਨ ਵਿਚ ਫਾਸਿਸਟ ਜ਼ੁਲਮ ਢਾਹੁੰਦੇ ਹਨ ਤਾਂ ਇੰਗਲੈਂਡ ਦੇ ਰੈਲਫ ਫਾਕਸ ਉੱਥੇ ਜਾ ਕੇ ਲੜਦੇ ਹੋਏ ਸ਼ਹੀਦ ਹੋ ਜਾਂਦੇ ਹਨ।

ਮਨੁੱਖਤਾ ਪਹਿਲੀ ਵਾਰ ਬੋਧ ਨੂੰ ਪ੍ਰਾਪਤ ਹੋਈ ਹੈ। ਆਦਮੀ ਵਿਕਸਿਤ ਹੋਇਆ ਹੈ, ਸਮਝ ਵਧੀ ਹੈ, ਸੁੱਖ ਪਨਪਿਆ ਹੈ।

ਅੱਜ ਦੁਨੀਆ ਵਿਚ ਬੀਟਨੀਕ, ਹਿੱਪੀ ਤੇ ਹੋਰ ਅਸ਼ਾਂਤ ਲੋਕ ਵਧ ਰਹੇ ਹਨ।

ਇਹ ਵੀ ਵਿਕਾਸ ਦਾ ਹੀ ਇੱਕ ਚਿੰਨ੍ਹ ਹੈ। ਕੋਈ ਜਾਨਵਰ ਅਸ਼ਾਂਤ ਨਹੀਂ ਹੁੰਦਾ। ਸੁਣਿਆ ਹੈ ਕਦੀ ਮੱਝ ਨੂੰ ਅਸ਼ਾਂਤ ਹੋਇਆਂ? ਸੁਣਿਆ ਹੈ ਕਦੀ ਕਿਸੇ ਖੋਤੇ ਨੂੰ ਮਾਨਸਿਕ ਭਟਕਣ ਕਰ ਕੇ ਰਾਤ ਨੂੰ ਕਦੀ ਨੀਂਦ ਨਾ ਆਈ ਹੋਵੇ? ਤੁਸੀਂ ਕਦੀ ਵੀ ਨਹੀਂ ਵੇਖਿਆ ਹੋਣਾ ਕਿ ਕੋਈ ਗਧਾ ਬੋਰ ਹੋ ਗਿਆ ਹੋਵੇ, ਉਚਾਟ ਹੋ ਗਿਆ ਹੋਵੇ ਜਾਂ ਕਿਸੇ ਬਲਦ ਨੇ ਆਤਮ-ਹੱਤਿਆ ਕਰ ਲਈ ਹੋਵੇ ਕਿ ਜ਼ਿੰਦਗੀ ਫਜ਼ੂਲ ਹੈ। ਕੋਈ ਵੀ ਪਸ਼ੂ ਨਾ ਤਾਂ ਉਬਦਾ ਹੈ, ਨਾ ਅਸ਼ਾਂਤ ਹੁੰਦਾ ਹੈ; ਨਾ ਫਿਕਰਮੰਦ ਹੁੰਦਾ ਹੈ, ਨਾ ਆਤਮਹੱਤਿਆ ਕਰਦਾ ਹੈ ਕਿਉਂਕਿ ਬੁੱਧੀ ਬਹੁਤ ਅਵਿਕਸਿਤ ਹੁੰਦੀ ਓਨੀ ਹੀ ਸੰਵੇਦਨਸ਼ੀਲ, ਸੈਂਸੇਟਿਵ ਹੁੰਦੀ ਹੈ। ਓਨੀਆਂ ਹੀ ਚੀਜ਼ਾਂ ਮਹਿਸੂਸ ਹੋਣ ਲਗਦੀਆਂ ਹਨ ਅਤੇ ਸਮਝ ਵਧਦੀ ਹੈ। ਜਿੰਨਾ ਚਾਰਾਂ ਪਾਸਿਆਂ ਦਾ ਫੈਲਾਓ ਵਧਦਾ ਹੈ, ਓਨੀ ਹੀ ਅਰਥ ਦੀ ਖੋਜ ਡੂੰਘੀ ਹੁੰਦੀ ਹੈ। ਦੋਨੇ ਦੇ ਜੋ ਗਰੀਬ ਲੋਕ ਬਿਆਸ ਵੱਲ ਭੱਜ ਰਹੇ ਹਨ, ਸ਼ਾਂਤੀ ਲੈਣ ਲਈ- ਕਾਰਨ ਇਹੀ ਹੈ ਕਿ ਜੀਵਨ ਦਾ ਖਲਜਗਣ ਦਾ ਫੈਲਾਓ ਵਧ ਰਿਹਾ ਹੈ, ਜੀਵਨ ਦੇ ਅਰਥ ਦੀ ਖੋਜ ਸ਼ੁਰੂ ਹੋ ਗਈ ਹੈ। ਕਾਲਜਾਂ ਵਿਚ ਨਸ਼ੇ ਪੱਤੇ ਦਾ ਵਾਧਾ ਹੋ ਰਿਹਾ ਹੈ ਤਾਂ ਅਸਲ ਵਿਚ ਬਹੁਤ ਕੁਝ ਨਜ਼ਰ ਆ ਗਿਆ ਹੈ ਅਤੇ ਜੀਣ ਦਾ ਅੰਤਰ ਉਤਸ਼ਾਹ ਘਟ ਗਿਆ ਹੈ। ਸੋਫੀ ਹੋ ਕੇ ਰੂਹ ਦਾ ਕੱਦ ਘਟਦਾ ਹੈ।

ਮਨੁੱਖਤਾ ਦੀ ਜ਼ਿਆਦਾ ਵਿਕਸਿਤ ਬੁੱਧੀ ਚਿੰਤਾ ਨੂੰ ਜਨਮ ਦਿੰਦੀ ਹੈ। ਜਿੰਨੀ ਵੱਡੀ ਚਿੰਤਾ ਕਿਸੇ 'ਚ ਹੋਵੇ, ਓਨੀ ਵੱਡੀ ਸ਼ਾਂਤੀ ਹਾਸਲ ਕੀਤੀ ਜਾ ਸਕਦੀ ਹੈ। ਸਾਡੇ ਜੀਵਨ ਦੀ ਸੂਖਮਤਾ ਅਤੇ ਸ਼ਮੂਲੀਅਤ ਸਰਗਰਮੀ ਇਕੱਠੀਆਂ ਵਧਦੀਆਂ ਹਨ। ਜੇ ਕੋਈ ਆਦਮੀ ਦੋ ਡਿਗਰੀ ਤੱਕ ਅਸ਼ਾਂਤ ਹੋ ਸਕਦਾ ਹੈ ਤਾਂ ਉਹ ਦੋ ਡਿਗਰੀ ਤੱਕ ਸ਼ਾਂਤ ਵੀ ਹੋ ਸਕਦਾ ਹੈ ਅਤੇ ਦੋ ਡਿਗਰੀ ਸ਼ਾਂਤੀ ਲਈ ਯਤਨਸ਼ੀਲ ਵੀ ਹੋ ਸਕਦਾ ਹੈ। ਮਨ ਵਿਚ ਜਿੰਨਾ ਕਰੂਪਤਾ ਦਾ ਬੋਧ ਹੋਵੇ, ਸੁੰਦਰਤਾ ਦਾ ਬੋਧ ਵੀ ਓਨਾ ਹੀ ਹੋ ਸਕਦਾ ਹੈ। ਅੱਜ ਮਨੁੱਖਤਾ ਬਹੁਤੀ ਫਿਕਰਮੰਦ ਹੈ ਪਰ ਬਹੁਤਾ ਫਿਕਰਮੰਦ ਹੋਣ ਨਾਲ ਪਿੱਛੇ ਨਹੀਂ ਮੁੜਨਾ ਹੈ ਸਗੋਂ ਅੱਗੇ ਜਾਣਾ ਹੈ ਤਾਂ ਕਿ ਜਿੰਨੀ ਚਿੰਤਾ ਹੈ, ਓਨੇ ਹੀ ਸ਼ਾਂਤੀ ਦੇ ਨਵੇਂ ਰਾਹ ਲੱਭ ਸਕੀਏ।

ਇਹ ਪਿਛਾਂਹ ਨੂੰ ਮੁੜਨ ਵਾਲਾ ਨਾਅਰਾ ਸਦਾ ਤੋਂ ਸੀ, ਇਸ ਨਾਲ ਕੋਈ ਭਲਾ ਨਹੀਂ ਹੋਇਆ ਹੈ। ਮਨੁੱਖ ਦਾ ਚਿਤ ਇਤਨਾ ਪਰਪੱਕ, ਏਨਾ ਵਿਕਸਿਤ ਹੋ ਗਿਆ ਹੈ ਕਿ ਉਸ ਨੂੰ ਰਾਮ ਰਾਜ ਵਿਚ ਨਹੀਂ ਲੈਜਾਇਆ ਜਾ ਸਕਦਾ। ਕਿਸੇ ਪ੍ਰਮਿਟਿਵ ਸਮਾਜ ਵਿਚ ਨਹੀਂ ਲਿਜਾਇਆ ਜਾ ਸਕਦਾ। ਇੱਕ ਦੋ ਦਿਨ ਲਈ ਚੰਗਾ ਲੱਗੇ, ਜੰਗਲ ਵੀ ਦਿਲਚਸਪ ਲੱਗੇ ਪਰ ਦੋ ਤਿੰਨ ਦਿਨ ਮਗਰੋਂ ਉਬ ਜਾਏਗਾ। ਮਨੁੱਖਤਾ ਅੱਗੇ ਤੁਰਦੀ ਹੈ। ਹਾਂ, ਪਿੱਛੇ ਮੁੜ ਕੇ ਇੱਕ ਦੋ ਦਿਨ ਲਈ ਹਾਲੀਡੇ ਮਨਾਇਆ ਜਾ ਸਕਦਾ ਹੈ। ਮਨ 'ਚ ਮੌਜ ਆ ਜਾਏ, ਰਾਜਘਾਟ 'ਤੇ ਬਹਿ ਕੇ ਚਰਖਾ ਕੱਤੀਏ, ਜਿਵੇਂ ਲੀਡਰ ਲੋਕ ਕੱਤਦੇ ਹਨ- ਉਹ ਸਹੀ ਹੈ ਪਰ ਜੇ ਕੋਈ ਕਹੇ ਚਰਖੇ ਨੂੰ ਇੰਡਸਟਰੀ ਦਾ ਕੇਂਦਰ ਬਣਾ ਲਓ ਤਾਂ ਗਲਤ ਹੈ। ਕੋਈ ਕਹੇ ਚਰਖਾ ਹੀ ਚਲਾਓ ਖਤਰਾ ਹੈ, ਕਦੀ ਕਦੀ ਫੋਟੂ ਖਿਚਾਉਣ ਲਈ ਚਰਖਾ ਕੱਤਣਾ ਚੰਗੀ ਹਾਬੀ ਹੈ, ਸਸਤੀ ਅਤੇ ਬਹੁਤ ਫਾਇਦਾ ਦਿੰਦੀ ਹੈ ਪਰ ਸੱਚੀ ਮੁੱਚੀ ਪਿੱਛੇ ਮੁੜਨਾ ਅਸੰਭਵ ਹੈ। ਨਾ ਕੋਈ ਭਾਰਤੀ ਸੰਸਕ੍ਰਿਤੀ, ਨਾ ਮੁਸਲਮਾਨ, ਨਾ ਇਸਾਈ ਸੰਸਕ੍ਰਿਤੀ ਪਿੱਛੇ ਲਿਜਾ ਕੇ ਸੁੱਖ ਦੇ ਸਕਦੀ ਹੈ। ਅੱਗੇ ਹੋਰ ਅੱਗੇ- ਜਿੱਥੇ ਸਭ ਜਾ ਰਹੇ ਹਨ, ਉਥੇ ਨਾ ਕੋਈ ਹਿੰਦੂ ਬਚੇਗਾ, ਨਾ ਕੋਈ ਸਿੱਖ, ਨਾ ਮੁਸਲਮਾਨ ਬਚੇਗਾ, ਨਾ ਇਸਾਈ ਬਚੇਗਾ। ਉੱਥੇ ਸਿਰਫ ਆਦਮੀ ਬਚੇਗਾ। ਭਵਿੱਖ ਕੇਵਲ ਇਨਸਾਨ ਦਾ ਹੈ।



*ਪਿਛਾਂਹ ਨੂੰ ਮੁੜਨ ਵਾਲਾ ਨਾਅਰਾ ਸਦਾ ਤੋਂ ਸੀ, ਇਸ ਨਾਲ ਕੋਈ ਭਲਾ ਨਹੀਂ ਹੋਇਆ ਹੈ। ਮਨੁੱਖ ਦਾ ਚਿਤ ਇਤਨਾ ਪਰਪੱਕ, ਏਨਾ ਵਿਕਸਿਤ ਹੋ ਗਿਆ ਹੈ ਕਿ ਉਸ ਨੂੰ ਰਾਮ ਰਾਜ ਵਿਚ ਨਹੀਂ ਲੈਜਾਇਆ ਜਾ ਸਕਦਾ। ਇੱਕ ਦੋ ਦਿਨ ਲਈ ਚੰਗਾ ਲੱਗੇ, ਜੰਗਲ ਵੀ ਦਿਲਚਸਪ ਲੱਗੇ ਪਰ ਦੋ ਤਿੰਨ ਦਿਨ ਮਗਰੋਂ ਉਬ ਜਾਏਗਾ। ਮਨੁੱਖਤਾ ਅੱਗੇ ਤੁਰਦੀ ਹੈ। ਹਾਂ, ਪਿੱਛੇ ਮੁੜ ਕੇ ਇੱਕ ਦੋ ਦਿਨ ਲਈ ਹਾਲੀਡੇ ਮਨਾਇਆ ਜਾ ਸਕਦਾ ਹੈ। ਮਨ 'ਚ ਮੌਜ ਆ ਜਾਏ, ਰਾਜਘਾਟ 'ਤੇ ਬਹਿ ਕੇ ਚਰਖਾ ਕੱਤੀਏ, ਜਿਵੇਂ ਲੀਡਰ ਲੋਕ ਕੱਤਦੇ ਹਨ- ਉਹ ਸਹੀ ਹੈ ਪਰ ਜੇ ਕੋਈ ਕਹੇ ਚਰਖੇ ਨੂੰ ਇੰਡਸਟਰੀ ਦਾ ਕੇਂਦਰ ਬਣਾ ਲਓ ਤਾਂ ਗਲਤ ਹੈ। ਕੋਈ ਕਹੇ ਚਰਖਾ ਹੀ ਚਲਾਓ ਖਤਰਾ ਹੈ, ਕਦੀ ਕਦੀ ਫੋਟੂ ਖਿਚਾਉਣ ਲਈ ਚਰਖਾ ਕੱਤਣਾ ਚੰਗੀ ਹਾਬੀ ਹੈ, ਸਸਤੀ ਅਤੇ ਬਹੁਤ ਫਾਇਦਾ ਦਿੰਦੀ ਹੈ ਪਰ ਸੱਚੀ ਮੁੱਚੀ ਪਿੱਛੇ ਮੁੜਨਾ ਅਸੰਭਵ ਹੈ। ਨਾ ਕੋਈ ਭਾਰਤੀ ਸੰਸਕ੍ਰਿਤੀ, ਨਾ ਮੁਸਲਮਾਨ, ਨਾ ਇਸਾਈ ਸੰਸਕ੍ਰਿਤੀ ਪਿੱਛੇ ਲਿਜਾ ਕੇ ਸੁੱਖ ਦੇ ਸਕਦੀ ਹੈ। ਅੱਗੇ ਹੋਰ ਅੱਗੇ- ਜਿੱਥੇ ਸਭ ਜਾ ਰਹੇ ਹਨ, ਉਥੇ ਨਾ ਕੋਈ ਹਿੰਦੂ ਬਚੇਗਾ, ਨਾ ਕੋਈ ਸਿੱਖ, ਨਾ ਮੁਸਲਮਾਨ ਬਚੇਗਾ, ਨਾ ਇਸਾਈ ਬਚੇਗਾ। ਉੱਥੇ ਸਿਰਫ ਆਦਮੀ ਬਚੇਗਾ। ਭਵਿੱਖ ਕੇਵਲ ਇਨਸਾਨ ਦਾ ਹੈ।*

# ਸੁੱਚੀ ਸ਼ਾਇਰੀ ਦਾ ਚਸ਼ਮਾ

## ਮੁਨੱਵਰ ਰਾਣਾ ਨੂੰ ਯਾਦ ਕਰਦਿਆਂ

ਕਲਾ ਪਰਿਕਰਮਾ

ਕਿਸੀ ਕੋ ਘਰ ਮਿਲਾ ਹਿੱਸੇ ਮੇਂ
ਯਾ ਕੋਈ ਦੁਕਾਂ ਆਈ
ਮੈਂ ਘਰ ਮੇਂ ਸਭ ਸੇ ਛੋਟਾ ਥਾ
ਮੇਰੇ ਹਿੱਸੇ ਮੇਂ ਮਾਂ ਆਈ।

ਉਰਦੂ ਸਾਹਿਤ ਦੀ ਬੇਬਾਕ, ਦਲੇਰ ਤੇ ਜੁਝਾਰੂ ਆਵਾਜ਼, ਪ੍ਰਸਿੱਧ ਸ਼ਾਇਰ ਮੁਨੱਵਰ ਰਾਣਾ 14 ਜਨਵਰੀ ਨੂੰ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਸਾਡੇ ਸਮਿਆਂ ਦੇ ਸਰਵੋਤਮ ਸ਼ਾਇਰਾਂ ਵਿਚ ਗਿਣਿਆ ਜਾਣ ਵਾਲਾ ਮੁਨੱਵਰ ਅਜਿਹਾ ਸ਼ਾਇਰ ਸੀ ਜਿਸ ਦੀ ਕਵਿਤਾ ਆਪਣੀ ਧਰਤੀ ਅਤੇ ਮਾਂ ਦੇ ਦਰਦ 'ਤੇ ਕੇਂਦਰਿਤ ਸੀ। ਇਸ ਦਰਦ ਦੇ ਨਾਲ-ਨਾਲ ਤੁਰਦਿਆਂ ਕਹੇ ਉਸ ਦੇ ਸ਼ੇਅਰ ਅੱਜ ਮੁਹਾਵਰੇ ਬਣ ਗਏ ਹਨ।


ਮੁਨੱਵਰ ਰਾਣਾ ਜ਼ਿੰਦਗੀ ਦਾ ਪ੍ਰੇਮੀ ਅਤੇ ਮਾਂ ਦੇ ਦਰਦ ਵਿਚ ਭਿੱਜੀਆਂ ਉਨ੍ਹਾਂ ਭਾਵਨਾਵਾਂ ਦਾ ਸ਼ਾਇਰ ਸੀ ਜਿਨ੍ਹਾਂ ਨੂੰ ਉਸ ਨੇ ਆਪਣੇ

**ਡਾ. ਕ੍ਰਿਸ਼ਨ ਕੁਮਾਰ ਰੱਤੂ**
ਫੋਨ: +91-94787-30156

ਸ਼ਬਦਾਂ ਵਿਚ ਪ੍ਰਗਟ ਕੀਤਾ। ਉਰਦੂ ਜਗਤ ਦੇ ਅਸਮਾਨ ਵਿਚ ਤਾਰੇ ਵਾਂਗ ਚਮਕਦਾ ਰਿਹਾ। ਜੇ ਮੈਂ ਮੁਨੱਵਰ ਰਾਣਾ ਦੀ ਪਿਛਲੇ ਚਾਲੀ ਸਾਲਾਂ ਦੀ ਦੋਸਤੀ ਨੂੰ ਇੱਕ ਲਾਈਨ ਵਿਚ ਬਿਆਨ ਕਰਨਾ ਚਾਹਾਂ ਤਾਂ ਕਹਿ ਸਕਦਾ ਹਾਂ ਕਿ ਉਹ ਯਾਰਾਂ ਦਾ ਯਾਰ ਸੀ ਅਤੇ ਪਿਆਰ ਨਾਲ ਭਰਿਆ ਹੋਇਆ ਸੀ। ਉਸ ਨੇ ਸਾਧਾਰਨ ਸ਼ਬਦਾਂ ਰਾਹੀਂ ਅਵਧੀ ਜ਼ੁਬਾਨ ਦੇ ਸੁਆਦ ਨਾਲ ਇਸ ਤਰ੍ਹਾਂ ਸ਼ੇਅਰ ਲਿਖੇ ਕਿ ਇਹ ਆਮ ਲੋਕਾਂ ਦੇ ਬਣ ਗਏ। ਉਸ ਨੇ ਆਪਣੇ ਇਕ ਸ਼ੇਅਰ ਵਿਚ ਸੱਚ ਕਿਹਾ ਸੀ:

ਤੋ ਇਸ ਗਾਂਵ ਸੇ ਰਿਸ਼ਤਾ
ਹਮਾਰਾ ਖ਼ਤਮ ਹੋਤਾ ਹੈ
ਫਿਰ ਆਖੇਂ ਖੋਲ੍ਹ ਲੀ ਜਾਏਂ
ਕਿ ਸਫ਼ਨਾ ਖ਼ਤਮ ਹੋਤਾ ਹੈ।

ਮੁਨੱਵਰ ਰਾਣਾ ਦੇ ਤੁਰ ਜਾਣ ਨਾਲ ਕਵਿਤਾ ਦੇ ਰੁਮਾਂਟਿਕ ਸ਼ਬਦਾਂ ਦਾ ਸੁਫ਼ਨਾ ਸੱਚਮੁੱਚ ਖ਼ਤਮ ਹੋ ਗਿਆ ਹੈ। ਮੁਨੱਵਰ ਦਾ ਜਨਮ 26 ਨਵੰਬਰ 1952 ਨੂੰ ਰਾਏਬਰੇਲੀ (ਉੱਤਰ ਪ੍ਰਦੇਸ਼) ਵਿਚ ਹੋਇਆ। ਚੜ੍ਹਦੀ ਉਮਰੇ ਉਹ ਆਪਣੇ ਪਿਤਾ ਨਾਲ ਕੋਲਕਾਤਾ ਚਲਿਆ ਗਿਆ ਅਤੇ ਫਿਰ ਕੋਲਕਾਤਾ, ਉੱਤਰ ਪ੍ਰਦੇਸ਼ ਅਤੇ ਪੂਰੀ ਦੁਨੀਆ ਵਿਚ ਇਸ ਤਰ੍ਹਾਂ ਮਸ਼ਹੂਰ ਹੋਇਆ ਕਿ ਉਰਦੂ ਸ਼ਾਇਰੀ ਵਿਚ ਮੁਨੱਵਰ ਰਾਣਾ ਦਾ ਨਾਮ ਹਰ ਪਾਸੇ ਫੈਲ ਗਿਆ। ਉਹ ਅਜਿਹਾ ਨਾਮ ਬਣ ਗਿਆ ਹੈ ਜਿਸ ਦੇ ਸ਼ੇਅਰਾਂ ਵਿਚ ਮਨੁੱਖੀ ਸਰੋਕਾਰਾਂ ਦੀ ਮਹਿਕ ਅਤੇ ਧੜਕਣ ਸੀ। ਉਹ ਉਰਦੂ ਸਾਹਿਤ ਦਾ ਇਕਲੌਤਾ ਸ਼ਾਇਰ ਸੀ ਜਿਸ ਨੇ ਉਰਦੂ ਸਾਹਿਤ ਲਈ ਉਨ੍ਹਾਂ ਨੂੰ ਦਿੱਤਾ ਗਿਆ ਸਾਹਿਤ ਅਕਾਦਮੀ ਪੁਰਸਕਾਰ 2014 ਵਿਚ ਵਾਪਸ ਕਰ ਦਿੱਤਾ ਸੀ। ਉਹ ਹਮੇਸ਼ਾ ਆਪਣੀ ਨਿਡਰਤਾ, ਸਪਸ਼ਟ ਬੋਲਣ ਅਤੇ ਆਪਣੀ ਦੋਸਤੀ ਲਈ ਜਾਣਿਆ ਜਾਵੇਗਾ। ਆਪਣੀ ਜ਼ਿੰਦਗੀ ਦੇ ਆਖ਼ਰੀ ਦਹਾਕੇ 'ਚ ਉਸ ਨੇ ਕਈ ਅਜਿਹੀਆਂ ਟਿੱਪਣੀਆਂ ਕੀਤੀਆਂ ਜੋ



*ਮੁਨੱਵਰ ਰਾਣਾ*

ਸੁਰਖੀਆਂ 'ਚ ਰਹੀਆਂ। ਮੁਨੱਵਰ ਦਾ ਆਪਣੀ ਮਾਂ 'ਤੇ ਲਿਖਿਆ ਸ਼ੇਅਰ ਪਿੰਡ ਰਹਿੰਦੀ ਹਰ ਮਾਂ ਦਾ ਸ਼ੇਅਰ ਬਣ ਗਿਆ। ਉਸ ਨੇ ਆਪਣੀ ਮਾਂ ਬਾਰੇ ਸ਼ਾਨਦਾਰ ਕਵਿਤਾਵਾਂ ਲਿਖੀਆਂ। ਮਾਂ ਬਾਰੇ ਉਸ ਦੇ ਅਹਿਸਾਸ ਸ਼ਾਇਰੀ ਦਾ ਹਿੱਸਾ ਬਣ ਗਏ।

ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਮੁਨੱਵਰ ਰਾਣਾ ਉਰਦੂ ਦੇ ਉਸਤਾਦ ਸ਼ਾਇਰ ਵਲੀ ਆਸੀ ਦਾ ਸ਼ਗਿਰਦ ਸੀ। ਰਾਏਬਰੇਲੀ ਛੱਡ ਕੇ ਕੋਲਕਾਤਾ ਅਤੇ ਫਿਰ ਟਰਾਂਸਪੋਰਟ ਕਾਰੋਬਾਰ ਤੋਂ ਬਾਅਦ ਉਸ ਨੇ ਇੱਕ ਵਾਰ ਫਿਰ ਲਖਨਊ ਵਿਚ ਵਸਣ ਦਾ ਫੈਸਲਾ ਕੀਤਾ। ਪਿਆਰ ਅਤੇ ਮਨੁੱਖੀ ਭਾਵਨਾਵਾਂ ਦੀ ਸ਼ਾਇਰੀ ਅਤੇ ਜੀਵਨ ਵਿਚ ਡੁੱਬੇ ਰਹਿਣਾ ਉਸ ਦੇ ਜੀਵਨ ਦਾ ਮਿਜ਼ਾਜ ਸੀ। ਇਸ ਦੌਰਾਨ ਉਸ ਨੇ ਹਸਨ ਕਾਜ਼ਮੀ ਨਾਲ ਰਲ ਕੇ ਅਖ਼ਬਾਰ ਸ਼ੁਰੂ ਕਰਨ ਬਾਰੇ ਸੋਚਿਆ ਪਰ ਇਹ ਕਾਰਜ ਅੱਧ ਵਿਚਾਲੇ ਹੀ ਰਹਿ ਗਿਆ। ਕਈ ਵਾਰ ਉਹ ਕਹਿੰਦਾ ਹੁੰਦਾ ਸੀ- ਜੇ ਅਸੀਂ ਪਾਕਿਸਤਾਨ ਚਲੇ ਜਾਂਦੇ ਪਰ ਅਸੀਂ ਇਹ ਦੋਸਤ ਕਿੱਥੋਂ ਲੱਭਦੇ? ਭਾਰਤ ਦੀ ਮਿੱਟੀ ਨੂੰ ਪਿਆਰ ਕਰਨ ਵਾਲੇ ਮੁਨੱਵਰ ਰਾਣਾ ਨੂੰ ਜਦੋਂ ਵੀ ਯਾਦ ਕਰਦਾ ਹਾਂ ਤਾਂ ਅਜਿਹੇ ਦੋਸਤ ਵਜੋਂ ਯਾਦ ਕਰਦਾ ਹਾਂ ਜੋ ਹਮੇਸ਼ਾ ਮੇਰੀਆਂ ਯਾਦਾਂ ਵਿਚ ਰਹੇਗਾ।

ਦੁਨੀਆ ਦੀ ਨਜ਼ਰ ਵਿਚ ਉਹ ਮਹਾਨ ਸ਼ਾਇਰ ਸੀ ਪਰ ਮੇਰੀ ਨਜ਼ਰ ਵਿਚ ਉਹ ਮਹਾਨ ਮਿੱਤਰ ਅਤੇ ਇਨਸਾਨ ਵੀ ਸੀ ਜੋ ਆਪਣੇ ਵਿਚਾਰਾਂ ਨੂੰ ਬਹੁਤ ਸਰਲਤਾ ਨਾਲ ਪ੍ਰਗਟ ਕਰਦਾ ਸੀ। ਅੱਜ ਜਦੋਂ ਮੈਂ ਮੁਨੱਵਰ ਨਾਲ ਆਪਣੀਆਂ ਯਾਦਾਂ ਦੇ ਝਰੋਖੇ ਵਿਚੋਂ ਮੁੜ ਦੇਖਦਾ ਹਾਂ ਤਾਂ ਪਤਾ ਲਗਦਾ ਹੈ ਕਿ ਪਿਛਲੇ ਤੀਹ ਸਾਲਾਂ ਵਿਚ ਮੈਂ ਉਸ ਨੂੰ ਭਾਰਤੀ ਸਾਹਿਤ ਦੇ ਕੈਨਵਸ ਉੱਤੇ ਵੱਖ-ਵੱਖ ਰੰਗਾਂ ਵਿਚ ਹਲਚਲ ਪੈਦਾ ਕਰਦੇ ਦੇਖਿਆ ਹੈ। ਉਹ ਸ਼ਬਦਾਂ ਦਾ ਅਦਭੁੱਤ ਜਾਦੂਗਰ ਸੀ। ਆਪਣੇ ਦੂਰਦਰਸ਼ਨ ਦੇ ਦਿਨਾਂ ਦੌਰਾਨ ਮੈਂ ਉਸ 'ਤੇ ਦਸਤਾਵੇਜ਼ੀ ਫਿਲਮਾਂ ਕਰਨ ਤੋਂ ਇਲਾਵਾ ਚੰਡੀਗੜ੍ਹ, ਜੈਪੁਰ ਦੂਰਦਰਸ਼ਨ ਅਤੇ ਹੋਰ ਕੇਂਦਰਾਂ 'ਤੇ ਕਿੰਨੇ ਸਾਰੇ ਆਲ ਇੰਡੀਆ ਮੁਸ਼ਾਇਰਿਆਂ ਲਈ ਉਸ ਨੂੰ ਬੁਲਾਇਆ। ਉਸ ਨਾਲ ਕਈ ਯਾਦਗਾਰੀ ਮੁਲਾਕਾਤਾਂ ਹੁਣ ਇਤਿਹਾਸ ਦਾ ਹਿੱਸਾ ਹੋ ਗਈਆਂ ਹਨ।

ਅਸਲ ਵਿਚ ਉਸ ਦਾ ਲਿਖਿਆ ਹਰ ਸ਼ਬਦ ਅਤੇ ਹਰ ਸ਼ੇਅਰ ਵਾਇਰਲ ਹੋ ਗਿਆ ਸੀ। ਮੁਨੱਵਰ ਨੇ ਨਿਊ ਯਾਰਕ, ਲੰਡਨ ਤੋਂ ਲੈ ਕੇ ਦੁਬਈ ਤੱਕ ਦੁਨੀਆ ਦੇ ਹੋਰ ਬਹੁਤ ਸਾਰੇ ਦੇਸ਼ਾਂ ਦਾ ਦੌਰਾ ਕੀਤਾ। ਉਹ ਅਜਿਹਾ ਸ਼ਾਇਰ ਸੀ ਜਿਸ ਦੀ ਗੱਲਬਾਤ ਮਾਂ 'ਤੇ ਫੋਕਸ ਤੋਂ ਸ਼ੁਰੂ ਹੁੰਦੀ ਸੀ ਤੇ ਸਿਰਫ ਮਾਂ 'ਤੇ ਹੀ ਕਿਤੇ ਖ਼ਤਮ ਹੋ ਜਾਂਦੀ ਸੀ। ਉਹ ਉਰਦੂ ਸ਼ਾਇਰੀ ਦੀ ਅਜਿਹੀ ਹਸਤੀ ਸੀ ਜੋ ਹਿੰਦੋਸਤਾਨੀ ਰੰਗ ਵਾਲੇ ਉਹ ਸ਼ਬਦ ਚੁਣ-ਚੁਣ ਕੇ ਲਿਖਦਾ ਸੀ ਜਿਨ੍ਹਾਂ ਨੂੰ ਲੋਕ ਭੁੱਲ ਗਏ ਸਨ।

ਮੁਨੱਵਰ ਰਾਣਾ ਪਿਛਲੇ ਕੁਝ ਸਮੇਂ ਤੋਂ ਬਿਮਾਰ ਸੀ ਅਤੇ ਡਾਇਲਸਿਸ 'ਤੇ ਸੀ ਪਰ ਉਹ ਇੰਨੀ ਜਲਦੀ ਚਲਾ ਜਾਵੇਗਾ, ਇਹ ਕਦੇ ਸੋਚਿਆ ਵੀ ਨਹੀਂ ਸੀ। ਉਰਦੂ ਸ਼ਾਇਰੀ ਵਿਚ ਫ਼ਾਰਸੀ ਅਤੇ ਅਰਬੀ ਸ਼ਬਦ ਬਹੁਤੇ ਪ੍ਰਚੱਲਿਤ ਹਨ ਪਰ ਵਿਸ਼ੇਸ਼ ਕਾਵਿ-ਸ਼ੈਲੀ ਦੇ ਇਸ ਮਹਾਨ ਸ਼ਾਇਰ ਨੇ ਆਪਣੀ ਸ਼ਾਇਰੀ ਵਿਚ ਹਿੰਦੀ ਅਤੇ ਅਵਧੀ ਸ਼ਬਦਾਂ ਦੀ ਵਰਤੋਂ ਕੀਤੀ ਅਤੇ ਇਉਂ ਆਮ ਲੋਕਾਂ ਤੱਕ ਪਹੁੰਚਿਆ।

ਮੁਨੱਵਰ ਰਾਣਾ ਦੀਆਂ ਚਾਰ ਧੀਆਂ ਅਤੇ ਇੱਕ ਪੁੱਤਰ ਤਬਰੇਜ਼ ਰਾਣਾ ਹੈ। 2012 ਵਿਚ ਸਾਹਿਤ ਅਕਾਦਮੀ ਇਨਾਮ ਮਿਲਣ ਤੋਂ ਬਾਅਦ ਉਸ ਨੂੰ ਉਰਦੂ ਸਾਹਿਤ ਦਾ ਸਭ ਤੋਂ ਵੱਡਾ ਮਤੀ ਰਤਨ ਸਨਮਾਨ ਵੀ ਦਿੱਤਾ ਗਿਆ।


ਦੁਨੀਆ ਨੂੰ ਸਰਕਸ ਕਹਿਣ ਵਾਲੇ ਕਵੀ ਮੁਨੱਵਰ ਰਾਣਾ ਦਾ ਦੇਹਾਂਤ ਕਦੀ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ:

ਬਹੁਤ ਦਿਨ ਰਹਿ ਲੀਏ
ਦੁਨੀਆ ਕੇ ਸਰਕਸ ਮੇਂ ਤੁਮ ਏ ਰਾਣਾ,
ਚਲੋ ਅਬ ਉਠ ਲੀਆ ਜਾਏ
ਤਮਾਸ਼ਾ ਖ਼ਤਮ ਹੋਤਾ ਹੈ।

ਸਾਡੇ ਸਮੇਂ ਦੇ ਉਰਦੂ ਸਾਹਿਤ ਦੇ ਇਸ ਮਹਾਨ ਸ਼ਾਇਰ ਦਾ ਵਿਛੋੜਾ ਉਰਦੂ ਸ਼ਾਇਰੀ ਲਈ ਸੱਚਮੁੱਚ ਵੱਡਾ ਘਾਟਾ ਹੈ। ਹੁਣ ਜਦੋਂ ਮੈਂ ਮੁਨੱਵਰ ਨੂੰ ਉਸ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਯਾਦ ਕਰਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਜਦੋਂ ਤੱਕ ਇਸ ਧਰਤੀ 'ਤੇ ਪਿਆਰ ਦਾ ਸ਼ਬਦ ਜ਼ਿੰਦਾ ਹੈ, ਉਸ ਦੇ ਸ਼ਬਦਾਂ ਰਾਹੀਂ ਗੁਆਚਿਆ ਦੋਸਤ ਯਾਦ ਕੀਤਾ ਜਾਂਦਾ ਰਹੇਗਾ। ਅਲਵਿਦਾ ਮੁਨੱਵਰ ਰਾਣਾ!

## ਕਿਤਾਬ-ਏ-ਰੰਗ ਮੁਨੱਵਰ ਰਾਣਾ

*ਮੁਨੱਵਰ ਰਾਣਾ ਦੀਆਂ ਕਿਤਾਬਾਂ ਬਾਰੇ ਕਿਹਾ ਜਾਂਦਾ ਕਿ ਉਹ ਛਪਣ ਤੋਂ ਪਹਿਲਾਂ ਹੀ ਵਿਕ ਜਾਂਦੀਆਂ ਸਨ। ਉਸ ਦੀਆਂ ਪੁਸਤਕਾਂ ਵਿਚ 'ਮੁਨੱਵਰਨਾਮਾ', 'ਮਾਂ,' 'ਮੁਜਾਹਿਦ', 'ਮੁਜਾਹਿਰਨਾਮਾ', 'ਸੁਖਨ ਸਰਾਏ', '.ਗਜ਼ਲ ਗਾਂਵ', 'ਬਗੈਰ ਨਕਸ਼ੇ ਕਾ ਮਕਾਨ', 'ਪੀਪਲ ਛਾਂਵ', 'ਜੰਗਲੀ ਕਬੂਤਰ' ਆਦਿ ਸ਼ਾਮਿਲ ਹਨ ਜੋ ਦੁਨੀਆ ਭਰ ਵਿਚ ਲੱਖਾਂ ਦੀ ਗਿਣਤੀ ਵਿਚ ਵਿਕ ਚੁੱਕੀਆਂ ਹਨ।... ਉਸ ਦੀਆਂ ਲਿਖੀਆਂ ਪੁਸਤਕਾਂ ਵਿਚੋਂ ਕਈ ਅਜਿਹੀਆਂ ਹਨ ਜਿਨ੍ਹਾਂ ਦੇ ਐਡੀਸ਼ਨ ਕਈ ਭਾਸ਼ਾਵਾਂ ਵਿਚ ਛਪ ਚੁੱਕੇ ਹਨ। ਜਦੋਂ ਉਸ ਦੀ ਪੁਸਤਕ 'ਸ਼ਾਹਦਾਬਾ' ਨੂੰ 2014 ਵਿਚ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਤਾਂ ਉਸ ਨੇ ਕਿਹਾ ਸੀ ਕਿ ਮੈਂ ਇਸ ਪੁਸਤਕ ਦੀ ਸਮੁੱਚੀ ਸ਼ਾਇਰੀ ਆਪਣੀ ਮਾਂ ਨੂੰ ਸਮਰਪਿਤ ਕਰਦਾ ਹਾਂ। ਉਸ ਦੀਆਂ ਕਈ ਕਿਤਾਬਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਹੋਇਆ।*




## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 3 ਫਰਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-623



**ਰੁੱਖਾਂ ਜਿਹਾ ਨਾ ਮਿੱਤਰ ਕੋਈ, ਸਬਰਾਂ ਦਾ ਪਾਠ ਪੜ੍ਹਾਉਂਦੇ,**
**ਚੁੱਕ ਇੱਟ ਮਾਰੋ ਚਾਹੇ ਪੱਥਰ, ਅੱਗੋਂ ਫ਼ਲ ਦੇ ਮੀਂਹ ਵਰਸਾਂਦੇ।**
**ਕਹਿੰਦੇ 'ਇੱਕ ਰੁੱਖ ਤੇ ਸੌ ਸੁੱਖ', ਸਿਆਣੇ ਨੇ ਸਦਾ ਸੁਣਾਉਂਦੇ,**
**ਧੁੱਪ ਤੋਂ ਦੇਹ ਕੇ ਠੰਢੀ ਛਤਰੀ, ਮਾਂ ਵਾਂਗਰਾਂ ਵਿਚ ਲੁਕਾਉਂਦੇ।**

### ਕੈਪਸ਼ਨ ਮੁਕਾਬਲਾ-621




ਕਲਯੁਗ ਅੱਜ ਚੱਲਦਾ ਹੈ ਭਾਈ,
ਸਰਵਣ ਪੁੱਤ ਹੈ ਟਾਂਵਾਂ-ਟਾਂਵਾਂ,
ਬਹਿੰਗੀ ਵਿਚ ਬਿਠਾ ਕੇ ਤੁਰਿਆ,
ਰੱਖ ਕੇ ਪੱਲੜਾ ਹੈ ਸਾਂਵਾਂ ਸਾਵਾਂ।
ਰੱਬ ਦਾ ਦੂਸਰਾ ਰੂਪ ਹੁੰਦੇ ਮਾਪੇ,
ਜਾਨ ਹੂਲ ਜਿਨ੍ਹਾਂ ਜੱਗ ਦਿਖਾਏ,
ਆਫ਼ਤਾਂ ਆਣ ਭਾਵੇਂ ਲੱਖ ਘੇਰੇ,
ਪਰ ਅਹਿਸਾਨ ਨਾ ਗਏ ਚੁਕਾਏ।

*-ਸੇਵਾ ਸਿੰਘ 'ਨੂਰਪੁਰੀ'*

---

ਪੁੱਤਰ ਓਦੋਂ ਪਰਖੇ ਜਾਂਦੇ
ਜਦ ਮਾਪੇ ਹੋਣ ਲਾਚਾਰ।
ਗੱਲਾਂ ਜੱਗ 'ਤੇ ਹੁੰਦੀਆਂ
ਕਰਦੇ ਜੋ ਸਤਿਕਾਰ।
ਕੋਈ ਫ਼ਰਕ ਨੀ ਪੈਂਦਾ
ਹੋਵੇ ਸਿੰਘ, ਖਾਨ ਜਾਂ ਕੁਮਾਰ।

*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਮਾਪਿਆਂ ਜ਼ਰੀਏ ਆਏ ਹਾਂ ਜੁਗ 'ਚ
ਪਾਲਿਆ, ਪਲੋਸਿਆ, ਵੱਡਿਆਂ ਕੀਤਾ
ਬੁਢਾਪਾ ਉਨ੍ਹਾਂ ਦਾ
ਫਰਜ਼ ਸਾਡਾ ਹੁਣ
ਤਾਹੀਓਂ ਕਦਰਦਾਨ ਚੁੱਕ ਵਹਿੰਗੀ
ਲਈ ਫਿਰਦਾ ਕਰਦਾ ਫਰਜ਼ ਪੂਰਾ
ਦਾਦ ਬਣਦੀ ਹੈ ਸ਼ਲਾਘਾ ਦੀ
ਕਦੇ ਨਾ ਮੋੜੋ ਪਾਸਾ।

*-ਦਰਸ਼ਨ ਪਾਲ ਦੋਸਾਂਝ*

## ਨਾਮ ਰੱਬ ਦਾ

ਘਰਵਾਲੀ ਮੇਰੀ ਕਹੇ, ਤੂੰ ਰੱਬ ਨੂੰ ਨ੍ਹੀਂ ਧਿਆਉਂਦਾ,
ਮੈਂ ਕਹਾਂ ਭਾਵੈ ਮੇਰੇ ਟੁਕੜੇ ਟੁਕੜੇ ਕਰ ਲੈ,
ਹਰ ਟੁਕੜੇ ਵਿਚੋਂ ਰਾਮ ਅੱਲਾਹ ਦਾ ਆਵਾਜਾ ਆਉਂਦਾ,
ਜ਼ਰੇ ਜ਼ਰੇ 'ਚ ਤਨ ਮਨ, ਸੱਚੇ ਪਾਤਸ਼ਾਹ ਗੁਰੂ ਨੂੰ ਧਿਆਉਂਦਾ।

ਐਵੇਂ ਨਾ ਭੈੜੀਏ ਸ਼ੱਕ ਕਰਿਆ ਕਰ ਮੇਰੇ ਉੱਤੇ, ਮੈਂ ਤੇਰੇ ਤੋਂ ਜਾਵਾਂ ਦਿਲੋਂ ਕੁਰਬਾਨ।
ਤੇਰੇ ਨਾਲ ਹੀ ਖੇੜੇ ਮੇਲੇ ਜਹਾਨ ਉੱਤੇ, ਸਚ ਕਹਿਨਾਂ ਤੇਰੇ ਨਾਲ ਹੀ ਮੇਰੀ ਸ਼ਾਨ।

ਸਾਰੀ ਦੁਨੀਆ ਕਹਿੰਦੀ, ਇਸ ਜੱਗ ਤੋਂ ਕੁਝ ਨਾਲ ਨ੍ਹੀਂ ਲੈ ਜਾਣਾ,
ਔਰਤ ਬਣਾਈ ਮਰਦ ਲਈ, ਮਰਦ ਔਰਤ ਦਾ ਦੀਵਾਨਾ।
ਐਵੇਂ ਨਾ ਲੜਾਈ ਝਗੜਿਆਂ 'ਚ ਪਿਆ ਕਰ,
ਜੱਗ ਵਾਲਾ ਮੇਲਾ, ਪਤਾ ਨ੍ਹੀਂ ਕਦੋਂ ਕਿਸ ਛੱਡ ਜਾਣਾ।

ਹੰਕਾਰ ਜਿਹੜਾ ਵੀ ਜੀਵ ਕਰਦਾ, ਮੌਤ ਵਾਲਾ ਨਾਗ ਵੇਲੇ ਕੁਵੇਲੇ, ਉਸਨੂੰ ਹੈ ਡੱਸਦਾ।
ਜੋੜੀ ਬਣਾ ਕੇ ਭੇਜੀ, ਮਨੁੱਖ ਦੁੱਖ ਸੁੱਖ ਸਾਂਝੇ ਰਹੇ ਕਰਦਾ,
ਮੇਲੇ ਜਗ 'ਤੇ ਲੱਗਦੇ ਰਹਿਣ, ਤੂੰ ਰਹੇਂ ਹੱਸਦਾ ਵੱਸਦਾ।

ਕਣ ਕਣ ਦੇ ਵਿੱਚ ਸਮਾਇਆ, ਮਨੁੱਖੀ ਮਨ ਸਮਝ ਨਾ ਪਾਇਆ,
ਹਰ ਜੀਵ ਦੇ ਅੰਦਰ ਵਸਿਆ, ਬਾਹਰ ਕਿਸੇ ਨਜ਼ਰ ਨਾ ਆਇਆ।
ਕਰਮਾਂ ਅਨੁਸਾਰ ਮਾਪੇ ਮਿਲਦੇ, ਜਿਨਾਂ ਜਨਮੁ ਦਿਵਾਇਆ,
ਹੱਸ ਖੇਡ ਲੰਘਾ ਲੈ ਜ਼ਿੰਦਗਾਨੀ, ਲੁੱਟਾਂ ਖੋਹਾਂ 'ਚ ਸਮਾਂ ਨਾ ਕਰ ਜਾਇਆ।

*-ਅਮਰਜੀਤ ਸਿੰਘ ਤੂਰ*
*ਫੋਨ: +91-8784-69639*

# ਸੰਸਾਰ ਦੀ ਆਰਥਿਕ ਮੰਦੀ ਅਤੇ ਭਾਰਤੀ ਅਰਥਚਾਰਾ

ਭਾਰਤ ਦੀ ਆਰਥਿਕਤਾ ਸੰਸਾਰ ਆਰਥਿਕਤਾ ਨਾਲ ਗਹਿਰੇ ਰੂਪ ਵਿਚ ਜੁੜੀ ਹੋਈ ਹੈ। 1991 ਵਿਚ ਦੇਸ਼ ਵਿਚ ਅਪਣਾਈ ਉਦਾਰੀਕਰਨ, ਨਿਜੀਕਰਨ ਤੇ ਸੰਸਾਰੀਕਰਨ ਦੀ ਨੀਤੀ ਨੇ ਇਨ੍ਹਾਂ ਸਬੰਧਾਂ ਨੂੰ ਕਾਫ਼ੀ ਡੂੰਘਾ ਬਣਾ ਦਿੱਤਾ ਅਤੇ ਸੰਸਾਰ ਵਪਾਰ ਸੰਸਥਾ ਹੋਂਦ ਵਿਚ ਆਉਣ ਕਾਰਨ ਦੇਸ਼ ਦੀਆਂ ਆਰਥਿਕ ਨੀਤੀਆਂ ਵੀ ਸੰਸਾਰ ਆਰਥਿਕਤਾ ਨਾਲ ਬੱਝ ਗਈਆਂ। ਦੇਸ਼ ਦੀ ਆਰਥਿਕਤਾ ਦੀ ਕਾਰਗੁਜ਼ਾਰੀ ਵੀ ਸੰਸਾਰ ਦੀ ਆਰਥਿਕਤਾ ਨਾਲ ਜੁੜੀ ਹੈ। ਇਸ ਦਾ ਅੰਦਾਜ਼ਾ



ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਦੇਸ਼ ਦੀ ਆਰਥਿਕਤਾ ਦੀ ਕੁੱਲ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਵਪਾਰ ਅਤੇ ਵਿੱਤੀ ਵਹਾਓ

**ਸੁੱਚਾ ਸਿੰਘ ਗਿੱਲ**
**ਫੋਨ: +91-98550-82857**

ਰਾਹੀਂ ਦੂਜੇ ਦੇਸ਼ਾਂ ਨਾਲ ਜੁੜਿਆ ਹੈ। ਸੰਸਾਰ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਆਰਥਿਕ ਕਾਰਗੁਜ਼ਾਰੀ ਤੋਂ ਦੇਸ਼ ਦੀ ਆਰਥਿਕਤਾ ਪ੍ਰਭਾਵਿਤ ਹੁੰਦੀ ਹੈ। ਇਸ ਦੀ ਕਾਰਗੁਜ਼ਾਰੀ, ਮੌਜੂਦਾ ਅਵਸਥਾ ਅਤੇ ਅਨੁਮਾਨਾਂ ਨੂੰ ਸੰਸਾਰ ਆਰਥਿਕਤਾ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ।

ਸੰਸਾਰ ਆਰਥਿਕਤਾ ਇੱਕ ਦਹਾਕੇ ਤੋਂ ਡਾਵਾਂਡੋਲ ਹੈ। ਸੰਸਾਰ ਬੈਂਕ ਪਿਛਲੇ ਸਾਲ ਤੱਕ ਇਸ ਦੇ ਮੰਦੀ ਵੱਲ ਜਾਣ ਦੇ ਸੰਕੇਤ ਸਾਲਾਨਾ ਰਿਪੋਰਟਾਂ ਵਿਚ ਦੇ ਰਿਹਾ ਸੀ। 2023 'ਚ ਅਮਰੀਕੀ ਆਰਥਿਕਤਾ ਦੀ ਮਾਮੂਲੀ ਬਿਹਤਰ ਕਾਰਗੁਜ਼ਾਰੀ ਦੇ ਬਾਵਜੂਦ 2024 ਲਈ ਬੈਂਕ ਦੇ ਵਿਕਾਸ ਅਨੁਮਾਨ ਉਤਸ਼ਾਹਿਤ ਕਰਨ ਵਾਲੇ ਨਹੀਂ। 9 ਜਨਵਰੀ 2024 ਨੂੰ ਸੰਸਾਰ ਬੈਂਕ ਦੇ ਪ੍ਰੈੱਸ ਬਿਆਨ ਵਿਚ ਕਿਹਾ ਗਿਆ ਹੈ ਕਿ "ਤੀਹ ਸਾਲਾਂ ਵਿਚ ਗਲੋਬਲ ਆਰਥਿਕਤਾ ਦੇ ਪਿਛਲੇ ਪੰਜ ਸਾਲ ਸਭ ਤੋਂ ਕਮਜ਼ੋਰ ਕਾਰਗੁਜ਼ਾਰੀ ਵਾਲੇ ਰਹੇ ਹਨ।" ਇਹ ਖੁਲਾਸਾ ਕੀਤਾ ਗਿਆ ਕਿ ਸੰਸਾਰ ਆਰਥਿਕਤਾ 2024 ਦੇ ਅੰਤ ਤੱਕ ਸ਼ਰਮਨਾਕ ਰਿਕਾਰਡ ਵਲ ਵਧ ਰਹੀ ਹੈ। ਪੰਜ ਸਾਲਾਂ ਵਿਚ 30 ਸਾਲਾਂ ਦੀ ਆਮਦਨ ਦੇ ਵਿਕਾਸ ਦੀ ਦਰ ਦੀ ਸਭ ਤੋਂ ਘੱਟ ਰਹਿਣ ਦਾ ਅਨੁਮਾਨ ਹੈ। ਅੰਦਾਜ਼ਾ ਹੈ ਕਿ ਸੰਸਾਰ ਦੀ ਸਾਲਾਨਾ ਵਿਕਾਸ ਦੀ ਦਰ 2024 ਵਿਚ 2.4% ਹੋਵੇਗੀ, 2023 ਵਿਚ ਇਹ 2.6% ਸੀ। ਅਨੁਮਾਨ ਹੈ ਕਿ ਵਿਕਸਿਤ ਦੇਸ਼ਾਂ ਦਾ ਸਮੂਹ ਇਸ ਸਾਲ 1.2% ਦੀ ਦਰ ਨਾਲ ਵਿਕਾਸ ਕਰੇਗਾ; ਪਿਛਲੇ ਸਾਲ ਇਸ ਸਮੂਹ ਦੀ ਆਮਦਨ ਵਿਕਾਸ ਦਰ 1.5% ਸੀ।

ਇਸ ਸਮੇਂ ਯੂਰਪੀ ਯੂਨੀਅਨ ਦੇ ਬਹੁਤੇ ਦੇਸ਼ ਮੰਦੀ ਦਾ ਸਾਹਮਣਾ ਕਰ ਰਹੇ ਹਨ। ਯੂਰਪ ਦੀ ਸਭ ਤੋਂ ਵੱਡੀ ਜਰਮਨ ਆਰਥਿਕਤਾ ਵਿਚ ਹਾਹਾਕਾਰ ਹੈ। ਵਿਕਾਸਸ਼ੀਲ ਦੇਸ਼ਾਂ ਦੇ ਗਰੁੱਪ ਦੀ ਵਿਕਾਸ ਦਰ ਪਿਛਲੇ ਸਾਲ 4.9% ਤੋਂ ਘਟ ਕੇ ਇਸ ਸਾਲ 3.9% ਰਹਿਣ ਦਾ ਖ਼ਦਸ਼ਾ ਹੈ। ਘੱਟ ਆਮਦਨ ਵਾਲੇ ਦੇਸ਼ਾਂ ਦੀ ਆਮਦਨ ਵਿਕਾਸ ਦਰ ਇਸ ਸਾਲ 5.5% ਰਹੇਗੀ ਜਿਹੜੀ 2023 ਦੇ ਮੁਕਾਬਲੇ ਘੱਟ ਹੋਵੇਗੀ। ਸੰਸਾਰ ਬੈਂਕ ਦਾ ਇਹ ਅਨੁਮਾਨ ਵੀ ਹੈ ਕਿ ਵਿਕਾਸਸ਼ੀਲ ਦੇਸ਼ਾਂ ਦੇ 25% ਅਤੇ ਘੱਟ ਆਮਦਨ ਵਾਲੇ 40% ਲੋਕਾਂ ਦੀ ਆਮਦਨ ਪਿਛਲੇ ਸਾਲ ਦੇ ਮੁਕਾਬਲੇ ਘਟ ਜਾਵੇਗੀ। ਇਨ੍ਹਾਂ ਦੇਸ਼ਾਂ ਦੇ ਗ਼ਰੀਬਾਂ ਲਈ ਖਾਧ ਪਦਾਰਥ ਪ੍ਰਾਪਤ ਕਰਨ ਵਿਚ ਮੁਸ਼ਕਿਲ ਵੀ ਆ ਸਕਦੀ ਹੈ।

ਨਿਰਾਸ਼ਾ ਵਾਲੀ ਇਸ ਅਵਸਥਾ ਲਈ ਤਿੰਨ ਕਾਰਨਾਂ ਦਾ ਵਰਨਣ ਕੀਤਾ ਗਿਆ ਹੈ। ਪਹਿਲਾ ਕਾਰਨ, ਭੂ-ਰਾਜਨੀਤਕ ਸੰਕਟ ਵਧ ਰਿਹਾ ਹੈ। ਇਹ ਸੰਕਟ ਰੂਸ-ਯੂਕਰੇਨ ਯੁੱਧ ਤੋਂ ਸ਼ੁਰੂ ਹੋਇਆ ਜਿਸ ਨਾਲ ਪੱਛਮੀ ਦੇਸ਼ਾਂ ਨੇ ਰੂਸ ਖਿਲਾਫ ਆਰਥਿਕ ਰੋਕਾਂ ਲਗਾਈਆਂ ਹੋਈਆਂ ਹਨ। ਪਿਛਲੇ ਕੁਝ ਮਹੀਨਿਆਂ ਤੋਂ ਇਜ਼ਰਾਈਲ ਵਲੋਂ ਫਲਸਤੀਨੀ ਇਲਾਕਿਆਂ ਵਿਚ ਨਸਲਕੁਸ਼ੀ ਨੇ ਇਸ ਸੰਕਟ ਨੂੰ ਹੋਰ ਗਹਿਰਾ ਕਰ ਦਿੱਤਾ ਹੈ। ਅਮਰੀਕਾ-ਚੀਨ ਦੇ ਵਿਗੜਦੇ ਸਬੰਧ ਇਸ ਨੂੰ ਹੋਰ ਵਧਾ ਰਹੇ ਹਨ। ਇਸ ਦਾ ਲਾਹਾ ਲੈ ਕੇ ਸਮੁੰਦਰੀ ਲੁਟੇਰੇ ਕੌਮਾਂਤਰੀ ਰਾਹਾਂ 'ਤੇ ਮਾਲਵਾਹਕ ਜਹਾਜ਼ ਲੁੱਟ ਰਹੇ ਹਨ। ਇਸ ਨਾਲ ਸੰਸਾਰ ਵਿਚ ਗੜਬੜ, ਅਸੁਰੱਖਿਆ ਅਤੇ ਬੇਯਕੀਨੀ ਵਾਲਾ ਮਹੌਲ ਹੈ। ਇਉਂ ਗਲੋਬਲ ਆਰਥਿਕਤਾ ਵਿਚ ਪੂੰਜੀ ਨਿਵੇਸ਼ ਵਾਸਤੇ ਬੇਯਕੀਨੀ ਕਾਰਨ ਸਾਜ਼ਗਾਰ ਮਾਹੌਲ ਨਹੀਂ ਰਿਹਾ। ਇਹ ਸੰਸਾਰ ਆਰਥਿਕਤਾ ਨੂੰ ਹੇਠਾਂ ਧੱਕ ਰਿਹਾ ਹੈ।

ਦੂਜਾ ਕਾਰਨ, ਵਿਕਸਤ ਦੇਸ਼ਾਂ ਦੀ ਆਰਥਿਕਤਾ ਦਾ ਲਗਭਗ ਖੜੋਤ ਵਲ ਜਾਣਾ ਹੈ। ਅਮਰੀਕਾ ਦੀ ਆਰਥਿਕਤਾ ਵਿਚ ਭਾਵੇਂ ਕੁਝ ਉਭਾਰ ਆਇਆ ਹੈ ਪਰ ਹੋਰ ਵਿਕਸਤ ਦੇਸ਼ਾਂ ਵਿਚ ਖੜੋਤ ਦਾ ਮਾਹੌਲ ਹੈ। ਇਸ ਵਿਚ ਯੂਰਪੀ ਯੂਨੀਅਨ ਦੇ ਦੇਸ਼ਾਂ ਤੋਂ ਇਲਾਵਾ ਕੈਨੇਡਾ ਵੀ ਸ਼ਾਮਲ ਹੈ। ਇਸ ਨਾਲ ਸੰਸਾਰ ਆਰਥਿਕਤਾ ਦੇ 55 ਤੋਂ 60% ਖੜੋਤ ਵਿਚ ਆ ਜਾਣ ਕਾਰਨ ਮਾਲ ਸਪਲਾਈ ਕਰਨ ਵਾਲੇ ਉਤਪਾਦਕਾਂ/ਕੰਪਨੀਆਂ ਨੂੰ ਉਤਪਾਦਨ ਵਧਾਉਣ ਵਿਚ ਮੁਸ਼ਕਿਲ ਪੈਦਾ ਹੋ ਗਈ ਹੈ। ਤੀਜਾ ਵੱਡਾ ਕਾਰਨ ਸੰਸਾਰ ਬੈਂਕ ਨੇ ਇਹ ਦੱਸਿਆ ਹੈ ਕਿ ਵਿੱਤੀ ਸਾਧਨ ਉਧਾਰ ਲੈਣ ਵਾਸਤੇ ਕੰਪਨੀਆਂ ਨੂੰ ਵਿੱਤੀ ਮੰਡੀ ਵਿਚ ਉੱਚੇ ਵਿਆਜ ਦਰਾਂ ਅਤੇ ਸਖ਼ਤ ਸ਼ਰਤਾਂ ਨਾਲ ਜੂਝਣਾ ਪੈਂਦਾ ਹੈ। ਇਸ ਕਰ ਕੇ ਪ੍ਰਾਈਵੇਟ ਕੰਪਨੀਆਂ ਵਿਚ ਪੂੰਜੀ ਨਿਵੇਸ਼ ਵਾਸਤੇ ਉਤਸ਼ਾਹ ਨਹੀਂ ਨਜ਼ਰ ਆਉਂਦਾ। ਇਨ੍ਹਾਂ ਕਾਰਨਾਂ ਕਰ ਕੇ ਸੰਸਾਰ ਆਰਥਿਕਤਾ ਧੀਮੀ ਗਤੀ ਦੀ ਵਿਕਾਸ ਦਰ ਤੋਂ ਖੜੋਤ ਵੱਲ ਜਾ ਰਹੀ ਹੈ। ਦੋ ਹੋਰ ਕਾਰਨ ਜਿਨ੍ਹਾਂ ਨੂੰ ਸੰਸਾਰ ਬੈਂਕ ਨੇ ਧਿਆਨ ਵਿਚ ਨਹੀਂ ਲਿਆਂਦਾ, ਤਵੱਜੋ ਦੀ ਮੰਗ ਕਰਦੇ ਹਨ।

ਇਸ ਦਾ ਪਹਿਲਾ ਤੇ ਵੱਡਾ ਕਾਰਨ ਇਹ ਹੈ ਕਿ ਸੰਸਾਰ ਆਰਥਿਕਤਾ ਵਿਚ ਆਮਦਨ ਅਤੇ ਦੌਲਤ ਦੀ ਵੰਡ ਵਿਚ ਵੱਡੀ ਪੱਧਰ 'ਤੇ ਆਈ



ਅਸਮਾਨਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ ਸੰਸਾਰ ਦੇ 10% ਅਮੀਰਾਂ ਕੋਲ 52% ਆਮਦਨ ਅਤੇ 76% ਦੌਲਤ ਹੈ। ਹੇਠਲੀ ਗਰੀਬ 50% ਆਬਾਦੀ ਕੋਲ 8.5% ਆਮਦਨ ਅਤੇ 2% ਦੌਲਤ ਹੀ ਰਹਿ ਗਈ ਹੈ। ਅਮੀਰ ਆਪਣੀ ਆਮਦਨ ਦਾ ਬਹੁਤ ਛੋਟਾ ਹਿੱਸਾ ਮਹਿਜ਼ 5-10% ਖਪਤ ਲਈ ਵਰਤਦੇ ਹਨ; ਬਾਕੀ ਆਮਦਨ ਨੂੰ ਬਚਤ ਵਿਚ ਪਾ ਕੇ ਮੁਨਾਫ਼ਾ ਕਮਾਉਂਦੇ ਹਨ। ਗਰੀਬ ਦੀ ਸਾਰੀ ਆਮਦਨ ਖਪਤ ਵਾਸਤੇ ਵਰਤੀ ਜਾਂਦੀ ਹੈ। ਖਪਤ ਦੀ ਮੰਗ ਇਨ੍ਹਾਂ ਲੋਕਾਂ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਕੋਲ ਖਰੀਦ ਸ਼ਕਤੀ ਨਾ ਹੋਣ ਕਾਰਨ ਵਸਤਾਂ ਦੀ ਸੰਸਾਰ ਮੰਡੀ ਵਿਚ ਖਪਤ ਦੀ ਮੰਗ ਵਿਚ ਘਾਟਾ ਚੋਖਾ ਵਧ ਗਿਆ ਹੈ। ਇਸ ਨੂੰ ਆਮਦਨ ਅਤੇ ਦੌਲਤ ਦੀ ਵੰਡ ਠੀਕ ਕੀਤੇ ਬਗੈਰ ਠੀਕ ਨਹੀਂ ਕੀਤਾ ਜਾ ਸਕਦਾ। ਇਸ ਬਾਰੇ ਮੌਜੂਦਾ ਸਰਕਾਰਾਂ ਅਤੇ ਰਾਜਭਾਗ 'ਤੇ ਕਾਬਜ਼ ਸਿਆਸੀ ਪਾਰਟੀਆਂ ਧਿਆਨ ਨਹੀਂ ਦੇ ਰਹੀਆਂ।

ਦੂਜਾ ਅਣਗੌਲਿਆ ਵੱਡਾ ਕਾਰਨ ਸੰਸਾਰ ਵਿਚ ਵਧ ਰਹੀ ਬੇਰੁਜ਼ਗਾਰੀ ਹੈ; ਖਾਸ ਕਰ ਕੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਦੀ ਦਰ ਕਈ ਦੇਸ਼ਾਂ ਵਿਚ 15 ਤੋਂ 20% ਤੱਕ ਪਹੁੰਚ ਗਈ ਹੈ। ਇਸ ਕਾਰਨ ਉਨ੍ਹਾਂ ਦੀ ਵਸਤਾਂ ਖਰੀਦਣ ਦੀ ਇੱਛਾ ਤਾਂ ਹੋ ਸਕਦੀ ਹੈ ਪਰ ਉਨ੍ਹਾਂ ਕੋਲ ਖਰੀਦ ਸ਼ਕਤੀ ਨਹੀਂ। ਆਰਥਿਕ ਨੀਤੀਆਂ ਨੂੰ ਨਵ-ਉਦਾਰਵਾਦੀ ਸਿਧਾਂਤ ਤੋਂ ਬਦਲ ਕੇ ਲੋਕ ਪੱਖੀ ਬਣਾਉਣ ਨਾਲ ਹੀ ਇਸ ਸਮੱਸਿਆ ਦਾ ਹੱਲ ਹੋ ਸਕਦਾ ਹੈ।

ਭਾਰਤੀ ਆਰਥਿਕਤਾ ਸੰਸਾਰ ਆਰਥਿਕਤਾ ਨਾਲ ਜੁੜੀ ਹੋਈ ਹੈ। ਇਹ ਜੋੜ ਵਸਤਾਂ/ਸੇਵਾਵਾਂ ਦੇ ਵਪਾਰ ਅਤੇ ਵਿੱਤੀ ਸਰਮਾਏ ਦੇ ਲੈਣ-ਦੇਣ ਨਾਲ ਬਣਿਆ ਹੋਇਆ ਹੈ। ਭਾਰਤ ਦੀ ਕੁੱਲ ਸਾਲਾਨਾ ਆਮਦਨ ਦਾ ਅੱਧੇ ਤੋਂ ਵੱਧ ਹਿੱਸਾ ਕੌਮਾਂਤਰੀ ਗੇੜ ਵਿਚ ਸ਼ਾਮਿਲ ਹੋ ਕੇ ਗੁਜ਼ਰਦਾ ਹੈ। ਸੰਸਾਰ ਆਰਥਿਕਤਾ ਦੇ ਚੰਗੇ ਅਤੇ ਬੁਰੇ ਪ੍ਰਭਾਵ ਭਾਰਤ ਉਪਰ ਕੌਮਾਂਤਰੀ ਵਪਾਰ ਅਤੇ ਗਲੋਬਲ ਵਿੱਤੀ ਸਰਮਾਏ ਦੇ ਸਰਹੱਦਾਂ ਤੋਂ ਪਾਰੋਂ ਦਾਖਲ ਹੋ ਜਾਂਦੇ ਹਨ। ਜੇ ਗਲੋਬਲ ਆਰਥਿਕਤਾ ਦਾ ਰੁਝਾਨ ਮੰਦੀ ਵੱਲ ਹੈ ਤਾਂ ਭਾਰਤ ਵੱਲੋਂ ਬਾਹਰ ਭੇਜਣ ਵਾਲੀਆਂ ਵਸਤਾਂ ਅਤੇ ਸੇਵਾਵਾਂ ਦੀ ਮੰਗ ਘਟ ਜਾਵੇਗੀ। ਬਰਾਮਦ ਘਟਣ ਜਾਂ ਇਸ ਵਿਚ ਖੜੋਤ ਆਉਣ ਨਾਲ ਦੇਸ਼ ਦੀ ਸਮਰੱਥਾ ਬਾਹਰਲੇ ਦੇਸ਼ਾਂ ਤੋਂ ਸਮਾਨ ਦਰਾਮਦ ਕਰਨ ਵਿਚ ਘਟ ਜਾਂਦੀ ਹੈ। ਸੰਸਾਰ ਆਰਥਿਕਤਾ ਵਿਚ ਮੰਦੀ ਨੂੰ ਇਸ ਦ੍ਰਿਸ਼ਟੀਕੋਣ ਤੋਂ ਦੇਖਿਆ ਜਾ ਸਕਦਾ ਹੈ। ਸੰਸਾਰ ਆਰਥਿਕਤਾ 2004 ਤੋਂ ਸੰਕਟਗ੍ਰਸਤ ਹੋਈ ਅਤੇ ਇਸ ਤੋਂ ਬਾਹਰ ਨਹੀਂ ਨਿਕਲ ਸਕੀ। 2020-21 ਦੌਰਾਨ ਕੋਵਿਡ-19 ਨੇ ਸਾਰੇ ਦੇਸ਼ਾਂ ਦੀ ਆਮਦਨ ਘਟਾ ਦਿੱਤੀ; ਭਾਰਤ ਦੀ ਆਮਦਨ ਲਗਭਗ 7% ਘਟ ਗਈ ਸੀ ਅਤੇ ਬੇਰੁਜ਼ਗਾਰੀ ਵਿਚ ਚੋਖਾ ਵਾਧਾ ਹੋਇਆ ਸੀ। 2021-22 ਵਿਚ ਇਸ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਸ਼ੁਰੂ ਹੋਈ ਅਤੇ 2022-23 ਵਿਚ ਆਮਦਨ ਵਿਚ 6-7% ਦਾ ਵਾਧਾ ਦਰਜ ਕੀਤਾ ਗਿਆ। ਹੁਣ 2024 ਵਿਚ ਗਲੋਬਲ ਰੁਝਾਨ ਮੰਦੀ ਵੱਲ ਹਨ, ਇਸ ਕਰ ਕੇ ਇਸ ਦੇ ਬੁਰੇ ਪ੍ਰਭਾਵਾਂ ਤੋਂ ਦੇਸ਼ ਬਚ ਨਹੀਂ ਸਕਦਾ। ਇਸ ਕਰ ਕੇ 2024-25 ਵਿਚ ਦੇਸ਼ ਦੀ ਕੁੱਲ ਆਮਦਨ 5 ਟ੍ਰਿਲੀਅਨ ਡਾਲਰ ਹਾਸਲ ਕਰਨਾ ਅਸੰਭਵ ਹੈ। ਜੇ ਆਰਥਿਕਤਾ 6.5% ਜਾਂ 7% ਸਾਲਾਨਾ ਦਰ ਨਾਲ ਤਰੱਕੀ ਕਰਦੀ ਹੈ ਅਤੇ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ ਪਿਛਲੇ ਸਾਲਾਂ ਵਾਂਗ 1.5-2.0% ਹੇਠਾਂ ਆਉਂਦਾ ਹੈ ਤਾਂ ਬੜੀ ਮੁਸ਼ਕਿਲ ਨਾਲ ਦੇਸ਼ ਦੀ ਕੁੱਲ ਆਮਦਨ 3.8 ਟ੍ਰਿਲੀਅਨ ਡਾਲਰ (2023) ਤੋਂ ਵਧ ਕੇ 2024-25 ਵਿਚ 3.9 ਟ੍ਰਿਲੀਅਨ ਡਾਲਰ ਜਾਂ ਇਸ ਤੋਂ ਮਾਮੂਲੀ ਵਧ ਸਕਦੀ ਹੈ। ਇਸ ਕਰ ਕੇ 5 ਟ੍ਰਿਲੀਅਨ ਡਾਲਰ ਦਾ ਟੀਚਾ ਪ੍ਰਾਪਤ ਕਰਨਾ ਮੁਸ਼ਕਿਲ ਹੋਵੇਗਾ।

ਸੰਸਾਰ ਆਰਥਿਕਤਾ ਦੇ ਡਾਵਾਂਡੋਲ ਹੋਣ ਨਾਲ ਭਾਰਤ 'ਤੇ ਪੈਣ ਵਾਲੇ ਪ੍ਰਭਾਵ ਦਾ ਪਰਛਾਵਾਂ ਟੈਕਨੀਕਲ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢੇ ਜਾਣ ਵਾਲਿਆਂ ਦੇ ਵੇਰਵਿਆਂ ਤੋਂ ਮਿਲਦਾ ਹੈ। ਇੰਡੀਅਨ ਐਕਸਪ੍ਰੈੱਸ ਨੇ 11 ਜਨਵਰੀ 2024 ਨੂੰ ਰਿਪੋਰਟ ਕੀਤਾ ਹੈ ਕਿ ਐਮੇਜ਼ੋਨ ਟਵਇਚ ਨੇ 35% ਸਟਾਫ ਕੱਢਣ ਦਾ ਫ਼ੈਸਲਾ ਕੀਤਾ ਹੈ। ਪੇ.ਟੀ.ਐੱਮ. 1000 ਮੁਲਾਜ਼ਮਾਂ ਦੀ ਛਾਂਟੀ ਕਰ ਰਹੀ ਹੈ, ਫਲਿਪਕਾਰਟ 1100-1500 ਮੁਲਾਜ਼ਮ ਨੌਕਰੀ ਤੋਂ ਕੱਢ ਰਹੀ ਹੈ। ਯੂਨਿਟੀ ਸਾਫਟਵੇਅਰ 25% ਮੁਲਾਜ਼ਮਾਂ ਦੀ ਛੁੱਟੀ ਕਰ ਦੇਵੇਗੀ ਅਤੇ ਹੁਮੇਨ ਕੰਪਨੀ ਨੇ ਇਸ ਸਾਲ 4% ਮੁਲਾਜ਼ਮ ਕੱਢਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਕੰਪਨੀਆਂ ਨੇ ਘਟ ਰਹੇ ਮੁਨਾਫ਼ਿਆਂ ਕਾਰਨ ਇਹ ਫ਼ੈਸਲਾ ਕੀਤਾ ਹੈ। ਇਸ ਦੇ ਦੋ ਕਾਰਨ ਦੱਸੇ ਹਨ: ਇੱਕ, ਕਾਰੋਬਾਰ ਵਿਚ ਬੇਯਕੀਨੀ ਤੇ ਦੂਜਾ ਕਾਰਨ ਕੋਵਿਡ-19 ਸਮੇਂ ਜ਼ਿਆਦਾ ਕੀਤੀਆਂ ਭਰਤੀਆਂ ਦੱਸਿਆ ਹੈ। ਇਹ ਅੰਕੜੇ ਇਸ਼ਾਰਾ ਕਰਦੇ ਹਨ ਕਿ ਵੱਡੀਆਂ ਕੰਪਨੀਆਂ ਨੂੰ ਮੁਲਾਜ਼ਮ ਰੱਖਣ ਵਿਚ ਕਠਨਾਈ ਆ ਰਹੀ ਹੈ, ਉਨ੍ਹਾਂ ਕੋਲ ਲੋੜੀਂਦਾ ਕਾਰੋਬਾਰ ਨਹੀਂ। ਛੋਟੀਆਂ ਇਕਾਈਆਂ ਖਾਸ ਕਰ ਕੇ ਮਾਈਕਰੋ, ਸਮਾਲ, ਮੀਡੀਅਮ ਐਂਟਰਪਰਾਈਜ਼ ਬਾਰੇ ਅੰਕੜਿਆਂ ਦੀ ਘਾਟ ਕਰ ਕੇ ਟਿੱਪਣੀ ਕਰਨੀ ਔਖੀ ਹੈ ਪਰ ਇਹ ਗੱਲ ਸਾਫ ਹੈ ਕਿ ਆਰਥਿਕ ਕਿਰਿਆਵਾਂ ਉਤੇ ਪ੍ਰਭਾਵ ਜ਼ਰੂਰ ਪੈਦਾ ਨਜ਼ਰ ਆਉਂਦਾ ਹੈ।

ਇਨ੍ਹਾਂ ਪ੍ਰਭਾਵਾਂ ਨੂੰ ਠੀਕ ਕਰਨ ਲਈ ਜ਼ਰੂਰੀ ਹੈ, ਦੇਸ਼ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਲੋਕ ਪੱਖੀ ਬਣਾਈਆਂ ਜਾਣ। ਸੰਸਾਰ ਬੈਂਕ ਨੇ ਸਰਕਾਰੀ ਪੂੰਜੀ ਨਿਵੇਸ਼ ਵਧਾਉਣ ਦੀ ਸਿਫਾਰਸ਼ ਕੀਤੀ ਹੈ। ਇਸ ਨਾਲ ਪ੍ਰਾਈਵੇਟ ਕੰਪਨੀਆਂ ਵੱਲੋਂ ਪੂੰਜੀ ਨਿਵੇਸ਼ ਨੂੰ ਉਤਸ਼ਾਹ ਮਿਲ ਸਕਦਾ ਹੈ। ਛੋਟੀਆਂ ਇਕਾਈਆਂ ਨੂੰ ਰਿਆਇਤਾਂ ਅਤੇ ਸਸਤੇ ਕਰਜ਼ੇ ਮੁਹੱਈਆ ਕਰਵਾਏ ਜਾਣ। ਭਾਰਤੀ ਖੇਤੀ ਸੈਕਟਰ ਵਿਚ ਦੇਸ਼ ਦਾ 44-45% ਰੁਜ਼ਗਾਰ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਰੂਪ ਵਿਚ ਹੈ। ਇਸ ਸੈਕਟਰ ਦੇ ਸੰਕਟ ਨੂੰ ਦੂਰ ਕਰਨ ਦੇ ਖਾਸ ਪ੍ਰੋਗਰਾਮ ਉਲੀਕੇ ਜਾਣ। ਬੇਰੁਜ਼ਗਾਰੀ ਦੂਰ ਕਰਨ ਲਈ ਰੁਜ਼ਗਾਰ ਨੀਤੀ ਬਣਾ ਕੇ ਯੋਗ ਕਾਰਵਾਈ ਕੀਤੀ ਜਾਵੇ। ਨੌਜਵਾਨਾਂ ਦੇ ਰੁਜ਼ਗਾਰ ਦੇ ਮਿਆਰ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਅਜਿਹੀ ਨੀਤੀ ਮਾੜੇ ਗਲੋਬਲੀ ਆਰਥਿਕ ਪ੍ਰਭਾਵ ਕਾਫ਼ੀ ਹੱਦ ਤੱਕ ਰੋਕ ਸਕਦੀ ਹੈ।

# ਕਲਾਕਾਰ ਅਤੇ ਕਬਾੜ

ਤੂੰਬੇ ਅਲਗੋਜ਼ੇ ਦੀ ਗਾਇਕੀ ਦੇ ਖੇਤਰ ਵਿਚ ਵਿਰਲੇ ਹੀ ਅਜਿਹੇ ਗਾਇਕ ਹਨ ਜੋ ਗਾਇਕੀ ਦੇ ਨਾਲ-ਨਾਲ ਤੂੰਬਾ ਵਾਦਕ, ਜੋੜੀ (ਅਲਗੋਜ਼ੇ) ਵਾਦਕ, ਢੋਲਕ ਵਾਦਕ ਵੀ ਹੋਣ। ਇਨ੍ਹਾਂ ਵਿਰਲਿਆਂ ਵਿਚੋਂ ਹੀ ਇਕ ਹੈ ਭਜਨ ਲਾਲ ਜੈਲਾ ਜੋ ਗਾਇਕ, ਕਿੰਗ ਵਾਦਕ, ਜੋੜੀ ਵਾਦਕ, ਢੋਲਕ, ਘੜਾ ਅਤੇ ਚਿਮਟਾ ਵਾਦਕ ਹੈ, ਭਾਵ ਬਹੁ-ਪੱਖੀ ਕਲਾਕਾਰ ਹੈ।

ਭਜਨ ਲਾਲ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਦਿਲਵਾਂ ਵਿਚ 8 ਨਵੰਬਰ 1959 ਨੂੰ ਪਿਤਾ

**ਹਰਦਿਆਲ ਸਿੰਘ ਥੂਹੀ**
**ਫੋਨ: +91-84271-00341**

ਜੈਲਾ ਰਾਮ ਅਤੇ ਮਾਤਾ ਨੂਰਾਂ ਦੇਵੀ ਦੇ ਘਰ ਹੋਇਆ। ਇਹ ਨਰਸੋਤ ਗੋਤ ਦੇ ਬਾਜ਼ੀਗਰ ਹਨ। ਉਸ ਦੇ ਦਾਦੇ ਦਾ ਨਾਂ ਸਾਈਂ ਚੀਨਾ ਰਾਮ ਸੀ। ਇਨ੍ਹਾਂ ਦਾ ਪਿਛੋਕੜ ਸਾਂਝੇ ਪੰਜਾਬ ਦੇ ਜ਼ਿਲ੍ਹੇ ਲਾਇਲਪੁਰ (ਹੁਣ ਫੈਸਲਾਬਾਦ) ਦੇ ਪਿੰਡ ਰਾਮ ਦੀਵਾਲੀ ਦਾ ਹੈ ਜਿੱਥੋਂ ਜੈਲਾ ਰਾਮ ਦੇਸ਼ ਵੰਡ ਸਮੇਂ ਭਾਈਚਾਰੇ ਦੇ ਬਾਕੀ ਪਰਿਵਾਰਾਂ ਨਾਲ ਇਧਰ ਆ ਗਿਆ ਸੀ। ਭਜਨ ਲਾਲ ਸਕੂਲ ਗਿਆ ਤਾਂ ਸੀ ਪਰ ਉਹ ਐਤੇ ਤੋਂ ਅੱਗੇ ਨਹੀਂ ਪੜ੍ਹ ਸਕਿਆ। ਭਜਨ ਲਾਲ ਨੂੰ ਗੁੜਤੀ ਹੀ ਸੰਗੀਤ ਦੀ ਮਿਲੀ; ਪਿਤਾ ਜੈਲਾ ਰਾਮ ਵਧੀਆ ਗਾਇਕ ਸੀ। ਇਸ ਕਾਰਨ ਭਜਨ ਲਾਲ ਦੀ ਰੁਚੀ ਬਚਪਨ ਤੋਂ ਹੀ ਗਾਇਕੀ ਵੱਲ ਹੋ ਗਈ। 9-10 ਸਾਲ ਦੀ ਉਮਰ ਵਿਚ ਹੀ ਉਸ ਨੇ ਆਪਣੇ ਪਿਤਾ ਤੋਂ ਕਿੰਗ ਵਜਾਉਣੀ ਸਿੱਖ ਲਈ। ਥੋੜ੍ਹਾ ਵੱਡਾ ਹੋਣ 'ਤੇ ਆਪਣੇ ਪਿਤਾ ਦੇ ਸਾਥੀ ਪ੍ਰਸਿੱਧ ਅਲਗੋਜ਼ਾ ਵਾਦਕ ਉਸਤਾਦ ਮੰਗਲ ਸੁਨਾਮੀ ਤੋਂ ਅਲਗੋਜ਼ੇ ਵਜਾਉਣੇ ਸਿੱਖੇ। ਸੁਰਾਂ ਦੇ ਨਾਲ-ਨਾਲ ਤਾਲ 'ਚ ਪਰਿਪੱਕ ਹੋਣ ਲਈ ਆਪਣੇ ਪਿਓ ਨਾਲ ਘੜਾ ਵਜਾਉਣ ਵਾਲੇ ਚਿਰੀਆ ਰਾਮ ਤੋਂ ਢੋਲਕ ਵਜਾਉਣੀ ਵੀ ਉਹ ਜਲਦੀ ਸਿੱਖ ਗਿਆ। ਗਾਇਕੀ 'ਚ ਭਜਨ ਲਾਲ ਦਾ ਉਸਤਾਦ ਉਸ ਦਾ ਪਿਤਾ ਜੈਲਾ ਰਾਮ ਹੈ। ਇਨ੍ਹਾਂ ਦੀ ਗਾਇਣ ਸ਼ੈਲੀ ਪੱਛਮੀ ਪੰਜਾਬ ਭਾਵ ਨਵਾਬ ਘੁਮਾਰ ਇਨਾਇਤਕੋਟੀਏ ਵਾਲੀ ਹੀ ਹੈ।

ਇਸ ਤਰ੍ਹਾਂ ਗਾਇਣ ਅਤੇ ਵਾਦਨ ਵਿਚ ਲਗਾਤਾਰ ਮਿਹਨਤ ਕਰਨ ਨਾਲ ਭਜਨ ਲਾਲ ਦਾ ਸਵੈ-ਵਿਸ਼ਵਾਸ ਵਧਦਾ ਗਿਆ। ਹੁਣ ਉਸ ਨੇ ਆਪਣੇ ਪਿਤਾ ਨਾਲ ਢੋਲਕ 'ਤੇ ਸਾਥ ਦੇਣਾ ਸ਼ੁਰੂ ਕਰ ਦਿੱਤਾ। ਆਪਣੇ ਪਿਤਾ ਨੂੰ ਦੇਖ-ਦੇਖ ਕੇ ਉਸ ਨੂੰ ਅਖਾੜੇ ਵਿਚ ਖੜ੍ਹਨ, ਬੋਲਣ ਅਤੇ ਗਾਉਣ ਦੇ ਤੌਰ ਤਰੀਕਿਆਂ ਬਾਰੇ ਪਤਾ ਲੱਗਦਾ ਗਿਆ। ਇਸ ਦੇ ਨਾਲ-ਨਾਲ ਉਸ ਨੇ ਬਹੁਤ ਸਾਰਾ 'ਗੌਣ' ਵੀ ਕੰਠ ਕਰ ਲਿਆ। 1977 ਵਿਚ ਅਠਾਰਾਂ ਕੁ ਸਾਲ ਦੀ ਉਮਰ ਵਿਚ ਭਜਨ ਲਾਲ ਨੂੰ ਚਮਕੌਰ ਸਾਹਿਬ ਵਿਖੇ ਪੀਰ ਦੀ ਯਾਦ ਵਿਚ ਲੱਗੇ ਮੇਲੇ ਦੇ ਅਖਾੜੇ ਵਿਚ ਪਹਿਲੀ ਵਾਰ ਆਪਣੇ ਤੌਰ 'ਤੇ ਗਾਉਣ ਦਾ ਮੌਕਾ ਮਿਲਿਆ। ਉਸ ਦੇ ਸਾਜ਼ੀਆਂ ਵਿਚ ਸਵਰਨ ਸਿੰਘ 'ਮਾਹੀ' ਮਾਣੇਵਾਲ ਅਲਗੋਜ਼ਿਆਂ 'ਤੇ ਅਤੇ ਛੋਟਾ ਭਰਾ ਅਮਰੀਕ ਢੋਲਕ 'ਤੇ ਸ਼ਾਮਲ ਸਨ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਸਭਿਆਚਾਰਕ ਮੇਲਿਆਂ ਅਤੇ ਪੀਰਾਂ ਫ਼ਕੀਰਾਂ ਦੀ ਯਾਦ ਵਿਚ ਜੁੜਦੇ ਮੇਲਿਆਂ 'ਤੇ ਆਮ ਹੀ ਇਨ੍ਹਾਂ ਨੂੰ ਬੁਲਾਇਆ ਜਾਣ ਲੱਗਾ। ਭਜਨ ਲਾਲ ਨੂੰ ਬਹੁਤ ਸਾਰੇ ਲੜੀਬੱਧ 'ਗੌਣ' ਕੰਠ ਹਨ। ਉਹ ਇਕ-ਇਕ ਗਾਥਾ ਨੂੰ ਘੰਟਿਆਂ ਬੱਧੀ ਲਗਾਤਾਰ ਗਾਉਣ ਦੇ ਸਮਰੱਥ ਹੈ। ਇਨ੍ਹਾਂ ਗਾਥਾਵਾਂ ਵਿਚ ਹਰੀਸ਼ ਚੰਦਰ, ਲਛਮਣ ਜਤੀ, ਪੂਰਨ, ਦਾਹੂਦ, ਵੀਰ ਜੋਧ, ਜੈਮੱਲ ਫੱਤਾ, ਦੁੱਲਾ, ਸ਼ਾਹ ਬਹਿਰਾਮ, ਮਿਰਜ਼ਾ, ਸੱਸੀ, ਹੀਰ, ਢੋਲ ਸੰਮੀ ਆਦਿ ਸ਼ਾਮਲ ਹਨ। ਆਪਣੇ ਪਿਤਾ ਦੇ ਨਾਂ ਨੂੰ ਆਪਣੇ ਨਾਂ ਨਾਲ ਜੋੜ ਕੇ ਉਹ ਭਜਨ ਲਾਲ ਜੈਲਾ ਬਣ ਗਿਆ।

1995 ਤੋਂ ਭਜਨ ਲਾਲ ਆਲ ਇੰਡੀਆ ਰੇਡੀਓ, ਜਲੰਧਰ ਦਾ ਬੀ. ਹਾਈ ਗਰੇਡ ਰਜਿਸਟਰਡ ਕਲਾਕਾਰ ਹੈ। ਰੇਡੀਓ ਵਾਲਿਆਂ ਨੇ ਪਹਿਲੀ ਵਾਰ ਉਸ ਦੀਆਂ ਪੰਜ ਲੋਕ ਗਾਥਾਵਾਂ ਰਿਕਾਰਡ ਕੀਤੀਆਂ ਜਿਨ੍ਹਾਂ ਵਿਚ ਪੂਰਨ, ਦਹੂਦ, ਜੈਮੱਲ ਫੱਤਾ, ਦੁੱਲਾ ਤੇ ਮਿਰਜ਼ਾ ਸ਼ਾਮਲ ਸਨ। ਸਾਜ਼ੀ ਸਨ ਸਵਰਨ ਮਾਹੀ ਅਲਗੋਜ਼ਾ ਵਾਦਕ, ਧਰਮ ਚੰਦ ਢੋਲਕ ਵਾਦਕ ਅਤੇ ਦਾਰਾ ਰਾਮ ਚਿਮਟਾ ਵਾਦਕ। ਉਸ ਤੋਂ ਬਾਅਦ ਲਗਾਤਾਰ ਸਾਲ ਵਿਚ ਇੱਕ ਵਾਰ ਉਸ ਨੂੰ ਰੇਡੀਓ 'ਤੇ ਗਾਉਣ ਦਾ ਮੌਕਾ ਮਿਲ ਰਿਹਾ ਹੈ।

ਭਜਨ ਲਾਲ ਉੱਤਰੀ ਖੇਤਰ ਸਭਿਆਚਾਰਕ ਕੇਂਦਰ ਪਟਿਆਲਾ ਦਾ ਵੀ ਰਜਿਸਟਰਡ ਕਲਾਕਾਰ ਹੈ। ਉਹ ਢਾਈ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਇਸ ਕੇਂਦਰ ਨਾਲ ਜੁੜਿਆ ਹੋਇਆ ਹੈ। ਇਸ ਕੇਂਦਰ ਰਾਹੀਂ ਵੱਖ-ਵੱਖ ਟੀਮਾਂ ਨਾਲ ਬਤੌਰ ਅਲਗੋਜ਼ਾ ਵਾਦਕ ਉਹ ਪੂਰਾ ਭਾਰਤ ਘੁੰਮ ਚੁੱਕਿਆ ਹੈ। ਜੰਮੂ ਕਸ਼ਮੀਰ ਤੋਂ ਲੈ ਕੇ ਅੰਡੇਮਾਨ ਨਿਕੋਬਾਰ ਟਾਪੂਆਂ ਤੱਕ ਅਤੇ ਗੁਜਰਾਤ ਤੋਂ ਲੈ ਕੇ ਧੁਰ ਅਰੁਣਾਚਲ ਪ੍ਰਦੇਸ਼ ਤੱਕ ਆਪਣੇ ਅਲਗੋਜ਼ਿਆਂ ਦੀਆਂ ਸੁਰਾਂ ਬਿਖੇਰ ਆਇਆ ਹੈ। ਉਸ ਦਾ ਇਹ ਸਫ਼ਰ ਅਜੇ ਜਾਰੀ ਹੈ। ਭਜਨ ਲਾਲ ਹੁਰਾਂ ਵੱਲੋਂ ਗਾਈਆਂ ਜਾਣ ਵਾਲੀਆ ਗਾਥਾਵਾਂ ਵਿਚੋਂ ਕੁਝ ਨਮੂਨੇ ਹਨ:

-ਰਾਜਿਆ ਚੰਨ ਸੂਰਜ ਸੀ ਉਗਿਆ,
ਪੂਰਨ ਮਹਿਲੀਂ ਵੜਿਆ ਆ।
ਤੇਰੇ ਭੁਲੇਖੇ ਰਾਜਿਆ, ਮੈਂ ਦਿੱਤੀ ਸੇਜ ਵਿਛਾ।
ਪੂਰਨ ਲਾਹ ਕੇ ਪੈਰੋਂ ਪੌਲੀਆਂ,
ਚੜ੍ਹਿਆ ਸੇਜ 'ਤੇ ਆ।
ਮੈਂ ਪੁੱਤਰ-ਪੁੱਤਰ ਕੂਕਦੀ,
ਨਹੀਂ ਕੀਤਾ ਸ਼ਰਮ ਹਯਾ।
ਜੇਕਰ ਏਹਨੂੰ ਨਾ ਮਾਰੇਂ,
ਮੈਂ ਭੈਣ ਤੇ ਤੂੰ ਭਰਾ।
-ਜਾਂਦੇ ਪੂਰਨ ਸਾਧ ਦਾ,
ਇੱਛਰਾਂ ਮੱਲ ਖੜੋਤੀ ਰਾਹ।
ਜ਼ਰਾ ਕੁ ਠਹਿਰੀਂ ਪੂਰਨਾ,
ਵੇ ਮੈਂ ਮਿਲਨੇ ਆ ਗਈ ਮਾਂ।
ਤੇਰੀ ਬਾਂਹ ਸੀ ਹੱਥ ਭਗਵਾਨ ਦੇ,
ਤੂੰ ਜਾਹ ਖਾਂ ਬੇਟਾ ਹਾਂ।
ਸ਼ੇਰ ਦੇ ਮੂੰਹ ਵਿਚ ਬੱਕਰੀ,
ਮੈਂ ਕੀਕਣ ਲਵਾਂ ਛੁਡਾ।
ਮਾਤਾ ਲਿਖੀ ਸੱਚੇ ਰੱਬ ਦੀ,
ਮਿਟਾਵਣ ਵਾਲਾ ਕੌਣ।
ਜੀਹਨੂੰ ਆਪ ਲਿਜਾਂਵਦਾ,
ਮਾਤਾ ਰੱਖਣ ਵਾਲਾ ਕੌਣ।

1977 ਵਿਚ ਭਜਨ ਲਾਲ ਦਾ ਵਿਆਹ ਸਮਰਾਲਾ ਨਿਵਾਸੀ ਅਰਜਨ ਰਾਮ ਦੀ ਪੁੱਤਰੀ ਸ਼ੀਲਾ ਰਾਣੀ ਨਾਲ ਹੋ ਗਿਆ। ਉਸ ਦੇ ਤਿੰਨ ਪੁੱਤਰ ਅਤੇ ਦੋ ਧੀਆਂ ਹਨ। ਪੁੱਤਰਾਂ ਵਿਚੋਂ ਕੋਈ ਵੀ ਉਸ ਦੇ ਨਕਸ਼ੇ ਕਦਮਾਂ 'ਤੇ ਨਹੀਂ ਤੁਰਿਆ। ਉਹ ਆਪਣੀ ਕਬੀਲਦਾਰੀ ਤੋਰਨ ਲਈ ਮਿਹਨਤ ਮਜ਼ਦੂਰੀ ਕਰ ਰਹੇ ਹਨ। ਉਸ ਦਾ ਇਕ ਪੋਤਰਾ ਸਨੀ ਅਲਗੋਜ਼ੇ ਵਜਾਉਣ ਦਾ ਸ਼ੌਕ ਰੱਖਦਾ ਹੈ। ਉਸ ਦੇ ਚੰਗਾ ਅਲਗੋਜ਼ਾ ਵਾਦਕ ਬਣਨ ਦੀ ਉਮੀਦ ਹੈ। ਭਜਨ ਲਾਲ ਅੱਜ ਕੱਲ੍ਹ ਪਰਿਵਾਰ ਸਮੇਤ ਸਮਰਾਲੇ ਰਹਿ ਰਿਹਾ ਹੈ। ਪਿਛਲੇ ਪੰਜ ਦਹਾਕਿਆਂ ਤੋਂ ਭਜਨ ਲਾਲ ਸੰਗੀਤ ਨਾਲ ਬਤੌਰ ਗਵੰਤਰੀ ਤੇ ਵਜੰਤਰੀ ਜੁੜਿਆ ਹੋਇਆ ਹੈ। ਇਸ ਦੇ ਬਾਵਜੂਦ ਉਸ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ। ਜਦੋਂ ਕਈ-ਕਈ ਦਿਨ ਕੋਈ ਪ੍ਰੋਗਰਾਮ ਨਹੀਂ ਮਿਲਦਾ, ਫਿਰ ਉਸ ਨੂੰ ਪਿੰਡਾਂ ਵਿਚ ਕਬਾੜ ਦੀ ਫੇਰੀ ਲਾਉਣੀ ਪੈਂਦੀ ਹੈ। ਇਉਂ ਕਲਾਕਾਰ ਟੀਨ ਡੱਬੇ, ਟੁੱਟਿਆ ਭੱਜਿਆ ਪਲਾਸਟਿਕ ਅਤੇ ਖਾਲੀ ਬੋਤਲਾਂ ਖਰੀਦਦਾ ਹੈ। ਸਾਡੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ ਜੋ ਬੋਲੀ ਅਤੇ ਸਭਿਆਚਾਰ ਦੀ ਸੰਭਾਲ ਦੇ ਦਮਗਜ਼ੇ ਮਾਰਦੀਆਂ ਹਨ, ਨੂੰ ਅਜਿਹੇ ਲੋਕ ਕਲਾਕਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਪੈਨਸ਼ਨ ਲਾਉਣੀ ਚਾਹੀਦੀ ਹੈ ਤਾਂ ਕਿ ਇਨ੍ਹਾਂ ਦਾ ਬੁਢਾਪਾ ਸੌਖਾ ਲੰਘ ਸਕੇ।

# ਰਾਮ ਰਾਜ ਦੀ ਉਡੀਕ ਵਿਚ...



ਨਿਊਯਾਰਕ ਅਖ਼ਬਾਰ ਵਿਚ ਭਾਰਤੀ ਅਦਾਲਤਾਂ ਬਾਰੇ ਇੱਕ ਰਿਪੋਰਟ ਛਪੀ ਹੈ, ਉਹ ਵੀ ਪਹਿਲੇ ਸਫ਼ੇ ਉਤੇ। ਰਿਪੋਰਟ ਅਨੁਸਾਰ 5 ਕਰੋੜ ਮੁਕੱਦਮੇ ਭਾਰਤੀ ਅਦਾਲਤਾਂ ਵਿਚ ਲਟਕੇ ਪਏ ਹਨ। ਇਨ੍ਹਾਂ ਵਿਚੋਂ ਕਈ ਮੁਕੱਦਮੇ ਦਹਾਕਿਆਂ ਤੋਂ ਉਪਰਲੀ ਤੋਂ ਹੇਠਲੀਆਂ ਅਦਾਲਤਾਂ ਵਿਚ ਫਾਈਲਾਂ 'ਚ ਧੂੜ ਫੱਕ ਰਹੇ ਹਨ। ਭਾਵ ਡਿਜੀਟਲ ਭਾਰਤ ਵਿਚ ਇਨਸਾਫ ਅੱਜ ਵੀ ਬਲਦਾਂ ਦੇ ਗੱਡੇ ਦੀ ਤੋਰੇ ਤੁਰ ਰਿਹਾ ਹੈ।

ਸੁਣ ਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਦੇਸ਼ ਦੀਆਂ ਜੇਲ੍ਹਾਂ ਵਿਚ 80 ਫੀਸਦੀ ਲੋਕ ਇਹੋ ਜਿਹੇ ਹਨ, ਜਿਹੜੇ ਹਾਲੇ ਤੱਕ ਦੋਸ਼ੀ ਨਹੀਂ ਪਾਏ ਗਏ, ਉਨ੍ਹਾਂ 'ਤੇ ਮੁਕੱਦਮੇ ਚੱਲ ਰਹੇ ਹਨ। ਬਸ ਤਾਰੀਖਾਂ ਪੈ ਰਹੀਆਂ ਹਨ ਜਾਂ ਮੁਕੱਦਮਿਆਂ 'ਤੇ ਜੂੰਅ ਦੀ ਤੋਰੇ ਸੁਣਵਾਈ ਹੋ ਰਹੀ ਹੈ।

ਇੱਕ ਅੰਦਾਜ਼ਾ ਹੈ ਕਿ ਜੇਕਰ ਇਨਸਾਫ ਦੀ ਤੋਰ ਇਹੋ ਰਹੀ ਤਾਂ ਇਨ੍ਹਾਂ ਕੇਸਾਂ ਦੇ ਨਿਪਟਾਰੇ ਲਈ ਤਿੰਨ ਸੌ ਸਾਲ ਲੱਗ ਜਾਣਗੇ। ਕਾਰਨ ਇਹ ਹੈ ਕਿ ਜਿੱਥੇ ਅਮਰੀਕਾ ਵਿਚ 10



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਲੱਖ ਲੋਕਾਂ ਲਈ 150 ਜੱਜ ਹੁੰਦੇ ਹਨ, ਉਥੇ ਭਾਰਤ ਵਿਚ ਇੰਨੀ ਆਬਾਦੀ ਲਈ ਕੇਵਲ 21 ਜੱਜ ਹਨ। ਉਂਜ ਵੀ ਭਾਰਤੀ ਅਦਾਲਤਾਂ ਤੱਕ ਪਹੁੰਚਣਾ ਅਤੇ ਕੇਸ ਚਲਾਈ ਰੱਖਣਾ ਮਹਿੰਗਾ ਹੈ। ਆਮ ਆਦਮੀ ਦੇ ਵੱਸ 'ਚ ਤਾਂ ਹੈ ਹੀ ਨਹੀਂ।

ਇਥੇ ਇੱਕ ਸਮੱਸਿਆ ਇਹ ਵੀ ਹੈ ਕਿ ਅਦਾਲਤਾਂ ਵਿਚ ਅੱਧੇ ਤੋਂ ਜ਼ਿਆਦਾ ਮੁਕੱਦਮੇ ਸਰਕਾਰਾਂ ਵਲੋਂ ਲਿਆਂਦੇ ਜਾਂਦੇ ਹਨ। ਕਈ ਤਾਂ ਇੰਨੇ ਮਾਮੂਲੀ ਹੁੰਦੇ ਹਨ ਕਿ ਇਹ ਅਦਾਲਤਾਂ 'ਚ ਲਿਆਉਣ ਯੋਗ ਹੀ ਨਹੀਂ ਹੁੰਦੇ। ਤੀਹ ਸਾਲ ਪਹਿਲਾਂ ਅਦਾਲਤਾਂ 'ਚ ਕੇਸਾਂ ਦੀ ਪ੍ਰਕਿਰਿਆ ਸੌਖੀ ਬਣਾਉਣ ਲਈ ਇੱਕ ਰਿਪੋਰਟ ਮਾਹਿਰਾਂ ਵਲੋਂ ਤਿਆਰ ਕੀਤੀ ਗਈ ਸੀ, ਪਰ ਇਨ੍ਹਾਂ ਸਾਲਾਂ 'ਚ ਕਈ ਪ੍ਰਧਾਨ ਮੰਤਰੀ ਆਏ, ਕਈ ਚਲੇ ਗਏ, ਇਹ ਰਿਪੋਰਟ ਫਾਈਲਾਂ 'ਚ ਹੀ ਪਈ ਹੈ। ਕਿਸੇ ਵੀ ਇਸਦੀ ਪ੍ਰਵਾਹ ਨਹੀਂ ਕੀਤੀ। ਨਾ ਕਿਸੇ ਸਰਕਾਰ ਨੇ, ਨਾ ਕਿਸੇ ਪ੍ਰਧਾਨ ਮੰਤਰੀ ਨੇ।

ਵੇਖੋ ਨਾ ਇਨਸਾਫ ਦੇ ਪੁੰਜ ਰਾਮ ਜੀ ਦਾ ਰਾਮ ਮੰਦਰ ਬਣ ਗਿਆ ਹੈ। ਮਸਜਿਦ ਢਾਅ ਕੇ ਇਹ ਮੰਦਰ ਉਸਾਰਿਆ ਜਾ ਰਿਹਾ ਹੈ। ਹਾਲੇ ਇਹ ਮੰਦਰ ਪੂਰੀ ਤਰ੍ਹਾਂ ਤਿਆਰ ਹੀ ਨਹੀਂ ਹੋਇਆ, ਪਰ ਪ੍ਰਾਣ ਪ੍ਰਤਿਸ਼ਠਾ ਅਯੋਧਿਆ ਮੰਦਰ 'ਚ ਜਲਦੀ ਕਰਾਉਣ ਦੀ ਭਾਜਪਾ ਸਰਕਾਰ ਦੀ ਮਜਬੂਰੀ ਬਣ ਗਈ, ਕਿਉਂਕਿ ਲੋਕ ਸਭਾ ਚੋਣਾਂ ਅਪ੍ਰੈਲ-ਮਈ 2024 'ਚ ਹਨ ਤੇ ਭਾਜਪਾ ਰਾਮ ਮੰਦਰ ਦਾ ਲਾਹਾ ਲੈਣਾ ਚਾਹੁੰਦੀ ਹੈ।

ਪ੍ਰਾਣ ਪ੍ਰਤਿਸ਼ਠਾ ਸਮਾਗਮ 'ਤੇ ਖੁਸ਼ੀਆਂ ਮਨਾਈਆਂ ਗਈਆਂ ਹਨ। ਪ੍ਰਧਾਨ ਮੰਤਰੀ ਜੀ ਅਯੋਧਿਆ ਮੰਦਰ 'ਚ ਮੁੱਖ ਯਜਮਾਨ ਬਣ ਕੇ ਗਏ, ਰਾਮ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ ਹੈ। ਉਸ 'ਚ ਪ੍ਰਾਣ ਪਾਏ ਗਏ। ਭਗਤੀ-ਭਾਵ ਦੇਸ਼ ਦੇ ਲੋਕਾਂ 'ਚ ਪਾਇਆ ਜਾ ਰਿਹਾ ਹੈ। ਜਿਹੜਾ ਕੁਝ ਸਮਾਂ ਚੱਲੇਗਾ। ਫਿਰ ਆਮ ਆਦਮੀ ਨੂੰ ਰੋਟੀ, ਇਨਸਾਫ, ਕੱਪੜੇ, ਮਕਾਨ, ਰੁਜ਼ਗਾਰ, ਦਵਾ-ਦਾਰੂ ਦੀ ਯਾਦ ਆਏਗੀ। ਬੇਹਾਲ ਜੀਵਨ ਦੀਆਂ ਅਸਲੀ ਸਮੱਸਿਆਵਾਂ ਉਸ ਅੱਗੇ ਮੂੰਹ ਅੱਡੀ ਖੜੀਆਂ ਹੋਣਗੀਆਂ। ਉਹ ਉਡੀਕ ਕਰੇਗਾ ਰਾਮ ਰਾਜ ਦੀ?

ਚਲੋ ਬਹੁਤਾ ਕੁਝ ਤਾਂ ਉਹ ਕਲਪਿਤ ਨਹੀਂ ਕਰ ਸਕਦਾ, ਪਰ ਬੱਚਿਆਂ ਦੇ ਭਵਿੱਖ ਲਈ, ਆਸ-ਪਾਸ ਦੀਆਂ ਗੰਦੀਆਂ ਗਲੀਆਂ, ਸੜਦੇ ਕੂੜੇ ਦੇ ਢੇਰਾਂ, ਗੰਦੀਆਂ ਨਾਲੀਆਂ ਤੋਂ ਨਿਯਾਤ ਪਾਉਣ ਦੀ "ਰਾਮ ਰਾਜੀ" ਕਲਪਨਾ ਤਾਂ ਉਹ ਕਰ ਹੀ ਸਕਦਾ ਹੈ। ਇਨਸਾਫ ਦੀ ਉਹ ਤਵੱਕੋ ਤਾਂ ਕਰ ਹੀ ਸਕਦਾ ਹੈ, ਜਿਹੜਾ ਰਾਮ ਰਾਜ ਦਾ ਮੂਲ ਅਧਾਰ ਗਿਣਿਆ ਜਾਂਦਾ ਹੈ।

ਆਓ ਰਤਾ ਕੁ ਝਾਤ ਮਾਰੀਏ ਦੇਸ਼ ਦੀ ਹਾਲਤ 'ਤੇ। ਦੇਸ਼ ਦੀ ਕੁਲ ਆਬਾਦੀ 145 ਕਰੋੜ ਤੋਂ ਟੱਪ ਗਈ ਹੈ। ਸਾਡਾ ਦੇਸ਼ ਚੀਨ ਨੂੰ ਪਛਾੜ ਕੇ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਬਣ ਗਿਆ ਹੈ। ਦੇਸ਼ ਦੇ ਹਾਕਮਾਂ ਅਨੁਸਾਰ ਦੇਸ਼ ਸੁਖ-ਸੰਪੰਨ, ਵੱਡਾ, ਕੱਦਵਾਰ, ਵਿਸ਼ਵ ਗੁਰੂ, ਦੁਨੀਆ ਦੀ ਉਪਰਲੀ ਆਰਥਿਕਤਾ ਬਣਨ ਜਾ ਰਿਹਾ ਹੈ। ਪਰ ਨਵੇਂ ਅੰਕੜੇ ਕਹਿੰਦੇ ਹਨ ਕਿ ਸਾਡਾ ਵਿਦੇਸ਼ੀ ਮੁਦਰਾ ਭੰਡਾਰ ਇਸ ਵਰ੍ਹੇ ਪਿਛਲੇ ਵਰ੍ਹੇ ਤੋਂ 5.89 ਅਰਬ ਡਾਲਰ ਘਟ ਗਿਆ ਹੈ ਅਤੇ ਹੁਣ 617.3 ਅਰਬ ਡਾਲਰ ਰਹਿ ਗਿਆ ਹੈ। ਸਾਡੇ ਦੇਸ਼ ਦੀ ਵਿਕਾਸ ਦਰ ਇਸ ਵੇਲੇ 6.9 ਤੋਂ 7.2 ਫੀਸਦੀ ਰਹਿ ਗਈ ਹੈ। ਜਦਕਿ ਲੋੜ ਦੇਸ਼ ਦੀ ਵਿਕਾਸ ਦਰ 8 ਫੀਸਦੀ ਤੋਂ ਉਪਰ ਦੀ ਹੈ, ਜੇਕਰ ਦੇਸ਼ ਨੇ ਅਗਲੇ ਵਰ੍ਹਿਆਂ 'ਚ ਵੱਡੀ ਆਰਥਿਕਤਾ ਬਣਨਾ ਹੈ।

ਦੇਸ਼ ਦਾ ਪ੍ਰੈੱਸ ਕੂਕ ਰਿਹਾ ਹੈ ਕਿ ਖੁਸ਼ਹਾਲ ਭਾਰਤ ਦੇ ਲੋਕਾਂ ਦੀ ਸਾਲਾਨਾ ਆਮਦਨ 8,40,000 ਰੁਪਏ (ਭਾਵ 10,000 ਅਮਰੀਕੀ ਡਾਲਰ) ਹੈ। ਕੀ ਇਹ ਭਰਮ ਨਹੀਂ ਹੈ? ਦੇਸ਼ ਦੇ ਸਿਰਫ 7 ਫੀਸਦੀ ਲੋਕਾਂ ਦੀ ਆਮਦਨ ਦੇ ਦਮਗਜੇ ਮਾਰ ਕੇ 93 ਫੀਸਦੀ ਲੋਕਾਂ ਨੂੰ ਭੁਲਿਆ ਅਤੇ ਰੋਲਿਆ ਜਾ ਰਿਹਾ ਹੈ। ਕਿਉਂ ਨਹੀਂ ਇਹ ਮੰਨਿਆ ਜਾ ਰਿਹਾ ਕਿ 75 ਵਰ੍ਹੇ ਆਜ਼ਾਦੀ ਦੇ ਪੂਰੇ ਹੋਣ ਦੇ ਬਾਵਜੂਦ ਵੀ 82 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਸਰਕਾਰ ਮੁਹੱਈਆ ਕਰ ਰਹੀ ਹੈ।

ਖੁਸ਼ਹਾਲ ਲੋਕ ਦੇਸ਼ ਦੇ ਸਿਰਫ 7 ਕਰੋੜ ਲੋਕ ਹਨ। ਇਨ੍ਹਾਂ ਤੋਂ ਤਿੰਨ ਗੁਣਾ ਭਾਰਤੀਆਂ (22.8 ਕਰੋੜ) ਦੀ ਹਾਲਤ ਤਰਸਯੋਗ ਹੈ। ਮਗਨਰੇਗਾ ਦੇ ਅਧੀਨ 15.4 ਕਰੋੜ ਲੋਕ ਕੰਮ ਕਰਦੇ ਹਨ, ਇਨ੍ਹਾਂ ਨੂੰ 100 ਦਿਨ ਹਰ ਸਾਲ ਕੰਮ ਦੇਣ ਦਾ ਸਰਕਾਰ ਦਾ ਵਾਇਦਾ ਸੀ, ਪਰ ਪਿਛਲੇ ਪੰਜ ਸਾਲਾਂ ਦੌਰਾਨ ਇਨ੍ਹਾਂ ਨੂੰ ਸਿਰਫ 49 ਤੋਂ 51 ਦਿਨ ਪ੍ਰਤੀ ਸਾਲ ਕੰਮ ਮਿਲਿਆ। ਦੇਸ਼ ਵਿਚ 10.47 ਕਰੋੜ ਕਿਸਾਨਾਂ ਕੋਲ ਇੱਕ ਤੋਂ ਦੋ ਏਕੜ ਜ਼ਮੀਨ ਹੈ। ਉਹ ਇਸੇ ਜ਼ਮੀਨ 'ਤੇ ਖੇਤੀ ਕਰਦੇ ਹਨ। ਉਨ੍ਹਾਂ ਦੇ ਟੱਬਰਾਂ ਦਾ ਗੁਜ਼ਾਰਾ ਇਸ ਜ਼ਮੀਨ ਨਾਲ ਨਹੀਂ ਹੋ ਸਕਿਆ। ਉਨ੍ਹਾਂ ਵਿਚੋਂ ਵੱਡੀ ਗਿਣਤੀ ਖੇਤੀ ਛੱਡ ਗਏ। ਸਾਲ 2023 ਦੀ 15 ਨਵੰਬਰ ਦੀ ਰਿਪੋਰਟ ਅਨੁਸਾਰ ਇਨ੍ਹਾਂ ਕਿਸਾਨਾਂ ਦੀ ਗਿਣਤੀ 8.12 ਕਰੋੜ ਰਹਿ ਗਈ। ਇਨ੍ਹਾਂ ਲੋਕਾਂ ਨੂੰ ਹੀ 6000 ਰੁਪਏ ਸਾਲਾਨਾ ਸਹਾਇਤਾ ਕੇਂਦਰ ਸਰਕਾਰ ਨੇ ਦਿੱਤੀ ਹੈ।

ਵੱਡੀ ਗਿਣਤੀ ਮਜ਼ਦੂਰ ਜੋ ਖੇਤੀ ਮਜ਼ਦੂਰ ਹਨ, ਉਹ ਲੋਕ ਜੋ ਸੜਕ ਦੇ ਲੋਕ ਹਨ, ਪੁਲਾਂ ਦੇ ਥੱਲੇ ਜਾਂ ਫੁਟਪਾਥ 'ਤੇ ਸੌਂਦੇ ਹਨ, ਉਹ ਲੋਕ ਜੋ ਸੀਵਰੇਜ ਸਾਫ ਕਰਦੇ ਹਨ, ਜੁੱਤੇ ਮੁਰੰਮਤ ਕਰਦੇ ਹਨ, ਜੋ ਘਰੇਲੂ ਨੌਕਰ ਹਨ, ਉਨ੍ਹਾਂ ਦੀ ਸਥਿਤੀ ਕੀ ਕਿਸੇ ਸਰਕਾਰ ਨੇ ਕਦੇ ਪਰਖੀ ਹੈ? ਇਨ੍ਹਾਂ ਲੋਕਾਂ ਲਈ ਕਿਹੜੀ ਸਰਕਾਰੀ ਸਹਾਇਤਾ ਹੈ? ਕਿਹੜੀਆਂ ਸੁੱਖ ਸੁਵਿਧਾਵਾਂ ਜਾਂ ਸਰਕਾਰੀ ਸਹੂਲਤਾਂ ਹਨ ਇਨ੍ਹਾਂ ਲਈ?

ਸਰਕਾਰ ਨਿੱਤ ਦਿਹਾੜੇ ਵਾਇਦੇ ਕਰਦੀ ਹੈ। ਸਭ ਲਈ ਸਭ ਕੁਝ ਸਭ ਲਈ ਰੁਜ਼ਗਾਰ, ਸਭ ਲਈ ਸਿੱਖਿਆ, ਸਭ ਲਈ ਭੋਜਨ, ਸਭ ਲਈ ਮਕਾਨ। ਦੇਸ਼ 'ਚ ਅਸਲੀਅਤ ਕੀ ਹੈ? ਕੀ ਸਰਕਾਰ ਆਮ ਲੋਕਾਂ ਨੂੰ "ਭੇਟ" ਕੀਤੀਆਂ ਸਕੀਮਾਂ ਦੀ ਦੁਰਦਸ਼ਾ ਤੋਂ ਜਾਣੂ ਨਹੀਂ? ਕੀ ਸਰਕਾਰ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਨਹੀਂ ਸਮਝਦੀ? ਕੀ ਸਰਕਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਕੱਚ-ਸੱਚ ਨਹੀਂ ਸਮਝਦੀ? ਹੁਣੇ ਜਿਹੇ ਹੋਏ ਇੱਕ ਸਰਵੇਖਣ ਅਨੁਸਾਰ ਪਤਾ ਚਲਿਆ ਹੈ ਕਿ ਦੇਸ਼ ਦੀ ਆਮ ਜਨਤਾ ਅਪਰਾਧੀਕਰਨ ਅਤੇ ਭ੍ਰਿਸ਼ਟਾਚਾਰ ਤੋਂ ਵੀ ਜ਼ਿਆਦਾ ਪ੍ਰੇਸ਼ਾਨ ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਹੈ। ਸਰਵੇ ਅਨੁਸਾਰ ਬੇਰੁਜ਼ਗਾਰੀ ਦੀ ਦਰ ਇਸ ਵੇਲੇ 10 ਫੀਸਦੀ ਤੋਂ ਉਪਰ ਚੱਲ ਰਹੀ ਹੈ।

ਸਕੂਲਾਂ 'ਚ ਦਾਖਲਾ ਲੈਣ ਵਾਲੇ ਆਮ ਆਦਮੀ ਦੇ ਬੱਚੇ ਵਿਚ-ਵਿਚਾਲੇ ਪੜ੍ਹਾਈ ਛੱਡ ਜਾਂਦੇ ਹਨ। ਇਸਦਾ ਕਾਰਨ ਪਰਿਵਾਰ ਦੀ ਆਰਥਿਕ ਹਾਲਤ ਠੀਕ ਨਾ ਹੋਣਾ ਹੈ। ਆਮ ਆਦਮੀ ਦੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਵੱਡੀ ਗਿਣਤੀ ਉਮਰ ਦੇ 5 ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਰਹੇ ਹਨ। ਆਯੂਸ਼ਮਾਨ ਕਾਰਡ ਉਨ੍ਹਾਂ ਦੇ ਹੱਥ ਹੀ ਨਹੀਂ ਆਉਂਦੇ? ਨਾ ਬੱਚਿਆਂ ਦੇ, ਨਾ ਬੁੱਢਿਆਂ ਦੇ, ਨਾ ਗਰਭਵਤੀ ਔਰਤਾਂ ਦੇ, ਜੋ ਪਿੰਡਾਂ 'ਚ ਆਪੇ ਬੱਚੇ ਜਣ ਦਿੰਦੀਆਂ ਹਨ। ਪ੍ਰਵਾਸ ਅੱਜ ਭਾਰਤੀਆਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ, ਕੁਝ ਲੋਕ ਦੇਸ਼ 'ਚ ਪ੍ਰਵਾਸ ਕਰਦੇ ਹਨ, ਕੁਝ ਪ੍ਰਦੇਸ਼ 'ਚ ਪ੍ਰਵਾਸ ਕਰਨ ਲਈ ਮਜਬੂਰ ਹਨ। ਕਾਰਨ ਆਰਥਿਕ ਮੰਦਹਾਲੀ ਹੈ। ਤਾਂ ਫਿਰ ਖੁਸ਼ਹਾਲ ਭਾਰਤ ਕਿੱਥੇ ਹੈ?

ਰਾਮ ਰਾਜ ਦੀ ਮੂਲ ਕਥਾ ਕੀ ਹੈ? ਸਭ ਲਈ ਇਕੋ ਜਿਹਾ ਰਾਜ! ਸਭ ਲਈ ਇਨਸਾਫ। ਸਭ ਲਈ ਰੋਟੀ, ਕੱਪੜਾ ਅਤੇ ਮਕਾਨ। ਪਰ ਅੱਜ ਸਿਆਸੀ ਧਿਰਾਂ ਗਰੀਬੀ ਹਟਾਓ ਦੀ ਗੱਲ ਕਰਦੀਆਂ ਹਨ। ਸਭ ਦੇ ਵਿਕਾਸ ਦੇ ਨਾਹਰੇ ਲਗਾਉਂਦੀਆਂ ਹਨ। ਪਰ ਕੋਈ ਵੀ ਦੇਸ਼ ਕੀ ਉਦੋਂ ਤੱਕ ਵਿਕਾਸ ਕਰ ਸਕਦਾ ਹੈ, ਜਦ ਤੱਕ ਉਸ ਦੇਸ਼ ਦੇ ਲੋਕ ਸਿੱਖਿਅਤ ਨਾ ਹੋਣ, ਜਿਥੇ ਰੁਜ਼ਗਾਰ ਦੇ ਮੌਕੇ ਨਾ ਹੋਣ ਜਿਥੇ ਇਨਸਾਫ, ਰਾਜ ਦਾ ਮੁੱਖ ਧੁਰਾ ਨਾ ਹੋਵੇ।

ਅੱਜ ਦੇਸ਼ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਭਟਕਾਉਣ ਲਈ ਸਾਡੇ ਨੇਤਾ ਮਸਜਿਦ-ਮੰਦਰ ਦੇ ਝਗੜੇ ਛੇੜ ਰਹੇ ਹਨ। ਫਿਰਕੂ ਦੰਗੇ ਕਰਵਾਉਂਦੇ ਹਨ। ਇੱਕ ਪਾਸੇ ਉਹ ਲੋਕ ਹਨ ਜੋ 2024 ਦੀਆਂ ਚੋਣਾਂ ਲਈ ਅਯੋਧਿਆ ਰਾਮ ਮੰਦਰ ਦੀ ਵਿਸਾਤ ਵਿਛਾ ਕੇ ਬੈਠੇ ਹਨ ਅਤੇ ਉਸਤੋਂ ਬਾਅਦ ਮਥੁਰਾ ਅਤੇ ਕਾਸ਼ੀ ਵਿਚੋਂ ਮਸਜਿਦਾਂ ਹਟਾ ਕੇ ਸੁੰਦਰ ਮੰਦਰ ਸਥਾਪਿਤ ਕਰਨ ਦੀ ਗੱਲ ਕਰਦੇ ਹਨ, ਦੂਜੇ ਪਾਸੇ ਉਹ ਲੋਕ ਹਨ ਜੋ ਜਾਤੀਆਂ ਦੇ ਨਾਮ 'ਤੇ ਮਰਦਮਸ਼ੁਮਾਰੀ ਕਰਾ ਕੇ ਲੋਕਾਂ ਨੂੰ ਇਕ ਧਿਰ ਬਣਾ ਰਹੇ ਹਨ, ਤਾਂ ਕਿ ਉਹ ਆਪਸੀ ਵਿਰੋਧ 'ਚ ਖੜ ਜਾਣ। ਉਹ ਨੇਤਾਵਾਂ ਦੀ ਅਸਲੀਅਤ ਨਾ ਸਮਝ ਸਕਣ।

ਦੇਸ਼ ਦੇ ਕੁਝ ਨੇਤਾ "ਇਨਸਾਫ ਯਾਤਰਾ" 'ਤੇ ਹਨ। ਉਹ ਮੁਹੱਬਤ ਦੀ ਦੁਕਾਨ ਚਲਾਉਣ ਦੀ ਗੱਲ ਵੀ ਕਰਦੇ ਹਨ। ਉਹ ਇਸ ਤੋਂ ਵੀ ਵੱਡੀਆਂ ਗੱਲਾਂ ਕਰਦੇ ਹਨ। ਪਰ ਕੀ ਕਦੇ ਉਨ੍ਹਾਂ ਦੇ ਮੂੰਹੋਂ ਦੇਸ਼ ਦੀ ਨਿਆਂ ਪ੍ਰਣਾਲੀ 'ਚ ਸੁਧਾਰ ਦੀ ਗੱਲ ਸੁਣੀ ਹੈ ਕਿਸੇ ਨੇ? ਕੀ ਉਨ੍ਹਾਂ ਦੇ ਮੂੰਹੋਂ ਕਦੇ ਦੇਸ਼ ਦੇ ਲੋਕਾਂ ਦੇ ਗਰੀਬੀ ਦੇ ਇਸ ਵਿਸ਼ਾਲ ਚੱਕਰ 'ਚ ਫਸਾਉਣ ਲਈ ਆਖ਼ਰ ਜ਼ਿੰਮੇਵਾਰ ਕੌਣ ਹਨ, ਦੀ ਗੱਲ ਸੁਣੀ ਹੈ ਕਦੇ ਕਿਸੇ ਨੇ?

ਦੇਸ਼ 'ਚ ਸੜਕਾਂ ਦਾ ਜਾਲ ਵਿਛ ਰਿਹਾ ਹੈ। ਦੇਸ਼ ਡਿਜੀਟਲ ਇੰਡੀਆ ਬਣ ਰਿਹਾ ਹੈ। ਦੇਸ਼ ਦਾ ਨਿੱਜੀਕਰਨ ਹੋ ਰਿਹਾ ਹੈ। ਦੇਸ਼ ਆਪਣੇ ਮੂੰਹ ਮੀਆਂ ਮਿੱਠੂ ਬਣ ਕੇ "ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਬਣਨ ਦੀਆਂ ਫੜਾਂ ਮਾਰ ਰਿਹਾ ਹੈ। ਪਰ ਨਾਲ ਦੀ ਨਾਲ ਦੇਸ਼ ਦੇ ਹਾਕਮ ਦੇਸ਼ ਨੂੰ ਧਰਮ ਅਤੇ ਅਤਿ-ਰਾਸ਼ਟਰਵਾਦ ਦਾ ਮਿਸ਼ਰਣ ਬਣਾਉਣ 'ਤੇ ਤੁਲੇ ਹੋਏ ਹਨ।

ਦੇਸ਼ ਵਿਚ ਜੋ ਸਥਿਤੀਆਂ ਹਨ, ਉਸਨੂੰ ਸਵੀਕਾਰੇ ਬਿਨਾਂ ਸੁਪਨਮਈ ਮਾਹੌਲ ਸਿਰਜਿਆ ਜਾ ਰਿਹਾ ਹੈ। ਲੋੜ ਸੱਚ ਨੂੰ ਸਵੀਕਾਰ ਕਰਨ ਦੀ ਹੈ। ਜਦੋਂ ਤੱਕ ਦੇਸ਼ 'ਚ ਬੇਕਾਰੀ ਅਤੇ ਮਹਿੰਗਾਈ ਵਧਦੀ ਰਹੇਗੀ, ਰੁਪਏ ਦੀ ਕੀਮਤ ਡਿੱਗਦੀ ਰਹੇਗੀ, ਉਦੋਂ ਤੱਕ ਆਰਥਿਕ ਵਾਧੇ ਦੇ ਉਨ੍ਹਾਂ ਅੰਕੜਿਆਂ ਵਿਚ ਆਮ ਆਦਮੀ ਆਪਣਾ ਭਲਾ ਹੁੰਦਾ ਹੋਇਆ ਮਹਿਸੂਸ ਨਹੀਂ ਕਰੇਗਾ।

ਅੱਜ ਦੇਸ਼ ਨੂੰ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੇ ਵਿਚਾਰ ਤੋਂ ਦੂਰ ਕੀਤਾ ਜਾ ਰਿਹਾ ਹੈ, ਪਰ ਦੇਸ਼ ਦੇ 93 ਫੀਸਦੀ ਲੋਕ ਰਾਮ ਰਾਜ ਦੀ ਉਡੀਕ 'ਚ ਹਨ।

# ਦੋਸਤਾਂ ਸੰਗ ਜੀਵਨ ਜਿਉਂਦਿਆਂ ...

ਇਨਸਾਨ ਦੀ ਜ਼ਿੰਦਗੀ ਕਈ ਪੜਾਵਾਂ ਵਿਚੋਂ ਗੁਜ਼ਰਦੀ ਹੋਈ ਅੱਗੇ ਤੁਰਦੀ ਰਹਿੰਦੀ ਹੈ। ਹਰ ਇੱਕ ਪੜਾਅ ਦਾ ਰੰਗ ਰੂਪ ਵੀ ਵੱਖਰਾ ਹੀ ਹੁੰਦਾ ਹੈ, ਜੋ ਇਕੱਠ ਵਿਚ ਭਾਵੇਂ ਇਕ ਹੀ ਲੱਗੇ ਜਿਵੇਂ ਸੂਰਜ ਦੀ ਰੌਸ਼ਨੀ ਨੂੰ ਪ੍ਰਿਜ਼ਮ ਨਾਲ ਦੇਖਣ ਨਾਲ ਬਹੁਤ ਹੀ ਸੁੰਦਰ ਸੱਤ ਰੰਗ ਦਿਖ ਜਾਂਦੇ ਹਨ। ਵਿਦਿਆਰਥੀ ਜੀਵਨ ਇਨਸਾਨ ਦੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹੈ। ਜੀਵਨ ਦੇ ਇਹ ਦਿਨ ਤੁਹਾਡੇ ਅਗਲੇ ਪੜਾਅ ਦੀ

**ਡਾ. ਕੁਲਵਿੰਦਰ ਬਾਠ**
**ਫੋਨ: 209-600-2897**

ਬੁਨਿਆਦ ਬਣਦੇ ਹਨ। ਵਿਦਿਆਰਥੀ ਜੀਵਨ ਵਿਚੋਂ ਕਾਲਜ ਜਾਂ ਯੂਨੀਵਰਸਿਟੀ ਦਾ ਸਮਾਂ ਤਾਂ ਹੋਰ ਵੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ, ਕਿਉਂਕਿ ਇਸ ਵਕਤ ਦੌਰਾਨ ਹੀ ਤੁਹਾਡੇ ਕੁੱਝ ਦੋਸਤ, ਕੁੱਝ ਗੂੜ੍ਹੇ/ਖ਼ਾਸ/ਕਰੀਬੀ ਸਾਥੀ ਜਾਂ ਫਿਰ ਕੋਈ ਜੀਵਨ ਸਾਥੀ ਵੀ ਬਣ ਜਾਂਦੇ ਹਨ। ਉਂਜ ਤਾਂ ਸਾਰੀ ਉਮਰ ਦੋਸਤਾਂ ਦਾ ਦਾਇਰਾ ਵਧਦਾ ਘਟਦਾ ਰਹਿੰਦਾ ਹੈ, ਪਰ ਦੋਸਤਾਂ ਬਾਰੇ ਅਕਸਰ ਇਹ ਵੀ ਕਿਹਾ ਜਾਂਦੈ ਕਿ ਇਕ ਇਨਸਾਨ ਆਪਣੇ ਪੰਜ ਸੱਤ ਕਰੀਬੀ ਜਾਂ ਗੂੜ੍ਹੇ ਦੋਸਤਾਂ ਦਾ ਹੀ ਕੁਲ ਜੋੜ ਜਿਹਾ ਹੁੰਦਾ ਹੈ। ਇਨ੍ਹਾਂ ਕਰੀਬੀ ਦੋਸਤਾਂ ਕਰਕੇ ਹੀ ਉਸਦੀ ਆਪਣੀ ਪਹਿਚਾਣ ਵੀ ਬਣ ਜਾਂਦੀ ਹੈ। ਜ਼ਰੂਰੀ ਇਹ ਵੀ ਨਹੀਂ ਕਿ ਤੁਹਾਡੇ ਸਾਰੇ ਕਰੀਬੀ ਦੋਸਤ ਤੁਹਾਡੇ ਜਾਂ ਫਿਰ ਇੱਕ ਦੂਸਰੇ ਨਾਲ ਸੌ ਪ੍ਰਤੀਸ਼ਤ ਸਮਾਨ ਹੋਣ, ਪਰ ਫਿਰ ਵੀ ਉਨ੍ਹਾਂ ਦੀ ਵਿਭਿੰਨਤਾ ਐਨੀ ਸੌਖੀ ਮਲੂਮ ਵੀ ਨਹੀਂ ਹੁੰਦੀ। ਕਰੀਬੀ ਦੋਸਤਾਂ ਵਿਚ ਅਕਸਰ ਅਹਿਸਾਨ ਕਰਨ ਜਾਂ ਕਰਾਉਣ ਦੀ ਤਮੰਨਾ ਰਿਸ਼ਤੇਦਾਰਾਂ ਨਾਲੋਂ ਘੱਟ ਹੁੰਦੀ ਹੈ। ਅਜਿਹੀ ਹੀ ਇਕ ਭੁੱਲੀ ਵਿਸਰੀ ਯਾਦ ਨੇ ਅੱਜ ਆ ਦਸਤਕ ਦਿੱਤੀ:

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਂਪਸ ਵਿਚ ਇਹ ਸ਼ਾਇਦ 1991 ਦੇ ਸਿਆਲੀ ਰੁੱਤ ਦੀ ਗੱਲ ਹੈ। ਇਕ ਦਿਨ ਜਦ ਮੈਂ ਆਪਣੀ ਰਿਸਰਚ ਲੈਬ ਤੋਂ ਵਿਹਲਾ ਹੋ ਕੇ ਸ਼ਾਮ ਤਕਰੀਬਨ 7 ਕੁ ਵਜੇ ਹੋਸਟਲ ਪਹੁੰਚਿਆ ਤਾਂ ਮੇਰਾ ਬਹੁਤ ਹੀ ਕਰੀਬੀ ਦੋਸਤ (ਜੋ ਅੱਜ ਕਲ੍ਹ ਪੰਜਾਬ ਦੀ ਇਕ ਨਾਮਵਰ ਯੂਨੀਵਰਸਿਟੀ ਵਿਚ ਵਾਈਸ ਚਾਂਸਲਰ ਤਾਇਨਾਤ ਹੈ), ਲੋਈ ਦੀ ਬੁੱਕਲ ਮਾਰੀ ਮੇਨ ਗੇਟ ਦੇ ਬਿਲਕੁਲ ਬਾਹਰ ਮੈਨੂੰ ਉਡੀਕ ਰਿਹਾ ਸੀ। ਘੁਸਮੁਸਾ ਤੇ ਸਿਰ ਲੋਈ ਵਿਚ ਲਪੇਟਿਆ ਹੋਣ ਕਰਕੇ ਮੈਂ ਉਹਨੂੰ ਪਹਿਚਾਣ ਵੀ ਨਹੀਂ ਸਕਿਆ। ਮੈਨੂੰ ਦੇਖਦੇ ਸਾਰ ਹੀ ਉਹ ਮੇਰੇ ਵੱਲ ਦੌੜਾ ਆਇਆ ਤੇ ਬੋਲਿਆ..."ਮੈਂ ਤੈਨੂੰ ਕਦੋਂ ਦਾ ਲੱਭਦਾ ਫਿਰਦਾਂ ਆਂ...ਤੂੰ ਕਿੱਥੇ ਸੀ?" ਮੈਂ ਸੋਚਿਆ ਇਹਨੂੰ ਭੁੱਖ ਲੱਗੀ ਹੋਣੀ ਆ ਤੇ ਇਕੱਠੇ ਰੋਟੀ ਖਾਣ ਲਈ ਉਡੀਕਦਾ ਹੋਣੈ। ਮੇਰੇ ਇਸ ਦੋਸਤ ਨੂੰ ਸੂਰਜ ਖੜ੍ਹੇ ਭੁੱਖ ਲੱਗ ਜਾਂਦੀ ਸੀ ਤੇ ਲਗਦੀ ਵੀ ਕੁੱਝ ਜ਼ਿਆਦਾ ਹੀ ਹੁੰਦੀ ਸੀ। ਹੋਸਟਲ ਦੀ ਕੈਂਟੀਨ ਨੂੰ ਦੋ ਸਰਦਾਰ ਭਰਾ ਚਲਾਉਂਦੇ ਹੁੰਦੇ ਸੀ ਜਿਨ੍ਹਾਂ ਨੂੰ ਅਸੀਂ ਸਿੰਘ ਬੰਧੂ ਕਹਿੰਦੇ ਹੁੰਦੇ ਸੀ। ਇਹ ਚੁਰਾਸੀ ਦੇ ਦੰਗਿਆਂ ਦੇ ਉਜੜੇ ਹੋਏ ਕਾਨ੍ਹਪੁਰ ਤੋਂ ਆਏ ਸੀ। ਜਦ ਦਿਲ ਕਰੇ ਉਦੋਂ ਹੀ ਕੈਂਟੀਨ ਖੋਲ੍ਹਦੇ ਸੀ। ਮੇਰਾ ਇਹ ਦੋਸਤ ਆਪਣੇ ਕਮਰੇ ਦੀ ਬਾਲਕੋਨੀ ਵਿਚ ਪੜ੍ਹਦਾ ਹੇਠਾਂ ਵੱਲ ਨਿਗ੍ਹਾ ਰੱਖਦਾ ਅਤੇ ਜਦ ਇਹ ਆ ਜਾਂਦੇ ਤਾਂ ਖੁਸ਼ ਹੋ ਕੇ ਰੌਲਾ ਪਾਉਣ ਲੱਗ ਜਾਂਦਾ...ਸਿੰਘ ਬੰਧੂ ਆ ਗਏ ਚਲੋ ਚਾਹ ਪੀਣ ਚੱਲੀਏ! ਜਾਂਦਾ ਹੀ ਪਹਿਲਾਂ ਮੱਠੀਆਂ ਖਾਂਦਾ ਤੇ ਬ੍ਰੈਡ ਪਕੌੜਿਆਂ ਦਾ ਆਰਡਰ ਦੇ ਦਿੰਦਾ। ਮੈਂ ਕਿਹਾ ਚੱਲ ਪਹਿਲਾਂ ਰੋਟੀ ਖਾ ਲੈਨੇ ਆਂ ਤਾਂ ਉਹ ਇਕਦਮ ਉਤੇਜਿਤ ਜਿਹਾ ਹੁੰਦਾ ਬੋਲਿਆ "ਰੋਟੀ ਨੂੰ ਮਾਰ ਗੋਲੀ! ਚੱਲ ਚੱਲੀਏ ਇੱਥੋਂ ਜਿਤਨਾ ਜਲਦੀ ਹੋ ਸਕੇ।" ਮੈਂ ਪੁੱਛਿਆ ਏਡੀ ਕਿਹੜੀ ਗੱਲ ਹੋ ਗਈ ਤਾਂ ਬੋਲਿਆ ਤੈਨੂੰ ਰਾਹ 'ਚ ਦੱਸ ਦਊਂਗਾ ਪਹਿਲਾਂ ਖਿਸਕੀਏ ਇੱਥੋਂ। ਖਾਲਸਾ ਕਾਲਜ ਅਤੇ ਯੂਨੀਵਰਸਿਟੀ ਦੇ ਵਿਚਕਾਰ ਕੰਧ ਹੁੰਦੀ ਸੀ ਜੋ ਹੋਸਟਲ ਦੇ ਨਜ਼ਦੀਕ ਮੁੰਡਿਆਂ ਨੇ ਤੋੜ ਕੇ ਰਾਹ ਬਣਾਇਆ ਹੋਇਆ ਸੀ ਤਾਂ ਕਿ ਖਾਲਸਾ ਕਾਲਜ ਵਿਚ ਦੀ ਹੋ ਕੇ ਛਿਹਰਟਾ ਰੋਡ 'ਤੇ ਪੈਣਾ ਲਾਗੇ ਹੋ ਜਾਵੇ। ਤਾਰ-ਵਾਰ ਤੋੜਣ ਤੋਂ ਦੁਖੀ ਖਾਲਸਾ ਕਾਲਜ ਵਾਲਿਆਂ ਨੇ ਇਹ ਕੰਧ ਬਣਾਉਣੀ ਹੀ ਬੰਦ ਕਰ ਦਿੱਤੀ ਸੀ। ਯੂਨੀਵਰਸਿਟੀ ਦੇ ਮੁੱਖ ਗੇਟ ਵੱਲੋਂ ਦੀ ਬਾਹਰ ਜਾਣਾ ਲੰਬਾ ਪੈਂਦਾ ਸੀ। ਅਸੀਂ ਵੀ ਇਸ ਕੰਧ ਵਿੱਚੋਂ ਦੀ ਹੋ ਕੇ ਖਾਲਸਾ ਕਾਲਜ ਵਿਚ ਨੂੰ ਖਿਸਕ ਗਏ। ਰਸਤੇ 'ਚ ਜਾਂਦਿਆਂ ਉਸ ਨੇ ਦੱਸਿਆ ਕਿ ਸਾਡੇ ਇੱਕ ਹੋਰ ਕਰੀਬੀ ਦੋਸਤ ਨੂੰ ਪੁਲੀਸ ਲੱਭਦੀ ਫਿਰਦੀ ਆ। ਜ਼ਿਆਦਾ ਤਾਂ ਨਹੀਂ ਪਤਾ ਪਰ ਲੱਗਦਾ ਉਹਨੇ ਅੱਜ ਫੇਰ ਕਿਸੇ ਨਾਲ ਪੰਗਾ ਲੈ ਲਿਆ। ਆਪਣਾ ਕਰੀਬੀ ਦੋਸਤ ਹੋਣ ਦੇ ਨਾਤੇ ਹੋ ਸਕਦਾ ਪੁਲਿਸ ਵਾਲੇ ਆਪਾਂ ਨੂੰ ਵੀ ਲੱਭਦੇ ਹੀ ਹੋਣ। ਮੈਂ ਕਿਹਾ ਆਪਾਂ ਨੂੰ ਫਿਰ ਉਹਦੀ ਪੈਰਵੀ ਤਾਂ ਕਰਨੀ ਪਊ ਤਾਂ ਉਸਨੇ ਜਵਾਬ ਦਿੱਤਾ, ਬਾਹਰ ਰਹਾਂਗੇ ਫੇਰ ਹੀ ਕੁੱਝ ਕਰ ਸਕਾਂਗੇ। ਗੱਲ ਤਾਂ ਉਸਦੀ ਸਹੀ ਸੀ। ਅਗਲੇ ਹੀ ਦਿਨ ਉਨ੍ਹਾਂ ਦੋਹਾਂ ਧਿਰਾਂ ਦਾ ਰਾਜ਼ੀਨਾਮਾ ਹੋ ਕੇ ਸਭ ਠੀਕ ਠਾਕ ਵੀ ਹੋ ਗਿਆ ਪਰ ਅਸੀਂ ਡਰਦੇ ਮਾਰੇ ਉਹ ਰਾਤ ਪੁਤਲੀਘਰ ਕਿਸੇ ਦੇ ਘਰ ਬਿਤਾਈ। ਕਈ ਸਾਲ ਬਾਅਦ ਮੇਰੀ ਪੰਜਾਬ ਫੇਰੀ ਦੌਰਾਨ ਉਸ ਸ਼ਰਾਰਤੀ ਦੋਸਤ ਦੇ ਘਰ ਬੈਠਿਆਂ ਉਸਦੀ ਪਤਨੀ ਨੇ ਅਚਾਨਕ ਹੀ ਉਸ ਦੇ ਸਾਹਮਣੇ ਹੀ ਮੈਨੂੰ ਪੁੱਛ ਲਿਆ, "ਭਾਜੀ ਸਾਡੇ ਵਿਆਹ ਦੇ ਰਿਸ਼ਤੇ ਵੇਲੇ ਕਿਸੇ ਨੇ ਚੁਗ਼ਲੀ ਕੀਤੀ ਸੀ ਕਿ ਤੁਹਾਡਾ ਇਹ

*(ਬਾਕੀ ਅਗਲੇ ਸਫੇ 'ਤੇ)*

ਸ਼ਰਧਾਂਜਲੀ

# ਵਿਸ਼ਵ ਦਾ ਮਹਾਨ ਕਬੱਡੀ ਖਿਡਾਰੀ ਦੇਵੀ ਦਿਆਲ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦੇਵੀ ਦਿਆਲ ਕਬੱਡੀ ਦਾ 'ਫਲਾਈਂਗ ਰੇਡਰ' ਸੀ। ਵਿਸ਼ਵ ਦਾ ਮਹਾਨ ਕਬੱਡੀ ਖਿਡਾਰੀ। ਉਹ ਪਿੰਡੇ ਨੂੰ ਮਿੱਟੀ ਨਹੀਂ ਸੀ ਲੁਆਉਂਦਾ। ਜਦੋਂ ਉਹ ਰੇਡ ਪਾਉਂਦਾ, ਕਬੱਡੀ ਦਾਇਰਿਆਂ 'ਚ 'ਔਹ ਗਿਆ' 'ਔਹ ਗਿਆ' ਹੁੰਦੀ ਰਹਿੰਦੀ। 16 ਜਨਵਰੀ 2024 ਨੂੰ ਉਹ ਸੱਚਮੁੱਚ ਹੀ ਚਲਾ ਗਿਆ। ਓਥੇ, ਜਿਥੋਂ ਕੋਈ ਮੁੜ ਕੇ ਨਹੀਂ ਆਉਂਦਾ। ਪਿੱਛੇ ਯਾਦਾਂ ਹੀ ਰਹਿ ਜਾਂਦੀਆਂ ਨੇ। ਉਹਦੇ ਸੁਡੌਲ ਦਰਸ਼ਨੀ ਜੁੱਸੇ ਉਤੇ ਸੱਚਮੁਚ ਹੀ ਦੇਵੀ ਦਿਆਲ ਹੋਈ ਦਿਸਦੀ ਸੀ। 'ਉਡਣਾ ਧਾਵੀ' ਦੇਸ਼ ਵਿਦੇਸ਼ ਦੇ ਕਬੱਡੀ ਮੈਦਾਨਾਂ ਦਾ ਸ਼ਿੰਗਾਰ ਸੀ। ਪੌਣੇ ਛੇ ਫੁੱਟ ਕੱਦ, ਪੰਜਾਸੀ ਕਿੱਲੋ ਵਜ਼ਨ ਤੇ ਗੋਲ ਗੁੰਦਵੇਂ ਪੱਠਿਆਂ ਵਾਲਾ ਗੋਰਾ ਨਿਛੋਹ ਜੁੱਸਾ। ਪੱਟਾਂ ਦੀਆਂ ਘੁੱਗੀਆਂ ਤੇ ਡੌਲਿਆਂ ਦੀਆਂ ਮੱਛੀਆਂ ਰਾਹ ਜਾਂਦਿਆਂ ਨੂੰ ਰੋਕ ਲੈਂਦੀਆਂ ਸਨ।

ਉਸ ਨੇ ਵੀਹ ਸਾਲ ਪੂਰੀ ਚੜ੍ਹਾਈ ਨਾਲ ਕਬੱਡੀ ਖੇਡੀ। ਉਹ ਬੜੀ ਤੇਜ਼ੀ ਨਾਲ ਕਬੱਡੀ ਪਾਉਣ ਜਾਂਦਾ ਜਿਵੇਂ ਦੌੜ ਦੀ ਸਪਰਿੰਟ ਲਾਉਣ ਲੱਗਾ ਹੋਵੇ। ਜਾਫੀਆਂ ਕੋਲ ਜਾ ਕੇ ਇਕ-ਦੋ ਨਿੱਕੀਆਂ ਨਿੱਕੀਆਂ ਚੁੰਗੀਆਂ ਭਰਦਾ ਤੇ ਬਿਜਲੀ ਦੇ ਕਰੰਟ ਵਾਂਗ ਜਾਫੀ ਨੂੰ ਛੋਹ ਕੇ ਪੰਦਰਾਂ ਸਕਿੰਟਾਂ 'ਚ ਈ ਆਪਣੇ ਪਾੜੇ ਪਰਤ ਆਉਂਦਾ। ਇਹ ਉਹਦੇ ਜ਼ੋਰ ਤੇ ਜੁਗਤ ਦੀ ਬਰਕਤ ਸੀ ਕਿ ਉਸ ਨੇ ਦੇਵੀ ਦਿਆਲ ਵਰਗੇ ਸੋਹਲ ਮਲੂਕ ਨਾਂ ਨੂੰ ਜ਼ੋਰਾਵਰ ਧਾਵੀ ਦੇ ਅਰਥ ਦੇ ਦਿੱਤੇ। ਦੇਵੀ ਦਿਆਲ ਨੂੰ ਡੱਕਣਾ ਉਡੇ ਜਾਂਦੇ ਰਾਕੇਟ ਨੂੰ ਹੱਥ ਪਾਉਣਾ ਸੀ। ਉਹ ਜਿੱਥੇ ਜਿੱਥੇ ਵੀ ਖੇਡਿਆ ਬੱਲੇ-ਬੱਲੇ ਕਰਵਾਉਂਦਾ ਰਿਹਾ। ਬੇਸ਼ੱਕ ਉਹ ਸਦੀਵੀ ਵਿਛੋੜਾ ਦੇ ਗਿਐ ਪਰ ਉਹਦੀਆਂ ਗੱਲਾਂ ਦੇਰ ਤਕ ਹੁੰਦੀਆਂ ਰਹਿਣਗੀਆਂ।

ਅਗਸਤ 1967 ਵਿਚ ਮੈਂ ਪਹਿਲੀ ਵਾਰ ਉਸ ਨੂੰ ਸਮਰਾਲੇ ਕਾਲਜ ਦੇ ਖੇਡ ਮੈਦਾਨ ਵਿਚ ਖੇਡਦਿਆਂ ਵੇਖਿਆ ਸੀ। ਅਸੀਂ ਢੁੱਡੀਕੇ ਕਾਲਜ ਦੀ ਟੀਮ ਲੈ ਕੇ ਗਏ ਸਾਂ। ਉਥੇ ਪੰਜਾਬ ਯੂਨੀਵਰਸਿਟੀ ਕਬੱਡੀ ਚੈਂਪੀਅਨਸ਼ਿਪ ਦਾ ਅੰਤਰ ਕਾਲਜ ਮੁਕਾਬਲਾ ਸੀ। ਉਦੋਂ ਉਹ ਬੀ.ਏ. ਦਾ ਵਿਦਿਆਰਥੀ ਸੀ। ਉਹ ਏਨਾ ਫੁਰਤੀਲਾ ਤੇ ਉਡਾਰ ਨਿਕਲਿਆ ਕਿ ਸਾਡੇ ਜਾਫੀਆਂ ਨੂੰ ਅਸਲੋਂ ਰੋਲ ਦਿੱਤਾ। ਉਹ ਕਬੱਡੀ ਪਾਉਣ ਜਾਂਦਾ ਤਾਂ ਕਾਲਜ ਦੀਆਂ ਕੁੜੀਆਂ ਤਾੜੀਆਂ ਮਾਰ ਕੇ ਉਹਦਾ ਹੌਸਲਾ ਵਧਾਉਂਦੀਆਂ। ਉਹਦਾ ਗੋਰਾ ਰੰਗ ਭਖ ਕੇ ਲਾਟੂ ਵਾਂਗ ਜਗ ਰਿਹਾ ਸੀ। ਕੁੜੀਆਂ ਕੱਤਰੀਆਂ ਲਈ ਉਹ ਕਿਸੇ ਫਿਲਮੀ ਹੀਰੋ ਤੋਂ ਘੱਟ ਨਹੀਂ ਸੀ। ਅਜਿਹੇ ਮਾਹੌਲ 'ਚ ਤਾਂ ਮਾੜਾ ਖਿਡਾਰੀ ਵੀ ਤਕੜੀ ਖੇਡ ਵਿਖਾ ਜਾਂਦਾ ਹੈ, ਉਹ ਤਾਂ ਸਮਰਾਲੇ ਦੇ ਇਲਾਕੇ ਦੀ ਸ਼ਾਨ ਸੀ। ਉਥੇ ਉਹ ਉਡੂੰ-ਉਡੂੰ ਕਰਦਾ ਫਿਰਦਾ ਸੀ। ਸਾਡੀ ਟੀਮ ਦੀ ਕੋਈ ਵਾਹ ਨਹੀਂ ਸੀ ਗਈ।

ਦੇਵੀ ਦਿਆਲ ਸ਼ਰਮਾ ਦਾ ਜਨਮ 2 ਦਸੰਬਰ 1947 ਨੂੰ ਪਿੰਡ ਕੁੱਬਾ ਤਹਿਸੀਲ ਸਮਰਾਲਾ ਵਿਚ ਹੋਇਆ ਸੀ। ਪੰਡਤਾਂ ਦੇ ਮੁੰਡੇ ਕਬੱਡੀ ਵਰਗੀ ਧੱਕੜ ਖੇਡ ਘੱਟ ਹੀ ਖੇਡਦੇ ਹਨ ਪਰ ਇਲਾਕੇ ਦੀ ਹਰਮਨ ਪਿਆਰੀ ਖੇਡ ਹੋਣ ਕਾਰਨ ਉਹ ਕਬੱਡੀ ਖੇਡਣ ਲੱਗ ਪਿਆ। ਇੰਜ ਹੀ ਰਾਜੇਆਣੇ ਦਾ ਪੰਡਤ ਖੇਡਣ ਲੱਗਾ ਸੀ। ਉਸ ਨੇ ਵੀ ਬਿਜਲੀ ਬੋਰਡ ਦੀ ਕਬੱਡੀ ਟੀਮ 'ਚ ਚੰਗਾ ਨਾਂ ਕਮਾਇਆ। ਦੇਵੀ ਦਿਆਲ ਅੱਠਵੀਂ ਤਕ ਆਪਣੇ ਪਿੰਡ ਹੀ ਪੜ੍ਹਿਆ ਤੇ ਦਸਵੀਂ ਖਾਲਸਾ ਸਕੂਲ ਘੁਲਾਲ ਤੋਂ ਕੀਤੀ। ਕਬੱਡੀ ਦੇ ਖਿਡਾਰੀ ਆਮ ਕਰਕੇ ਦਸ-ਬਾਰਾਂ ਜਮਾਤਾਂ ਹੀ ਪੜ੍ਹਦੇ ਹਨ ਪਰ ਦੇਵੀ ਦਿਆਲ ਐੱਮ.ਏ. ਪਾਸ ਸੀ। ਮਾਲਵਾ ਕਾਲਜ ਸਮਰਾਲਾ ਪਿੱਛੋਂ ਉਹ ਸਰਕਾਰੀ ਕਾਲਜ ਲੁਧਿਆਣਾ ਤੇ ਡੀ.ਏ.ਵੀ. ਕਾਲਜ ਜਲੰਧਰ ਪੜ੍ਹਿਆ। ਤਿੰਨਾਂ ਕਾਲਜਾਂ ਨੂੰ ਕੱਪ ਤੇ ਟਰਾਫੀਆਂ ਜਿਤਾਉਂਦਾ ਰਿਹਾ। ਜਦੋਂ ਉਹ ਜਲੰਧਰ ਪੜ੍ਹਦਾ ਸੀ ਉਦੋਂ ਵੀ ਢੁੱਡੀਕੇ ਕਾਲਜ ਦੀ ਟੀਮ ਨਾਲ ਉਹਦੀ ਟੀਮ ਨਾਲ ਮੈਚ ਹੋਇਆ ਸੀ ਤੇ ਨਤੀਜਾ ਸਮਰਾਲੇ ਵਾਲਾ ਹੀ ਨਿਕਲਿਆ ਸੀ। ਢੁੱਡੀਕੇ ਕਾਲਜ ਸਮਰਾਲੇ ਕਾਲਜ ਨੂੰ ਉਦੋਂ ਹੀ ਹਰਾ ਸਕਿਆ ਜਦੋਂ ਦੇਵੀ ਦਿਆਲ ਉਥੋਂ ਜਾ ਚੁੱਕਾ ਸੀ।

ਉਹਦੀ ਗੁੱਡੀ ਕਿਲਾ ਰਾਇਪੁਰ ਦੀਆਂ ਖੇਡਾਂ ਵਿਚ ਚੜ੍ਹੀ ਸੀ। ਉਦੋਂ ਐਟਮ ਕਿਹਾ ਜਾਂਦਾ ਤੋਖੀ ਢਲ਼ ਰਿਹਾ ਸੀ ਤੇ ਦੇਵੀ ਦਿਆਲ ਚੜ੍ਹ ਰਿਹਾ ਸੀ। 70ਵਿਆਂ ਵਿਚ ਉਹ ਸਮੁੱਚੇ ਪੰਜਾਬ ਦਾ ਤੂਫ਼ਾਨ ਮੇਲ ਧਾਵੀ ਬਣਿਆ ਰਿਹਾ। 1973 ਵਿਚ ਇੰਗਲੈਂਡ ਦੀ ਟੀਮ ਪਹਿਲੀ ਵਾਰ ਪੰਜਾਬ ਵਿਚ ਕਬੱਡੀ ਮੈਚ ਖੇਡਣ ਆਈ ਤਾਂ ਪਹਿਲਾ ਟੈਸਟ ਮੈਚ ਵਾਰ ਹੀਰੋਜ਼ ਸਟੇਡੀਅਮ ਸੰਗਰੂਰ ਵਿਚ ਖੇਡਿਆ ਗਿਆ। ਉਦੋਂ ਸਾਹ ਨਾਲ ਕਬੱਡੀ ਪਾਈ ਜਾਂਦੀ ਸੀ। ਪੰਜਾਬ ਟੀਮ ਦੀਆਂ ਆਸਾਂ ਆਪਣੇ ਕਪਤਾਨ ਦੇਵੀ ਦਿਆਲ ਉਤੇ ਸਨ। ਦੇਵੀ ਨੇ ਪਹਿਲੀ ਹੀ ਕਬੱਡੀ ਪਾਈ ਤਾਂ ਇੰਗਲੈਂਡ ਦੇ ਲੰਮੇ ਝੰਮੇ ਜਾਫੀ ਹਿੰਮਤ ਸਿੰਘ ਸੋਹੀ ਨੇ ਵੱਟ ਕੇ ਧੌਲ ਮਾਰੀ ਜੋ ਉਸ ਦੀ ਪੁੜਪੁੜੀ ਵਿਚ ਵੱਜੀ। ਉਹ ਘੁਮੇਟਣੀ ਖਾ ਕੇ ਡਿੱਗ ਪਿਆ। ਰੈਫਰੀ ਨੇ ਹਿੰਮਤ ਦਾ ਫਾਊਲ ਦੇ ਕੇ ਪੁਆਇੰਟ ਤਾਂ ਦੇਵੀ ਦਿਆਲ ਦੇ ਹੱਕ ਵਿਚ ਦੇ ਦਿੱਤਾ ਪਰ ਉਹ ਹੋਰ ਕੌਡੀ ਪਾਉਣੋਂ ਰਹਿ ਗਿਆ। ਇੰਗਲੈਂਡ ਦੀ ਟੀਮ 62-60 ਅੰਕਾਂ ਉਤੇ ਮੈਚ ਜਿੱਤ ਗਈ।

ਫਿਰ ਉਹ ਪੰਜਾਬ ਦੀ ਟੀਮ ਦਾ ਮੀਤ ਕਪਤਾਨ ਬਣ ਕੇ ਇੰਗਲੈਂਡ ਕਬੱਡੀ ਖੇਡਣ ਗਿਆ। ਮਾਰਚ ਪਾਸਟ ਵੇਲੇ ਸਾਰੇ ਖਿਡਾਰੀਆਂ ਦੇ ਪੱਗਾਂ ਬੱਧੀਆਂ ਸਨ। ਦੇਵੀ ਦਿਆਲ ਦੇ ਵੀ ਗੁਲਾਬੀ ਪੱਗ ਬੰਨ੍ਹੀ ਹੋਈ ਸੀ। ਦਰਸ਼ਕ ਵਾਰ ਵਾਰ ਪੁੱਛਦੇ, "ਏਹਨਾਂ 'ਚ ਦੇਵੀ ਦਿਆਲ ਕਿਹੜਾ ਹੋਇਆ? ਉਹ ਤਾਂ ਕਿਤੇ ਦੀਂਹਦਾ ਨੀ। ਅਸੀਂ ਤਾਂ ਖੇਡ ਈ ਦੇਵੀ ਦਿਆਲ ਦੀ ਦੇਖਣ ਆਏ ਆਂ।" ਬੱਧੀ ਪੱਗ ਨਾਲ ਉਹ ਦੇਵੀ ਦਿਆਲ ਨੂੰ ਅਸਲੀ ਦੇਵੀ ਦਿਆਲ ਨਹੀਂ ਸਨ ਸਮਝ ਰਹੇ। ਉਹ ਆਖੀ ਗਏ, "ਇਹ ਤਾਂ ਨਕਲੀ ਦੇਵੀ ਦਿਆਲ ਆ। ਸਾਨੂੰ ਅਸਲੀ ਦੇਵੀ ਦਿਆਲ ਦਿਖਾਓ!" ਆਖ਼ਰ ਦੇਵੀ ਦਿਆਲ ਨੇ ਪੱਗ ਉਤਾਰੀ ਤੇ ਅਸਲੀ ਨਕਲੀ ਦਾ ਭੁਲੇਖਾ ਦੂਰ ਕੀਤਾ। ਉਹ ਕਈ ਵਾਰ ਇੰਗਲੈਂਡ ਕਬੱਡੀ ਖੇਡਣ ਗਿਆ ਜਿਥੇ ਉਹਦੀ ਖੇਡ ਉਤੇ ਪੌਂਡਾਂ ਦਾ ਮੀਂਹ ਵਰ੍ਹਦਾ ਰਿਹਾ। ਇੰਗਲੈਂਡ ਦੇ ਕਬੱਡੀ ਪ੍ਰੇਮੀ ਦੇਵੀ ਦਿਆਲ ਨੂੰ ਹਰ ਵਾਰ ਨਿਹਾਲ ਕਰ ਕੇ ਤੋਰਦੇ।

ਉਨ੍ਹਾਂ ਦਿਨਾਂ 'ਚ ਉਹ ਢੁੱਡੀਕੇ ਦੇ ਖੇਡ ਮੇਲੇ ਵਿਚ ਕਬੱਡੀ ਖੇਡਣ ਆਇਆ ਤਾਂ ਮੈਨੂੰ ਇੰਗਲੈਂਡ ਦੀਆਂ ਗੱਲਾਂ ਦੱਸਣ ਲੱਗ ਪਿਆ। ਆਖਣ ਲੱਗਾ, "ਪ੍ਰੋਫੈਸਰ ਸਾਹਿਬ, ਏਥੇ ਤਾਂ ਸੁੱਕੇ ਹੱਡ ਰਗੜਾਈਦੇ ਆ। ਕਬੱਡੀ ਖੇਡਣ ਦੀ ਲੱਜ਼ਤ ਤਾਂ ਇੰਗਲੈਂਡ ਵਿਚ ਆਉਂਦੀ ਆ। ਓਥੋਂ ਮੈਨੂੰ ਪੰਜ ਹਜ਼ਾਰ ਪੌਂਡ ਮਿਲੇ। ਓਥੇ ਕਿਸੇ ਕਬੱਡੀ ਖਿਡਾਰੀ ਦਾ ਵਿਆਹ ਮੰਗਣਾ ਹੋਵੇ ਤਾਂ ਹਜ਼ਾਰ ਹਜ਼ਾਰ ਪੌਂਡ ਸ਼ਗਨਾਂ ਦੇ ਈ ਹੋ ਜਾਂਦੇ ਆ। ਮੈਂ ਤਾਂ ਖ਼ੈਰ ਵਿਆਹਿਆ ਹੋਇਆ ਸੀ। ਇੰਗਲੈਂਡ 'ਚ ਮੈਨੂੰ ਕਈਆਂ ਮਾਪਿਆਂ ਨੇ ਆਖਿਆ ਬਈ ਕਬੱਡੀ ਦੇ ਚੰਗੇ ਖਿਡਾਰੀਆਂ ਦੀ ਦੱਸ ਪਾ, ਅਸੀਂ ਰਿਸ਼ਤੇ ਕਰਨ ਨੂੰ ਤਿਆਰ ਆਂ...।"

ਦੇਵੀ ਦਿਆਲ 1965 ਤੋਂ ਉੱਚ ਪਾਏ ਦੀ ਕਬੱਡੀ ਖੇਡਣ ਲੱਗਾ ਤੇ ਲਗਾਤਾਰ ਵੀਹ-ਬਾਈ ਸਾਲ ਖੇਡਦਾ ਰਿਹਾ। ਬਾਅਦ ਵਿਚ ਉਹ ਵੈਟਰਨ ਖਿਡਾਰੀਆਂ ਨਾਲ ਵੀ ਮੈਚ ਲਾ ਲੈਂਦਾ ਸੀ। ਉਸ ਨੂੰ ਕਬੱਡੀ ਨਾਲ ਜਨੂੰਨ ਦੀ ਹੱਦ ਤਕ ਇਸ਼ਕ ਸੀ। ਮਾਲਵਾ ਕਾਲਜ ਬੋਂਦਲੀ ਨੂੰ ਉਹ ਕਬੱਡੀ ਦੇ ਨਕਸ਼ੇ ਉਤੇ ਲੈ ਆਇਆ ਸੀ। ਡੀ.ਏ.ਵੀ. ਕਾਲਜ ਜਲੰਧਰ ਪੜ੍ਹਦਿਆਂ ਉਹਦੀ ਟੀਮ ਲਗਾਤਾਰ ਤਿੰਨ ਵਾਰ ਪੰਜਾਬ ਯੂਨੀਵਰਸਿਟੀ ਦੀ ਚੈਂਪੀਅਨ ਬਣੀ। ਸਰਕਾਰੀ ਕਾਲਜ ਲੁਧਿਆਣੇ ਦਾ ਉਹ ਬੈਸਟ ਅਥਲੀਟ ਸੀ। ਉਹ ਪੰਜਾਬ ਯੂਨੀਵਰਸਿਟੀ ਤੇ ਪੰਜਾਬ ਸਟੇਟ ਕਬੱਡੀ ਟੀਮਾਂ ਦੀਆਂ ਕਪਤਾਨੀਆਂ ਕਰਦਾ ਰਿਹਾ। ਪੰਜਾਬ ਦੇ ਪਿੰਡਾਂ ਦਾ ਸ਼ਾਇਦ ਹੀ ਕੋਈ ਵੱਡਾ ਟੂਰਨਾਮੈਂਟ ਹੋਵੇ ਜਿਥੇ ਦੇਵੀ ਦਿਆਲ ਖੇਡਣ ਨਾ ਗਿਆ ਹੋਵੇ। ਉਸ ਨੇ ਸੈਂਕੜੇ ਮੈਦਾਨਾਂ ਵਿਚ ਪੈੜਾਂ ਕੀਤੀਆਂ ਜੋ ਨਵੇਂ ਉਠਦੇ ਕੌਡਿਆਲਾਂ ਨੂੰ ਆਪਣੇ ਵੱਲ ਖਿੱਚਦੀਆਂ ਰਹੀਆਂ।

ਪੁਲੀਟੀਕਲ ਸਾਇੰਸ ਦੀ ਐੱਮ.ਏ. ਕਰ ਕੇ 1970 'ਚ ਉਹ ਪੰਜਾਬ ਪੰਚਾਇਤੀ ਰਾਜ ਖੇਡ ਪ੍ਰੀਸ਼ਦ ਦਾ ਕਬੱਡੀ ਕੋਚ ਬਣ ਗਿਆ। ਜਗਤਪੁਰ ਦਾ ਮੁਖਤਾਰ ਸਿੰਘ ਖੇਡ ਪ੍ਰੀਸ਼ਦ ਦਾ ਸੈਕਟਰੀ ਸੀ। ਉਸ ਨੇ ਕਬੱਡੀ ਦੇ ਤਕੜੇ ਖਿਡਾਰੀ ਕਬੱਡੀ ਕੋਚ ਭਰਤੀ ਕਰ ਲਏ ਸਨ। ਕੋਚ ਬਣ ਕੇ ਵੀ ਦੇਵੀ ਦਿਆਲ ਕਈ ਸਾਲ ਕਬੱਡੀ ਖੇਡਦਾ ਰਿਹਾ। 1974 'ਚ ਪੰਜਾਬ ਦੀ ਜਿਹੜੀ ਟੀਮ ਵਲਾਇਤ ਕਬੱਡੀ ਖੇਡਣ ਗਈ ਉਸ ਦਾ ਉਹ ਅਹਿਮ ਖਿਡਾਰੀ ਸੀ। ਉਨ੍ਹਾਂ ਦੀ ਟੀਮ ਇੰਗਲੈਂਡ 'ਚ ਸੱਤ ਮੈਚ ਖੇਡੀ ਜਿਨ੍ਹਾਂ 'ਚੋਂ ਪੰਜਾਬ ਦੀ ਟੀਮ ਨੇ ਤਿੰਨ ਮੈਚ ਜਿੱਤੇ। ਜਦੋਂ 1977 ਵਿਚ ਪੰਜਾਬ ਦੀ ਟੀਮ ਦੁਬਾਰਾ ਇੰਗਲੈਂਡ ਗਈ ਤਾਂ ਦੇਵੀ ਦਿਆਲ ਦੀ ਵਧੀਆ ਖੇਡ ਸਦਕਾ ਨੌਂ ਦੇ ਨੌਂ ਮੈਚ ਜਿੱਤ ਕੇ ਮੁੜੀ। ਇੰਗਲੈਂਡੀਆਂ ਨੇ ਉਸ ਦਾ ਮਾਣ-ਤਾਣ ਕਰਨ 'ਚ ਕੋਈ ਕਸਰ ਨਾ ਛੱਡੀ।


1982 ਵਿਚ ਪੰਜਾਬੀ ਯੂਨੀਵਰਸਿਟੀ ਨੇ ਮੈਥੋਂ 'ਪੰਜਾਬੀ ਖਿਡਾਰੀ' ਪੁਸਤਕ ਲਿਖਵਾਈ ਜਿਸ ਵਿਚ ਉਨ੍ਹਾਂ ਖਿਡਾਰੀਆਂ ਬਾਰੇ ਲੇਖ ਲਿਖੇ ਜਾਣੇ ਸਨ ਜਿਨ੍ਹਾਂ ਨੇ ਕੌਮਾਂਤਰੀ ਖੇਡ ਮੁਕਾਬਲਿਆਂ 'ਚੋਂ ਭਾਰਤ ਲਈ ਕੋਈ ਮੈਡਲ ਜਿੱਤਿਆ ਹੋਵੇ। ਉਦੋਂ ਕਬੱਡੀ ਭਾਵੇਂ ਕੌਮਾਂਤਰੀ ਮੁਕਾਬਲਿਆਂ ਦੀ ਖੇਡ ਨਹੀਂ ਸੀ ਬਣੀ ਪਰ ਪੰਜਾਬੀਆਂ ਦੀ ਮਾਂ ਖੇਡ ਹੋਣ ਕਰ ਕੇ ਸਰਵਣ ਸਿੰਘ ਰਮੀਦੀ ਤੇ ਦੇਵੀ ਦਿਆਲ ਬਾਰੇ ਲੇਖ ਵੀ ਉਨ੍ਹਾਂ 'ਚ ਸ਼ਾਮਲ ਕੀਤੇ ਗਏ। ਯੂਨੀਵਰਸਿਟੀ ਨੇ ਉਹ ਕਿਤਾਬ ਅੰਗਰੇਜ਼ੀ ਵਿਚ ਵੀ ਛਾਪੀ।

ਦੇਵੀ ਦਿਆਲ ਨੇ ਜਿੰਨੀ ਮਿਹਨਤ ਨਾਲ ਆਪਣਾ ਸਰੀਰ ਸਾਧ ਕੇ ਰੱਖਿਆ ਕਬੱਡੀ ਦੇ ਬੜੇ ਘੱਟ ਖਿਡਾਰੀ ਸਾਧ ਕੇ ਰੱਖਦੇ ਹਨ। ਉਹ ਜਦੋਂ ਤਕ ਖੇਡਿਆ ਕਦੇ ਸ਼ਰਾਬ ਨਹੀਂ ਸੀ ਪੀਤੀ। ਖੇਡ ਦੌਰਾਨ ਕਿਸੇ ਤਰ੍ਹਾਂ ਦੀ ਕੋਈ ਡਰੱਗ ਨਹੀਂ ਸੀ ਲਈ। ਅੱਜ-ਕੱਲ੍ਹ ਕਈ ਖਿਡਾਰੀ ਡਰੱਗਾਂ ਦੀਆਂ ਭੈੜੀਆਂ ਅਲਾਮਤਾਂ ਵਿਚ ਪੈ ਗਏ ਹਨ ਜੋ ਸਰੀਰ ਲਈ ਬੜੀਆਂ ਘਾਤਕ ਹਨ। ਮੈਂ ਇਕ ਵਾਰ ਉਸ ਦੇ ਸੋਹਣੇ ਪਾਲੇ ਹੋਏ ਜੁੱਸੇ ਦਾ ਰਾਜ਼ ਜਾਣਨ ਲਈ ਉਸ ਦੀ ਖਾਧ ਖੁਰਾਕ ਪੁੱਛੀ ਤਾਂ ਉਸ ਨੇ ਦੱਸਿਆ ਕਿ ਉਹ ਦੁੱਧ ਤੇ ਫਲਾਂ ਦਾ ਰਸ ਪੀਂਦਾ ਹੈ ਅਤੇ ਆਂਡੇ ਤੇ ਮੀਟ ਖਾ ਲੈਂਦਾ ਹੈ। ਮੁੱਠੀ ਕੁ ਭਰ ਬਦਾਮ ਵੀ ਛਕਦਾ ਹੈ। ਮੈਂ ਆਖਿਆ, "ਬਦਾਮ ਤਾਂ ਬਹੁਤ ਮਹਿੰਗੇ ਪੈਂਦੇ ਹੋਣਗੇ।" ਉਸ ਦਾ ਜਵਾਬ ਸੀ, "ਸ਼ਰਾਬ ਨਾਲੋਂ ਤਾਂ ਫਿਰ ਵੀ ਸਸਤੇ ਹਨ।"

ਉਸ ਦੀ ਖੇਡ ਦਾ ਰਾਜ਼ ਘੱਟ ਤੋਂ ਘੱਟ ਜ਼ੋਰ ਲਾ ਕੇ ਵੱਧ ਤੋਂ ਵੱਧ ਪੁਆਇੰਟ ਲੈਣ 'ਚ ਸੀ। ਉਹ ਜਾਫੀ ਨਾਲ ਉਲਝਣ ਦੀ ਥਾਂ ਉਸ ਨੂੰ ਪੋਲਾ ਜਿਹਾ ਛੋਹਣ ਤੇ ਤੁਰਤ ਦੁੜਕੀ ਲਾ ਕੇ ਆਪਣੇ ਪਾੜੇ ਆਉਣ ਵਾਲਾ ਖਿਡਾਰੀ ਸੀ। ਉਸ ਦਾ ਸੌ ਮੀਟਰ ਦੌੜ ਦਾ ਸਮਾਂ 11 ਸੈਕੰਡ ਸੀ। ਉਹਦੀ ਦੂਜੀ ਸਿਫ਼ਤ ਪਿੰਡੇ ਨੂੰ ਮਿੱਟੀ ਨਾ ਲੁਆਉਣ ਦੀ ਸੀ। ਉਸ ਨੂੰ ਕਿਸੇ ਨੇ ਮਿੱਟੀ ਨਾਲ ਲਿਬੜਿਆ ਨਹੀਂ ਸੀ ਵੇਖਿਆ। ਕਦੇ ਕਦਾਈਂ ਜੇ ਜਾਫੀ ਨਾਲ ਉਲਝ ਵੀ ਜਾਂਦਾ ਤਾਂ ਉਹ ਮਜ਼ਬੂਤੀ ਨਾਲ ਪੈਰ ਧਰਤੀ 'ਤੇ ਗੱਡੀ ਰੱਖਦਾ ਤੇ ਡਿੱਗਣੋਂ ਬਚਿਆ ਰਹਿੰਦਾ। ਜਿਹੜੇ ਜਾਫੀ ਉਹਦੇ ਭੇਤੀ ਸਨ ਉਹ ਉਸ ਨੂੰ ਉਤੋਂ ਨਹੀਂ ਸਨ ਪੈਂਦੇ। ਉਹ ਜਾਣਦੇ ਸਨ ਕਿ ਉਹ ਬਾਹਾਂ, ਧੌਣ ਤੇ ਧੜ ਤੋਂ ਫੜਿਆ ਉੱਕਾ ਨਹੀਂ ਰਹਿਣਾ। ਉਹਨੂੰ ਜੀਹਨੇ ਵੀ ਰੱਖਿਆ ਲੱਤੀਂ ਪੈ ਕੇ ਰੱਖਿਆ। ਉਹ ਆਪਣਾ ਸਭ ਤੋਂ ਤਕੜਾ ਮੈਚ ਫੇਰੂਮਾਨ ਗੋਲਡ ਕਬੱਡੀ ਕੱਪ ਟੂਰਨਾਮੈਂਟ ਦਾ ਮੰਨਦਾ ਸੀ। ਉਹ ਮੈਚ ਜ਼ਿਲ੍ਹਾ ਲੁਧਿਆਣਾ ਤੇ ਅੰਮ੍ਰਿਤਸਰ ਦੀਆਂ ਟੀਮਾਂ ਵਿਚਕਾਰ ਹੋਇਆ ਸੀ। ਦੋਵੇਂ ਟੀਮਾਂ ਬੜਾ ਤੇਜ਼-ਤਰਾਰ ਮੈਚ ਖੇਡੀਆਂ। ਚਾਲੀ ਮਿੰਟਾਂ ਵਿਚ 141 ਸਾਹ ਪਾਏ ਗਏ ਤੇ ਮੈਚ ਦਾ ਅੰਤ 71-70 ਅੰਕਾਂ ਨਾਲ ਹੋਇਆ। ਇਹ ਵੀ ਇਕ ਰਿਕਾਰਡ ਹੈ।

ਦੇਵੀ ਦਿਆਲ ਨਿਰਾ ਸੋਹਣਾ ਸੁਨੱਖਾ ਖਿਡਾਰੀ ਹੀ ਨਹੀਂ ਸੀ ਉਹ ਲੀੜਾ ਲੱਤਾ ਪਾਉਣ 'ਚ ਵੀ ਫਿਲਮੀ ਅਦਾਕਾਰਾਂ ਨੂੰ ਮਾਤ ਪਾਉਂਦਾ ਸੀ। ਬੁੱਲ੍ਹ ਬੇਸ਼ਕ ਰਤਾ ਮੋਟੇ ਹਨ ਪਰ ਕੱਕੀਆਂ ਅੱਖਾਂ ਤੇ ਠੋਡੀ 'ਚ ਪੈਂਦਾ ਟੋਆ ਦਿਲ ਮੋਹਣ ਵਾਲਾ ਸੀ। ਚੌੜੀ ਛਾਤੀ, ਮੋਟੀ ਧੌਣ ਤੇ ਗੁੰਦੇ ਹੋਏ ਸਡੌਲ ਡੌਲੇ ਉਹਦੀ ਮਰਦਾਵੀਂ ਦਿੱਖ ਨੂੰ ਹੋਰ ਵੀ ਦਿਲਕਸ਼ ਬਣਾਉਂਦੇ ਸਨ। ਉਹ ਰੋਜ਼ਾਨਾ ਦੋ-ਚਾਰ ਮੀਲ ਧੀਮੀ ਦੌੜ ਤੇ ਸਪਰਿੰਟਾਂ ਲਾਇਆ ਕਰਦਾ ਸੀ। ਵੇਟ ਟ੍ਰੇਨਿੰਗ ਤੇ ਕਰੜੀਆਂ ਕਸਰਤਾਂ ਵੀ ਕਰਦਾ ਰਹਿੰਦਾ ਸੀ। ਉਸ ਨੇ ਅਖ਼ੀਰ ਤਕ ਆਪਣੇ ਆਪ ਨੂੰ ਚੁਸਤ-ਦਰੁਸਤ ਰੱਖਿਆ ਹੋਇਆ ਸੀ। ਉਸ ਨੂੰ ਇਕੋ ਅਹੁਰ ਸੀ, ਸ਼ੂਗਰ। ਆਖ਼ਰ ਸ਼ੂਗਰ ਹੀ ਉਸ ਨੂੰ ਲੈ ਬੈਠੀ।

ਜਦੋਂ ਉਹ ਰਿਟਾਇਰ ਹੋ ਕੇ ਆਪਣੇ ਪਿੰਡ ਕੁੱਬੇ ਦੇ ਵਰਿਆਮ ਸਟੇਡੀਅਮ ਵਿਚ ਕਬੱਡੀ ਅਕੈਡਮੀ ਚਲਾਉਣ ਲੱਗਾ ਤਾਂ ਉਸ ਭਲੇ ਪੁਰਸ਼ ਨਾਲ ਕਹਿਰ ਵਰਤ ਗਿਆ ਸੀ। ਕੁਦਰਤ ਨੇ ਉਸ ਦਾ ਇਕੋ ਇਕ ਜੁਆਨ ਪੁੱਤਰ ਟੋਨੀ ਅਲੰਕਾਰ ਉਸ ਤੋਂ ਖੋਹ ਲਿਆ ਸੀ। ਟੋਨੀ ਉਭਰ ਰਿਹਾ ਕੌਡਿਆਲ ਸੀ ਜਿਸ ਤੋਂ ਬੜੀਆਂ ਆਸਾਂ ਸਨ। ਪਰ ਕੈਂਸਰ ਦੀ ਚੰਦਰੀ ਬਿਮਾਰੀ ਉਸ ਨੂੰ ਲੈ ਬੈਠੀ। ਉਸ ਦੀ ਯਾਦ ਵਿਚ ਉਹ ਹਰ ਸਾਲ ਕਬੱਡੀ ਟੂਰਨਾਮੈਂਟ ਕਰਵਾਉਂਦਾ ਰਿਹਾ ਤੇ ਕਬੱਡੀ ਅਕੈਡਮੀ ਚਲਾਉਂਦਾ ਰਿਹਾ। ਟੋਨੀ ਅਲੰਕਾਰ ਅਕੈਡਮੀ ਰਾਹੀਂ ਅਨੇਕਾਂ ਖਿਡਾਰੀ ਤਿਆਰ ਹੋਏ ਜੋ ਦੇਸ ਪਰਦੇਸ ਦੀਆਂ ਕਬੱਡੀ ਕਲੱਬਾਂ ਵੱਲੋਂ ਖੇਡ ਰਹੇ ਹਨ। 2005 ਵਿਚ ਉਹ ਜ਼ਿਲ੍ਹਾ ਖੇਡ ਅਫਸਰ ਦੀ ਪਦਵੀ ਤੋਂ ਰਿਟਾਇਰ ਹੋ ਗਿਆ ਸੀ। ਪੁੱਤਰ ਤੇ ਪਤਨੀ ਦੇ ਵਿਗੋਚਾ ਦੇ ਜਾਣ ਪਿਛੋਂ ਵੀ ਉਹ ਸਾਰਾ ਸਮਾਂ ਕਬੱਡੀ ਦੇ ਲੇਖੇ ਲਾ ਰਿਹਾ ਸੀ ਅਤੇ ਆਖ਼ਰੀ ਸਾਹਾਂ ਤਕ ਕਬੱਡੀ ਲਈ ਸਰਗਰਮ ਸੀ। ਉਸ ਦੀ ਇਕੋ ਇਕ ਧੀ ਕੈਨੇਡਾ 'ਚ ਵਿਆਹੀ ਗਈ ਸੀ ਜਿਸ ਕਰਕੇ ਉਹ ਕੈਨੇਡਾ ਤੇ ਹੋਰਨਾਂ ਮੁਲਕਾਂ ਵਿਚ ਆਉਂਦਾ-ਜਾਂਦਾ ਰਹਿੰਦਾ ਸੀ। ਕੈਨੇਡਾ ਦਾ ਪੱਕਾ ਪਰਵਾਸੀ ਬਣ ਕੇ ਵੀ ਉਹ ਕੈਨੇਡਾ ਛੱਡ ਆਇਆ ਸੀ। ਅਸੀਂ ਪੰਜਾਬ ਵਿਚ ਤਾਂ ਮਿਲਦੇ ਹੀ ਸਾਂ, ਵਿਦੇਸ਼ਾਂ ਵਿਚ ਵੀ 'ਕੱਠੇ ਕਬੱਡੀ ਮੇਲੇ ਵੇਖਦੇ ਸਾਂ। ਬੜੀਆਂ ਅਭੁੱਲ ਯਾਦਾਂ ਹਨ ਉਹਦੀਆਂ। 2010 ਵਿਚ ਸ਼ੁਰੂ ਹੋਏ ਪੰਜਾਬ ਕਬੱਡੀ ਵਰਲਡ ਕੱਪ ਦਾ ਉਹ ਡਾਇਰੈਕਟਰ ਸੀ ਤੇ ਮੈਂ ਕੋਆਰਡੀਨੇਟਰ। ਦੇਵੀ ਦਿਆਲ ਦੀਆਂ ਯਾਦਾਂ ਦਾ ਅੰਤ ਨਹੀਂ ਜਿਸ ਦੀਆਂ ਗੱਲਾਂ ਸਾਲਾਂ-ਬੱਧੀ ਹੁੰਦੀਆਂ ਰਹਿਣਗੀਆਂ।



*ਸੰਨ 1975 ਵਿਚ ਪ੍ਰਿੰਸੀਪਲ ਸਰਵਣ ਸਿੰਘ ਦੀ ਪ੍ਰਸਿੱਧ ਕਬੱਡੀ ਖਿਡਾਰੀ ਦੇਵੀ ਦਿਆਲ ਨਾਲ ਮੈਚ ਖਿਡਾਉਣ ਸਮੇਂ ਦੀ ਇਕ ਤਸਵੀਰ।*

## ਦੋਸਤਾਂ ਸੰਗ ਜੀਵਨ ਜਿਉਂਦਿਆਂ ...

(ਪਿਛਲੇ ਸਫੇ ਦਾ ਬਾਕੀ)

ਦੋਸਤ ਪੰਗੇ ਲੈਣ ਵਾਲਾ ਅਤੇ ਅਤਿਵਾਦੀ ਸੀ-ਕੀ ਇਹ ਸੱਚ ਆ?" ਦੋਸਤ ਅੱਖ ਚੁਰਾ ਕੇ ਤੇ ਮੇਰੇ ਵੱਲ ਦੇਖ ਕੇ ਹੀ-ਹੀ ਖੀ-ਖੀ ਕਰਦਾ ਖਚਰੀ ਹਾਸੀ ਹੱਸ ਪਿਆ, ਸ਼ਾਇਦ ਇਹ ਸੋਚ ਕੇ ਕਿ ਹੁਣ ਕੀ ਫਰਕ ਪੈਣ ਲੱਗਾ? ਮੈਂ ਕਿਹਾ, ਇਹ ਪੂਰਾ ਸੱਚ ਨਹੀਂ, ਪਰ ਇਹ ਨੂੰ ਜਵਾਨੀ ਵੇਲੇ ਪੰਗੇ ਲੈਣ ਤੇ ਕੁੱਟਣ-ਕੁਟਾਣ ਦੀ ਬਿਮਾਰੀ ਜਿਹੀ ਸੀ, ਜੋ ਹਟ ਤਾਂ ਛੇਤੀ ਹੀ ਗਈ ਸੀ ਪਰ ਪਤਾ ਨਹੀਂ ਤੁਹਾਨੂੰ ਇਸ ਰਿਸ਼ਤੇ ਵੇਲੇ ਕਿਸੇ ਤੋਂ ਪਤਾ ਲੱਗਾ ਜਾ ਨਹੀਂ। ਖ਼ੈਰ ਇਹ ਸੱਜਣ ਆਪਣੀ ਐਮ ਫ਼ਿਲ ਤੇ ਪੀ ਐਚ ਡੀ ਪੂਰੀ ਕਰ ਇਸੇ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗ ਗਿਆ ਸੀ ਤੇ ਇਸ ਵੇਲੇ ਪ੍ਰੋਫੈਸਰ ਅਤੇ ਡਿਪਾਰਟਮੈਂਟ ਹੈਡ ਹੈ। ਅਜੇ ਵੀ ਅਸੀਂ ਉਵੇਂ ਹੀ ਕਰੀਬੀ ਦੋਸਤ ਹਾਂ। ਜਦ ਵੀ ਮੈਂ ਵਾਪਸ ਪੰਜਾਬ ਜਾਂਦਾ ਹਾਂ ਜੇਕਰ ਆਪਣੇ ਪਿੰਡ ਨਹੀਂ ਤਾਂ ਇਨ੍ਹਾਂ ਦੋਸਤਾਂ ਕੋਲ ਜਾ ਠਹਿਰਦਾ ਹਾਂ। ਇਨ੍ਹਾਂ ਸੱਜਣਾਂ ਦੇ ਉੱਚ ਅਹੁਦਿਆਂ 'ਤੇ ਤਾਇਨਾਤੀਆਂ ਅਤੇ ਜ਼ਿੰਦਗੀ ਦੇ ਅਗਲੇਰੇ ਪੜਾਅ 'ਚ ਹੋਣ ਦੇ ਬਾਵਜੂਦ ਵੀ ਸਾਡਾ ਹਾਸਾ ਮਖੌਲ ਤੀਹ ਸਾਲ ਪਹਿਲਾਂ ਵਾਂਗ ਹੀ ਚੱਲਦਾ ਰਹਿੰਦਾ ਹੈ।

ਦੋਸਤ ਤਾਂ ਨਹੀਂ ਕਹਿ ਸਕਦੇ ਪਰ ਹੋਸਟਲ 'ਚ ਸਾਡੇ ਨਾਲ ਦੇ ਕਮਰੇ 'ਚ ਇੱਕ ਮੁੰਡਾ ਬਾਜਵਾ ਰਹਿੰਦਾ ਹੁੰਦਾ ਸੀ ਜੋ ਉਸ ਟਾਈਮ ਫਿਜ਼ਿਕਸ ਦੀ ਮਾਸਟਰਜ਼ ਡਿਗਰੀ ਕਰਦਾ ਸੀ। ਦਿਮਾਗ ਵੱਲੋਂ ਬਹੁਤ ਹੁਸ਼ਿਆਰ ਪਰ ਬਹੁਤ ਹੀ ਸੁਸਤ ਤੇ ਸੌਣ ਦਾ ਰਿਕਾਰਡ ਹੋਲਡਰ ਹੀ ਸੀ। ਪੇਪਰਾਂ ਦੇ ਦਿਨਾਂ ਵਿਚ ਬਾਜਵਾ ਦਿਨ ਨਹੀਂ ਸਿਰਫ ਘੰਟੇ ਹੀ ਗਿਣਦਾ ਹੁੰਦਾ ਸੀ ਕਿ ਇੰਨੇ ਕੁ ਕਾਫ਼ੀ ਹਨ ਪੇਪਰ ਦੀ ਤਿਆਰੀ ਕਰਨ ਨੂੰ। ਫਿਜ਼ਿਕਸ ਵਿਭਾਗ ਦੇ ਮੁਖੀ ਪ੍ਰੋਫੈਸਰ ਵਿਰਕ ਨੂੰ ਰੱਜ ਕੇ ਨਫ਼ਰਤ ਕਰਦਾ ਤੇ ਅਕਸਰ ਗਾਲ੍ਹਾਂ ਕੱਢਦਾ ਰਹਿੰਦਾ। ਕਹਿ ਦਿੰਦਾ ਵਿਰਕ ਮੈਨੂੰ ਪਸੰਦ ਨਹੀਂ ਕਰਦਾ ਕਿਉਂਕਿ ਮੈਂ ਦਾੜ੍ਹੀ ਕੱਟਦਾ ਹਾਂ। ਇਹ ਮੇਰੀ ਮਰਜ਼ੀ ਆ। ਪਤਾ ਨਹੀਂ ਇਸ ਵਿਚ ਕਿੰਨਾ ਕੁ ਸੱਚ ਸੀ ਕਿਉਂਕਿ ਹੋਰ ਕਿਸੇ ਤੋਂ ਪ੍ਰੋਫੈਸਰ ਵਿਰਕ ਬਾਰੇ ਕੋਈ ਮਾੜੀ ਗੱਲ ਨਹੀਂ ਸੁਣੀ ਸੀ। ਬਾਜਵਾ ਡਿਗਰੀ ਪੂਰੀ ਕਰ ਕੇ ਕਿਸੇ ਸਕੂਲ 'ਚ ਪੜ੍ਹਾਉਣ ਲੱਗ ਗਿਆ। ਪੜ੍ਹਦੇ ਸਮੇਂ ਤੋਂ ਹੀ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ, ਜਿਸ ਨੇ ਚੜ੍ਹਦੀ ਉਮਰੇ ਹੀ ਇਸ ਦੁਨੀਆਂ ਤੋਂ ਉਸਨੂੰ ਰੁਖ਼ਸਤ ਕਰਾ ਦਿੱਤਾ। ਕਿਸੇ ਤੋਂ ਪਤਾ ਲੱਗਾ ਤਾਂ ਬਹੁਤ ਮਨ ਖ਼ਰਾਬ ਹੋਇਆ। ਕਰੀਬੀ ਦੋਸਤ ਨਾ ਹੁੰਦਿਆਂ ਵੀ ਬਹੁਤ ਕਰੀਬੀ ਸੀ ਬਾਜਵਾ।

# ਸਾਹਿਤ ਸਮਾਜ ਦਾ ਸਰਜਨ

***ਸਾਬਕਾ ਆਈ.ਏ.ਐੱਸ. ਅਫਸਰ ਜੰਗ ਬਹਾਦਰ ਗੋਇਲ ਨੇ ਸੰਸਾਰ ਦੇ ਪ੍ਰਸਿੱਧ ਨਾਵਲਾਂ ਬਾਰੇ ਮਣਾਂ-ਮੂੰਹੀਂ ਲਿਖਿਆ ਹੈ। ਹੁਣ ਉਹ ਆਪਣੀਆਂ ਮੌਲਿਕ ਰਚਨਾਵਾਂ ਨਾਲ ਵੀ ਪਾਠਕਾਂ ਦੇ ਰੂ-ਬ-ਰੂ ਹੋ ਰਹੇ ਹਨ। ਪਿੱਛੇ ਜਿਹੇ ਉਨ੍ਹਾਂ ਦੀ ਕਿਤਾਬ 'ਸਾਹਿਤ ਸੰਜੀਵਨੀ' ਪ੍ਰਕਾਸ਼ਿਤ ਹੋਈ ਹੈ ਜਿਸ ਨੂੰ ਪੰਜਾਬੀ ਸਾਹਿਤ ਜਗਤ ਵਿਚ ਹੀ ਨਹੀਂ, ਹੋਰ ਥਾਈਂ ਵੀ ਭਰਪੂਰ ਹੁੰਗਾਰਾ ਮਿਲਿਆ ਹੈ। ਇਹ ਕਿਤਾਬ ਹਿੰਦੀ ਵਿਚ ਵੀ ਛਪ ਚੁੱਕੀ ਹੈ। ਇਸ ਦਿਲਚਸਪ ਕਿਤਾਬ ਦਾ ਇਕ ਅਧਿਆਇ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***

ਸਾਹਿਤ ਸਮਾਜਿਕ ਤਬਦੀਲੀ ਦਾ ਮਹੱਤਵਪੂਰਨ ਹਥਿਆਰ ਹੈ। -ਗੁਰਦਿਆਲ ਸਿੰਘ

ਹਰ ਲੇਖਕ ਆਪਣੀਆਂ ਰਚਨਾਵਾਂ ਵਿਚ ਯੁਗ-ਚੇਤਨਾ ਦਾ ਪ੍ਰਗਟਾਵਾ ਕਰਦਾ ਹੈ। ਉਹ ਆਪਣੇ ਸਮੇਂ ਦੀਆਂ ਸਮਾਜਿਕ, ਰਾਜਨੀਤਕ, ਆਰਥਿਕ ਅਤੇ ਧਾਰਮਿਕ ਸਥਿਤੀਆਂ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਉਨ੍ਹਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤਕ ਲਿਖਤਾਂ ਸਮਾਜ ਅੰਦਰ ਤਿੱਖੇ ਪ੍ਰਸ਼ਨ ਪੈਦਾ ਕਰਦੀਆਂ ਹਨ, ਮੌਜੂਦਾ ਹਾਲਾਤ ਵਿਰੁੱਧ ਰੋਸ ਤੇ ਅਸੰਤੋਸ਼ ਪ੍ਰਗਟ ਕਰਦੀਆਂ ਹਨ, ਲੋਕ ਮਾਨਸਿਕਤਾ ਨੂੰ ਝੰਜੋੜਦੀਆਂ ਹਨ, ਵਿਚਾਰਾਂ ਨੂੰ ਹੰਘਾਲਦੀਆਂ ਹਨ ਅਤੇ ਆਖ਼ਰਕਾਰ ਜ਼ਿੰਦਗੀ ਦੇ ਜ਼ਾਵੀਏ ਬਦਲਣ ਵਿਚ ਕਾਮਯਾਬ ਸਿੱਧ ਹੁੰਦੀਆਂ ਹਨ। ਫ਼ਰਾਂਸ ਦੇ ਪ੍ਰਸਿੱਧ ਵਿਚਾਰਕ ਰੋਲਾਂ ਬਾਰਥ ਨੇ ਸਾਹਿਤ ਨੂੰ ਸਮਾਜਿਕ ਤਬਦੀਲੀ ਦਾ ਅਸਰਦਾਰ ਪ੍ਰੇਰਕ ਮੰਨਿਆ ਹੈ।

ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਕਾਲ ਤੋਂ ਹੀ ਸਾਹਿਤ ਦਾ ਸਮਾਜਿਕ ਅਤੇ ਵਿਅਕਤੀਗਤ ਸਰੋਕਾਰਾਂ 'ਤੇ ਡੂੰਘਾ ਪ੍ਰਭਾਵ ਪੈਂਦਾ ਰਿਹਾ ਹੈ। ਸੁਕਰਾਤ ਤੋਂ ਲੈ ਕੇ ਸਾਰਤਰ ਤਕ ਲੇਖਕ ਘੋੜਮੱਖੀ ਦੇ ਡੰਗ ਵਾਂਗ ਆਪਣੀ ਲੇਖਨੀ ਜਾਂ ਕਥਨੀ ਰਾਹੀਂ ਲੋਕਾਂ ਦੀ ਸੁੱਤੀ ਹੋਈ ਜ਼ਮੀਰ ਨੂੰ ਹਲੂਣਾ ਦੇ ਕੇ ਜਗਾਉਂਦੇ ਰਹੇ ਹਨ ਅਤੇ ਅਨਿਆਂ ਵਿਰੁੱਧ ਖੜ੍ਹੇ ਹੋਣ ਲਈ ਵੰਗਾਰਦੇ ਰਹੇ ਹਨ। ਇਸ ਲਈ ਸਮੇਂ-ਸਮੇਂ ਦੁਨੀਆ ਦੇ ਹਰ ਦੇਸ਼ ਵਿਚ ਸਾਹਿਤ ਨੇ ਸਮਾਜ ਵਿਚ ਫੈਲੀਆਂ ਬੁਰਾਈਆਂ ਦੇ ਨਿਧਾਨ ਲਈ ਕਦੇ ਚਿਕਿਤਸਕ ਵਜੋਂ ਤੇ



**ਜੰਗ ਬਹਾਦਰ ਗੋਇਲ**
**ਫੋਨ: +91-98555-23499**

ਕਦੇ ਸਰਜਨ ਵਜੋਂ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਜਦੋਂ ਕਦੇ ਵੀ ਸਮਾਜ ਵਿਚ ਕਿਸੇ ਕਿਸਮ ਦੀਆਂ ਊਣਤਾਈਆਂ, ਕਮਜ਼ੋਰੀਆਂ, ਬੁਰਾਈਆਂ ਉਸ ਦੀਆਂ ਜੜ੍ਹਾਂ ਨੂੰ ਖੋਖਲਾ ਕਰਨ ਲੱਗਦੀਆਂ ਹਨ ਤਾਂ ਲੇਖਕ ਅਤੇ ਚਿੰਤਕ ਆਪਣੀਆਂ ਲਿਖਤਾਂ ਰਾਹੀਂ ਅਜਿਹੇ ਵਿਕਾਰਾਂ ਨੂੰ ਸਰਜਨ ਵਾਂਗ ਕੱਟ-ਵੱਢ ਸੁੱਟਦੇ ਹਨ ਤੇ ਸਮਾਜ ਦੀਆਂ ਰਗਾਂ ਵਿਚ ਨਵੇਂ ਕਰ ਕੇ ਉਸ ਨੂੰ ਮੁੜ ਨਰੋਆ ਅਤੇ ਨਿਰੋਗ ਬਣਾਉਂਦੇ ਹਨ।

ਅੱਜ ਤੋਂ ਪੰਜ ਸੌ ਸਾਲ ਪਹਿਲਾਂ ਭਾਰਤੀ ਸਮਾਜ ਅਗਿਆਨਤਾ ਦੇ ਹਨੇਰੇ ਵਿਚ ਗੁੰਮ ਸੀ। ਜਾਤ-ਪਾਤ, ਊਚ-ਨੀਚ ਤੇ ਛੂਆ-ਛੂਤ ਦਾ ਕੋਹੜ ਸਮਾਜ ਨੂੰ ਖੋਖਲਾ ਕਰ ਰਿਹਾ ਸੀ। ਧਰਮ ਦੇ ਨਾਮ 'ਤੇ ਝੂਠ, ਫ਼ਰੇਬ, ਵਹਿਮਾਂ, ਭਰਮਾਂ ਅਤੇ ਰੀਤੀ-ਰਿਵਾਜ਼ਾਂ ਦਾ ਬੋਲਬਾਲਾ ਸੀ। ਅਜਿਹੇ ਔਖੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜਿਹੀਆਂ ਕ੍ਰਾਂਤੀਕਾਰੀ ਦੈਵੀ-ਰੂਹਾਂ ਨੇ ਆਪਣੀ ਬਾਣੀ ਨਾਲ ਅੰਧ-ਵਿਸ਼ਵਾਸਾਂ ਅਤੇ ਕੋਝੀਆਂ ਮਾਨਤਾਵਾਂ ਨੂੰ ਜੜ੍ਹੋਂ ਉਖਾੜਨ 'ਚ ਆਪਣਾ ਭਰਵਾਂ ਯੋਗਦਾਨ ਪਾਇਆ।

19ਵੀਂ ਸਦੀ ਵਿਚ 1857 ਦੀ ਕ੍ਰਾਂਤੀ ਤੋਂ ਬਾਅਦ ਭਾਰਤ ਵਿਚ ਇਕ ਵਾਰ ਫਿਰ ਪੁਨਰ-ਜਾਗਰਨ ਦੀ ਲਹਿਰ ਚੱਲੀ। ਮੱਧਕਾਲੀਨ ਭਾਰਤ ਵਾਂਗ ਇਸ ਸਮੇਂ ਦੌਰਾਨ ਇਕ ਪਾਸੇ ਜਾਤ-ਪਾਤ, ਊਚ-ਨੀਚ, ਬਾਲ ਵਿਆਹ, ਵਿਧਵਾਵਾਂ ਦੀ ਦੁਰਦਸ਼ਾ ਅਤੇ ਦਹੇਜ ਵਰਗੀਆਂ ਸਮਾਜਿਕ ਬੁਰਾਈਆਂ ਸਾਰੇ ਦੇਸ਼ ਨੂੰ ਕਮਜ਼ੋਰ ਕਰ ਰਹੀਆਂ ਸਨ; ਦੂਜੇ ਪਾਸੇ ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਹੇਠਾਂ ਭਾਰਤਵਾਸੀ ਆਪਣੇ ਗੌਰਵਸ਼ਾਲੀ ਇਤਿਹਾਸ ਨੂੰ ਭੁੱਲ ਕੇ ਹੀਣ-ਭਾਵਨਾ ਨਾਲ ਪੀੜਤ ਸਨ। ਸੰਕਟ ਦੇ ਅਜਿਹੇ ਸਮੇਂ ਵਿਚ ਰਾਜਾ ਰਾਮ ਮੋਹਨ ਰਾਏ, ਸਵਾਮੀ ਦਯਾਨੰਦ, ਸਵਾਮੀ ਵਿਵੇਕਾਨੰਦ, ਰਾਬਿੰਦਰਨਾਥ ਟੈਗੋਰ, ਅਰਬਿੰਦੋ ਘੋਸ਼, ਬੰਕਿਮ ਚੰਦਰ ਚੈਟਰਜੀ ਅਤੇ ਸੁਬਰਾਮਨੀਅਮ ਭਾਰਤੀ ਵਰਗੇ ਬੇਹੱਦ ਜ਼ਹੀਨ ਬੁੱਧੀਜੀਵੀਆਂ ਦੇ ਸਾਹਿਤ ਅਤੇ ਵਿਚਾਰਾਂ ਨੇ ਨਿਪੁੰਨ ਚਿਕਿਤਸਕਾਂ ਅਤੇ ਸਰਜਨਾਂ ਵਾਲੀ ਭੂਮਿਕਾ ਨਿਭਾਈ। ਮੁਨਸ਼ੀ ਪ੍ਰੇਮ ਚੰਦ ਅਤੇ ਸ਼ਰਤ ਚੰਦਰ ਵਰਗੇ ਨਾਵਲਕਾਰਾਂ ਨੇ ਭਾਰਤੀ ਸਮਾਜ ਨਾਲ ਚੰਬੜੀਆਂ ਬਿਮਾਰੀਆਂ ਵੱਲ ਲੋਕਾਂ ਦਾ ਧਿਆਨ ਕੇਂਦਰਿਤ ਕੀਤਾ ਅਤੇ ਉਨ੍ਹਾਂ ਦੇ ਖ਼ਾਤਮੇ ਲਈ ਲੋਕਾਂ ਨੂੰ ਮਾਨਸਿਕ ਰੂਪ ਵਿਚ ਤਿਆਰ ਕੀਤਾ।

ਸਮਾਜ ਵਿਚ ਕੋਈ ਵੱਡੀ ਤਬਦੀਲੀ ਸੁਤੇ-ਸਿੱਧ ਹੀ ਨਹੀਂ ਆਉਂਦੀ, ਇਹ ਇਤਿਹਾਸਕ ਕਾਰਨਾਂ ਕਰ ਕੇ ਆਉਂਦੀ ਹੈ ਜਿਨ੍ਹਾਂ ਨੂੰ ਲੋਕਾਂ ਦਾ ਸੰਘਰਸ਼ ਪੈਦਾ ਕਰਦਾ ਹੈ ਪਰ ਹਰ ਸੰਘਰਸ਼ ਦੇ ਪਿੱਛੇ ਕੋਈ ਸ਼ਕਤੀਸ਼ਾਲੀ ਵਿਚਾਰਧਾਰਾ ਜ਼ਰੂਰ ਹੁੰਦੀ ਹੈ ਜੋ ਉਸ ਲਈ ਲੋੜੀਂਦੀ ਭਾਵ-ਭੂਮੀ ਤਿਆਰ ਕਰਦੀ ਹੈ। ਪਹਿਲਾਂ ਲੋਕਾਂ ਦੇ ਜ਼ਿਹਨ ਵਿਚ ਲਿਖਤਾਂ ਰਾਹੀਂ ਇਨਕਲਾਬ ਦੇ ਬੀਜ ਬੋਏ ਜਾਂਦੇ ਹਨ। ਇਸ ਤਰ੍ਹਾਂ ਸਾਹਿਤ ਕਿਸੇ ਵੱਡੀ ਸਮਾਜਿਕ ਤਬਦੀਲੀ ਦਾ ਜਾਂ ਇਨਕਲਾਬ ਦਾ ਆਧਾਰ ਬਣਦਾ ਹੈ। ਫ਼ਰਾਂਸ ਵਿਚ ਮਹਾਨ ਕ੍ਰਾਂਤੀ (1789) ਰੂਸੋ, ਮੋਂਟਸਕਿਊ ਅਤੇ ਵਾਲਟੇਅਰ ਵਰਗੇ ਮਹਾਨ ਲੇਖਕਾਂ ਤੇ ਵਿਚਾਰਕਾਂ ਦੇ ਵਿਚਾਰਾਂ ਕਰ ਕੇ ਆਈ। ਰੂਸੋ ਨੇ ਆਪਣੇ



ਦੇਸ਼ਵਾਸੀਆਂ ਨੂੰ ਹੀ ਨਹੀਂ, ਸਾਰੀ ਦੁਨੀਆ ਨੂੰ ਆਜ਼ਾਦੀ, ਬਰਾਬਰੀ, ਭਾਈਚਾਰੇ ਵਰਗੇ ਮੂਲ ਸਿਧਾਂਤਾਂ 'ਤੇ ਪਹਿਰੇ ਲਈ ਪ੍ਰੇਰਿਆ। ਰੂਸੋ ਦੀ ਇਹ ਧਾਰਨਾ ਪਰਜਾਤੰਤਰ ਪ੍ਰਣਾਲੀ ਦਾ ਆਧਾਰ ਬਣੀ।

ਫ਼ਰਾਂਸ ਦੀ ਕ੍ਰਾਂਤੀ ਵਾਂਗ ਰੂਸ ਦੀ ਕ੍ਰਾਂਤੀ ਪਿੱਛੇ ਵੀ ਮਾਰਕਸ ਦੀ ਜ਼ੋਰਦਾਰ ਵਿਚਾਰਧਾਰਾ ਸੀ- 'ਇਤਿਹਾਸਕ ਦਵੰਦਾਤਮਕ ਪਦਾਰਥਵਾਦ' ਦੀ ਵਿਚਾਰਧਾਰਾ। ਉਸ ਦੇ ਇਕ ਨਾਅਰੇ ਨੇ ਹੀ ਮਿਹਨਤਕਸ਼ ਮਜ਼ਦੂਰਾਂ ਨੂੰ ਇਕ ਝੰਡੇ ਹੇਠਾਂ ਇਕੱਤਰ ਕਰ ਦਿੱਤਾ- "ਦੁਨੀਆ ਭਰ ਦੇ ਮਿਹਨਤਕਸ਼ ਕਾਮਿਓ, ਇਕ ਹੋ ਜਾਵੋ। ਤੁਹਾਡੇ ਕੋਲ ਆਪਣੀਆਂ ਬੇੜੀਆਂ ਤੋਂ ਇਲਾਵਾ ਹੋਰ ਕੁਝ ਵੀ ਗਵਾਉਣ ਲਈ ਨਹੀਂ ਹੈ।"

ਨਾਵਲ ਜ਼ਿੰਦਗੀ ਦੀ ਰੌਸ਼ਨ ਕਿਤਾਬ ਹੈ ਜਿਸ ਨੂੰ ਮਹਾਨ ਫ਼ਿਲਾਸਫ਼ਰ ਹੀਗਲ ਨੇ ਆਧੁਨਿਕ ਯੁੱਗ ਦਾ 'ਮਹਾਂਕਾਵਿ' ਕਹਿ ਕੇ ਵਡਿਆਇਆ ਹੈ। ਸਾਹਿਤ ਦੀ ਸਭ ਤੋਂ ਵੱਧ ਮਕਬੂਲ ਇਸ ਵਿਧਾ ਵਿਚ ਲਿਖੇ ਕੁਝ ਨਾਵਲ ਅਜਿਹੇ ਵੀ ਹਨ ਜਿਨ੍ਹਾਂ ਨੇ ਆਪਣੇ ਸਮਾਜ ਦੀ ਮਾਨਸਿਕਤਾ ਵਿਚ ਇਨਕਲਾਬੀ ਪਰਿਵਰਤਨ ਪੈਦਾ ਕੀਤੇ ਅਤੇ ਸਮੇਂ ਦੀਆਂ ਸਰਕਾਰਾਂ ਨੂੰ ਲੋਕ-ਹਿੱਤ ਵਿਚ ਨਵੇਂ ਕਾਨੂੰਨ ਪਾਸ ਕਰਨ ਲਈ ਵੀ ਮਜਬੂਰ ਕੀਤਾ।

ਫ਼ਰਾਂਸ ਦੇ ਮਹਾਨ ਲੇਖਕ ਵਿਕਟਰ ਹਿਊਗੋ ਦੇ ਨਾਵਲ 'ਲੇ ਮਿਜ਼ਰੇਬਲ' (1862) ਦੇ ਪ੍ਰਭਾਵ ਹੇਠਾਂ ਫ਼ਰਾਂਸ ਵਿਚ ਹੀ ਨਹੀਂ ਸਗੋਂ ਦੁਨੀਆ ਦੇ ਹੋਰ ਵੀ ਕਿੰਨੇ ਹੀ ਮੁਲਕਾਂ ਵਿਚ ਜੇਲ੍ਹਾਂ ਵਿਚ ਸੁਧਾਰ ਹੋਏ। ਜੇਲ੍ਹਾਂ ਨੂੰ 'ਸੁਧਾਰ ਘਰ' ਕਿਹਾ ਜਾਣ ਲੱਗਾ। ਲੇਖਕ ਨੇ ਨਾਵਲ ਦੇ ਆਰੰਭ ਵਿਚ ਹੀ ਆਪਣੀ ਰਚਨਾ ਦੀ ਸਰਬ-ਵਿਆਪੀ ਮਹੱਤਤਾ ਬਾਰੇ ਲਿਖਿਆ ਹੈ: ਮੇਰਾ ਇਹ ਨਾਵਲ ਕਿਸੇ ਇਕ ਦੇਸ਼ ਲਈ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਲਈ ਹੈ। ਸਮਾਜਿਕ ਬੁਰਾਈਆਂ ਭੂਗੋਲਿਕ ਸੀਮਾਵਾਂ ਵਿਚ ਕੈਦ ਨਹੀਂ ਹੁੰਦੀਆਂ। ਮਨੁੱਖਤਾ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਨ ਹਰ ਥਾਂ ਮੌਜੂਦ ਹੁੰਦੇ ਹਨ। ਜਿਥੇ ਕਿਤੇ ਵੀ ਆਦਮੀ ਅਗਿਆਨਤਾ ਦੇ ਹਨੇਰੇ 'ਚ ਭਟਕ ਰਿਹਾ ਹੈ, ਜਿਥੇ ਕਿਤੇ ਵੀ ਔਰਤਾਂ ਰੋਟੀ ਦੇ ਇਕ ਟੁਕੜੇ ਲਈ ਆਪਣੀ ਇੱਜ਼ਤ ਦਾ ਸੌਦਾ ਕਰਨ ਲਈ ਤਿਆਰ ਹਨ, ਜਿਥੇ ਕਿਤੇ ਵੀ ਕਿਸੇ ਬੱਚੇ ਦੇ ਹੱਥ ਵਿਚ ਕਿਤਾਬ ਨਹੀਂ ਹੈ, ਜਿਥੇ ਕਿਤੇ ਵੀ ਕਿਸੇ ਬਜ਼ੁਰਗ ਕੋਲ ਹੱਥ ਸੇਕਣ ਲਈ ਅੰਗੀਠੀ ਨਹੀਂ ਹੈ, ਉਥੇ ਲਾ ਮਿਜ਼ਰੇਬਲ ਤੁਹਾਡੇ ਬੂਹੇ 'ਤੇ ਦਸਤਕ ਦਿੰਦਾ ਹੈ ਤੇ ਕਹਿੰਦਾ ਹੈ, "ਦਰਵਾਜ਼ਾ ਖੋਲ੍ਹੋ, ਮੈਂ ਤੁਹਾਡੀ ਸਹਾਇਤਾ ਲਈ ਹਾਜ਼ਰ ਹਾਂ।"

ਇੰਗਲੈਂਡ ਦੇ ਪ੍ਰਸਿੱਧ ਨਾਵਲਕਾਰ ਚਾਰਲਸ ਡਿਕਨਜ਼ (1812-1870) ਨੇ ਆਪਣੇ ਨਾਵਲਾਂ ਵਿਚ ਇੰਗਲੈਂਡ ਦੀਆਂ ਸਮਾਜਿਕ, ਆਰਥਿਕ ਅਤੇ ਨੈਤਿਕ ਬੁਰਾਈਆਂ ਦੀ ਖੁੱਲ੍ਹ ਕੇ ਆਲੋਚਨਾ ਕੀਤੀ। ਉਸ ਨੇ ਆਪਣੇ ਨਾਵਲਾਂ 'ਡੇਵਿਡ ਕੌਪਰਫ਼ੀਲਡ' ਅਤੇ 'ਓਲੀਵਰ ਟਵਿਸਟ' ਰਾਹੀਂ ਬਾਲ ਮਜ਼ਦੂਰੀ ਖ਼ਿਲਾਫ਼ ਜ਼ਬਰਦਸਤ ਜਨ-ਮਤ ਤਿਆਰ ਕੀਤਾ ਤੇ ਉਸ ਸਮੇਂ ਦੀ ਸਰਕਾਰ ਨੂੰ ਐਕਟ ਪਾਸ ਕਰ ਕੇ ਬਾਲ ਮਜ਼ਦੂਰੀ 'ਤੇ ਪਾਬੰਦੀ ਲਾਉਣੀ ਪਈ। ਡਿਕਨਜ਼ ਨੂੰ ਇੰਗਲੈਂਡ ਦੀ ਪਾਰਲੀਮੈਂਟ ਦਾ 'ਤੀਜਾ ਹਾਊਸ' ਕਿਹਾ ਜਾਂਦਾ ਸੀ। ਉਸ ਦੇ ਨਾਵਲਾਂ ਦੇ ਪ੍ਰਭਾਵ ਹੇਠ ਬ੍ਰਿਟਿਸ਼ ਪਾਰਲੀਮੈਂਟ ਨੂੰ ਚੌਦਾਂ ਨਵੇਂ ਕਾਨੂੰਨ ਬਣਾਉਣੇ ਪਏ ਜਿਨ੍ਹਾਂ ਵਿਚ ਡੈਬਟਰਜ਼ ਐਕਟ-1869 ਫੈਕਟਰੀ ਮਜ਼ਦੂਰਾਂ ਲਈ ਘਰ, ਪੈਨਸ਼ਨ ਤੇ ਸਿਹਤ ਸੇਵਾਵਾਂ ਦੀ ਗਾਰੰਟੀ ਐਕਟ ਅਤੇ ਬੇਸਹਾਰਾ ਔਰਤਾਂ ਲਈ ਰੁਜ਼ਗਾਰ ਤੇ ਪੈਨਸ਼ਨ ਦੀ ਵਿਵਸਥਾ ਸਬੰਧੀ ਕਾਨੂੰਨ ਸ਼ਾਮਲ ਹਨ।

ਅਮਰੀਕਾ ਦੀ ਲੇਖਕਾ ਹੈਰੀਅਟ ਬੀਚਰ ਸਟੋ (1811-1896) ਰੰਗ-ਭੇਦ ਅਤੇ ਗ਼ੁਲਾਮੀ ਦੀ ਪ੍ਰਥਾ ਦੀ ਕੱਟੜ ਵਿਰੋਧੀ ਸੀ। ਉਸ ਨਾਲੋਂ ਉਸ ਦਾ ਲਿਖਿਆ ਨਾਵਲ 'ਅੰਕਲ ਟਾਮ'ਸ ਕੈਬਿਨ' ਜ਼ਿਆਦਾ ਪ੍ਰਸਿੱਧ ਹੋਇਆ ਹੈ। ਉਸ ਨੇ ਆਪਣੇ ਇਸ ਨਾਵਲ ਰਾਹੀਂ ਗ਼ੁਲਾਮੀ ਦੀ ਪ੍ਰਥਾ ਵਿਰੁੱਧ ਜ਼ੋਰਦਾਰ ਲੋਕ ਲਹਿਰ ਪੈਦਾ ਕੀਤੀ ਜੋ ਆਖ਼ਰਕਾਰ ਉੱਤਰੀ ਅਤੇ ਦੱਖਣੀ ਅਮਰੀਕਾ ਵਿਚਕਾਰ ਹੋਈ ਘਰੇਲੂ ਲੜਾਈ ਦੀ ਪ੍ਰੇਰਕ ਬਣੀ। ਦੱਖਣੀ ਅਮਰੀਕਾ ਵਿਚ ਗ਼ੁਲਾਮੀ ਦੀ ਪ੍ਰਥਾ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਸੀ ਤੇ ਕਾਲੇ ਗ਼ੁਲਾਮਾਂ ਨੂੰ ਮੰਡੀਆਂ ਵਿਚ ਭੇਡਾਂ-ਬੱਕਰੀਆਂ ਵਾਂਗ ਵੇਚਿਆ ਤੇ ਖ਼ਰੀਦਿਆ ਜਾਂਦਾ ਸੀ। ਦੱਖਣੀ ਅਮਰੀਕਾ 'ਚੋਂ ਇਸ ਪ੍ਰਥਾ ਨੂੰ ਖ਼ਤਮ ਕਰਨ ਲਈ ਅਬਰਾਹਮ ਲਿੰਕਨ ਦੀ ਅਗਵਾਈ ਹੇਠ ਖਾਨਾਜੰਗੀ (ਸਿਵਲ ਵਾਰ) 1862 ਵਿਚ ਸ਼ੁਰੂ ਹੋਈ ਜੋ 1865 ਤਕ ਚੱਲੀ। ਇਸ ਘਰੇਲੂ ਯੁੱਧ ਤੋਂ ਬਾਅਦ ਉੱਤਰੀ ਤੇ ਦੱਖਣੀ ਅਮਰੀਕਾ ਦੇ ਮਿਲਾਪ ਨਾਲ ਯੂਨਾਇਟਡ ਸਟੇਟਸ ਆਫ ਅਮਰੀਕਾ (ਯੂ.ਐੱਸ.ਏ.) ਹੋਂਦ ਵਿਚ ਆਇਆ। ਲਿੰਕਨ ਨੂੰ ਗ਼ੁਲਾਮਾਂ ਦੇ ਮੁਕਤੀਦਾਤਾ ਵਜੋਂ ਸਤਿਕਾਰਿਆ ਜਾਣ ਲੱਗਾ। ਇਕ ਵਾਰ ਜਦੋਂ ਹੈਰੀਅਟ ਬੀਚਰ ਸਟੋ ਰਾਸ਼ਟਰਪਤੀ ਲਿੰਕਨ ਨੂੰ ਮਿਲੀ ਤਾਂ ਉਸ ਨੇ ਕਿਹਾ, "ਤਾਂ ਤੁਸੀਂ ਓਹੀ ਲੇਖਕਾ ਹੋ ਜਿਸ ਨੇ ਸਿਵਲ ਵਾਰ ਸ਼ੁਰੂ ਕਰਵਾਈ।"




***ਜੰਗ ਬਹਾਦਰ ਗੋਇਲ ਦੀ ਕਿਤਾਬ 'ਸਾਹਿਤ ਸੰਜੀਵਨੀ' ਦਾ ਮੁਖੜਾ ਜਿਸ ਵਿਚੋਂ ਇਹ ਲੇਖ ਲਿਆ ਗਿਆ ਹੈ।***

ਰੂਸ ਵਿਚ 1905 ਦਾ ਇਨਕਲਾਬ ਅਸਫਲ ਹੋ ਜਾਣ ਤੋਂ ਬਾਅਦ ਮੈਕਸਿਮ ਗੋਰਕੀ (1868-1936) ਦੇ ਨਾਵਲ 'ਮਾਂ' (1906) ਨੇ ਲੋਕ ਸੰਘਰਸ਼ ਦੇ ਬੁਝਦੇ ਦੀਵੇ ਵਿਚ ਹੋਰ ਤੇਲ ਪਾਇਆ ਅਤੇ ਇਸ ਨੂੰ ਨਵੀਂ ਊਰਜਾ ਦਿੱਤੀ। ਇਸ ਨਾਵਲ ਬਾਰੇ ਮਹਾਨ ਲੈਨਿਨ ਨੇ ਕਿਹਾ ਸੀ, "ਇਹ ਕਿਤਾਬ ਉਦੋਂ ਆਈ ਹੈ ਜਦੋਂ ਇਸ ਦੀ ਬੜੀ ਲੋੜ ਸੀ।"

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਰੂਸ ਵਿਚ ਗੋਰਕੀ ਦਾ ਨਾਵਲ ਸਾਮਰਾਜੀ ਤਾਕਤਾਂ ਦੇ ਕਫ਼ਨ ਵਿਚ ਆਖ਼ਰੀ ਕਿੱਲ ਸਿੱਧ ਹੋਇਆ। ਮਾਰਕਸ ਦੇ 'ਮੈਨੀਫੈਸਟੋ' ਨੇ ਜਿਸ 'ਵਰਗ ਸੰਘਰਸ਼' ਨੂੰ ਜਨਮ ਦਿੱਤਾ ਸੀ, ਉਸ ਸੋਚ ਨੂੰ ਹੋਰ ਪੁਖ਼ਤਾ ਕਰਨ ਵਿਚ ਗੋਰਕੀ ਦੇ ਨਾਵਲ ਨੇ ਅਹਿਮ ਭੂਮਿਕਾ ਨਿਭਾਈ।

ਅਮਰੀਕਾ ਦੇ ਲੇਖਕ ਅਪਟਰੌਨ ਸਿੰਕਲੇਅਰ (1878-1968) ਦਾ ਨਾਵਲ 'ਦਿ ਜੰਗਲ' ਵੀ 1906 ਵਿਚ ਹੀ ਪ੍ਰਕਾਸ਼ਿਤ ਹੋਇਆ ਸੀ। ਇਸ ਨਾਵਲ ਨੇ ਅਮਰੀਕਾ ਵਿਚ ਸਰਜਨ ਵਾਲੀ ਭੂਮਿਕਾ ਅਦਾ ਕੀਤੀ। ਸਿੰਕਲੇਅਰ ਸਮਾਜਵਾਦੀ ਵਿਚਾਰਧਾਰਾ ਦਾ ਪ੍ਰਗਤੀਸ਼ੀਲ ਲੇਖਕ ਸੀ ਅਤੇ ਪੂੰਜੀਵਾਦੀ ਵਿਵਸਥਾ ਦਾ ਕੱਟੜ ਵਿਰੋਧੀ ਸੀ। ਉਸ ਨੇ ਆਪਣੇ ਨਾਵਲ 'ਦਿ ਜੰਗਲ' ਵਿਚ ਮੀਟ ਫੈਕਟਰੀ ਵਿਚ ਕੰਮ ਕਰਨ ਵਾਲੇ ਪਰਵਾਸੀ ਮਜ਼ਦੂਰਾਂ ਦੀ ਤਰਸਯੋਗ ਹਾਲਤ ਦਾ ਵਰਣਨ ਕੀਤਾ ਅਤੇ ਸਰਮਾਏਦਾਰਾਂ ਦੀ ਮੁਨਾਫ਼ਾਖ਼ੋਰ ਪ੍ਰਵਿਰਤੀ ਨੂੰ ਨੰਗਾ ਕੀਤਾ। ਜਦੋਂ ਇਹ ਨਾਵਲ ਪਾਠਕਾਂ ਦੇ ਹੱਥਾਂ 'ਚ ਗਿਆ ਤਾਂ ਉਹ ਪੜ੍ਹ ਕੇ ਹੈਰਾਨ ਹੋਏ ਕਿ ਕਿੰਨੇ ਭੈੜੇ ਤੇ ਭੱਦੇ ਢੰਗ ਨਾਲ ਮੀਟ ਦੀ ਪੈਕਿੰਗ ਕੀਤੀ ਜਾਂਦੀ ਹੈ। ਫੈਕਟਰੀਆਂ ਦੀ ਗੰਦਗੀ ਦਾ ਵਰਣਨ ਪੜ੍ਹ ਕੇ ਉਨ੍ਹਾਂ ਦੇ ਮਨ ਵਿਚ ਮੀਟ ਖਾਣ ਲਈ ਨਫ਼ਰਤ ਪੈਦਾ ਹੋ ਗਈ। ਲੋਕਾਂ ਨੇ ਡੱਬਾ-ਬੰਦ ਮੀਟ ਵਿਰੁੱਧ ਮੁਹਿੰਮ ਛੇੜ ਦਿੱਤੀ। ਥਾਂ-ਥਾਂ ਮੁਜ਼ਾਹਰੇ ਹੋਣ ਲੱਗੇ ਅਤੇ ਵਧ ਰਹੇ ਦਬਾਅ ਹੇਠਾਂ ਕਈ ਮੀਟ ਫੈਕਟਰੀਆਂ ਨੂੰ ਤਾਲੇ ਲੱਗ ਗਏ। ਆਖ਼ਰਕਾਰ ਅਮਰੀਕਾ ਦੀ ਸਰਕਾਰ ਨੂੰ ਪਿਓਰ ਫੂਡ ਐਂਡ ਡਰੱਗ ਐਕਟ-1906 ਅਤੇ ਫੈਡਰਲ ਮੀਟ ਇੰਸਪੈਕਸ਼ਨ ਐਕਟ-1906 ਪਾਸ ਕਰਨਾ ਪਿਆ।

ਅਮਰੀਕਾ ਵਿਚ ਹੀ ਤਿੰਨ ਦਹਾਕਿਆਂ ਬਾਅਦ ਇਕ ਵਾਰ ਫਿਰ ਇਕ ਨਾਵਲ ਨੇ ਪਾਠਕਾਂ ਦੀ ਜ਼ਮੀਰ ਨੂੰ ਬੜੀ ਸ਼ਿੱਦਤ ਨਾਲ ਟੁੰਬਿਆ। ਇਹ ਨਾਵਲ ਸੀ ਜਾਨ ਸਟੈਨਬੈਕ ਦਾ 'ਦਿ ਗਰੇਪਸ ਆਫ ਰੈਥ' (1939)। ਜਦੋਂ ਇਹ ਨਾਵਲ ਛਪਿਆ, ਅਮਰੀਕਾ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ। ਉਸ ਸਮੇਂ ਨੂੰ ਅਮਰੀਕਾ ਦੇ ਇਤਿਹਾਸ ਵਿਚ 'ਗ੍ਰੇਟ ਡਿਪਰੈਸ਼ਨ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਉਸ ਸਮੇਂ ਕਿਸਾਨਾਂ ਨੂੰ ਕੋਈ ਹੋਰ ਕੰਮ ਨਹੀਂ ਸੀ ਮਿਲ ਰਿਹਾ। ਇਸ ਲਈ ਉਹ ਮਜਬੂਰੀ ਦੀ ਹਾਲਤ ਵਿਚ ਕੈਲੀਫੋਰਨੀਆ ਦੇ ਫਲਾਂ ਦੇ ਬਾਗ਼ਾਂ ਵਿਚ ਮਜ਼ਦੂਰੀ ਕਰਨ ਲੱਗ ਪਏ ਸਨ। ਇਸ ਨਾਵਲ ਵਿਚ ਉਜੜੇ ਕਿਸਾਨਾਂ ਦੀ ਦੁਰਦਸ਼ਾ ਦਾ ਬਿਰਤਾਂਤ ਪੜ੍ਹ ਕੇ ਅਮਰੀਕਾ ਦੇ ਲੋਕਾਂ ਵਿਚ ਭਾਰੀ ਬੇਚੈਨੀ ਫੈਲ ਗਈ। ਉਹ ਆਪਣਾ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਮੁਜ਼ਾਹਰੇ ਕਰਨ ਲੱਗੇ। ਉਸ ਸਮੇਂ ਦੇ ਅਮਰੀਕਾ ਦੇ ਰਾਸ਼ਟਰਪਤੀ ਰੂਜ਼ਵੈਲਟ ਨੇ ਖ਼ੁਦ ਜਦੋਂ ਨਾਵਲ ਪੜ੍ਹਿਆ ਤਾਂ ਉਹ ਬਹੁਤ ਚਿੰਤਤ ਹੋਇਆ। ਉਸ ਨੇ ਆਪਣੀ ਪਤਨੀ ਲੇਡੀ ਏਲੀਆਨੌਰ ਰੂਜ਼ਵੈਲਟ ਨੂੰ ਬਾਗ਼ ਮਜ਼ਦੂਰਾਂ ਦੀ ਮੰਦਹਾਲੀ ਦੀ ਸਹੀ ਹਕੀਕਤ ਦੇਖਣ ਲਈ ਕੈਲੀਫੋਰਨੀਆ ਭੇਜਿਆ। ਉਹਨੇ ਜਿਹੜੀ ਰਿਪੋਰਟ ਤਿਆਰ ਕੀਤੀ, ਉਸ ਵਿਚ ਦੱਸਿਆ ਕਿ ਨਾਵਲ ਵਿਚ ਮਜ਼ਦੂਰਾਂ ਦੀ ਜੋ ਦੁਰਦਸ਼ਾ ਦਿਖਾਈ ਗਈ ਹੈ, ਉਸ ਨਾਲੋਂ ਯਥਾਰਥਕ ਹਾਲਤ ਤਾਂ ਕਈ ਗੁਣਾ ਜ਼ਿਆਦਾ ਮਾੜੀ ਹੈ ਤੇ ਜੇ ਇਸ ਪਾਸੇ ਫੌਰੀ ਧਿਆਨ ਨਾ ਦਿੱਤਾ ਗਿਆ ਤਾਂ ਅਮਰੀਕਾ ਤਬਾਹ ਹੋ ਜਾਵੇਗਾ। ਇਸ ਰਿਪੋਰਟ ਦਾ ਪ੍ਰਭਾਵ ਇਹ ਹੋਇਆ ਕਿ ਰੂਜ਼ਵੈਲਟ ਨੇ ਤੁਰੰਤ ਰਾਸ਼ਟਰੀ ਕਮਿਸ਼ਨ ਦਾ ਗਠਨ ਕੀਤਾ ਤੇ ਉਸ ਦੀਆਂ ਸਿਫ਼ਾਰਸ਼ਾਂ 'ਤੇ ਇਕਦਮ ਅਮਲ ਕਰ ਕੇ ਅਸਰਦਾਰ ਕਾਨੂੰਨ ਬਣਾਇਆ ਜਿਸ ਰਾਹੀਂ ਬਾਗ਼ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕੀਤੀ ਗਈ।

ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿਚ ਅਮਰੀਕਾ ਦੀ ਰਾਸ਼ਟਰੀ ਸੰਸਦ 'ਕਾਂਗਰਸ' ਦੀ ਲਾਇਬ੍ਰੇਰੀ ਵੱਲੋਂ ਇਹ ਜਾਣਨ ਲਈ ਸਰਵੇਖਣ ਕਰਵਾਇਆ ਗਿਆ ਕਿ ਅਜਿਹੀਆਂ ਕਿਹੜੀਆਂ ਪੁਸਤਕਾਂ ਹਨ ਜਿਨ੍ਹਾਂ ਦਾ ਅਮਰੀਕਾ ਦੇ ਲੋਕਾਂ ਦੀ ਮਾਨਸਿਕਤਾ 'ਤੇ ਸਭ ਤੋਂ ਵੱਧ ਅਸਰ ਪਿਆ ਹੈ। ਇਸ ਸਰਵੇਖਣ ਅਨੁਸਾਰ ਹਾਰਪਰ ਲੀ (1926-2016) ਦੇ 1960 ਵਿਚ ਛਪੇ ਨਾਵਲ 'ਟੂ ਕਿੱਲ ਏ ਮੌਕਿੰਗ ਬਰਡ' ਬਾਰੇ ਇਹ ਤੱਥ ਸਾਹਮਣੇ ਆਇਆ ਕਿ ਬਾਈਬਲ ਤੋਂ ਬਾਅਦ ਇਹ ਦੂਜੀ ਅਜਿਹੀ ਪੁਸਤਕ ਹੈ ਜਿਸ ਨੇ ਅਮਰੀਕਾ ਵਾਸੀਆਂ ਦੀ ਮਾਨਸਿਕਤਾ ਵਿਚ ਮੂਲ ਪਰਿਵਰਤਨ ਪੈਦਾ ਕੀਤਾ। ਇਹ ਨਾਵਲ ਨਸਲੀ ਵਿਤਕਰੇ ਦੀਆਂ ਸੌੜੀਆਂ ਧਾਰਨਾਵਾਂ ਤੋਂ ਮੁਕਤ ਹੋ ਕੇ ਹਰ ਇਨਸਾਨ ਨੂੰ ਇਨਸਾਨ ਦੇ ਤੌਰ 'ਤੇ ਦੇਖਣ ਲਈ ਪ੍ਰੇਰਦਾ ਹੈ। ਇਸ ਨਾਵਲ ਦਾ ਨਾਇਕ ਐਟੀਕਸ ਫਿੰਚ ਦਾ ਕਿਰਦਾਰ ਹਰ ਅਮਰੀਕਾ ਵਾਸੀ ਲਈ ਆਦਰਸ਼ ਬਣ ਗਿਆ। ਚਾਰ ਸਦੀਆਂ ਤੋਂ ਨਸਲੀ ਵਿਤਕਰੇ ਦੀ ਦੁਰਭਾਵਨਾ ਤੋਂ ਪੀੜਤ ਅਮਰੀਕਾ ਵਾਸੀਆਂ ਦੀ ਸੋਚ ਨੂੰ ਇਸ ਨਾਵਲ ਨੇ ਇਸ ਕਦਰ ਬਦਲਿਆ ਕਿ ਉਨ੍ਹਾਂ ਨੇ ਅਫਰੀਕਨ-ਅਮਰੀਕਨ ਨਸਲ ਦੇ ਬਰਾਕ ਹੁਸੈਨ ਓਬਾਮਾ ਨੂੰ ਦੋ ਵਾਰ ਰਾਸ਼ਟਰਪਤੀ ਚੁਣ ਕੇ ਨਵੇਂ ਇਤਿਹਾਸ ਦੀ ਰਚਨਾ ਕੀਤੀ।

ਇਹ ਨਾਵਲ ਸਿਰਫ਼ ਅਮਰੀਕਾ ਦੇ ਪ੍ਰਸੰਗ ਵਿਚ ਹੀ ਨਹੀਂ, ਸਾਰੀ ਦੁਨੀਆ ਲਈ ਪ੍ਰਸੰਗਿਕ ਹੈ ਕਿਉਂਕਿ ਹਰ ਦੇਸ਼ ਵਿਚ ਹੀ ਸਮਾਜਿਕ ਅਤੇ ਆਰਥਿਕ ਤੌਰ 'ਤੇ ਲਿਤਾੜੇ ਹੋਏ ਸਮਾਜ ਦਾ ਵੱਡਾ ਹਿੱਸਾ ਮੌਜੂਦ ਹੈ ਜੋ ਆਪਣੇ ਮੁੱਢਲੇ ਅਧਿਕਾਰਾਂ ਦੀ ਪ੍ਰਾਪਤੀ ਲਈ ਅਜੇ ਵੀ ਸੰਘਰਸ਼ਸ਼ੀਲ ਹੈ।

ਸਾਹਿਤਕ ਕ੍ਰਿਤੀਆਂ ਜਿਸ ਤਰ੍ਹਾਂ ਮਨੁੱਖੀ ਮਨ ਦੇ ਵਿਕਾਰਾਂ ਨੂੰ ਦੂਰ ਕਰ ਕੇ ਉਸ ਨੂੰ ਸਿਹਤਮੰਦ, ਉਸਾਰੂ ਅਤੇ ਸੰਤੁਲਿਤ ਦ੍ਰਿਸ਼ਟੀ ਪ੍ਰਦਾਨ ਕਰਦੀਆਂ ਹਨ, ਉਸ ਦੇ ਪਰੇਸ਼ਾਨਕੁਨ ਮਨੋਭਾਵਾਂ ਅਤੇ ਵਿਚਾਰਾਂ ਦਾ ਵਿਰੇਚਨ ਕਰਦੀਆਂ ਹਨ, ਉਸੇ ਤਰ੍ਹਾਂ ਸਿੱਧ ਪੁਰਸ਼ਾਂ ਦੀ ਬਾਣੀ ਅਤੇ ਚਿੰਤਕਾਂ ਦੇ ਵਿਚਾਰ ਸਮਾਜ ਨੂੰ ਖੋਖਲਾ ਕਰਨ ਵਾਲੀਆਂ ਦਾ ਵਿਚ ਅਸਰਦਾਰ ਖਰਗ ਵਾਂਗ ਬੁਰਾਈਆਂ ਦਾ ਖ਼ਾਤਮਾ ਕਰਨ ਵਿਚ ਅਸਰਦਾਰ ਥੈਰੇਪੀ ਵਾਂਗ ਸਹਾਇਕ ਸਿੱਧ ਹੁੰਦੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਹਿਤ ਸਮਾਜ ਦਾ ਚਿਕਿਤਸਕ ਹੈ। ਕਲਮ ਦੀ ਤਾਕਤ ਤਲਵਾਰ ਦੀ ਤਾਕਤ ਨਾਲੋਂ ਕਿਤੇ ਵੱਧ ਹੈ। ਤਲਵਾਰ ਸਿਰ ਕਲਮ ਕਰ ਸਕਦੀ ਹੈ ਪਰ ਸਿਰ ਦੀ ਸੋਚ ਨੂੰ ਨਹੀਂ ਬਦਲ ਸਕਦੀ। ਸੋਚ ਨੂੰ ਕੈਮਿਸਟ ਦੀ ਦੁਕਾਨ ਤੋਂ ਮਿਲਣ ਵਾਲੀ ਕਿਸੇ ਦਵਾਈ ਨਾਲ ਵੀ ਬਦਲਿਆ ਨਹੀਂ ਜਾ ਸਕਦਾ। ਸਿਰਫ਼ ਕਲਮ ਵਿਚ ਹੀ ਸੋਚ ਵਿਚ ਤਬਦੀਲੀ ਪੈਦਾ ਕਰਨ ਦੀ ਤਾਕਤ ਹੁੰਦੀ ਹੈ। ਸਮੇਂ-ਸਮੇਂ ਮਨੁੱਖੀ ਸੋਚ ਵਿਚ ਆਇਆ ਬਦਲਾਓ ਹੀ ਸੰਸਾਰ ਵਿਚ ਉਸਾਰੂ ਤਬਦੀਲੀਆਂ ਦਾ ਮੂਲ ਆਧਾਰ ਬਣਦਾ ਰਿਹਾ ਹੈ। ਮਹਾਨ ਵਿਚਾਰਕਾਂ ਅਤੇ ਲੇਖਕਾਂ ਦੀ ਦਿੱਤੀ ਨਵੀਂ ਨਰੋਈ ਸੋਚ ਕਾਰਨ ਹੀ ਮਨੁੱਖ ਨੇ ਗੁਫ਼ਾ ਤੋਂ ਪੁਲਾੜ ਤਕ ਦਾ ਸਫ਼ਰ ਤੈਅ ਕੀਤਾ ਹੈ ਤੇ ਅਨੇਕ ਕੁਦਰਤੀ ਤੇ ਗ਼ੈਰ-ਕੁਦਰਤੀ ਆਫ਼ਤਾਂ ਦਾ ਮੁਕਾਬਲਾ ਕੀਤਾ ਹੈ। ਇਹ ਸਿਲਸਿਲਾ ਯੁਗਾਂ-ਯੁਗਾਂ ਤੋਂ ਚੱਲ ਰਿਹਾ ਹੈ ਤੇ ਚੱਲਦਾ ਰਹੇਗਾ।

**ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਨਾਲ ਹੋ ਰਹੀਆਂ ਜ਼ਿਆਦਤੀਆਂ ਹੁਣ ਜੱਗ-ਜ਼ਾਹਿਰ ਹਨ। ਉਂਝ, ਹੁਣ ਇਨ੍ਹਾਂ ਜ਼ਿਆਦਤੀਆ ਖਿਲਾਫ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ ਅਤੇ ਇਹ ਆਵਾਜ਼ ਬੁਲੰਦ ਕਰਨ ਵਿਚ ਵੀ ਪੰਜਾਬੀ ਵਿਦਿਆਰਥੀ ਮੋਹਰੀ ਹਨ। ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' (ਮਾਇਸੋ) ਦੇ ਲੀਡਰ ਅਤੇ ਉਘੇ ਕਾਰਕੁਨ ਨੇ ਮਨਦੀਪ ਆਪਣੇ ਇਸ ਲੇਖ ਵਿਚ ਸਮੁੱਚੇ ਹਾਲਾਤ ਬਾਰੇ ਚਰਚਾ ਕੀਤੀ ਹੈ।**

# ਕੈਨੇਡਾ ਵਿਚ ਵਿਦਿਆਰਥੀ ਸੰਘਰਸ਼






ਭਾਰਤ ਵਿਚੋਂ ਵੱਡੀ ਗਿਣਤੀ ਵਿਚ ਵਿਦਿਆਰਥੀ ਉੱਚ ਸਿੱਖਿਆ ਲਈ ਵਿਦੇਸ਼ਾਂ ਵਿਚ ਪੜ੍ਹਨ ਜਾਂਦੇ ਹਨ। ਵਿਦੇਸ਼ਾਂ ਵਿਚ ਪੜ੍ਹਾਈ ਦੇ ਨਾਲ-ਨਾਲ ਚੰਗੇ ਰੁਜ਼ਗਾਰ ਅਤੇ ਸੁਰੱਖਿਅਤ ਜ਼ਿੰਦਗੀ ਜਿਊਣ ਦੇ ਸੁਫ਼ਨੇ ਵੀ ਜੁੜੇ ਹੁੰਦੇ ਹਨ। ਬੀਤੇ ਕੁਝ ਵਰ੍ਹਿਆਂ ਵਿਚ ਭਾਰਤ 'ਚੋਂ ਵਿਦੇਸ਼ਾਂ ਵਿਚ ਪੜ੍ਹਨ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ



ਵੱਧ ਰਹੀ ਹੈ। ਵਿਦੇਸ਼ਾਂ ਵਿਚ ਪੜ੍ਹਾਈ ਲਈ ਭੇਜਣ ਦੇ ਨਾਂ ਹੇਠ ਭਾਰਤ ਵਿਚ ਅਨੇਕ ਪ੍ਰਾਈਵੇਟ ਸੈਂਟਰ ਖੁੱਲ੍ਹੇ ਹਨ ਜਿਨ੍ਹਾਂ ਨੇ ਵਿਦਿਅਕ ਖੇਤਰ ਨੂੰ ਮੁਨਾਫ਼ਾਖੋਰ ਸਨਅਤ

**ਮਨਦੀਪ**
**ਫੋਨ: +1-438-924-2052**

ਵਿਚ ਤਬਦੀਲ ਕਰ ਦਿੱਤਾ। ਇਸ ਤਬਦੀਲੀ ਨੇ ਸਿੱਖਿਆ ਵਰਗੇ ਬੁਨਿਆਦੀ ਮਨੁੱਖੀ ਅਧਿਕਾਰ ਨੂੰ ਵਪਾਰ ਦਾ ਸਾਧਨ ਬਣਾ ਦਿੱਤਾ। ਇਸ ਦੇ ਨਾਲ ਹੀ ਇਨ੍ਹਾਂ ਵਪਾਰਕ ਅਦਾਰਿਆਂ ਨੇ ਵਿਦਿਆਰਥੀ ਮਨਾਂ ਅੰਦਰ ਸਿੱਖਿਆ ਦਾ ਮਨੋਰਥ ਗਿਆਨ ਤੇ ਹੁਨਰ ਹਾਸਲ ਕਰਨ ਦੀ ਥਾਂ ਵੀਜ਼ਾ ਅਤੇ ਪਰਵਾਸ ਕਰਨਾ ਬਣਾ ਦਿੱਤਾ। ਉਧਰ, ਵਿਕਸਤ ਪੂੰਜੀਵਾਦੀ ਮੁਲਕਾਂ ਨੇ ਆਪਣੀ ਮੰਡੀ ਅਤੇ ਉਤਪਾਦਨ ਖੇਤਰ ਵਿਚ ਨਵੀਂ ਤਕਨੀਕ ਦੇ ਮੇਚ ਦੇ ਹੁਨਰਮੰਦ ਕਾਮੇ ਹਾਸਲ ਕਰਨ ਲਈ ਪੱਛੜੇ ਮੁਲਕਾਂ ਤੋਂ ਬੌਧਿਕ ਹੂੰਝਾ ਫੇਰਨ ਲਈ ਆਪਣੀ ਸਿੱਖਿਆ ਪ੍ਰਣਾਲੀ ਨੂੰ ਇਮੀਗ੍ਰੇਸ਼ਨ ਪ੍ਰੋਗਰਾਮ ਵਜੋਂ ਵਰਤਿਆ।

1990ਵਿਆਂ ਦੀਆਂ ਨਵੀਆਂ ਆਰਥਿਕ ਨੀਤੀਆਂ ਦੇ ਦੌਰ ਤੋਂ ਲੈ ਕੇ ਹੁਣ ਤੱਕ ਭਾਰਤ ਤੋਂ ਲੱਖਾਂ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਬਹਾਨੇ ਵੱਖ-ਵੱਖ ਮੁਲਕਾਂ ਵਿਚ ਪੱਕੇ ਤੌਰ 'ਤੇ ਵਸ ਚੁੱਕੇ ਹਨ। ਪਿਛਲੇ ਤਿੰਨ ਦਹਾਕਿਆਂ ਤੋਂ ਵਿਦੇਸ਼ਾਂ ਵਿਚ ਵਸਣ ਦੇ ਇਸ ਰੁਝਾਨ ਵਿਚ ਸੂਬਾ ਪੰਜਾਬ ਸਭ ਤੋਂ ਮੋਹਰੀ ਹੈ। ਇਸ ਪਿੱਛੇ ਕਈ ਕਾਰਨ ਹਨ ਜਿਨ੍ਹਾਂ ਵਿਚੋਂ ਵੱਡਾ ਕਾਰਨ ਹੈ- ਪੰਜਾਬ ਦੇ ਹਰੇ ਇਨਕਲਾਬ ਦੇ ਮਾਡਲ ਦੀ ਆਮਦ ਅਤੇ ਇਸ ਦਾ ਫੇਲ੍ਹ ਹੋਣਾ। ਕਿਸੇ ਸਮੇਂ ਖੁਸ਼ਹਾਲੀ ਦਾ ਪ੍ਰਤੀਕ ਬਣ ਕੇ ਬਹੁੜਿਆ ਹਰੇ ਇਨਕਲਾਬ ਦਾ ਮਾਡਲ ਪੰਜਾਬ ਨੂੰ ਰਾਸ ਨਹੀਂ ਆਇਆ। ਇਸ ਨੇ ਦੋ-ਤਿੰਨ ਦਹਾਕਿਆਂ ਵਿਚ ਹੀ ਪੰਜਾਬ ਦੇ ਲੋਕਾਂ ਨੂੰ ਨਵੇਂ ਸੰਕਟਾਂ ਵੱਲ ਧੱਕ ਦਿੱਤਾ। ਪੰਜਾਬ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ, ਵਾਤਾਵਰਨ ਦੀ ਸਮੱਸਿਆ, ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ, ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਹੇਠਾਂ ਵੱਲ ਜਾਣਾ, ਨਸ਼ੇ, ਗੈਂਗਵਾਦ, ਬੇਰੁਜ਼ਗਾਰੀ, ਕਰਜ਼ੇ, ਖ਼ੁਦਕੁਸ਼ੀਆਂ ਆਦਿ ਸਮੱਸਿਆਵਾਂ ਵਿਚ ਘਿਰ ਗਿਆ। ਪੰਜਾਬ ਅੰਦਰ ਵੱਡਾ ਖੇਤੀ ਸੰਕਟ ਖੜ੍ਹਾ ਹੋ ਗਿਆ ਜਿਸ ਦੇ ਪ੍ਰਤੀਕਰਮ ਵਿਚੋਂ ਕਿਸਾਨ ਸੰਘਰਸ਼ਾਂ ਅਤੇ ਲਹਿਰਾਂ ਨੇ ਜਨਮ ਲਿਆ। ਪੰਜਾਬ ਦੇ ਚੌਤਰਫ਼ੇ ਸੰਕਟ ਦੀ ਸਭ ਤੋਂ ਵੱਧ ਮਾਰ ਪੰਜਾਬ ਦੇ ਮਜ਼ਦੂਰਾਂ ਉੱਤੇ ਪਈ ਹੈ। ਪੰਜਾਬ ਦੇ ਮਜ਼ਦੂਰ ਤੰਗੀਆਂ-ਤੁਰਸ਼ੀਆਂ ਵਿਚ ਜ਼ਿੰਦਗੀ ਜਿਊਣ ਲਈ ਮਜਬੂਰ ਹਨ ਪਰ ਪੰਜਾਬ ਦੀ ਕਿਸਾਨੀ ਦੇ ਵੱਡੇ ਹਿੱਸੇ ਨੇ ਪਹਿਲਾਂ ਹੀ ਸਮਝ ਲਿਆ ਸੀ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖੇਤੀ ਲਾਹੇਵੰਦ ਧੰਦਾ ਨਹੀਂ ਹੈ ਅਤੇ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਪੰਜਾਬ ਵਿਚ ਸੁਰੱਖਿਅਤ ਨਹੀਂ। ਪੰਜਾਬ ਦੇ ਮੱਧ ਵਰਗ (ਖ਼ਾਸਕਰ ਕਿਸਾਨ ਵਰਗ) ਨੇ ਆਪਣੀਆਂ ਜ਼ਮੀਨਾਂ, ਟਰੈਕਟਰ, ਘਰ-ਬਾਰ, ਗਹਿਣੇ ਆਦਿ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵਿਚ ਭੇਜਣ ਦਾ ਰਾਹ ਚੁਣਿਆ।

ਇਸ ਦੌੜ ਵਿਚ ਪੰਜਾਬੀਆਂ ਨੇ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਚੁੱਕੇ ਅਤੇ ਆਪਣੀਆਂ ਜਾਇਦਾਦਾਂ ਵੇਚੀਆਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੁਆਰਾ 1990 ਤੋਂ 2022 ਤੱਕ ਕੀਤੇ ਅਧਿਐਨ ਵਿਚ ਦਿਖਾਇਆ ਗਿਆ ਕਿ ਇਨ੍ਹਾਂ 32 ਸਾਲਾਂ ਵਿਚ ਪੰਜਾਬ ਦੇ ਲੋਕਾਂ ਨੇ ਵਿਦੇਸ਼ ਜਾਣ ਲਈ 14342 ਕਰੋੜ ਰੁਪਏ ਦਾ ਕਰਜ਼ਾ ਲਿਆ ਅਤੇ 5939 ਕਰੋੜ ਰੁਪਏ ਦੀ ਜਾਇਦਾਦ (ਜ਼ਮੀਨ, ਘਰ, ਪਲਾਟ, ਸੋਨਾ, ਕਾਰ, ਟਰੈਕਟਰ ਆਦਿ) ਵੇਚੀ ਹੈ। ਇਸ ਅਧਿਐਨ ਨੇ ਦਿਖਾਇਆ ਕਿ 74 ਫ਼ੀਸਦੀ ਪਰਵਾਸ 2016 ਤੋਂ ਬਾਅਦ ਹੋਇਆ ਹੈ ਅਤੇ 42 ਫ਼ੀਸਦੀ ਲੋਕਾਂ ਨੇ ਕੈਨੇਡਾ ਵੱਲ ਪਰਵਾਸ ਕੀਤਾ। ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਘੱਟ ਆਮਦਨ ਦਿਖਾਇਆ ਗਿਆ। ਇਸ ਤੋਂ ਬਿਨਾਂ ਭਾਰਤ ਦਾ ਅਸਾਵਾਂ ਵਿਕਾਸ, ਵਧਦੀ ਬੇਰੁਜ਼ਗਾਰੀ ਅਤੇ ਨਾਕਸ ਸਿੱਖਿਆ ਪ੍ਰਣਾਲੀ ਵੀ ਪੰਜਾਬ ਵਿਚੋਂ ਨੌਜਵਾਨਾਂ/ਵਿਦਿਆਰਥੀਆਂ ਦੇ ਪਰਵਾਸ ਦਾ ਕਾਰਨ ਹਨ।

ਦੂਜੇ ਪਾਸੇ, ਇਨ੍ਹਾਂ ਤਿੰਨ ਦਹਾਕਿਆਂ ਦੌਰਾਨ ਕੈਨੇਡਾ ਵਿਚ ਵੀ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਵਧਦੀ ਗਈ। ਕੈਨੇਡਾ ਵਿਚ ਸਾਲ 2000 ਵਿਚ ਪੰਜਾਹ ਹਜ਼ਾਰ ਕੌਮਾਂਤਰੀ ਵਿਦਿਆਰਥੀ ਪੜ੍ਹਦੇ ਸਨ ਪਰ 2019 ਤੱਕ ਇਹ ਗਿਣਤੀ ਵਧ ਕੇ 2,50,000 ਹੋ ਗਈ ਅਤੇ 2019-24 ਦੀ ਪੰਜ ਸਾਲਾ ਯੋਜਨਾ 'ਨਵੀਂ ਕੌਮਾਂਤਰੀ ਸਿੱਖਿਆ ਨੀਤੀ' ਤਹਿਤ 2024 ਤੱਕ ਹਰ ਸਾਲ ਇਹ ਗਿਣਤੀ 4,50,000 ਤੱਕ ਲਿਜਾਣ ਦਾ ਟੀਚਾ ਰੱਖਿਆ ਗਿਆ। ਇਹ ਟੀਚੇ ਕੌਮਾਂਤਰੀ ਵਿਦਿਆਰਥੀਆਂ ਤੋਂ ਮਹਿੰਗੀਆਂ ਫੀਸਾਂ ਵਸੂਲ ਕੇ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਸਥਾਪਿਤ ਕੀਤੇ ਗਏ ਹਨ। 2018 ਦੇ ਅੰਕੜਿਆਂ ਮੁਤਾਬਿਕ ਕੈਨੇਡਾ ਵਿਚ ਪੜ੍ਹਦੇ ਕੌਮਾਂਤਰੀ ਵਿਦਿਆਰਥੀਆਂ ਦਾ ਕੈਨੇਡਾ ਦੀ ਕੁੱਲ ਜੀ.ਡੀ.ਪੀ. (ਕੁੱਲ ਘਰੇਲੂ ਉਤਪਾਦ) ਵਿਚ 21.6 ਬਿਲੀਅਨ ਡਾਲਰ ਦਾ ਯੋਗਦਾਨ ਸੀ ਅਤੇ 2024 ਤੱਕ ਸਰਕਾਰ ਇਸ ਨੂੰ 80 ਬਿਲੀਅਨ ਡਾਲਰ ਤੱਕ ਲਿਜਾਣ ਦਾ ਟੀਚਾ ਰੱਖਦੀ ਹੈ ਪਰ ਬਦਲਦੀ ਸੰਸਾਰ ਆਰਥਿਕਤਾ ਨਾਲ ਕੈਨੇਡਾ ਦੇ ਆਰਥਿਕ ਸਮੀਕਰਨ ਵੀ ਬਦਲ ਰਹੇ ਹਨ।

ਕੋਵਿਡ-19 ਅਤੇ ਰੂਸ-ਯੂਕਰੇਨ, ਇਜ਼ਰਾਈਲ-ਫਲਸਤੀਨ ਜੰਗ ਤੋਂ ਬਾਅਦ ਕੈਨੇਡਾ ਵਿਚ ਮਹਿੰਗਾਈ ਦਰ ਲਗਾਤਾਰ ਵਧ ਅਤੇ ਲੋਕਾਂ ਦੀ ਆਮਦਨ ਘਟ ਰਹੀ ਹੈ। ਸਾਲ 2022 ਵਿਚ ਕੈਨੇਡਾ ਵਿਚ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਵਿਚ 3 ਫ਼ੀਸਦੀ ਵਾਧਾ ਹੋਇਆ ਪਰ ਮਹਿੰਗਾਈ ਦਰ ਵਿਚ 6.8 ਫ਼ੀਸਦੀ ਵਾਧਾ ਹੋਇਆ। ਕੈਨੇਡਾ ਸਰਕਾਰ ਨੇ ਵੱਖ-ਵੱਖ ਸੂਬਿਆਂ ਵਿਚ ਨਵੇਂ ਵਿੱਤੀ ਵਰ੍ਹੇ 'ਚ ਟੈਕਸ ਪ੍ਰਤੀਸ਼ਤ (ਪ੍ਰਤੀ ਵਿਅਕਤੀ ਆਮਦਨ ਮੁਤਾਬਿਕ) ਵਿਚ ਵਾਧਾ ਕਰ ਦਿੱਤਾ ਹੈ। ਕੈਨੇਡਾ ਦੀ ਟਰੱਕ ਸਨਅਤ ਅਤੇ ਰੀਅਲ ਅਸਟੇਟ ਸਨਅਤ, ਦੋ ਖੇਤਰ ਪੂਰੀ ਤਰ੍ਹਾਂ ਮੰਦੀ ਦੀ ਮਾਰ ਹੇਠ ਆਏ ਹੋਏ ਹਨ। ਪਿਛਲੇ ਦੋ ਸਾਲਾਂ ਤੋਂ ਕੇਂਦਰੀ ਬੈਂਕ ਵਿਆਜ ਦਰਾਂ ਵਿਚ ਵਾਧਾ ਕਰ ਰਿਹਾ ਹੈ ਤੇ ਘਰਾਂ ਦੇ ਕਿਰਾਏ ਲਗਾਤਾਰ ਵਧ ਰਹੇ ਹਨ। ਅਜਿਹੀ ਸਥਿਤੀ ਵਿਚ ਰੁਜ਼ਗਾਰ ਦੇ ਮੌਕੇ ਸੁੰਗੜ ਰਹੇ ਹਨ ਜਿਸ ਕਾਰਨ ਨਵੇਂ ਪਰਵਾਸੀਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਲਈ ਅਨੇਕ ਮੁਸ਼ਕਿਲਾਂ ਖੜ੍ਹੀਆਂ ਹੋ ਰਹੀਆਂ ਹਨ। ਜਨਵਰੀ 2024 ਵਿਚ ਨਵੇਂ ਇਮੀਗੇਸ਼ਨ ਨਿਯਮਾਂ ਤਹਿਤ ਕੌਮਾਂਤਰੀ ਵਿਦਿਆਰਥੀਆਂ ਦੀ ਜੀ.ਆਈ.ਸੀ. (ਗਰੰਟਿਡ ਇਨਵੈਸਟਮੈਂਟ ਸਰਟੀਫਿਕੇਟ) ਵਿਚ ਦੁੱਗਣਾ ਵਾਧਾ, ਕੰਮ ਘੰਟਿਆਂ ਉੱਤੇ ਕੰਟਰੋਲ, ਵਰਕ ਪਰਮਿਟ ਵਿਚ ਵਾਧੇ ਉੱਤੇ ਰੋਕ ਆਦਿ ਫ਼ੈਸਲਿਆਂ ਨੇ ਕੌਮਾਂਤਰੀ ਵਿਦਿਆਰਥੀਆਂ ਉੱਤੇ ਆਰਥਿਕ ਬੋਝ ਹੋਰ ਵਧਾ ਦਿੱਤਾ ਹੈ।

ਇਸ ਤੋਂ ਇਲਾਵਾ ਜਦੋਂ ਤੋਂ ਕੈਨੇਡਾ ਸਰਕਾਰ ਨੇ ਆਪਣੀ ਸਿੱਖਿਆ ਨੀਤੀ ਨੂੰ ਇਮੀਗ੍ਰੇਸ਼ਨ ਨੀਤੀ ਦੇ ਮਾਤਹਿਤ ਕੀਤਾ ਹੈ, ਉਸ ਸਮੇਂ ਤੋਂ ਕੈਨੇਡਾ ਵਿਚ ਅਨੇਕ ਨਵੇਂ ਪ੍ਰਾਈਵੇਟ ਕਾਲਜ ਅਤੇ ਯੂਨੀਵਰਸਿਟੀਆਂ ਹੋਂਦ ਵਿਚ ਆਈਆਂ। ਸਿੱਖਿਆ ਖੇਤਰ ਵਿਚ ਨਿੱਜੀ ਨਿਵੇਸ਼ ਵਧਿਆ ਅਤੇ ਜਨਤਕ ਵਿਦਿਅਕ ਅਦਾਰਿਆਂ ਵਿਚ 'ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ' (ਪੀ.ਪੀ.ਪੀ.) ਵਿਚ ਵੀ ਲਗਾਤਾਰ ਵਾਧਾ ਹੋਇਆ। ਕੈਨੇਡਾ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੇ ਭਾਰਤ ਵਿਚ ਵਿਦਿਆਰਥੀਆਂ ਦੇ ਦਾਖਲੇ ਲਈ ਜਿੱਥੇ 'ਸਿੱਖਿਆ ਮੇਲੇ' ਲਾਉਣੇ ਸ਼ੁਰੂ ਕੀਤੇ ਉੱਥੇ ਅਨੇਕਾਂ 'ਭਰਤੀ ਏਜੰਸੀਆਂ' ਸਥਾਪਿਤ ਕੀਤੀਆਂ ਜਿਨ੍ਹਾਂ ਨੂੰ ਪ੍ਰਤੀ ਵਿਦਿਆਰਥੀ ਮੋਟੇ ਕਮਿਸ਼ਨ ਦਿੱਤੇ ਜਾਂਦੇ ਹਨ।

ਮਿਸਾਲ ਦੇ ਤੌਰ 'ਤੇ ਕੈਨੇਡਾ ਦੇ ਸੂਬੇ ਓਂਟਾਰੀਓ ਦੀ ਅਲਗੋਮਾ ਯੂਨੀਵਰਸਿਟੀ ਭਰਤੀ ਏਜੰਸੀ ਨੂੰ ਪ੍ਰਤੀ ਵਿਦਿਆਰਥੀ 4631 ਡਾਲਰ ਕਮਿਸ਼ਨ ਦਿੰਦੀ ਹੈ। ਕੁਝ ਕਾਲਜਾਂ ਨੇ ਮੋਟੀਆਂ

> ***ਕੈਨੇਡਾ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਮੌਜੂਦਾ ਸੰਘਰਸ਼ ਦਾ ਪ੍ਰੇਰਨਾ ਸ੍ਰੋਤ ਭਾਰਤ ਦਾ ਕਿਸਾਨ ਅੰਦੋਲਨ ਬਣਿਆ। ਜਦੋਂ ਪੂਰੀ ਦੁਨੀਆ ਵਿਚ ਕਿਸਾਨ ਸੰਘਰਸ਼ ਦੇ ਹੱਕ ਵਿਚ ਅਤੇ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਹੋ ਰਹੇ ਸਨ ਤਾਂ ਉਸ ਸਮੇਂ ਕੈਨੇਡਾ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਇਨ੍ਹਾਂ ਸੰਘਰਸ਼ਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ।***

ਫੀਸਾਂ ਹਾਸਲ ਕਰਨ ਲਈ ਥੋਕ 'ਚ ਵਿਦਿਆਰਥੀਆਂ ਨੂੰ 'ਆਫਰ ਲੈਟਰ' ਦਿੱਤੇ ਪਰ ਉਨ੍ਹਾਂ ਕੋਲ ਵਿਦਿਆਰਥੀਆਂ ਦੀ ਰਿਹਾਇਸ਼ ਲਈ ਬੁਨਿਆਦੀ ਢਾਂਚਾ ਨਹੀਂ ਸੀ। ਕੈਨੇਡਾ ਦੇ ਕਈ ਫਰਜ਼ੀ ਕਾਲਜਾਂ ਨੇ ਭਾਰਤ ਸਥਿਤ ਏਜੰਟਾਂ ਨਾਲ ਮਿਲ ਕੇ ਕਈ ਫਰਜ਼ੀਵਾੜਿਆਂ ਨੂੰ ਅੰਜਾਮ ਦਿੱਤਾ; ਮਸਲਨ, ਕਿਸੇ ਨਾਮਵਰ ਕਾਲਜ ਜਾਂ ਯੂਨੀਵਰਸਿਟੀ ਤੋਂ ਆਫਰ ਲੈਟਰ ਲੈ ਕੇ ਵਿਦਿਆਰਥੀਆਂ ਨੂੰ ਵਿਦੇਸ਼ ਭੇਜਣ ਉਪਰੰਤ ਫੀਸ ਵਾਪਸ ਕਰਵਾ ਕੇ ਕਿਸੇ ਹੋਰ ਕਾਲਜ ਵਿਚ ਦਾਖਲਾ ਦਿਵਾ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕੈਨੇਡਾ ਵਿਚ ਸਿੱਖਿਆ ਦੇ ਨਾਂ ਹੇਠ ਕਾਰੋਬਾਰ ਸ਼ੁਰੂ ਹੋ ਗਿਆ ਜਿਸ ਨੇ ਸਭ ਤਰ੍ਹਾਂ ਦੇ ਇਖ਼ਲਾਕੀ ਵਿੱਦਿਅਕ ਮਿਆਰਾਂ ਨੂੰ ਤਿਲਾਂਜਲੀ ਦੇ ਦਿੱਤੀ। ਵਿੱਦਿਅਕ ਅਦਾਰਿਆਂ ਦੇ ਨਾਲ ਨਾਲ ਕੌਮਾਂਤਰੀ ਵਿਦਿਆਰਥੀ ਸਸਤੀ ਕਿਰਤ ਸ਼ਕਤੀ ਵਜੋਂ ਲੁੱਟ, ਏਜੰਟਾਂ ਦੀ ਧੋਖਾਧੜੀ, ਮਹਿੰਗਾਈ, ਫਰਜ਼ੀ ਕਾਲਜ, ਘੱਟ ਉਜਰਤਾਂ ਤੇ ਵੱਧ ਘੰਟੇ ਕੰਮ, ਇਕਲਾਪਾ, ਮਾਨਸਿਕ ਤਣਾਅ, ਤਨਖ਼ਾਹਾਂ ਦੱਬਣ ਆਦਿ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ।

ਕੈਨੇਡਾ ਦੀ ਬਦਲਦੀ ਆਰਥਿਕ ਸਥਿਤੀ ਦੇ ਬਾਵਜੂਦ ਬਹੁਗਿਣਤੀ ਅਜੇ ਵੀ ਕੈਨੇਡਾ ਵੱਲ ਪਰਵਾਸ ਕਰਨ ਦਾ ਆਮ ਰੁਝਾਨ ਰੱਖਦੀ ਹੈ ਪਰ ਇਸ ਦੇ ਨਾਲ ਹੀ ਕੈਨੇਡਾ ਸਰਕਾਰ ਦੁਆਰਾ ਲਗਾਤਾਰ ਸਖ਼ਤ ਕੀਤੀਆਂ ਜਾ ਰਹੀਆਂ ਇਮੀਗ੍ਰੇਸ਼ਨ ਨੀਤੀਆਂ ਕਾਰਨ ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟ ਰਹੀ ਹੈ। ਦੂਜਾ ਨਿਗੂਣੀ ਗਿਣਤੀ 'ਚ 'ਉਲਟ ਪਰਵਾਸ' ਦਾ ਰੁਝਾਨ ਸ਼ੁਰੂ ਹੋ ਗਿਆ ਹੈ। ਤੀਸਰਾ, ਕੈਨੇਡਾ ਵਿਚਲੇ ਵਿਦਿਅਕ ਅਦਾਰਿਆਂ ਅਤੇ ਰੁਜ਼ਗਾਰਦਾਤਾਵਾਂ ਖਿਲਾਫ਼ ਆਵਾਜ਼ ਉਠਾਉਣ ਦਾ ਰੁਝਾਨ ਵੀ ਜਨਮ ਲੈ ਰਿਹਾ ਹੈ; ਭਾਵੇਂ ਵਿਰੋਧ ਦੀ ਇਹ ਆਵਾਜ਼ ਫਿਲਹਾਲ ਭਰੂਣ ਰੂਪ ਵਿਚ ਹੈ ਪਰ ਇਹ ਕੌਮਾਂਤਰੀ ਪੱਧਰ 'ਤੇ ਅਸਰਦਾਰ ਹੋ ਰਹੀ ਹੈ।

ਕੈਨੇਡਾ ਵਿਚ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਮੌਜੂਦਾ ਸੰਘਰਸ਼ ਦਾ ਪ੍ਰੇਰਨਾ ਸ੍ਰੋਤ ਭਾਰਤ ਦਾ ਕਿਸਾਨ ਅੰਦੋਲਨ ਬਣਿਆ। ਜਦੋਂ ਪੂਰੀ ਦੁਨੀਆ ਵਿਚ ਕਿਸਾਨ ਸੰਘਰਸ਼ ਦੇ ਹੱਕ ਵਿਚ ਅਤੇ ਭਾਜਪਾ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਹੋ ਰਹੇ ਸਨ ਤਾਂ ਉਸ ਸਮੇਂ ਕੈਨੇਡਾ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਇਨ੍ਹਾਂ ਸੰਘਰਸ਼ਾਂ ਵਿਚ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਤੋਂ ਇਲਾਵਾ ਮੁਨਾਫ਼ੇ ਦੀ ਦੌੜ ਵਿਚ ਫਸੇ ਕੈਨੇਡਾ ਦੇ ਸਿੱਖਿਆ ਪ੍ਰਬੰਧ ਦਾ ਲਗਾਤਾਰ ਨਿਘਰਦਾ ਮਿਆਰ ਜੱਗ-ਜ਼ਾਹਿਰ ਹੋ ਰਿਹਾ ਹੈ। ਕੌਮਾਂਤਰੀ ਵਿਦਿਆਰਥੀ, ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਤਿੰਨ-ਚਾਰ ਗੁਣਾ ਵੱਧ ਫੀਸ ਅਦਾ ਕਰਦੇ ਹਨ ਪਰ ਇਸ ਦੇ ਇਵਜ਼ ਵਿਚ ਘੱਟ ਸਹੂਲਤਾਂ ਅਤੇ ਗ਼ੈਰ-ਮਿਆਰੀ ਸਿੱਖਿਆ ਹਾਸਲ ਕਰਦੇ ਹਨ। ਮਹਿੰਗੀ, ਨਾ-ਬਰਾਬਰੀ, ਗ਼ੈਰ-ਮਿਆਰੀ ਤੇ ਵਿਤਕਰੇ ਵਾਲੀ ਸਿੱਖਿਆ ਪ੍ਰਣਾਲੀ ਨੇ ਉਨ੍ਹਾਂ ਅੰਦਰ ਵਿਰੋਧ ਦੀ ਭਾਵਨਾ ਲਈ ਜ਼ਮੀਨ ਪੈਦਾ ਕੀਤੀ ਜਿਸ ਦੇ ਨਤੀਜੇ ਵਜੋਂ ਕੌਮਾਂਤਰੀ ਵਿਦਿਆਰਥੀ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਪੈ ਰਹੇ ਹਨ। ਬੀਤੇ ਤਿੰਨ ਵਰ੍ਹਿਆਂ ਵਿਚ ਮੌਂਟਰੀਅਲ ਵਿਚ ਤਿੰਨ ਕਾਲਜਾਂ ਦੇ ਦੀਵਾਲੀਆ ਹੋਣ 'ਤੇ ਫੀਸ ਵਾਪਸੀ (64 ਲੱਖ ਡਾਲਰ) ਖਿਲਾਫ਼ ਸੰਘਰਸ਼, ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਖਿਲਾਫ਼, ਤਨਖ਼ਾਹਾਂ ਦੱਬਣ ਵਾਲੇ ਰੁਜ਼ਗਾਰਦਾਤਾਵਾਂ ਖਿਲਾਫ਼, ਕੈਨਾਡੋਰ ਕਾਲਜ ਵਿਚ ਰਿਹਾਇਸ਼ੀ ਸਮੱਸਿਆ ਖਿਲਾਫ਼ ਅਤੇ ਅਲਗੋਮਾ ਯੂਨੀਵਰਸਿਟੀ ਦੁਆਰਾ ਸਾਜ਼ਿਸ਼ੀ ਢੰਗ ਨਾਲ ਵਿਦਿਆਰਥੀਆਂ ਨੂੰ ਥੋਕ 'ਚ ਫੇਲ੍ਹ ਕਰਨ ਖਿਲਾਫ਼ ਸੰਘਰਸ਼ ਕੈਨੇਡਾ ਦੇ ਪ੍ਰਮੁੱਖ ਵਿਦਿਆਰਥੀ ਸੰਘਰਸ਼ ਹਨ।

ਵਿਦਿਆਰਥੀਆਂ ਨੂੰ ਸਪਸ਼ਟ ਹੋ ਰਿਹਾ ਹੈ ਕਿ ਸੰਸਾਰ ਮੰਡੀ ਵਿਚ ਸਿੱਖਿਆ ਵਪਾਰ, ਕਾਲਜ ਵਿਕਰੇਤਾ ਅਤੇ ਵਿਦਿਆਰਥੀ ਮਹਿਜ਼ ਗਾਹਕ ਹਨ। ਉਨ੍ਹਾਂ ਦੇ ਮਨ ਅੰਦਰ ਇਹ ਸਵਾਲ ਪੈਦਾ ਹੋ ਰਹੇ ਹਨ ਕਿ ਵੱਖ-ਵੱਖ ਵਿੱਦਿਅਕ ਕੋਰਸਾਂ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਸਥਾਨਕ ਵਿਦਿਆਰਥੀਆਂ ਦੀ ਟਿਊਸ਼ਨ ਫੀਸ ਦੇ ਬਰਾਬਰ ਕਿਉਂ ਨਹੀਂ? ਕੌਮਾਂਤਰੀ ਵਿਦਿਆਰਥੀਆਂ ਨਾਲ ਕਾਲਜਾਂ-ਯੂਨੀਵਰਸਿਟੀਆਂ, ਰੁਜ਼ਗਾਰਦਾਤਾਵਾਂ ਅਤੇ ਏਜੰਟਾਂ ਵੱਲੋਂ ਕੀਤੀ ਜਾਂਦੀ ਧੋਖਾਧੜੀ ਸਬੰਧੀ ਕੈਨੇਡਾ ਸਰਕਾਰ ਕੋਈ ਠੋਸ ਕਾਨੂੰਨੀ ਸੁਰੱਖਿਆ ਤੇ ਗਾਰੰਟੀ ਮੁਹੱਈਆ ਕਿਉਂ ਨਹੀਂ ਕਰਵਾ ਰਹੀ?

ਅਜਿਹੀ ਹਾਲਤ ਵਿਚ ਕੈਨੇਡਾ ਵਿਚ ਰਹਿੰਦੇ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਰੱਖਿਅਤ ਕੰਮ ਹਾਲਤਾਂ, ਧੱਕੇਸ਼ਾਹੀ, ਗਾਲੀ-ਗਲੋਚ, ਘੱਟ ਤਨਖ਼ਾਹ, ਵੱਧ ਘੰਟੇ ਕੰਮ ਆਦਿ ਦੀ ਹਾਲਤ ਨੂੰ ਸੁਧਾਰਨ; ਕੌਮਾਂਤਰੀ ਵਿਦਿਆਰਥੀ ਦੀ ਮੌਤ ਹੋਣ 'ਤੇ ਉਸ ਦੀ ਮ੍ਰਿਤਕ ਦੇਹ ਉਸ ਦੇ ਦੇਸ਼, ਉਸ ਦੇ ਪਰਿਵਾਰ ਨੂੰ ਬਿਨਾਂ ਕਿਸੇ ਖਰਚੇ 'ਤੇ ਵਾਪਸ ਪਹੁੰਚਾਉਣ; ਵਧ ਰਹੇ ਮਾਨਸਿਕ ਬੋਝ ਅਤੇ ਆਤਮ-ਹੱਤਿਆ ਦਾ ਰੁਝਾਨ ਰੋਕਣ; ਵਰਕ ਪਰਮਿਟ ਜਾਂ ਐੱਲ.ਐੱਮ.ਆਈ.ਏ. ਬਦਲੇ ਗ਼ੈਰ-ਕਾਨੂੰਨੀ ਤੌਰ 'ਤੇ ਵਸੂਲੇ ਜਾਂਦੇ ਹਜ਼ਾਰਾਂ ਡਾਲਰਾਂ ਦੀ ਠੱਗੀ ਰੋਕਣ; ਵਿਦਿਆਰਥੀਆਂ ਨੂੰ ਜਨਤਕ ਟਰਾਂਸਪੋਰਟ 'ਚ ਮੁਫ਼ਤ ਸਫ਼ਰ ਦੀ ਸਹੂਲਤ ਦੇਣ, ਕਾਲਜ-ਯੂਨੀਵਰਸਿਟੀਆਂ 'ਚ ਰਿਹਾਇਸ਼ ਦਾ ਸਸਤਾ ਅਤੇ ਪੱਕਾ ਪ੍ਰਬੰਧ ਕਰਨ, ਕੌਮਾਂਤਰੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਪੱਕੇ ਵਸਨੀਕਾਂ ਦੇ ਬਰਾਬਰ ਸਸਤੀਆਂ ਤੇ ਮੁਫ਼ਤ ਸਰਕਾਰੀ ਸਿਹਤ ਸੇਵਾਵਾਂ ਹਾਸਲ ਕਰਨ, ਮਹਿੰਗੀਆਂ ਵਿਆਜ ਦਰਾਂ ਤੋਂ ਮੁਕਤ ਵਿਸ਼ੇਸ਼ ਗ੍ਰਾਂਟ ਪ੍ਰੋਗਰਾਮ ਚਲਾਏ ਜਾਣ, ਕਾਲਜ-ਯੂਨੀਵਰਸਿਟੀ ਕੈਂਪਸ ਅੰਦਰ ਸਮਲਿੰਗੀ ਵਿਦਿਆਰਥੀਆਂ ਨਾਲ ਲਿੰਗਕ ਭੇਦਭਾਵ ਤੇ ਜਿਨਸੀ ਹਿੰਸਾ ਨੂੰ ਖ਼ਤਮ ਕਰਨ, ਸਿੱਖਿਆ ਨੂੰ ਮੁਨਾਫ਼ੇਖੋਰ ਕਾਰਪੋਰੇਟ ਤੇ ਨਿੱਜੀ ਹਿੱਸੇਦਾਰੀ ਦੇ ਪ੍ਰਭਾਵ ਤੋਂ ਮੁਕਤ ਕਰ ਕੇ ਜਨਤਕ ਅਤੇ ਜਮਹੂਰੀ ਸਿੱਖਿਆ ਪ੍ਰਬੰਧ ਨੂੰ ਉਤਸਾਹਿਤ ਕਰਨ; 'ਹਰ ਇੱਕ ਨੂੰ ਬਰਾਬਰ, ਮਿਆਰੀ ਤੇ ਮੁਫ਼ਤ ਸਿੱਖਿਆ ਤੇ ਹਰ ਹੱਥ ਨੂੰ ਸਥਾਈ ਤੇ ਸੁਰੱਖਿਅਤ ਰੁਜ਼ਗਾਰ' ਦਾ ਬੁਨਿਆਦੀ ਹੱਕ ਦੇਣ, ਕੈਨੇਡਾ 'ਚ ਰਹਿੰਦੇ ਕੱਚੇ ਕਾਮਿਆਂ ਤੇ ਵਿਦਿਆਰਥੀਆਂ ਨੂੰ 'ਗੈਰ-ਕਾਨੂੰਨੀ' ਤੇ 'ਕੱਚੇ' ਵਾਲੇ ਭੇਤਭਰੇ ਤੇ ਅਸੁਰੱਖਿਅਤ ਠੱਪੇ ਤੋਂ ਮੁਕਤ ਕਰ ਕੇ ਪੱਕਾ ਕਰਨ ਆਦਿ ਮੰਗਾਂ ਨੂੰ ਲੈ ਕੇ ਜਥੇਬੰਦ ਹੋਣ ਤੇ ਸੰਘਰਸ਼ ਕਰਨ ਦੀ ਲੋੜ ਹੈ।

# ਵੈਰੀਨਾਗ ਤੇਰਾ ਪਹਿਲਾ ਝਲਕਾ



ਬਹਾਰ ਦੇ ਮੌਸਮ ਵਿਚ ਵੈਰੀਨਾਗ ਦਾ ਦਿਲਕਸ਼ ਨਜ਼ਾਰਾ।

***ਪਰਵੀਨ ਪੁਰੀ ਦੀ ਵੈਰੀਨਾਗ ਦੀ ਯਾਤਰਾ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਤੁਸੀਂ ਖੂਬਸੂਰਤ ਵਾਦੀਆਂ ਦੀ ਸੈਰ ਕਰ ਰਹੇ ਹੋ ਅਤੇ ਭਾਈ ਵੀਰ ਸਿੰਘ ਨੇ ਜਿਸ ਚਸ਼ਮੇ ਦਾ ਜ਼ਿਕਰ ਆਪਣੀ ਕਵਿਤਾ ਵਿਚ ਕੀਤਾ ਹੈ, ਤੁਸੀਂ ਉਸ ਚਸ਼ਮੇ ਦੀ ਠੰਢਕ ਮਾਣ ਰਹੇ ਹੋ। ਇਸ ਲੇਖ ਵਿਚ ਲੇਖਕ ਨੇ ਅਜਿਹੇ ਬਿਰਤਾਂਤ ਸਿਰਜੇ ਹਨ ਕਿ ਤੁਹਾਡੇ ਕਦਮਾਂ 'ਚ ਰਵਾਨੀ ਆ ਜਾਂਦੀ ਹੈ। ਕੁਦਰਤ ਦੀ ਇਸੇ ਜਾਦੂਗਰੀ ਦਾ ਜ਼ਿਕਰ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ ਵਿਚ ਆਇਆ ਹੈ।***

ਸ਼੍ਰੋਮਣੀ ਕਵੀ ਭਾਈ ਵੀਰ ਸਿੰਘ ਦੀ ਕਵਿਤਾ 'ਵੈਰੀਨਾਗ ਤੇਰਾ ਪਹਿਲਾ ਝਲਕਾ' ਦਿਲ ਦਿਮਾਗ ਵਿਚ ਸਮਾਈ ਹੋਈ ਸੀ ਜਿਹੜੀ ਖਿਚ ਕੇ ਸਾਨੂੰ ਵੀ ਵੈਰੀਨਾਗ ਦੇ ਕੋਲ ਲੈ ਗਈ। ਉੱਥੇ ਪਹੁੰਚ ਕੇ ਕੁਦਰਤ ਅਤੇ ਕਾਦਰ ਦੇ ਜੋ ਨਜ਼ਾਰੇ ਲਏ, ਅਜੇ ਤੱਕ ਨਹੀਂ ਭੁੱਲਦੇ। ਅਜੇ ਵੀ ਇੰਝ ਲੱਗਦਾ ਹੈ ਕਿ ਵੈਰੀਨਾਗ ਸਾਡੇ ਨਾਲ ਹੀ ਵਗ ਰਿਹਾ ਹੈ ਅਤੇ ਮੈਂ ਹੁਣੇ-ਹੁਣੇ ਠੰਢੇ-ਠਾਰ ਪਾਣੀ ਵਿਚ ਡੁੱਬਕੀ ਮਾਰ ਕੇ ਉਸ ਦੇ ਅੰਦਰਲੇ ਨਿੱਘ ਨੂੰ ਮਾਣ ਕੇ ਹਟਿਆ ਹਾਂ। ਢੇਰ ਇਤਿਹਾਸਕ ਹਵਾਲੇ ਹਨ ਕਿ ਜਿਸ ਨੇ ਵੀ ਇਸ ਦੀ ਇਕ ਝਲਕ ਮਾਣੀ ਹੈ, ਉਹੀ ਇਸ ਦਾ ਹੋ ਕਿ ਰਹਿ ਗਿਆ ਹੈ। ਭਾਈ ਵੀਰ ਸਿੰਘ ਤਾਂ ਲੱਗਦਾ ਹੈ, ਇਸ ਦੇ ਧੁਰ ਅੰਦਰ ਤੱਕ ਗਏ ਹੋਣੇ ਤਾਂ ਹੀ ਉਨ੍ਹਾਂ ਕੋਲੋਂ ਅਜਿਹੀ ਕਵਿਤਾ ਲਿਖੀ ਗਈ



ਜਿਹੜੀ ਆਪ ਮੁਹਾਰੇ ਉਨ੍ਹਾਂ ਦੇ ਅੰਦਰੋਂ ਇੰਝ ਫੁਟ-ਫੁੱਟ ਪਈ ਜਿਵੇਂ ਨੱਕੋ-ਨੱਕ ਭਰੇ ਚਸ਼ਮੇ ਵਿਚੋਂ ਅਛੋਪਲੇ ਜਲ ਡੁੱਲ੍ਹ-ਡੁੱਲ੍ਹ ਪੈ ਰਿਹਾ ਹੋਵੇ। ਪਤਾ ਨਹੀਂ ਵੈਰੀਨਾਗ ਦੇ ਅੰਦਰ

**ਪਰਵੀਨ ਪੁਰੀ**
ਫੋਨ: +91-98782-77423

ਪਰਮ ਸ਼ਕਤੀ ਲਈ ਕਿੰਨਾ ਕੁ ਪਿਆਰ ਹੈ ਕਿ ਉਹ ਉਸ ਦੇ ਪਿਆਰੇ ਵਿਚ ਇੰਝ ਡੁੱਲ-ਡੁੱਲ ਪੈ ਸਕਦਾ ਹੈ ਕਿ ਲਾਗੇ ਖੜ੍ਹੇ ਬੰਦੇ ਨੂੰ ਖ਼ਬਰ ਤੱਕ ਨਹੀਂ ਹੁੰਦੀ!

ਵੈਰੀਨਾਗ ਦਾ ਜ਼ਾਇਕਾ ਵੈਰੀਨਾਗ ਨਾਲ ਵਹਿ ਕੇ ਹੀ ਲਿਆ ਜਾ ਸਕਦਾ। ਜਦੋਂ ਹਿੰਦੁਸਤਾਨ ਦਾ ਬਾਦਸ਼ਾਹ ਜਹਾਂਗੀਰ ਇੱਥੇ ਪੁੱਜਾ ਸੀ ਤਾਂ ਉਹ ਵੀ ਵੈਰੀਨਾਗ 'ਤੇ ਫਿਦਾ ਹੋ ਗਿਆ ਸੀ। ਉਸ ਨੇ ਹੁਕਮ ਸੁਣਾਇਆ ਕਿ ਉਸ ਨੂੰ ਮੌਤ ਤੋਂ ਬਾਅਦ ਇੱਥੇ ਹੀ ਵੈਰੀਨਾਗ ਕੋਲ ਦਫਨਾਇਆ ਜਾਵੇ। ਉਸ ਦੀ ਇਹ ਖ਼ਵਾਇਸ਼ ਉਸ ਦੀ ਪਤਨੀ ਨੂਰਜਹਾਂ ਨੇ ਅਧੂਰੀ ਰਹਿਣ ਦਿੱਤੀ। ਇਸ ਖਵਾਇਸ਼ ਦਾ ਉਲਟ ਅਸਰ ਇਹ ਹੋਇਆ ਕਿ ਪਿਓ ਦੀ ਅਧੂਰੀ ਇੱਛਾ ਦੀ ਪੂਰਤੀ ਲਈ ਉਸ ਦੇ ਪੁੱਤ ਅੰਦਰ ਚਿਣਗ ਦਾ ਕੰਮ ਕੀਤਾ। ਉਸ ਦੇ ਪੁੱਤਰ ਸ਼ਾਹ ਜਹਾਨ ਨੂੰ ਕੁਦਰਤ ਨਾਲ ਬਹੁਤਾ ਲਗਾਓ ਨਹੀਂ ਸੀ ਪਰ ਇਸ ਦੇ ਬਾਵਜੂਦ ਵੈਰੀਨਾਗ ਨੂੰ ਸੰਵਾਰਨ ਅਤੇ ਖ਼ੂਬਸੂਰਤ ਬਣਾਉਣ ਦਾ ਜੋ ਬੀੜਾ ਉਸ ਦੇ ਪਿਤਾ ਨੇ ਚੁੱਕਿਆ ਸੀ, ਉਸ ਨੇ ਉਸ ਨੂੰ ਅੱਗੇ ਜਾਰੀ ਰੱਖਣ ਦਾ ਦ੍ਰਿੜ ਸੰਕਲਪ ਕੀਤਾ। ਅੱਜ ਵੈਰੀਨਾਗ ਦੇ ਲਾਗੇ-ਚਾਗੇ ਜਿੰਨੀ ਵੀ ਖ਼ੂਬਸੂਰਤੀ ਵੈਰੀਨਾਗ ਦੀ ਖ਼ੂਬਸੂਰਤੀ ਨੂੰ ਚਾਰ-ਚੰਨ ਲਾਉਂਦੀ ਹੈ, ਉਹ ਇਨ੍ਹਾਂ ਪਿਓ-ਪੁੱਤਰਾਂ ਦੀ ਜੁਗਲਬੰਦੀ ਹੀ ਕਹੀ ਜਾ ਸਕਦੀ ਹੈ। ਜਹਾਂਗੀਰ ਨੇ ਵੈਰੀਨਾਗ ਨੂੰ ਪੱਥਰਾਂ ਨਾਲ ਜੜਵਾ ਦਿੱਤਾ ਅਤੇ ਉਸ ਤੋਂ ਬਾਅਦ ਸ਼ਾਹ ਜਹਾਨ ਨੇ ਚਾਰਬਾਗ ਦੀ ਤਰਜ਼ 'ਤੇ ਇਸ ਨੂੰ ਬਾਗਾਂ ਵਿਚ ਚਿਣਵਾਂ ਦਿੱਤਾ। ਇਸੇ ਕਰ ਕੇ ਜਿਹੜਾ ਵੀ ਇੱਥੇ ਜਾਂਦਾ ਹੈ, ਉਸ ਦਾ ਬਹੁਤ ਚਿੱਤ ਲੱਗਦਾ ਹੈ। ਦੂਰੋਂ ਆਉਣ ਵਾਲਿਆਂ ਦੇ ਠਹਿਰਨ ਦੇ ਲਈ ਕਮਰੇ ਵੀ ਬਣਵਾਏ ਗਏ ਅਤੇ ਠੰਢੇ ਪਾਣੀ ਦੇ ਨਾਲ-ਨਾਲ ਗਰਮ ਪਾਣੀ ਵਾਲਾ ਇਸ਼ਨਾਨ ਘਰ ਵੀ ਬਣਾਇਆ ਗਿਆ। ਫੁੱਲਾਂ ਬੂਟਿਆਂ ਨਾਲ ਬਾਗ ਭਰਿਆ ਰਹਿੰਦਾ ਹੈ। ਕੁਦਰਤ ਖ਼ੁਦ ਵੀ ਇੱਥੇ ਦਿਆਲ ਹੋਈ ਪਈ ਹੈ। ਸਮੇਂ-ਸਮੇਂ ਦੇ ਦਾਨਿਸ਼ਮੰਦਾਂ ਵੱਲੋਂ ਇਸ ਦੀ ਖ਼ੂਬਸੂਰਤੀ ਨੂੰ ਹੋਰ ਵਧਾਉਣ ਅਤੇ ਫੈਲਾਉਣ ਵਿਚ ਆਪੋ-ਆਪਣਾ ਪਾਇਆ ਯੋਗਦਾਨ ਵੀ ਸਪਸ਼ਟ ਨਜ਼ਰ ਆਉਂਦਾ ਹੈ। ਵਿਸ਼ਨੂੰ ਭਗਵਾਨ, ਸ਼ਿਵ ਭਗਵਾਨ, ਪਾਰਬਤੀ, ਨੀਲ ਮਾਤਾ, ਨਾਗ ਦੇਵਤਾ ਅਤੇ ਦੇਵੀ ਵਿਵਸਤਤਾ ਨਾਲ ਵੀ ਇਸ ਦੀ ਗੂੜ੍ਹੀ ਸਾਂਝ ਇਸ ਮਹੱਤਤਾ ਨੂੰ ਹੋਰ ਵਧਾਉਂਦੀ ਹੈ। ਚਸ਼ਮੇ ਦਾ ਪਾਣੀ ਵੱਖ-ਵੱਖ ਥਾਵਾਂ ਤੋਂ ਲਗਭਗ 50 ਫੁੱਟ ਹੇਠੋਂ ਲਗਾਤਾਰ ਆਉਂਦਾ ਹੈ। ਹਿੰਦੂਆਂ ਲਈ ਇਹ ਕਿਸੇ ਪਵਿੱਤਰ ਸਥਾਨ ਤੋਂ ਘੱਟ ਨਹੀਂ ਹੈ। ਇੱਥੇ ਸ਼ਿਵਲਿੰਗ ਅਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵਾਲਾ ਮੰਦਰ ਵੀ ਹੈ। ਬਹੁਤੇ ਝਰਨਿਆਂ ਦੇ ਪਾਣੀ ਦਾ ਸੰਗਮ ਹੋਣ ਕਰ ਕੇ ਇਸ ਨੂੰ ਸਪਤ ਰਿਸ਼ੀ ਵੀ ਕਿਹਾ ਜਾਂਦਾ ਹੈ। ਲੋਕ ਤਿਉਹਾਰਾਂ ਦੇ ਦਿਨ ਇੱਥੇ ਇਸ਼ਨਾਨ ਕਰਦੇ ਹਨ। ਨਦੀ ਦਾ ਜਨਮ ਹਿੰਦੂ ਕੈਲੰਡਰ ਦੇ ਮਹੀਨੇ ਭਾਦਰਪਦ ਦੇ ਚਮਕੀਲੇ ਪੰਦਰਵਾੜੇ ਦੇ ਤੇਰ੍ਹਵੇਂ ਦਿਨ ਹੋਇਆ ਮੰਨਿਆ ਜਾਂਦਾ ਹੈ। ਇਸ ਦਿਨ ਹਰ ਸਾਲ ਮੇਲਾ ਲੱਗਦਾ ਹੈ।

ਸ੍ਰੀਨਗਰ ਦੀ ਇੱਕ ਹਫ਼ਤੇ ਦੀ ਯਾਤਰਾ ਵਿਚ ਵੈਰੀਨਾਗ ਜਾਣ ਦੀ ਪ੍ਰਬਲ ਇੱਛਾ ਭਾਈ ਵੀਰ ਸਿੰਘ ਜੀ ਦੀ ਕਵਿਤਾ ਕਰ ਕੇ ਪਹਿਲੇ ਹੀ ਦਿਨ ਤੋਂ ਸੀ। ਹਫਤਾ ਨਿਕਲ ਗਿਆ ਵਾਦੀਆਂ ਵਿਚ ਘੁੰਮਦਿਆ, ਵੈਰੀਨਾਗ ਹੈ ਕਿੱਥੇ ਅਤੇ ਇੱਥੇ ਜਾਣ ਦੇ ਲਈ ਕਿਹੜਾ ਰਸਤਾ ਹੈ, ਸਮਝ ਵਿਚ ਨਾ ਆਉਣ ਕਰ ਕੇ ਆਖਰ ਵੈਰੀਨਾਗ ਦੀ ਝਲਕ ਪਾਏ ਬਿਨਾਂ ਸ੍ਰੀਨਗਰ ਤੋਂ ਅੰਮ੍ਰਿਤਸਰ ਵੱਲ 29 ਜੂਨ ਨੂੰ ਵਾਪਸੀ ਪਾ ਲਈ ਸੀ। ਨੈਸ਼ਨਲ ਹਾਈਵੇ 'ਤੇ ਸਪੋਰਟ ਵੈਲੀ ਅਤੇ ਕੇਸਰ ਵੈਲੀ ਤੋਂ ਨਿਕਲਦਿਆਂ ਜਦੋਂ ਅਮਰਨਾਥ ਯਾਤਰਾ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖ ਕੇ ਕੀਤੇ ਸੁਰੱਖਿਆ ਪ੍ਰਬੰਧਾਂ ਕਾਰਨ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਤਾਂ ਵੈਰੀਨਾਗ ਦਾ ਬੋਰਡ ਨਜ਼ਰ ਆ ਗਿਆ। ਬਸ ਫਿਰ ਕੀ ਸੀ, ਮੈਨੂੰ ਕੋਈ ਹੋਰ ਗੱਲ ਸੁੱਝੇ ਹੀ ਨਾ, ਵੈਰੀਨਾਗ ਜਾਣ ਦੀ ਲਿਲ ਲੱਗ ਗਈ। ਵੈਰੀਨਾਗ ਬਾਰੇ ਭਾਈ ਵੀਰ ਸਿੰਘ ਜੀ ਦੀ ਕਵਿਤਾ ਦੇ ਹਵਾਲੇ ਨਾਲ ਕਾਫੀ ਕੁਝ ਦੱਸ ਕੇ ਬੱਚਿਆਂ ਦੇ ਮਨ ਵਿਚ ਵੀ ਮੈਂ ਵੈਰੀਨਾਗ ਦੇਖਣ ਦੀ ਇੱਛਾ ਜਗਾ ਦਿੱਤੀ ਸੀ। ਉਹ ਵੀ ਬੇਸਬਰੀ ਨਾਲ ਇੰਤਜ਼ਾਰ ਵਿਚ ਡੁੱਬ ਗਏ ਸਨ। ਕਰੋਨਾ ਕਾਲ ਕਾਰਨ ਬੱਚੇ ਘਰ ਰਹਿ-ਰਹਿ ਕੇ ਅੱਕ ਚੁੱਕੇ ਸਨ। ਉਨ੍ਹਾਂ ਹੀ ਇਸ ਵਾਰ ਸ੍ਰੀਨਗਰ ਦਾ ਹੀ ਪ੍ਰੋਗਰਾਮ ਪੱਕਾ ਕੀਤਾ ਸੀ ਜਿਸ ਦੇ ਨਜ਼ਾਰੇ ਲੈ ਕੇ ਉਹ ਵਾਪਸੀ ਪਾ ਰਹੇ ਸਨ। ਅਮਰਨਾਥ ਦੀ ਯਾਤਰਾ ਕਾਰਨ ਲੱਗ ਰਹੇ ਲੰਮੇ ਟਰੈਫਿਕ ਜਾਮ ਦੇ ਬਾਵਜੂਦ ਅਜੇ ਮਨ ਵਾਦੀਆਂ ਨਾਲੋਂ ਪਹਿਲਾਂ ਹੀ ਤੋੜ-ਵਿਛੋੜਾ ਪਾਉਣ ਲਈ ਰਾਜ਼ੀ ਨਹੀਂ ਹੋ ਰਿਹਾ ਸੀ। ਡਿਕੋਡੋਲੇ ਖਾ ਰਹੇ ਮਨ ਨੂੰ ਵੈਰੀਨਾਗ ਨੇ ਥੋੜ੍ਹੀ ਜਿਹੀ ਰਾਹਤ ਦਿੱਤੀ। ਕਰੋਨਾ ਮਹਾਮਾਰੀ ਕਾਰਨ ਦੋ ਸਾਲ ਰੱਦ ਰਹੀ ਅਮਰਨਾਥ ਦੀ ਯਾਤਰਾ 30 ਜੂਨ 2022 ਨੂੰ ਮੁੜ ਤੋਂ ਸ਼ੁਰੂ ਹੋ ਰਹੀ ਸੀ ਜਿਸ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਹਾਜ਼ਰਾਂ ਦੀ ਸੰਖਿਆ ਵਿਚ ਟਰੱਕਾਂ ਦੇ ਟਰੱਕ ਪਹੁੰਚਣੇ ਸ਼ੁਰੂ ਹੋ ਚੁੱਕੇ ਸਨ, ਖਾਸ ਕਰ ਕੇ ਜਿਨ੍ਹਾਂ ਨੇ ਥਾਂ-ਥਾਂ 'ਤੇ ਲੰਗਰ ਲਾਉਣੇ ਸਨ। ਬੜਾ ਵੱਡਾ ਟਰੱਕਾਂ ਦਾ ਜਮਾਵੜਾ ਬਣ ਰਿਹਾ ਸੀ। ਕਿਸੇ ਅਣਸੁਖਾਵੀ ਘਟਨਾ ਤੋਂ ਬਚਣ ਲਈ ਚੱਪੇ-ਚੱਪੇ 'ਤੇ ਸੁਰੱਖਿਆ ਏਜੰਸੀਆਂ ਦੀਆਂ ਗਤੀਵਿਧੀਆਂ ਧਿਆਨ ਖਿੱਚ ਰਹੀਆਂ ਸਨ। ਬਖ਼ਤਰਬੰਦ ਗੱਡੀਆਂ ਦੀ ਟੀਂ-ਟੀਂ ਅਤੇ ਸੁਰੱਖਿਆ ਬਲਾਂ ਦੀ ਤਿਰਛੀ ਨਜ਼ਰ ਦੱਸ ਰਹੀ ਸੀ ਕਿ ਸਭ ਠੀਕ-ਠਾਕ ਹੈ, ਘਬਰਾਉਣ ਦੀ ਲੋੜ ਨਹੀਂ।

ਮੈਂ ਜਦੋਂ ਫੌਜੀ ਜਵਾਨ ਨੂੰ ਵੈਰੀਨਾਗ ਜਾਣ ਦੀ ਬੇਨਤੀ ਕੀਤੀ ਤਾਂ ਉਨ੍ਹਾਂ ਟਰੈਫਿਕ ਦੇ ਵੱਡੇ ਜਾਮ ਵਿਚੋਂ ਕੱਢ ਕੇ ਮੈਨੂੰ ਵੈਰੀਨਾਗ ਦੇ ਰਸਤੇ ਪਾ ਦਿੱਤਾ। ਨੈਸ਼ਨਲ ਹਾਈਵੇ ਤੋਂ ਵੈਰੀਨਾਗ ਕਰੀਬ 10 ਕੁ ਕਿਲੋਮੀਟਰ ਦੂਰ ਦੱਸਿਆ ਗਿਆ।




ਪਤਝੜ ਦੇ ਮੌਸਮ ਵਿਚ ਵੈਰੀਨਾਗ ਦਾ ਮੁਗਲ ਗਾਰਡਨ।

ਵੈਰੀਨਾਗ ਨੂੰ ਅਸੀਂ ਚਸ਼ਮਾ ਹੀ ਸਮਝਦੇ ਰਹੇ ਪਰ ਇਹ ਸਭ ਸੁੱਖ ਸਹੂਲਤਾਂ ਨਾਲ ਭਰਪੂਰ ਟਹਿਲ-ਪਹਿਲ ਵਾਲਾ ਵਿਕਸਤ ਕਸਬਾ ਨਿਕਲਿਆ। ਇਸ ਦਾ ਮੁੱਖ ਬਾਜ਼ਾਰ ਵੀ ਕਾਫ਼ੀ ਵੱਡਾ ਸੀ ਜਿਸ ਵਿਚ ਕਈ ਵੱਡੀਆਂ ਕੰਪਨੀਆਂ ਦੇ ਸ਼ੋਅਰੂਮ ਵੀ ਸਨ। ਬਾਜ਼ਾਰ ਵਿਚ ਪੂਰੀਆਂ ਰੌਣਕਾਂ ਸਨ। ਪੁੱਛਣ 'ਤੇ ਲੋਕਾਂ ਨੇ ਦੱਸਿਆ ਕਿ ਪਹਿਲਾ ਮੋੜ ਕੱਟ ਕੇ ਜਿਹੜਾ ਬਾਗ ਹੈ, ਉਸ ਦੇ ਅੰਦਰ ਵੈਰੀਨਾਗ ਦਾ ਚਸ਼ਮਾ ਹੈ। ਦੱਸਣ ਵਾਲਿਆਂ ਚਸ਼ਮੇ ਦੀਆਂ ਸਿਫ਼ਤਾਂ ਕਰ ਕੇ ਸਾਡੇ ਅੰਦਰ ਹੋਰ ਕਾਹਲ ਪਾ ਦਿੱਤੀ; ਨਾਲ ਹਦਾਇਤ ਵੀ ਦੇ ਦਿੱਤੀ ਕਿ ਖਾਣ-ਪੀਣ ਲਈ ਸਾਮਾਨ ਬਾਹਰੋਂ ਹੀ ਨਾਲ ਲੈ ਕੇ ਜਾਇਓ, ਉੱਥੇ ਤੁਹਾਡਾ ਕਈ ਘੰਟੇ ਜੀਅ ਲੱਗਾ ਰਹਿਣਾ। ਚਾਹ ਦੀ ਕੇਤਲੀ ਨਾਲ ਅਸੀਂ ਖਾਣ-ਪੀਣ ਲਈ ਕਾਫੀ ਨਿਕ-ਸੁਕ ਲੈ ਲਿਆ ਸੀ। ਦੁਪਹਿਰ ਦੇ ਖਾਣੇ ਦਾ ਵੀ ਟਾਇਮ ਹੋ ਗਿਆ ਸੀ। ਡੱਲ ਝੀਲ ਦੇ ਬੋਟਹਾਊਸ ਵਿਚੋਂ ਸਵੇਰੇ 8 ਵਜੇ ਇਕੱਲੀ ਚਾਹ ਹੀ ਅੰਮ੍ਰਿਤਸਰ ਨੂੰ ਵਾਪਸੀ ਕੀਤੀ ਸੀ। ਡਰਾਈ ਫਰੂਟ ਅਤੇ ਫਰੂਟ ਅਸੀਂ ਸ੍ਰੀਨਗਰ ਤੋਂ ਬਾਹਰ ਨਿਕਲਦਿਆਂ ਖਰੀਦ ਲਿਆ ਸੀ। ਹਫਤੇ ਭਰ ਦੀ ਯਾਤਰਾ ਤੋਂ ਬਾਅਦ ਅਸੀਂ ਵਾਦੀਆਂ ਦੀ ਖੁਸ਼ਬੂ ਨਾਲ ਭਰੇ, ਵੱਖ-ਵੱਖ ਯਾਦਾਂ ਦੇ ਨਾਲ ਲਬਰੇਜ਼, ਅਠਖੇਲੀਆਂ ਕਰਦੇ, ਸੱਪ ਵਾਂਗ ਵਲਾਵੇ ਖਾਂਦੀਆਂ ਸੜਕਾਂ ਨਾਲ ਵਲਾਵੇਂ ਖਾਂਦੇ ਖ਼ੂਬਸੂਰਤ ਵਾਦੀਆਂ ਦਾ ਅਨੰਦ ਲੈਂਦੇ ਅਸੀਂ ਨਾ ਚਾਹੁੰਦੇ ਵੀ ਵਾਪਸ ਚੱਲ ਪਏ ਸਾਂ।

ਵੈਰੀਨਾਗ ਦੇ ਚਸ਼ਮੇ ਦੇ ਕੋਲ ਪੁੱਜੇ ਤਾਂ ਉਸ ਦੀ ਪਹਿਲੀ ਝਲਕ ਨੇ ਹੀ ਸਾਡਾ ਮਨ ਮੋਹ ਲਿਆ। ਭਾਈ ਵੀਰ ਸਿੰਘ ਦੀ ਕਵਿਤਾ ਵਾਂਗ ਹੂ-ਬ-ਹੂ ਕੁਦਰਤ ਵਿਚ ਕਾਦਰ ਦਾ ਵਾਸਾ ਨਜ਼ਰ ਆ ਰਿਹਾ ਸੀ। ਅਸੀਂ ਆਪਣਾ ਆਪ ਭੁੱਲ ਕੇ ਵੈਰੀਨਾਗ ਦੇ ਨਾਲ-ਨਾਲ ਵਗਣ ਲੱਗ ਪਏ। ਨੱਕੋ-ਨੱਕ ਭਰਿਆ ਚਸ਼ਮਾ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ। ਸ਼ਾਂਤ ਵਗਦੇ ਚਸ਼ਮੇ ਅੰਦਰ ਕੀ ਰਿਝ ਰਿਹਾ, ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਸੀ। ਵੈਰੀਨਾਗ ਦੇ ਵਹਾਅ ਨੂੰ ਨਹਿਰ ਦੀ ਸ਼ਕਲ ਵਿਚ ਢਲਿਆ ਦੇਖਿਆ ਤਾਂ ਪਤਾ ਲੱਗਾ ਕਿ ਚਸ਼ਮੇ ਦੇ ਅੰਦਰ ਕੀ ਹੋ ਰਿਹਾ ਹੈ। ਪੂਰੇ ਬਾਗ ਵਿਚ ਕੀ ਬੱਚੇ ਤੇ ਕੀ ਬੁੱਢੇ, ਵੈਰੀਨਾਗ ਦੇ ਨਸ਼ੇ ਵਿਚ ਲਟਬੌਰੇ ਹੋਏ ਪਏ ਸਨ। ਖ਼ੂਬਸੂਰਤ, ਹੁਸਨ ਦੀਆਂ ਪਰੀਆਂ ਕਸ਼ਮੀਰ ਦੀਆਂ ਮੁਟਿਆਰਾਂ ਸਾਰੀ ਦੁਨੀਆ ਨੂੰ ਵਿਸਾਰ ਕੇ ਵੈਰੀਨਾਗ ਦੇ ਠੰਢੇ ਚਸ਼ਮੇ ਵਿਚ ਤਾਰੀਆਂ ਲਾ ਰਹੀਆਂ ਸਨ। ਸੱਚੀ-ਮੁੱਚੀ ਦਾ ਪਹਿਲੀ ਝਲਕੇ ਹੀ ਕਾਦਰ ਦੇ ਜਲਵੇ ਅੱਗੇ ਆਪਣੇ ਆਪ ਸਜਦਾ ਹੋ ਗਿਆ। ਇੰਝ ਲੱਗ ਰਿਹਾ ਸੀ, ਜੇ ਵੈਰੀਨਾਗ ਨਾ ਪੁੱਜਦੇ ਤਾਂ ਸਾਡੇ ਕੋਲ ਅੰਮ੍ਰਿਤਸਰ ਜਾ ਕੇ ਦੱਸਣ ਲਈ ਉਹ ਕੁਝ ਨਹੀਂ ਹੋਣਾ ਸੀ ਜੋ ਹੁਣ ਸਾਡੇ ਕੋਲ ਇਕੱਠਾ ਹੋ ਰਿਹਾ ਸੀ। ਸਾਡੀ ਜੰਮੂ ਕਸ਼ਮੀਰ ਯਾਤਰਾ ਵੈਰੀਨਾਗ ਤੋਂ ਬਿਨਾ ਅਧੂਰੀ ਹੀ ਸਮਝੀ ਜਾਣੀ ਸੀ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਤਿ ਰੁਝੇਵਿਆਂ ਵਾਲੇ ਟਾਈਮ ਵਿਚੋਂ ਬੜੀ ਮੁਸ਼ਕਿਲ ਨਾਲ ਇੱਕ ਹਫਤੇ ਦਾ ਪਲਾਨ ਬਣਾਇਆ ਗਿਆ। ਜੰਮੂ ਕਸ਼ਮੀਰ ਦੀਆਂ ਪ੍ਰਸਿੱਧ ਸੈਰਗਾਹਾਂ-ਪਟਨੀਟੋਪ, ਸ੍ਰੀਨਗਰ, ਮੁਗ਼ਲ ਬਾਗ, ਸ਼ੰਕਰਾਚਾਰੀਆ ਮੰਦਰ, ਡੱਲ ਲੇਕ, ਚਸ਼ਮੇਸ਼ਾਹੀ, ਪਰੀ-ਮਹਿਲ, ਨਿਸ਼ਾਤ ਬਾਗ, ਸ਼ਾਲੀਮਾਰ ਬਾਗ, ਲਾਲ ਚੌਕ, ਨਹਿਰੂ ਪਾਰਕ, ਲੋਟਸ ਲੇਕ, ਪਹਿਲਗਾਮ, ਗੁਲਮਾਰਗ, ਸੋਨਮਾਰਗ ਘੁੰਮਣ ਬਾਅਦ ਅਸੀਂ ਵੈਰੀਨਾਗ ਪੁੱਜੇ ਸਾਂ। ਮੇਰੇ ਨਾਲ ਮੇਰੀ ਪਤਨੀ ਅਨੂ ਪੁਰੀ, ਪੁੱਤਰ ਧਰੁਵ ਪੁਰੀ, ਸਿਧਾਰਥ ਪੁਰੀ ਅਤੇ ਭਤੀਜੀ ਤਾਨੀਆ ਬਾਗ ਵਿਚ ਪਹੁੰਚ ਕੇ 'ਆਨੰਦ ਵੈਰੀਨਾਗ' ਕਹਿ ਕੇ ਪੁਕਾਰਨ ਲੱਗੇ ਹੋਏ ਸਨ। ਇਹ ਸਿਧਾਰਥ ਵੱਲੋਂ ਦਿੱਤਾ ਨਵਾਂ ਨਾਂ ਸੀ। ਖੁੱਲ੍ਹੇ-ਡੁੱਲ੍ਹੇ ਬਾਗ ਵਿਚ ਕਸ਼ਮੀਰੀ ਵੱਡੇ ਪਰੌਂਠੇ, ਹਲਵਾ, ਮਟਰ ਪਕੌੜੇ, ਪਿਆਜ਼ ਪਕੌੜੇ ਅਤੇ ਚਾਹ ਦਾ ਮਜ਼ਾ ਲੈਣ ਦੇ ਬਾਅਦ ਬੇਹੱਦ ਠੰਢੇ ਪਾਣੀ ਜਿਸ ਵਿਚ ਕੋਈ ਹੱਥ ਪਾਉਣ ਲਈ ਵੀ ਤਿਆਰ ਨਹੀਂ ਸੀ, ਵਿਚ ਅਸੀਂ ਡੁਬਕੀਆਂ ਮਾਰਨ ਉਤਰ ਗਏ। ਮੈਂ, ਸਿਧਾਰਥ ਅਤੇ ਤਾਨੀਆ ਨੇ ਸਭ ਤੋਂ ਵੱਧ ਠੰਢੇ-ਠਾਰ ਪਾਣੀ ਵਿਚ ਡੁੱਬਕੀਆਂ ਮਾਰ ਕੇ ਆਨੰਦ ਲਿਆ। ਲੋਕਲ ਬੰਦਿਆਂ ਨੇ ਸਾਨੂੰ ਦੱਸਿਆ ਕਿ ਉਹ ਬਹੁਤਾ ਚਿਰ ਪਾਣੀ ਵਿਚ ਨਾ ਰਹਿਣ, ਚੁੱਭੀ ਮਾਰ ਕੇ ਬਾਹਰ ਆ ਜਾਣ। ਬੇਹੱਦ ਠੰਢੇ ਪਾਣੀ ਕਾਰਨ ਡੁਬਕੀ ਮਾਰ ਕੇ ਬਾਹਰ ਆਉਣਾ ਹੀ ਪੈਂਦਾ ਸੀ। ਮੈਂ ਨਾਲੇ ਭਾਈ ਵੀਰ ਸਿੰਘ ਦੀ ਕਵਿਤਾ ਉੱਚੀ-ਉੱਚੀ ਗਾਈ ਜਾਵਾਂ ਤੇ ਨਾਲੇ ਚੁੱਭੀਆਂ ਮਾਰੀ ਜਾਵਾਂ। ਅਸੀਂ ਵੈਰੀਨਾਗ ਨਾਲ ਇੰਝ ਘੁਲ ਮਿਲ ਗਏ ਜਿਵੇਂ ਕੋਈ ਆਪਣਿਆਂ ਨਾਲ ਘੁਲ-ਮਿਲ ਜਾਂਦਾ ਹੈ। ਜਿੰਨਾ ਆਨੰਦ ਇੱਥੇ ਆ ਕੇ ਆ ਰਿਹਾ ਸੀ, ਉਹ 'ਅਨੰਦ ਭਇਆ' ਵਾਲਾ ਆਨੰਦ ਸੀ। ਹੋਰ ਵੀ ਬਹੁਤ ਸਾਰੇ ਲੋਕ ਸਨ, ਖਿੜੇ-ਖਿੜੇ, ਖੁਸ਼ਬੂਆਂ ਵੰਡਦੇ, ਆਪਣੇ-ਆਪਣੇ ਜਿਹੇ ਲੱਗਦੇ। ਇਨ੍ਹਾਂ ਸਾਰਿਆਂ ਦਾ ਧਰਮ ਇਸ ਸਮੇਂ ਵੈਰੀਨਾਗ ਸੀ। ਸਭ ਵੈਰੀਨਾਗ ਨੂੰ ਆਪਣੇ ਅੰਦਰ ਨਾ ਭੁਲਾਉਣ ਵਾਲੀ ਯਾਦ ਬਣਾ

**(ਬਾਕੀ ਅਗਲੇ ਸਫੇ 'ਤੇ)**



## ਵੈਰੀਨਾਗ ਬਾਰੇ ਭਾਈ ਵੀਰ ਸਿੰਘ ਦੀਆਂ ਕਵਿਤਾਵਾਂ

### ਵੈਰੀ ਨਾਗ ਦਾ ਪਹਿਲਾ ਝਲਕਾ

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵਜਦਾ,
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਿਜਦਾ,
ਰੰਗ ਫੀਰੋਜ਼ੀ, ਝਲਕ ਬਲੌਰੀ,
ਡਲ੍ਹਕ ਮੋਤੀਆਂ ਵਾਲੀ
ਰੂਹ ਵਿਚ ਆ ਆ ਜਜ਼ਬ ਹੋਇ
ਜੀ ਵੇਖ ਵੇਖ ਨਹੀਂ ਰਜਦਾ।

ਨਾ ਕੁਈ ਨਾਦ ਸਰੋਦ ਸੁਣੀਵੇ
ਫਿਰ 'ਸੰਗੀਤ-ਰਸ' ਛਾਇਆ;
ਚੁੱਪ ਚਾਨ ਪਰ ਰੂਪ ਤਿਰੇ ਵਿਚ
ਕਵਿਤਾ ਰੰਗ ਜਮਾਇਆ,
ਸਰਦ ਸਰਦ ਪਰ ਛੁਹਿਆਂ ਤੈਨੂੰ
ਰੂਹ ਸਰੂਰ ਵਿਚ ਆਵੇ,
ਗਹਿਰ ਗੰਭੀਰ ਅਡੋਲ ਸੁਹਾਵੇ!
ਤੈਂ ਕਿਹਾ ਜੋਗ ਕਮਾਇਆ?

### ਵੈਰੀ ਨਾਗ

*(ਇਮਾਰਤਾਂ ਤੇ ਬਾਗ਼)*

ਵੈਰੀ ਨਾਗ ਫੀਰੋਜ਼ੀ ਥੇਵਾ
ਜਹਾਂਗੀਰ ਜੜਵਾਇਆ,
ਪੱਕਾ ਹੌਜ਼ ਮਹਿਰਾਬਾਂ ਦਵਾਲੇ
ਦੇ ਕੇ ਸੁਹਜ ਵਧਾਇਆ।
ਸਭ ਤੋਂ ਪਯਾਰਾ ਥਾਉਂ ਜਗਤ ਵਿਚ
ਦਿਲ ਉਹਦੇ ਨੂੰ ਲੱਗਾ,
ਦਿਲ ਤੋਂ ਪਯਾਰੀ ਨੂਰ ਜਹਾਂ ਦੀ
ਇਹ ਭੀ ਭੇਟ ਚੜ੍ਹਾਇਆ।
ਬਾਰਾਂ ਦਰੀਆਂ, ਮਹਿਲ ਮਾੜੀਆਂ
ਹੌਜ਼ ਕਿਨਾਰੇ ਬਣੀਆਂ,
ਸਭ ਢਹਿ ਢੇਰੀ ਹੋਈਆਂ, ਗੁੰਮੀਆਂ
ਕੁਛ ਅੱਗ ਲਗ ਕੇ ਸੜੀਆਂ,
ਬਾਗ਼ ਸੁਹਾਵਾ ਪਾਤਸ਼ਾਹ ਦਾ
ਮੇਵੇ ਹੈ ਪਯਾ ਵੇਚੇ,
ਝਰਨੇ, ਬਾਰਾਂ ਦਰੀਆਂ ਸਭ ਦੀਆਂ
ਸਮਾਂ ਤੋੜ ਰਿਹਾ ਤਣੀਆਂ।

ਕੇ ਆਪਣੇ ਨਾਲ ਲੈ ਜਾਣਾ ਚਾਹੁੰਦੇ ਸਨ। ਸਭ ਲੋਕਾਂ ਵੱਲੋਂ ਕੈਨੀਆਂ ਵਿਚ ਵੈਰੀਨਾਗ ਨੂੰ ਚਸ਼ਮੇ ਵਿਚੋਂ ਭਰਿਆ ਜਾ ਰਿਹਾ ਸੀ। ਵੈਰੀਨਾਗ ਦੇ ਅੰਮ੍ਰਿਤ ਵਰਗੇ ਠੰਢੇ ਪਾਣੀ ਜਿਸ ਦਾ ਰੰਗ ਫਿਰੋਜ਼ੀ, ਝਲਕ ਬਲੌਰੀ ਅਤੇ ਡਲਕ ਮੋਤੀਆਂ ਵਾਲੀ ਹੈ, ਨੂੰ ਬੁੱਕ ਵਿਚ ਭਰ ਕੇ ਇੱਕੋ ਸਾਹੇ ਡੀਕ ਲਾ ਕੇ ਪੀ ਰਹੇ ਸਨ। ਮੈਂ ਦੇਖਿਆ, ਕਈ ਵਾਰ-ਵਾਰੇ ਬੁੱਕ ਭਰ-ਭਰ ਪਾਣੀ ਪੀ ਕੇ ਇਲਾਹੀ ਝੂਟੇ ਝੂਟ ਰਹੇ ਸਨ।

ਜਦੋਂ ਮੈਂ ਭਾਈ ਵੀਰ ਸਿੰਘ ਦੀ ਕਵਿਤਾ ਗਾ ਰਿਹਾ ਸੀ ਤਾਂ ਇੱਕ ਮੁਸਲਿਮ ਪਰਿਵਾਰ ਜੋ ਮੇਰੇ ਵਾਂਗ ਹੀ ਆਪਣੇ ਪਰਿਵਾਰ ਨਾਲ ਇਥੇ ਆਇਆ ਹੋਇਆ ਸੀ, ਨੇ ਪੁੱਛਿਆਂ ਤਾਂ ਮੈਂ ਦੱਸਿਆ ਕਿ ਸਾਡੇ ਪੰਜਾਬੀ ਦੇ ਸਿਰਮੌਰ ਕਵੀ ਭਾਈ ਵੀਰ ਸਿੰਘ ਨੇ ਵੈਰੀਨਾਗ ਦੀ ਉਸਤਤ ਵਿਚ ਜਿਹੜੀ ਕਵਿਤਾ ਲਿਖੀ ਹੈ, ਮੈਂ ਉਹ ਗਾ ਰਿਹਾ ਹਾਂ। ਇਸ ਤੋਂ ਬਾਅਦ ਉਹ ਵੀ ਵੈਰੀਨਾਗ ਦੇ ਗੁਣ ਗਾਉਣ ਲੱਗ ਪਿਆ- "ਵੈਰੀਨਾਗ ਤੋਂ ਬਿਨਾਂ ਇਹ ਵਾਦੀਆਂ ਕੁਝ ਵੀ ਨਹੀਂ ਹਨ। ਇਹ ਜੋ ਤੁਸੀਂ ਸਾਰੀਆਂ ਵਾਦੀਆਂ ਵਿਚ ਕਾਦਰ ਦੇ ਦਰਸ਼ਨ ਕੀਤੇ, ਇਹ ਸਭ ਇਸ ਦੇ ਹੀ ਜਲਵੇ ਹਨ। ਇਹੋ ਚੌਵੀ ਘੰਟੇ ਬਾਰਾਂ ਮਹੀਨੇ ਇੰਝ ਹੀ ਫੁਟਦਾ ਰਹਿੰਦਾ। ਇਸ ਦੇ ਬਿਨਾਂ ਸਾਡਾ ਕੁਝ ਵੀ ਨਹੀਂ ਹੈ। ਇਹ ਕਦੇ ਨਹੀਂ ਸੁੱਕਦਾ। ਇਕਸਾਰ, ਇਕਸੁਰ ਹੋ ਕੇ ਇਲਾਹੀ ਗੀਤ ਗਾਉਂਦਾ ਹੈ। ਇਸ ਦੇ ਵਗਣ ਵਿਚ ਕੋਈ ਵੀ ਕਾਹਲ ਨਹੀਂ। ਇਹ ਕੁਦਰਤ ਦੇ ਕਿਤੇ ਧੁਰ ਅੰਦਰੋਂ ਵਗਦਾ ਹੈ ਅਤੇ ਸਾਰੀ ਵਾਦੀ ਨੂੰ ਆਪਣੀ ਅੰਦਰ ਸਮਾ ਲੈਂਦਾ ਹੈ।" ਵੈਰੀਨਾਗ ਵਿਚ ਬਣੇ ਮੰਦਰ, ਸ਼ਿਵਲਿੰਗ ਅਤੇ ਮੂਰਤੀਆਂ ਦੇਖ ਕੇ ਹੈਰਾਨੀ ਹੋ ਰਹੀ ਸੀ। ਵੈਰੀਨਾਗ ਦੇ ਚਸ਼ਮੇ ਅੰਦਰ ਵੜਦਿਆ ਸੱਜੇ ਹੱਥ ਸ਼ਿਵਲਿੰਗ ਸਸ਼ੋਭਿਤ ਹੈ, ਖੱਬੇ ਹੱਥ ਜੋ ਫਾਰਸੀ ਵਿਚ ਉਕਰਿਆ ਹੋਇਆ ਹੈ, ਵਿਚ ਦੱਸਿਆ ਗਿਆ ਕਿ ਕਿਵੇਂ ਹਿੰਦੋਸਤਾਨ ਦੇ ਬਾਦਸ਼ਾਹ ਜਹਾਂਗੀਰ ਅਤੇ ਸ਼ਾਹ ਜਹਾਨ ਨੇ ਇਸ ਵੈਰੀਨਾਗ ਨੂੰ ਸੰਜੋਣ ਦਾ ਕੰਮ ਕੀਤਾ।

ਅਸੀਂ ਜੰਮੂ ਵਿਚ ਦਾਖਲ ਹੁੰਦੇ ਹਾਂ ਤਾਂ ਵਾਪਸੀ 'ਤੇ ਸਭ ਤੋਂ ਆਖਰੀ ਸੈਰਗਾਹ ਵੈਰੀਨਾਗ ਹੀ ਹੈ। ਕੋਕਰੀਨਾਗ ਦੀ ਆਪਣੀ ਮਹੱਤਤਾ ਹੈ ਪਰ ਜੋ ਕੁਦਰਤ ਅਤੇ ਕਾਦਰ ਦਾ ਜਲਵਾ ਇੱਥੇ ਹੈ, ਕਿਤੇ ਨਹੀਂ ਮਿਲਦਾ।

ਆਨੰਤਨਾਗ ਜ਼ਿਲ੍ਹੇ ਤੋਂ ਵੈਰੀਨਾਗ ਹਵਾਈ ਰਸਤੇ ਰਾਹੀਂ 80 ਕਿਲੋਮੀਟਰ ਦੂਰ ਇਹ ਮੁਗਲ ਬਾਗ ਕਰ ਕੇ ਵੀ ਮਸ਼ਹੂਰ ਹੈ। ਸੜਕ ਰਸਤੇ ਕਸ਼ਮੀਰ ਘਾਟੀ ਦਾ ਪਹਿਲਾ ਸੈਰ-ਸਪਾਟਾ ਸਥਾਨ ਹੋਣ ਕਰ ਕੇ ਬਹੁਤੇ ਸੈਲਾਨੀਆਂ ਦਾ ਧਿਆਨ ਆਪਣੇ ਵੱਲ ਨਹੀਂ ਖਿਚਦਾ ਅਤੇ ਨਾ ਇਸ ਦੇ ਲਈ ਸਰਕਾਰ ਵੱਲੋਂ ਕੋਈ ਬਹੁਤਾ ਪ੍ਰਚਾਰ ਹੀ ਕੀਤਾ ਗਿਆ ਹੈ। ਇਸ ਕਰ ਕੇ ਬਹੁਤੇ ਸੈਲਾਨੀ ਇਸ ਦੇ ਨੇੜਿਓਂ ਲੰਘ ਜਾਂਦੇ ਹਨ ਪਰ ਜਿਹੜੇ ਜਾਣਦੇ ਹਨ, ਉਹ ਇੱਥੇ ਕੁਦਰਤ ਅਤੇ ਕਾਦਰ ਨੂੰ ਨੇੜੇ ਤੋਂ ਦੇਖਣ ਜ਼ਰੂਰ ਪਹੁੰਚਦੇ ਹਨ। 1620 ਈਸਵੀ ਤੋਂ ਪਹਿਲਾਂ ਇੱਥੇ ਵੱਖ-ਵੱਖ ਚਸ਼ਮੇ ਫੁੱਟ ਕੇ ਚਾਰੇ ਦਿਸ਼ਾਵਾਂ ਵਿਚ ਫੈਲ ਜਾਂਦੇ ਸੀ। ਇਸ ਨੂੰ ਆਧੁਨਿਕ ਰੂਪ ਮੁਗਲ ਬਾਦਸ਼ਾਹ ਜਹਾਂਗੀਰ ਨੇ ਹੀ ਦਿੱਤਾ। ਇਸ ਆਲੇ-ਦੁਆਲੇ ਚਾਰਦਵਾਰੀ ਕਰਵਾ ਕੇ ਇਸ ਦੀ ਖੂਬਸੂਰਤੀ ਵਿਚ ਵਾਧਾ ਕਰ ਦਿੱਤਾ। ਇਸ ਨਾਲ ਇਸ ਦੀ ਪ੍ਰਸਿੱਧੀ ਦੂਰ-ਦੂਰ ਤੱਕ ਹੋ ਗਈ। ਚਸ਼ਮੇ ਕੋਲ ਸੁੰਦਰ ਬਾਗ ਉਸ ਦੇ ਪੁੱਤਰ ਸ਼ਾਹ ਜਹਾਨ ਦੁਆਰਾ ਬਣਾਇਆ ਗਿਆ ਤਾਂ ਇਸ ਦੀ ਖੂਬਸੂਰਤੀ ਅੰਤਾਂ ਦੀ ਹੋ ਗਈ।

ਵੈਰੀਨਾਗ ਜਿਹਲਮ ਦਾ ਮੁੱਖ ਸਰੋਤ ਹੈ। ਇਤਿਹਾਸਕ ਅਤੇ ਧਾਰਮਿਕ ਮਹਾਨਤਾਵਾਂ ਕਾਰਨ ਪੁਰਾਤੱਤਵ ਸਰਵੇਖਣ ਵਿਭਾਗ, ਭਾਰਤ ਸਰਕਾਰ ਵੱਲੋਂ ਇਸ ਨੂੰ ਰਾਸ਼ਟਰੀ ਸਮਾਰਕ ਵਜੋਂ ਮਾਨਤਾ ਦਿੱਤੀ ਹੋਈ ਹੈ। ਸਥਾਨਕ ਕਸ਼ਮੀਰੀ ਭਾਸ਼ਾ ਵਿਚ ਵੈਰੀਨਾਗ ਨੂੰ 'ਵੰਥ' ਕਿਹਾ ਜਾਂਦਾ ਹੈ ਜੋ ਕਸ਼ਮੀਰ ਦੀ ਘਾਟੀ ਵਿਚ ਵਗਦਾ ਹੋਇਆ ਅੰਤ ਵਿਚ ਪਾਕਿਸਤਾਨ-ਪ੍ਰਸ਼ਾਸਤ ਕਸ਼ਮੀਰ ਵਿਚ ਦਾਖਲ ਹੁੰਦਾ ਹੈ। ਵੈਰੀਨਾਗ ਸੰਸਕ੍ਰਿਤ ਦੇ ਸ਼ਬਦ ਵਿਤਸਤਾ ਤੋਂ ਲਿਆ ਗਿਆ ਹੈ। ਇਸ ਦੇ ਹੋਰ ਨਾਂ ਵੀ ਹਨ- ਨੀਲਕੁੰਡ, ਵੈਰੀਨਾਗ ਗਾਰਡਨ, ਵਰਨਾਗ, ਵਿਰਾਹਨਾਗ, ਵੀਰ-ਨਾਗ। ਨੀਲਮਾਤਾ ਪੁਰਾਣ ਵਿਚ ਦੇਵੀ ਵਿਤਸਤਾ (ਜਿਹਲਮ) ਨਾਲ ਜੋ ਕਥਾ ਜੁੜੀ ਹੋਈ ਹੈ, ਉਸ ਅਨੁਸਾਰ ਦੇਵੀ ਵਿਤਸਤਾ (ਜਿਹਲਮ) ਨੇ ਇਸ ਚਸ਼ਮੇ ਤੋਂ ਫੁਟਣਾ ਸੀ ਪਰ ਜਦੋਂ ਦੇਵੀ ਇੱਥੇ ਆਈ ਤਾਂ ਉਸ ਸਮੇਂ ਭਗਵਾਨ ਸ਼ਿਵ ਇੱਥੇ ਠਹਿਰੇ ਹੋਏ ਸਨ ਜਿਸ ਤੋਂ ਬਾਅਦ ਉਸ ਨੂੰ ਵਾਪਸ ਜਾਣਾ ਪਿਆ ਅਤੇ ਵਿਧਾਵਤੁਰ (ਵਿਤਸਤਾ) ਤੋਂ ਫੁਟਣਾ ਪਿਆ ਜੋ ਵੈਰੀਨਾਗ ਤੋਂ ਉੱਤਰ-ਪੱਛਮ ਵੱਲ ਲਗਭਗ ਇੱਕ ਮੀਲ ਦੀ ਦੂਰੀ 'ਤੇ ਹੈ। ਸੰਸਕ੍ਰਿਤ ਵਿਚ ਵਿਰਾਹ ਦਾ ਅਰਥ ਹੈ 'ਵਾਪਸ ਜਾਣਾ' ਅਤੇ ਨਾਗ ਦਾ ਅਰਥ ਹੈ ਪਾਣੀ ਦਾ ਝਰਨਾ। ਦੇਵੀ ਦੇ ਇਸ ਸਥਾਨ ਤੋਂ ਵਾਪਸ ਜਾਣ ਕਰ ਕੇ ਇਸ ਨੂੰ ਵਿਰਾਹਨਾਗ ਜਾਂ ਵਰਨਾਗ ਕਿਹਾ ਜਾਂਦਾ ਹੈ। ਇਸ ਨੂੰ ਨੀਲਨਾਗਾ ਦਾ ਨਿਵਾਸ ਸਥਾਨ ਵੀ ਮੰਨਿਆ ਜਾਂਦਾ ਹੈ ਜਿਸ ਦੀ ਪ੍ਰਾਚੀਨ ਪਰੰਪਰਾ ਅਨੁਸਾਰ ਬਹੁਤ ਮਹਾਨਤਾ ਹੈ। ਇਸ ਨੂੰ ਨੀਲਕੁੰਡਾ ਜਾਂ ਨੀਲਾ ਦੇ ਚਸ਼ਮੇ ਵਜੋਂ ਵੀ ਜਾਣਿਆ ਜਾਂਦਾ ਹੈ। ਨੀਲਮਾਤਾ ਪੁਰਾਣ ਅਨੁਸਾਰ, ਕਸ਼ਮੀਰ ਦੀ ਘਾਟੀ ਵਿਚ 'ਸਤੀਸਾਰਾ' ਜਾਂ ਪਾਰਵਤੀ ਦੀ ਝੀਲ ਦੇ ਨੇੜੇ ਭਗਵਾਨ ਵਿਸ਼ਨੂੰ ਨੇ ਸਭ ਤੋਂ ਪਹਿਲਾਂ ਹਲ ਦੀ ਨੋਕ ਨੂੰ ਰੱਖਿਆ ਸੀ ਜਿਸ ਨਾਲ ਸਤੀਸਾਰਾ ਕੱਢਿਆ ਗਿਆ ਸੀ। ਭਗਵਾਨ ਸ਼ਿਵ ਨੇ ਤ੍ਰਿਸ਼ੂਲ ਦੀ ਸ਼ਕਤੀ ਨਾਲ ਦੇਵੀ ਪਾਰਵਤੀ ਨੂੰ ਵਿਤਸਤਾ ਨਦੀ ਦੇ ਰੂਪ ਵਿਚ ਪਤਾਲ ਤੋਂ ਲਿਆਂਦਾ ਦੱਸਿਆ ਜਾਂਦਾ ਹੈ।

ਪੁਲਵਾਮਾ ਹਮਲੇ ਤੋਂ ਬਾਅਦ ਭਾਰਤ ਸਰਕਾਰ ਨੇ ਪਾਕਿਸਤਾਨ ਨੂੰ ਜਾਣ ਵਾਲੇ ਪਾਣੀ ਨੂੰ ਰੋਕਣ ਦੀ ਜੋ ਗੱਲ ਕੀਤੀ ਸੀ, ਉਸ ਵਿਚ ਪ੍ਰਮੁੱਖ ਤੌਰ 'ਤੇ ਵੈਰੀਨਾਗ ਦੇ ਚਸ਼ਮੇ ਦਾ ਹੀ ਪਾਣੀ ਹੈ। ਭਾਰਤ ਅਤੇ ਪਾਕਿਸਤਾਨ ਵਿਚ ਆਜ਼ਾਦੀ ਤੋਂ ਬਾਅਦ ਸਿੰਧੂ ਜਲ ਸਿੰਧੀ ਹੋਈ ਹੈ। ਸਿੰਧੂ ਨਦੀ ਦੀ ਲੰਬਾਈ 2880 ਕਿਲੋਮੀਟਰ ਹੈ। ਇਸ ਦਾ ਖੇਤਰ 11.2 ਲੱਖ ਕਿਲੋਮੀਟਰ ਹੈ ਜੋ ਪਾਕਿਸਤਾਨ ਵਿਚ 47%, ਭਾਰਤ ਵਿਚ 39%, ਚੀਨ ਵਿਚ 8% ਅਤੇ ਅਫਗਾਨਿਸਤਾਨ ਵਿਚ 6% ਵਿਚ ਹੈ। 30 ਕਰੋੜ ਲੋਕ ਸਿੰਧੂ ਨਦੀ ਦੇ ਨਾਲ ਲੱਗਦੇ ਇਲਾਕਿਆਂ ਵਿਚ ਰਹਿੰਦੇ ਹਨ। ਜਿਹਲਮ ਪੱਛਮੀ ਖੇਤਰ ਦੀ ਸਿੰਧੂ ਨਦੀ ਦੀ ਪ੍ਰਮੁੱਖ ਸਹਾਇਕ ਨਦੀ ਹੈ ਜਿਸ 'ਤੇ ਭਾਰਤ ਨਾਲੋਂ ਪਾਕਿਸਤਾਨ ਦਾ ਹੱਕ ਜ਼ਿਆਦਾ ਸਮਝਿਆ ਜਾਂਦਾ ਹੈ। ਸਿੰਧੂ ਨਦੀ ਦੀਆਂ ਪੂਰਬੀਆਂ ਨਦੀਆਂ- ਸਤਲੁਜ, ਬਿਆਸ ਅਤੇ ਰਾਵੀ 'ਤੇ ਭਾਰਤ ਦਾ ਹੱਕ ਹੈ। ਪੱਛਮੀ ਨਦੀਆਂ ਜਿਹਲਮ, ਝਨਾਂ ਅਤੇ ਸਿੰਧੂ ਨਦੀ ਆਉਂਦੀ ਹੈ ਜਿਸ ਦੇ ਅੱਸੀ ਫੀਸਦੀ ਪਾਣੀ 'ਤੇ ਪਾਕਿਸਤਾਨ ਦਾ ਹੱਕ ਹੈ। ਸਮਝੌਤੇ ਅਨੁਸਾਰ ਭਾਰਤ ਇਨ੍ਹਾਂ ਨਦੀਆਂ ਦੇ ਵਹਿਦੇ ਪਾਣੀ ਨਾਲ ਬਿਜਲੀ ਤਾਂ ਪੈਦਾ ਕਰ ਸਕਦਾ ਹੈ ਪਰ ਨਦੀਆਂ ਦੇ ਵਹਿਣ ਨੂੰ ਰੋਕ ਨਹੀਂ ਸਕਦਾ; ਕਹਿਣ ਦਾ ਭਾਵ, ਇਸ ਵੈਰੀਨਾਗ ਨੂੰ ਵਰ ਹੀ ਸਮਝੋ ਕਿ ਇਸ ਦੇ ਵਹਾਅ ਨੂੰ ਕੋਈ ਰੋਕ ਨਹੀਂ ਸਕਦਾ। ਜੇ ਰੋਕਦਾ ਹੈ ਤਾਂ ਭਾਰਤ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਵੈਰੀਨਾਗ ਪਾਈਨ ਦੇ ਰੁੱਖਾਂ ਅਤੇ ਸਦਾਬਹਾਰ ਪੌਦਿਆਂ ਨਾਲ ਢਕੀ ਪਹਾੜੀ ਦੇ ਤਲ 'ਤੇ ਸਥਿਤ ਹੈ। ਅਸਲ ਵਿਚ ਇਹ ਅਨਿਯਮਿਤ ਅਤੇ ਆਕਾਰ ਰਹਿਤ ਤਾਲਾਬ ਸੀ ਜਿਸ ਨਾਲ ਛੋਟੀ ਜਿਹੀ ਦਲਦਲ ਬਣ ਜਾਂਦੀ ਸੀ। ਬਾਦਸ਼ਾਹ ਜਹਾਂਗੀਰ ਨੇ ਇਸ ਦੁਆਲੇ ਪੱਥਰਾਂ ਦਾ ਅਸ਼ਟਭੁਜ ਟੈਂਕ ਬਣਾਇਆ ਤਾਂ ਜੋ ਸਾਰਾ ਪਾਣੀ ਉਸ ਵਿਚ ਇਕੱਠਾ ਹੋ ਜਾਵੇ। ਇਸ ਦੇ ਲਈ ਇਰਾਨ ਤੋਂ ਕਾਰੀਗਰ ਲਿਆਂਦੇ ਗਏ ਸਨ। ਇਸ ਕੁਦਰਤੀ ਚਸ਼ਮੇ ਕੋਲ ਜਹਾਂਗੀਰ ਦੁਆਰਾ ਜਿਹੜਾ ਬਗੀਚਾ ਬਣਾਇਆ ਗਿਆ, ਉਹ ਇਸਲਾਮੀ ਮਹੱਤਵ ਰੱਖਦਾ ਹੈ। ਅਸ਼ਟਭੁਜੀ ਸਰੋਵਰ ਅਤੇ ਬਾਗ਼ ਦੀ ਉਸਾਰੀ ਦੀ ਮਿਤੀ 1029 ਹਿਜਰੀ ਦਰਜ ਹੈ। ਇਸ ਦੀ ਜਾਣਕਾਰੀ ਦੱਖਣੀ ਕੰਧ ਵਿਚ ਬਣੀ ਪੱਥਰ ਦੀ ਸਲੈਬ ਉੱਤੇ ਉੱਕਰੀ ਹੋਈ ਹੈ। ਸੱਤ ਸਾਲ ਬਾਅਦ ਜਹਾਂਗੀਰ ਦੇ ਪੁੱਤਰ ਸ਼ਾਹ ਜਹਾਨ ਨੇ ਸ਼ਾਨਦਾਰ ਬਾਗ਼ ਦੇ ਅੰਦਰ ਅਤੇ ਆਲੇ-ਦੁਆਲੇ ਸਿੱਧੀਆਂ ਰੇਖਾਵਾਂ ਵਿਚ ਚਸ਼ਮੇ ਅਤੇ ਜਲਘਰਾਂ ਦਾ ਨਿਰਮਾਣ ਕਰਵਾਇਆ। ਉਸ ਵੱਲੋਂ ਬਾਗ ਦੇ ਪੂਰਬ ਵੱਲ ਗਰਮ ਅਤੇ ਠੰਢੇ ਇਸ਼ਨਾਨ ਘਰ ਵੀ ਬਣਵਾਏ ਦੱਸੇ ਜਾਂਦੇ ਹਨ। ਚਸ਼ਮੇ ਦੀਆਂ ਆਲੇ-ਦੁਆਲੇ ਦੀਆਂ ਕੰਧਾਂ 'ਤੇ ਫ਼ਾਰਸੀ ਵਿਚ ਪੱਥਰਾਂ 'ਤੇ ਕੀਤੀ ਨੱਕਾਸ਼ੀ ਵੀ ਕਿਸੇ ਕਲਾ-ਕ੍ਰਿਤੀ ਤੋਂ ਘੱਟ ਨਹੀਂ। ਵੱਖ-ਵੱਖ ਝਰਨਿਆਂ ਦੇ ਪਾਣੀ ਨੂੰ ਤਲਾਅ ਵਿਚ ਇਕੱਠਾ ਕਰਨਾ ਵੀ ਕਲਾਕਾਰੀ ਤੋਂ ਘੱਟ ਨਹੀਂ। ਇਹ ਇਰਾਨ ਦੇ ਮਹਾਨ ਕਲਾਕਾਰਾਂ ਦੀ ਦੇਣ ਹੈ ਕਿ ਚਸ਼ਮੇ ਦਾ ਇਕੱਠਾ ਕੀਤਾ ਪਾਣੀ ਬਿਆਸ ਦਰਿਆ ਵਿਚ ਜਾ ਵਹਿੰਦਾ ਹੈ।



ਪਿੰਡ ਵੈਰੀਨਾਗ ਵਿਚ ਝੋਨੇ ਦੇ ਖੇਤ।

ਵੈਰੀਨਾਗ ਚਸ਼ਮੇ ਦੀਆਂ ਪੱਛਮੀ ਅਤੇ ਦੱਖਣੀ ਕੰਧਾਂ ਵਿਚ ਪੱਥਰ ਦੀਆਂ ਦੋ ਸਲੈਬਾਂ ਬਣੀਆਂ ਹੋਈਆਂ ਹਨ ਜਿਸ ਉੱਤੇ ਫ਼ਾਰਸੀ ਵਿਚ ਚਸ਼ਮੇ ਦੀ ਉਸਤਤ, ਤਲਾਬ ਅਤੇ ਜਲ-ਨਲ ਦੇ ਨਿਰਮਾਣ ਦੀਆਂ ਤਾਰੀਖਾਂ ਉੱਕਰੀਆਂ ਹੋਈਆਂ ਹਨ। ਜਹਾਂਗੀਰ ਨੇ ਆਪਣੇ ਰਾਜ ਦੇ 15ਵੇਂ ਸਾਲ ਵਿਚ 1029 ਹਿਜਰੀ ਵਿਚ ਉਸਾਰੀ ਦੇ ਹੁਕਮ ਦਿੱਤੇ। ਸ਼ਾਹ ਜਹਾਨ ਵੱਲੋਂ 1037 ਹਿਜਰੀ ਵਿਚ ਜਲ-ਨਿਰਮਾਣ ਕਰਵਾਇਆ। 'ਆਈਨ-ਏ-ਅਕਬਰੀ' ਜੋ 16ਵੀਂ ਸਦੀ ਦੇ ਬਾਦਸ਼ਾਹ ਅਕਬਰ ਦੇ ਪ੍ਰਸ਼ਾਸਨ ਨੂੰ ਰਿਕਾਰਡ ਕਰਨ ਵਾਲਾ ਵਿਸਤ੍ਰਿਤ ਦਸਤਾਵੇਜ਼ ਹੈ ਤੇ ਜਿਸ ਨੂੰ ਉਸ ਦੇ ਵਜ਼ੀਰ ਅਬੁਲ-ਫ਼ਜ਼ਲ ਇਬਨ ਮੁਬਾਰਕ ਦੁਆਰਾ ਲਿਖਿਆ ਗਿਆ ਹੈ, ਵਿਚ ਵੀ ਇਸ ਦਾ ਜ਼ਿਕਰ ਹੈ। 'ਤੁਜ਼ਕ-ਏ-ਜਹਾਂਗੀਰੀ' ਜਹਾਂਗੀਰ ਦੀ ਆਤਮ-ਕਥਾ ਹੈ ਜਿਸ ਨੂੰ 'ਜਹਾਂਗੀਰਨਾਮਾ' ਵੀ ਕਿਹਾ ਜਾਂਦਾ ਹੈ। 'ਰਾਜਤਰੰਗੀਨੀ' ਜੋ ਉੱਤਰ-ਪੱਛਮੀ ਭਾਰਤੀ ਉਪ-ਮਹਾਂਦੀਪ ਖਾਸ ਤੌਰ 'ਤੇ ਕਸ਼ਮੀਰ ਦੇ ਰਾਜਿਆਂ ਦਾ ਇਤਿਹਾਸ ਹੈ ਅਤੇ ਜਿਸ ਨੂੰ 12ਵੀਂ ਸਦੀ ਵਿਚ ਕਸ਼ਮੀਰੀ ਬ੍ਰਾਹਮਣ ਕਲਹਣ ਦੁਆਰਾ ਸੰਸਕ੍ਰਿਤ ਵਿਚ ਲਿਖਿਆ ਗਿਆ, ਵਿਚ ਵੈਰੀਨਾਗ ਬਾਰੇ ਜਾਣਕਾਰੀ ਮਿਲਦੀ ਹੈ।

ਵੈਰੀਨਾਗ ਗਾਰਡਨ ਦਾ ਡਿਜ਼ਾਈਨ ਰਵਾਇਤੀ ਫਾਰਸੀ ਚਾਰਬਾਗ ਦਾ ਰੂਪਾਂਤਰ ਹੈ। ਚਾਰਬਾਗ ਕੁਰਾਨ ਦੇ ਸਵਰਗ ਬਾਰੇ ਵਰਣਨ ਤੋਂ ਪ੍ਰੇਰਨਾ ਲੈਂਦਾ ਹੈ ਜਿਸ ਵਿਚ ਵਾਈਨ, ਸ਼ਹਿਦ, ਦੁੱਧ ਅਤੇ ਪਾਣੀ ਦੀਆਂ ਨਦੀਆਂ ਵਗਦੀਆਂ ਹਨ। ਰਵਾਇਤੀ ਚਾਰਬਾਗ ਇਕਸਾਰ ਆਕਾਰ ਦਾ ਹੈ, ਇਸ ਦੇ ਕੇਂਦਰ ਵਿਚ ਪਾਣੀ ਦਾ ਇਕ ਸਰੋਤ ਹੈ ਅਤੇ ਚਾਰ ਰੇਡੀਏਟਿੰਗ ਧਾਰਾਵਾਂ ਹਨ ਜੋ ਬਾਗ ਨੂੰ ਚਾਰ ਹਿੱਸਿਆਂ ਵਿਚ ਵੰਡਦੀਆਂ ਹਨ। ਵੈਰੀਨਾਗ ਬਾਗ਼ ਆਇਤਾਕਾਰ ਸ਼ਕਲ ਵਿਚ ਹੈ ਜਿਸ ਦੀ 460 ਮੀਟਰ ਲੰਬਾਈ ਅਤੇ 110 ਮੀਟਰ ਚੌੜਾਈ ਹੈ। ਬਾਗ ਨੂੰ ਨਹਿਰ ਨਾਲ ਦੋ-ਭਾਗਾਂ ਵਿਚ ਵੰਡਿਆ ਗਿਆ ਹੈ ਜੋ ਪਾਣੀ ਨੂੰ ਦੱਖਣੀ ਸਿਰੇ 'ਤੋਂ ਉੱਤਰੀ ਸਿਰੇ 'ਤੇ ਜਿਹਲਮ ਨਦੀ ਵਿਚ ਟ੍ਰਾਂਸਫਰ ਕਰਦੀ ਹੈ। ਇਸ ਦੀ ਔਸਤ ਉਚਾਈ 1851 ਮੀਟਰ ਹੈ ਜੋ ਪੀਰ ਪੰਜਾਲ ਪਰਬਤ ਲੜੀ ਦੇ ਬਨਿਹਾਲ ਦੇ ਨੇੜੇ ਸਥਿਤ ਹੈ। ਅਨੰਤਨਾਗ, ਕੋਕਰਨਾਗ ਅਤੇ ਕਾਜ਼ੀਗੁੰਡ ਵੈਰੀਨਾਗ ਦੇ ਲਾਗਲੇ ਹੋਰ ਸ਼ਹਿਰ ਹਨ। ਇੱਥੋਂ ਦਾ ਜਲਵਾਯੂ ਗਰਮ ਅਤੇ ਸ਼ਾਂਤ ਹੈ। ਸਾਲ ਭਰ ਵਰਖਾ ਹੁੰਦੀ ਹੈ। ਕੋਪੇਨ ਜਲਵਾਯੂ ਵਰਗੀਕਰਨ ਅਨੁਸਾਰ, ਵੈਰੀਨਾਗ ਦੇ ਜਲਵਾਯੂ ਨੂੰ ਨਮੀ ਵਾਲੇ ਉਪਖੰਡੀ ਜਲਵਾਯੂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ।

ਜੰਮੂ ਕਸ਼ਮੀਰ ਟੂਰਿਜ਼ਮ ਵਿਭਾਗ ਦੀ ਵੈੱਬਸਾਈਟ ਅਤੇ ਹੋਰ ਸਰੋਤਾਂ ਤੋਂ ਜਾਣਕਾਰੀ ਇਕੱਤਰਤ ਕਰਨ ਤੋਂ ਬਾਅਦ ਮੈਨੂੰ ਲੱਗਾ ਕਿ ਇਹ ਸਭ ਜਾਣਕਾਰੀ ਭਾਈ ਵੀਰ ਜੀ ਦੀ ਕਵਿਤਾ ਤੋਂ ਬਿਨਾਂ ਅਧੂਰੀ ਹੈ। ਮੈਂ ਅਧਿਕਾਰੀਆਂ ਨੂੰ ਬੇਨਤੀ ਕੀਤੀ ਕਿ ਉਹ ਭਾਈ ਵੀਰ ਸਿੰਘ ਜੀ ਦੀ ਵੈਰੀਨਾਗ ਦੀ ਉਸਤਤ ਵਿਚ ਲਿਖੀ ਕਵਿਤਾ ਨੂੰ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕਰ ਕੇ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨ। ਇਸ ਦੇ ਨਾਲ ਹੀ ਬੋਰਡ ਵੀ ਤਿਆਰ ਕਰ ਕੇ ਬਾਗ ਵਿਚ ਲਵਾਉਣ।

---

# ਹੈੱਡਮਾਸਟਰ ਚਾਚਾ

ਹਰਜਿੰਦਰ ਸਿੰਘ ਗੁਲਪੁਰ
ਫੋਨ: +91-79735-01892

ਉਹ ਪੀੜ੍ਹੀ ਹੁਣ ਖ਼ਤਮ ਹੋਣ ਦੀ ਕਗਾਰ 'ਤੇ ਹੈ ਜੋ ਉਨ੍ਹਾਂ ਨੂੰ ਜਾਣਦੀ ਸੀ। ਉਹ ਸਕੂਲ ਸਮੇਂ ਤੋਂ ਹੀ ਮਰਹੂਮ ਹੈੱਡਮਾਸਟਰ ਮਹਿੰਗਾ ਸਿੰਘ ਸਿੰਬਲ ਮਜਾਰਾ ਦੇ ਸੰਪਰਕ ਵਿਚ ਆ ਕੇ ਸੀ.ਪੀ.ਆਈ. ਦੇ ਕੁਲਵਕਤੀ ਮੈਂਬਰ ਬਣ ਗਏ ਸਨ। ਦੂਜੀ ਸੰਸਾਰ ਜੰਗ ਬਾਅਦ ਇਹ ਉਹ ਸਮਾਂ ਸੀ ਜਦੋਂ ਸਾਮਰਾਜੀ ਤਾਕਤਾਂ ਖਿਲਾਫ ਸੰਘਰਸ਼ ਜ਼ੋਰਾਂ 'ਤੇ ਸੀ। ਹਿਟਲਰਸ਼ਾਹੀ 'ਮਿੱਤਰ ਦੇਸ਼ਾਂ' ਹੱਥੋਂ ਹਾਰ ਚੁੱਕੀ ਸੀ। ਬਹੁਤ ਸਾਰੇ ਦੇਸ਼ਾਂ ਵਿਚ ਰਾਜਨੀਤਕ ਉਥਲ-ਪੁਥਲ ਹੋ ਰਹੀ ਸੀ। ਇਸ ਦਾ ਅਸਰ ਕਬੂਲਣ ਤੋਂ ਭਾਰਤ ਕਿਵੇਂ ਬਚ ਸਕਦਾ ਸੀ।

ਸ਼ਰੀਕੇ ਵਿਚੋਂ ਚਾਚਾ ਲਗਦੇ ਗੁਰਦੇਵ ਸਿੰਘ ਦਾ ਜਨਮ 1930 ਵਿਚ ਹੋਇਆ ਸੀ। ਜਦੋਂ ਉਨ੍ਹਾਂ ਦਾ ਵਿਆਹ ਹੋਇਆ, ਉਦੋਂ ਮੈਂ ਸੁਰਤ ਸੰਭਾਲੀ ਹੀ ਸੀ। ਉਸ ਸਮੇਂ ਉਹ ਕਰਨਾਲ ਦੇ ਕਿਸੇ ਸਕੂਲ ਵਿਚ ਪੜ੍ਹਾਉਂਦੇ ਸਨ ਅਤੇ ਕਦੇ-ਕਦੇ ਪਿੰਡ ਆਉਂਦੇ ਸਨ। ਮੈਂ ਪਹਿਲੀ ਵਾਰ ਦੇਖਿਆ, ਉਦੋਂ ਬਰਾਤ ਨੂੰ ਕੁਰਸੀਆਂ ਮੇਜ਼ਾਂ ਉੱਤੇ ਬਿਠਾਲ ਕੇ ਖਾਣਾ ਖਵਾਇਆ ਗਿਆ ਸੀ ਜਿਸ ਵਿਚ ਬੱਕਰੇ ਦਾ ਮੀਟ ਸ਼ਾਮਲ ਸੀ। ਚਾਚੇ ਦੀ ਸੋਚ ਸਾਡੇ ਨਾਲੋਂ ਬਹੁਤ ਅੱਗੇ ਸੀ। ਇਹੀ ਕਾਰਨ ਸੀ ਕਿ ਸਾਡੀਆਂ ਕੱਚੀਆਂ ਸਵਾਤਾਂ ਵਿਚ ਵੀ ਵਿਆਹ ਵਾਲੀ ਰਾਤ ਨੂੰ ਕੋਰਿਆਂ ਉੱਤੇ ਬਿਠਾ ਕੇ ਮਹਾਂ ਪ੍ਰਸ਼ਾਦ ਵਰਤਾਇਆ ਗਿਆ ਸੀ ਜਿਸ ਨੂੰ ਲੋਕ ਖਾਣਾ ਤਾਂ ਚਾਹੁੰਦੇ ਸਨ ਪਰ ਓਪਰੇ ਦਿਲੋਂ ਚੰਗਾ ਨਹੀਂ ਸਮਝਦੇ ਸਨ।

ਦਿਨ ਲੰਘਦੇ ਗਏ, ਉਨ੍ਹਾਂ ਦੀ ਭਰਤੀ ਵੱਖ ਹੋਏ ਪੰਜਾਬ ਦੇ ਸਰਕਾਰੀ ਸਕੂਲ ਵਿਚ ਹੋ ਗਈ ਤੇ ਉਨ੍ਹਾਂ ਦਾ ਪੱਕਾ ਡੇਰਾ ਪਿੰਡ ਗੁਲਪੁਰ ਵਿਚ ਲੱਗ ਗਿਆ। ਇਸ ਸਮੇਂ ਤੱਕ ਮੈਂ ਨੌਵੀਂ ਵਿਚ ਹੋ ਗਿਆ ਸੀ। 'ਖਿੜਿਆ ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ' ਦੇ ਨਾਅਰਿਆਂ ਵਾਲੇ ਵਾਹਨ ਸਾਡੇ ਬਲਾਚੌਰ ਸਕੂਲ ਅੱਗਿਓਂ ਲੰਘਦੇ ਅਸੀਂ ਅਕਸਰ ਦੇਖਦੇ ਹੁੰਦੇ ਸੀ। ਉਦੋਂ ਗੌਰਮਿੰਟ ਟੀਚਰ ਯੂਨੀਅਨ ਦਾ ਪੰਜਾਬ ਦੀ ਸਿਆਸਤ ਵਿਚ ਬੋਲਬਾਲਾ ਸੀ। ਸੀ.ਪੀ.ਆਈ. ਅਤੇ ਸੀ.ਪੀ.ਐੱਮ. ਨਾਲ ਸਬੰਧਿਤ ਦੋ ਅਧਿਆਪਕ ਜਥੇਬੰਦੀਆਂ ਯੂਨੀਅਨ ਵਿਚ ਸਰਗਰਮ ਸਨ। ਬਕਾਇਦਾ ਚੋਣ ਹੁੰਦੀ; ਕਦੇ ਇੱਕ ਜਿੱਤ ਜਾਂਦੀ, ਕਦੇ ਦੂਜੀ। ਉਹ ਜਲਦੀ ਹੀ ਆਪਣੀ ਪਾਰਟੀ ਦੀ ਅਧਿਆਪਕ ਯੂਨੀਅਨ ਦੇ ਸਰਕਲ ਪ੍ਰਧਾਨ ਚੁਣੇ ਗਏ। ਸੀਮਤ ਸਾਧਨਾਂ ਦੇ ਬਾਵਜੂਦ ਉਨ੍ਹਾਂ ਸਾਰੀ ਜ਼ਿੰਦਗੀ ਬੱਚਿਆਂ ਨੂੰ ਸਕੂਲਾਂ ਨਾਲ ਜੋੜਨ ਦੇ ਯਤਨ ਕੀਤੇ। ਵਾਹ ਲਗਦੀ ਕਦੇ ਕਿਸੇ ਵਿਦਿਆਰਥੀ ਨੂੰ ਸਕੂਲ ਛੱਡ ਕੇ ਘਰੇ ਨਹੀਂ ਬਹਿਣ ਦਿੱਤਾ। ਬੱਚਿਆਂ ਨੂੰ ਸਿੱਖਿਆ ਨਾਲ ਜੋੜਨ ਤੋਂ ਇਲਾਵਾ ਉਨ੍ਹਾਂ ਦਾ ਦੂਜਾ ਵੱਡਾ ਮਕਸਦ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅੰਧ-ਵਿਸ਼ਵਾਸ ਤੋਂ ਮੁਕਤ ਕਰਨਾ ਸੀ। ਆਪਣੇ ਬੱਚਿਆਂ ਦੇ ਰੌਸ਼ਨ ਭਵਿੱਖ ਲਈ ਇਲਾਕੇ ਭਰ ਦੇ ਲੋਕ ਉਨ੍ਹਾਂ ਦੀ ਸਲਾਹ ਪੁੱਛਣ ਸਾਡੇ ਸਾਂਝੇ ਘਰ ਆਉਂਦੇ। ਸਾਡਾ ਪਰਿਵਾਰ ਉਦੋਂ ਵਿਦਿਅਕ ਹੱਬ ਵਜੋਂ ਜਾਣਿਆ ਜਾਂਦਾ ਸੀ। ਮੇਰੇ ਬਾਬਾ ਮਰਹੂਮ ਬੰਤਾ ਰਾਮ 1952 ਵਿਚ ਸੇਵਾਮੁਕਤ ਹੋਏ ਤੇ ਮੇਰਾ ਜਨਮ ਤਿੰਨ ਸਾਲ ਬਾਅਦ ਦਾ ਹੈ। ਨੇੜਲੇ ਪਿੰਡਾਂ ਦੇ ਵਿਦਿਆਰਥੀ ਸਰਕਾਰੀ ਸਕੂਲ ਸਾਹਿਬਾ ਵਿਖੇ ਜਾਣ ਲਈ ਸੁਬ੍ਹਾ-ਸਵੇਰੇ ਸਾਡੇ ਪਿੰਡ ਆ ਜਾਂਦੇ ਸਨ। ਇਥੋਂ ਦਰਜਨਾਂ ਵਿਦਿਆਰਥੀਆਂ ਦਾ ਟੋਲਾ ਸਕੂਲ ਵੱਲ ਪੈਦਲ ਕੂਚ ਕਰਦਾ। ਇਨ੍ਹਾਂ ਵਿਚ ਮੇਰਾ ਬਾਪ ਅਤੇ ਪਿੰਡ ਦੇ ਹੋਰ ਚਾਚੇ ਤਾਏ ਵੀ ਸ਼ਾਮਲ ਹੁੰਦੇ। ਮੇਰਾ ਬਾਬਾ ਅਧਿਆਪਕ ਨਾਲੋਂ ਵਧ ਅੱਖੜ ਅਤੇ ਗੰਭੀਰ ਕਿਸਮ ਦਾ ਧਾਰਮਿਕ ਬੰਦਾ ਸੀ। ਉਹ ਪਰਿਵਾਰ ਨਾਲ ਵਿਸ਼ੇਸ਼ ਦੂਰੀ ਬਣਾ ਕੇ ਰੱਖਦਾ। ਘੋੜੀ ਰੱਖਣ ਦਾ ਸ਼ੌਕੀ। ਉਹਨੇ ਬਹੁਤੇ ਦੋਸਤ ਨਹੀਂ ਬਣਾਏ। ਬਾਅਦ ਵਿਚ ਪਤਾ ਲੱਗਿਆ ਕਿ ਉਹ ਆਰੀਆ ਸਮਾਜੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ। ਇਸ ਵਿਚਾਰਧਾਰਾ ਨੂੰ ਉਸ ਜ਼ਮਾਨੇ ਵਿਚ ਅਗਾਂਹਵਧੂ ਸਮਝਿਆ ਜਾਂਦਾ ਸੀ। ਇਹੀ ਕਾਰਨ ਹੈ ਕਿ ਅਸੀਂ ਜਾਤ-ਪਾਤੀ ਦਕੀਆਨੂਸੀ ਤੋਂ ਕੋਹਾਂ ਦੂਰ ਰਹੇ।

ਬਾਬਾ ਜੀ ਦੇ ਸੇਵਾਮੁਕਤ ਹੋਣ ਪਿੱਛੋਂ ਚਾਚਾ ਗੁਰਦੇਵ ਸਿੰਘ ਸਾਡੇ ਪਰਿਵਾਰ ਦਾ ਇੱਕ ਤਰ੍ਹਾਂ ਨਾਲ ਬੁਲਾਰਾ ਬਣ ਕੇ ਸਾਹਮਣੇ ਆਇਆ। ਰਵਾਇਤਾਂ ਤੋਂ ਬਾਗ਼ੀ ਹੋਣ ਦਾ ਬੀੜਾ ਉਨ੍ਹਾਂ ਉਠਾ ਲਿਆ ਸੀ। ਛੇਤੀ ਹੀ ਮਕਬੂਲੀਅਤ ਵਧਣ ਲੱਗੀ। ਉਨ੍ਹਾਂ ਦੇ ਜੀਵਨ 'ਤੇ ਕਿਤਾਬ ਲਿਖੀ ਜਾ ਸਕਦੀ ਹੈ, ਫ਼ਿਲਹਾਲ ਉਹੀ ਲਿਖਾਂਗਾ ਜੋ ਖ਼ੁਦ ਦੇਖਿਆ ਹੈ। ਉਨ੍ਹਾਂ ਦੀ ਬਦੌਲਤ ਮੈਨੂੰ ਅਨੇਕ ਵੱਡੇ ਜਥੇਬੰਦਕ ਅਤੇ ਰਾਜਸੀ ਆਗੂਆਂ ਦੀ ਸੰਗਤ ਕਰਨ ਦਾ ਸੁਭਾਗ ਮਿਲਿਆ। ਇਸ ਪਿੱਛੇ ਉਸ ਸਮੇਂ ਤਿੰਨ ਕਿੱਲਿਆਂ ਵਿਚ ਲੱਗੇ ਸਾਂਝੇ ਅੰਬਾਂ ਦੇ ਬਾਗ਼ ਦੀ ਬਹੁਤੀ ਭੂਮਿਕਾ ਹੈ। ਕਹਿੰਦੇ-ਕਹਾਉਂਦੇ ਰਾਜਸੀ ਨੇਤਾ ਅਤੇ ਅਫਸਰ ਬਰਸਾਤ ਦੇ ਮੌਸਮ ਵਿਚ ਅੰਬ ਚੂਪਣ ਸਾਡੇ ਇਸ ਸਾਂਝੇ ਬਾਗ਼ ਵਿਚ ਆਉਂਦੇ। ਰਾਹੋਂ ਤੋਂ ਲੈ ਕੇ ਲੁਧਿਆਣਾ ਦੀਆਂ ਮੰਡੀਆਂ ਤੱਕ ਬਾਗ਼ ਦੇ ਅੰਬਾਂ ਦੇ ਹੋਕੇ ਲੱਗਣ ਦੇ ਗਵਾਹ ਅਜੇ ਵੀ ਇਲਾਕੇ ਵਿਚ ਮਿਲ ਜਾਂਦੇ ਹਨ।

ਇੱਕ ਵਾਰ ਕਿਸੇ ਨੇ ਚਾਚਾ ਜੀ ਨੂੰ ਸਵਾਲ ਪੁੱਛਿਆ: ਜਿਸ ਤਰ੍ਹਾਂ ਤੁਹਾਡੇ ਘਰ ਵਿਚ ਵਿਦਿਆ ਆਈ ਨੂੰ ਸੌ ਸਾਲ ਤੋਂ ਵੱਧ ਸਮਾਂ ਹੋ ਗਿਆ, ਉਸ ਹਿਸਾਬ ਨਾਲ ਤਾਂ ਤੁਹਾਡੇ ਨਿਆਣੇ ਆਈ.ਏ.ਐੱਸ. ਆਈ.ਪੀ.ਐੱਸ. ਹੋਣੇ ਚਾਹੀਦੇ ਸਨ? ਚਾਚਾ ਜੀ ਨੇ ਨਿਰਛਲ ਹੱਸਦਿਆਂ ਜਵਾਬ ਦਿੱਤਾ ਸੀ, "ਕੁਦਰਤ ਨੇ ਸਾਡੇ ਪਰਿਵਾਰ ਦੀ ਡਿਊਟੀ ਪੈਸਾ ਕਮਾਉਣ ਦੀ ਨਹੀਂ, ਗਿਆਨ ਵੰਡਣ ਦੀ ਲਾਈ ਹੈ।" ਉਨ੍ਹਾਂ ਦੇ ਇਹ ਬੋਲ ਸਾਡੇ ਪਰਿਵਾਰ 'ਤੇ ਐਨ ਢੁੱਕਦੇ ਹਨ। ਅੱਜ ਪੰਜਵੀਂ ਛੇਵੀਂ ਪੀੜ੍ਹੀ ਦੌਰਾਨ ਵੀ ਸਾਡੇ ਘਰ ਦੇ ਬੱਚੇ ਬੱਚੀਆਂ ਅਧਿਆਪਨ ਕਿੱਤੇ ਨਾਲ ਜੁੜੇ ਹੋਏ ਹਨ।

1970 ਦੇ ਲਾਗੇ ਉੱਠੀ ਨਕਸਲਬਾੜੀ ਲਹਿਰ ਦੌਰਾਨ ਮੇਰਾ ਰੁਝਾਨ ਉਧਰ ਨੂੰ ਹੋ ਗਿਆ ਤੇ ਮੈਂ ਚਾਚੇ ਦੀਆਂ ਕਈ ਗੱਲਾਂ ਦੀ ਆਲੋਚਨਾ ਕਰਨ ਲੱਗ ਪਿਆ। ਸਾਡੇ ਰਿਸ਼ਤੇ ਵਿਚਾਰਧਾਰਕ ਪੱਖੋਂ ਖਟ-ਮਿਠੇ ਹੋ ਗਏ। ਮੇਰੀ ਮਾਂ, ਚਾਚਾ ਜੀ ਦੀ ਮਾਂ ਰਾਮ ਕੌਰ ਅਤੇ ਮੇਰੇ ਬਾਪੂ ਅਕਸਰ ਕਹਿੰਦੇ ਸਨ ਕਿ ਇਹਨੇ ਗੁਰਦੇਵ ਦਾ ਜੂਠਾ ਖਾਧਾ ਹੋਇਆ। ਬਾਅਦ ਵਿਚ ਪੰਜਾਬ ਦੇ ਹਾਲਾਤ ਤਿੱਖੇ ਮੋੜ ਵੱਲ ਖਿਸਕਣੇ ਸ਼ੁਰੂ ਹੋ ਗਏ। ਮੈਂ ਵੀ ਆਪਣੀ ਵਿਚਾਰਧਾਰਾ ਵੱਲੋਂ ਮੋੜਾ ਪਾਉਣ ਲੱਗ ਪਿਆ ਪਰ ਉਹ ਆਪਣੇ ਵਿਚਾਰਾਂ 'ਤੇ ਅਡੋਲ ਰਹਿੰਦੇ ਹੋਏ ਮੈਨੂੰ ਸਮਝਾਉਂਦੇ ਰਹੇ ਸਨ। ਉਨ੍ਹਾਂ ਦੀਆਂ ਗੱਲਾਂ ਦਰਕਿਨਾਰ ਕਰਨ ਦੀ ਇੱਕ ਸਮੇਂ ਮੈਨੂੰ ਵੱਡੀ ਕੀਮਤ ਤਾਰਨੀ ਪਈ। ਮੈਨੂੰ 1977 ਦੇ ਉਹ ਦਿਨ ਯਾਦ ਹਨ ਜਦੋਂ ਉਨ੍ਹਾਂ ਕੰਧਾਂ 'ਤੇ ਇਕ ਪਾਰਟੀ ਬਾਰੇ 'ਲੋਟੂਆਂ ਦੀ ਪਾਰਟੀ' ਲਿਖਵਾਇਆ ਸੀ। ਲਿਖਣ ਵਾਲਿਆਂ ਵਿਚ ਉਨ੍ਹਾਂ ਦੀ ਛੋਟੀ ਧੀ ਰੋਜ਼ੀ ਵੀ ਸ਼ਾਮਲ ਸੀ। ਉਨ੍ਹਾਂ ਦਾ ਇਸ਼ਾਰਾ ਉਸ ਸਮੇਂ ਕੱਟੜਪੰਥੀ ਤਾਕਤਾਂ ਵੱਲ ਸੀ। ਅੱਜ ਦੇਸ਼ ਦੇ ਹਾਲਾਤ ਦੇਖ ਕੇ ਉਨ੍ਹਾਂ ਦੀ ਦੂਰਅੰਦੇਸ਼ੀ 'ਤੇ ਮਾਣ ਮਹਿਸੂਸ ਹੁੰਦਾ ਹੈ। ਉਨ੍ਹਾਂ 50 ਸਾਲ ਪਹਿਲਾਂ ਹੀ ਕਿਆਸ ਲਿਆ ਸੀ।

... 1988 ਦੇ ਮਾਰਚ ਮਹੀਨੇ ਦੀ 14 ਤਾਰੀਖ਼ ਸੀ। ਸੂਰਜ ਢਲ ਰਿਹਾ ਸੀ। ਗੁਰਦੇਵ ਸਿੰਘ ਤੇ ਪਰਮਜੀਤ ਦੇਹਲ ਸਾਥੀਆਂ ਨਾਲ ਸਾਈਕਲਾਂ 'ਤੇ ਦੂਸਰੇ ਦਿਨ ਦਿੱਤੀ 'ਭਾਰਤ ਬੰਦ' ਦੇ ਸੱਦੇ ਸਬੰਧੀ ਪ੍ਰਚਾਰ ਕਰ ਕੇ ਜਦੋਂ ਮਜਾਰੀ ਪਹੁੰਚੇ ਤਾਂ ਉਨ੍ਹਾਂ ਨੂੰ ਸਾਹਿਬੇ ਵਾਲੇ ਮੋੜ 'ਤੇ ਸਾਡੇ ਪਿੰਡ ਦਾ ਉਨ੍ਹਾਂ ਦਾ ਪੱਕਾ ਮਿੱਤਰ ਪਰਸ ਰਾਮ ਮਿਲ ਗਿਆ। ਉਹ ਅਜੇ ਉਸ ਕੋਲ ਖੜ੍ਹੇ ਹੀ ਸਨ ਕਿ ਏਕੇ 47 ਦੇ ਬਰਸਟ ਚੱਲਣੇ ਸ਼ੁਰੂ ਹੋ ਗਏ ਅਤੇ ਉਹ ਇਨ੍ਹਾਂ ਦੀ ਲਪੇਟ ਵਿਚ ਆ ਗਏ ਤੇ ਮੌਕੇ ਉੱਤੇ ਹੀ ਦਮ ਤੋੜ ਗਏ। ਚਾਨਣ ਵੰਡਦਾ ਸੂਰਜ ਇਸ ਸਿੱਖਿਆਦਾਨੀ ਦੇ ਨਾਲ ਹੀ ਤੁਰ ਗਿਆ ਅਤੇ ਹਨੇਰਾ ਪਸਰ ਗਿਆ। ਇੱਕ ਬੱਚੇ ਕੀਰਤੀ ਸਮੇਤ ਤਕਰੀਬਨ ਦਰਜਨ ਭਰ ਹੋਰ ਨਿਹੱਥੇ ਅਤੇ ਮਾਸੂਮ ਇਸ ਗੋਲੀ ਕਾਂਡ ਦੌਰਾਨ ਮਾਰੇ ਗਏ/ਜ਼ਖ਼ਮੀ ਹੋ ਗਏ। ਬਜ਼ੁਰਗ ਪਰਸ ਰਾਮ ਦੇ ਇੱਕ ਹੱਥ ਵਿਚ ਗੋਲੀ ਲੱਗੀ ਜੋ ਉਸ ਨੇ ਆਪਣੇ ਸਿਰ ਉੱਤੇ ਰੱਖਿਆ ਹੋਇਆ ਸੀ। ਉਸ ਦੀਆਂ ਦੋ ਉਂਗਲਾਂ ਉਡ ਗਈਆਂ ਸਨ। ਉਹਦੀ ਢਿੱਲੀ ਜਿਹੀ ਪੱਗ ਦੇ ਇੱਕ ਪਾਸਿਓਂ ਗੋਲੀਆਂ ਆਰ-ਪਾਰ ਹੋ ਗਈਆਂ। ਗੋਲੀਆਂ ਨਾਲ ਛਲਣੀ ਹੋਈ ਪੱਗ ਅੱਜ ਵੀ ਚੇਤਿਆਂ ਵਿਚੋਂ ਮਨਫ਼ੀ ਨਹੀਂ ਹੁੰਦੀ।

# ਬਾਬਾ ਦੀਪ ਸਿੰਘ ਜੀ ਸ਼ਹੀਦ

**ਜਨਮ ਦਿਨ 'ਤੇ ਵਿਸ਼ੇਸ਼**

ਡਾ. ਚਰਨਜੀਤ ਸਿੰਘ ਗੁਮਟਾਲਾ
ਫੋਨ: 91-94175-33060

ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ, ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ-ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿਚ ਜਾ ਨਿਵਾਜੇ। ਆਪ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਆਪ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾ ਕੇ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਯੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ, ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾ ਕੇ ਸਿੱਖਾਂ ਵਿਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰ ਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੁੰਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮਾ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ ਜੋ ਇਸ ਸਮੇਂ ਗੁਰਦੁਆਰਿਆਂ ਵਿਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਣਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਤੇ ਫ਼ਾਰਸੀ ਦੇ ਵੀ ਵਿਦਵਾਨ ਸਨ। ਆਪ ਜੀ ਨੇ ਲਗਾਤਾਰ ਮਿਹਨਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਰਬੀ ਭਾਸ਼ਾ ਵਿਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਡਾ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕਿਆਂ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿਚ ਸ਼ਾਹੀ ਫੌਜਾਂ ਨੇ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ-ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17ਵੀਂ ਸਦੀ ਵਿਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ। ਬਾਬਾ ਦੀਪ ਸਿੰਘ, ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।

5 ਫਰਵਰੀ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ 1762 ਈ. ਮੁ. 1819 ਬਿਕਰਮੀ ਨੂੰ ਨੀਂਹਾਂ ਹੇਠ ਬਾਰੂਦ ਦੇ ਕੁੱਪੇ ਰਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇੰਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ



ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰ ਕੇ ਸਿੰਘਾਂ ਦਾ ਜਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰ ਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਓ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜ ਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ। ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿਚ ਆ ਗਿਆ ਤੇ ਉਨ੍ਹਾਂ ਆਪਣਾ ਪਾਵਨ ਸੀਸ ਖੱਬੇ ਹੱਥ 'ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1.ਬਾਬਾ ਦੀਪ ਸਿੰਘ ਜੀ ਸ਼ਹੀਦ ਹੈਡ ਜਥੇਦਾਰ
2.ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3.ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4.ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5.ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6.ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7.ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8.ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9.ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10.ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜ-ਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਵਿਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ। ਦੁਨੀਆਂ ਭਰ ਵਿਚ 27 ਜਨਵਰੀ ਨੂੰ ਆਪ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

---

# ਗਾਵਣ ਕੀ ਏ



ਡਾ. ਆਸਮਾ ਕਾਦਰੀ

ਜਪੁ ਨਾਨਕ

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ ਜਾਣੈ ਨੀਸਾਣੁ॥

ਗਾਵੈ ਕੋ ਗੁਣ ਵਡਿਆਈਆ ਚਾਰ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥

ਗਾਵੈ ਕੋ ਸਾਜਿ ਕਰੇ ਤਨੁ ਖੇਹ॥ ਗਾਵੈ ਕੋ ਜੀਅ ਲੈ ਫਿਰ ਦੇਹ॥

ਗਾਵੈ ਕੋ ਜਾਪੈ ਦਿਸੈ ਦੂਰਿ॥ ਗਾਵੈ ਕੋ ਵੇਖੈ ਹਾਦਰਾ ਹਦੂਰਿ॥

ਕਥਨਾ ਕਥੀ ਨ ਆਵੈ ਤੋਟਿ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥)

ਦੇਦਾ ਦੇ ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ ਖਾਹੀ ਖਾਹਿ॥

ਹੁਕਮੀ ਹੁਕਮੁ ਚਲਾਏ ਰਾਹੁ॥ ਨਾਨਕ ਵਿਗਸੈ ਵੇਪਰਵਾਹੁ॥3॥ (ਪੰਨਾ1, ਜਪੁ, ਮ: 1)

ਇਸ ਸ਼ਬਦ ਨੂੰ ਸਮਝਣ ਕੀਤੇ ਪਹਿਲੋਂ ਗਾਵਣ ਨੂੰ ਸਮਝਣਾ ਪੋਸੀ। ਗਾਵਣ, ਗਾਇਆ ਹੋਇਆ ਗੀਤ ਹੈ। ਅੱਖਰਾਂ ਦਾ ਸੁਰਤਾਲ ਨਾਲ ਜੋੜ ਵਾਜ ਰਾਹੀਂ ਸੁਣੀਵੇ ਤਾਂ ਗਾਵਣ ਬਣਦਾ ਹੈ। ਅਜੋਕੇ ਸਮੇਂ ਢੇਰ ਵਾਜਾਂ ਗਾਵਣ ਵਾਲੀਆਂ ਤੇ ਅਣਗਿਣਤ ਸਾਜ਼ ਵਜਾਵਣ ਕੀਤੇ ਲੱਭਦੇ ਨੇਂ। ਇਹ ਗਾਵਣ ਸੁਣਨ ਕੀਤੇ ਮਿੱਥੇ ਵੇਲੇ ਉਪਰ ਉਸ ਥਾਂ ਅੱਪੜਨਾ ਪੈਂਦਾ ਹੈ ਜਿੱਥੇ ਗਾਵਨਹਾਰ ਤੇ ਉਸ ਦੇ ਸਾਜ਼ ਵਜਾਵਣ ਹਾਰ ਮੌਜੂਦ ਹੋਵਣ। ਘਰ ਬੈਠਿਆਂ ਵੀ ਸੋਸ਼ਲ ਮੀਡੀਆ ਉੱਪਰ ਅਸੀਂ ਗਾਵਣ ਸੁਣਦੇ ਹਾਂ। ਜਿਸ ਨੂੰ ਜਿਤਨਾ ਸੁਣਨਾ ਚਾਹੁੰਦੇ ਹਾਂ ਸੁਣ ਸਕਦੇ ਹਾਂ ਤੇ ਜਦ ਚਾਹੀਏ ਉਸ ਦੀ ਵਾਜ ਇੱਕ ਛੂਹ ਨਾਲ ਬੰਦ ਵੀ ਕਰ ਸਕਦੇ ਹਾਂ। ਏਸ ਤੋਂ ਪਿੱਛੇ ਝਾਤ ਪਾਈਏ ਤਾਂ ਗਾਵਣ ਦੇ ਦੋ ਰੰਗ ਦਿੱਸਦੇ ਨੇਂ। ਇੱਕ ਗਾਵਣ ਸਰਕਾਰ ਦਰਬਾਰ ਪ੍ਰਵਾਨਿਆ ਹਾ, ਜੋ ਦਰਬਾਰੀ ਰਾਗੀ ਗਾਉਂਦੇ ਆਹੇ। ਦੂਜਾ ਗਾਵਣ ਖਲਕਤ ਦਾ ਆਹਾ ਜੋ ਖੁਸ਼ੀ ਸਮੇਂ ਗਾਇਆ ਜਾਂਦਾ, ਜਿਵੇਂ ਬਾਲ ਦੇ ਜੰਮਣ, ਵਿਆਹ ਜਾਂ ਮੇਲਿਆਂ ਉਪਰ ਗਾਇਆ ਜਾਂਦਾ। ਗਾਵਣ ਦਾ ਇੱਕ ਰੰਗ ਦਰਵੇਸ਼ਾਂ ਫਕੀਰਾਂ ਦਿਆਂ ਡੇਰਿਆਂ ਤੇ ਮਜ਼ਾਰਾਂ 'ਤੇ ਲੱਗਣ ਵਾਲੇ ਮੇਲਿਆਂ ਉੱਪਰ ਵੀ ਲੱਭਦਾ ਏ। ਏਸ ਤੋਂ ਪਿੱਛੇ ਕੋਈ ਵੇਲਾ ਹਾ ਜਦੋਂ ਗੱਲ ਤੇ ਗਾਵਣ ਵਿਚ ਕੋਈ ਵਿੱਥ ਨਾ ਹਈ। ਹਰ ਗੱਲ ਗਾਵਣ ਈ ਆਹੀ। ਜਿਵੇਂ ਗਾਵਣ ਮਨ ਨੂੰ ਪੋਹਦਾ ਹੈ ਤੇ ਕੰਨਾਂ ਅੰਦਰ ਰਸ ਘੋਲਦਾ ਹੈ। ਤਿਵੇਂ ਗੱਲ ਵੀ ਮਨ ਅੰਦਰ ਉੱਤਰਦੀ ਏ ਤੇ ਚਿੱਤ ਚੇਤੇ ਅੰਦਰ ਸੱਜਰੀ ਹੁੰਦੀ ਏ ਹਰ ਵੇਲੇ। ਇਹ ਉਹ ਵੇਲਾ ਹਾ ਜਦੋਂ ਆਪਣੇ ਪਰਾਏ ਦੀ ਵੰਡ ਨਾ ਹੀ ਬਣੀ। ਜਦੋਂ ਮੇਰ ਤੇਰ ਦੀ ਸਮਝ ਨਾ ਆਹੀ ਜਿਉਂਦਿਆਂ ਜੀਆਂ ਕੂ, ਸਭਨਾਂ ਲਈ ਸਭ ਆਪਣੇ ਈ ਸਨ। ਅੱਖਰ ਲਿਖਣਹਾਰ, ਸਾਜ਼ ਵਜਾਵਣਹਾਰ, ਤੇ ਗਾਵਣਹਾਰ ਦੀ ਵੰਡ ਨਹੀਂ ਸੀ ਹੋਈ। ਕੁੱਲ ਖਲਕਤ ਸਿਰਜਣਹਾਰ ਸੀ ਗਾਵਣ ਦੀ ਜਿਸ ਨੂੰ ਅਸਾਂ ਹੁਣ "ਲੋਕ ਗੀਤ" ਆਖਦੇ ਹਾਂ। ਗੀਤ ਦਾ ਕੰਮ ਦੁੱਖ ਸੁੱਖ ਦੇ ਰੰਗ ਵਿਖਾਉਣਾ ਤੇ ਜਿਉਂਦਿਆਂ ਜੀਆਂ ਅੰਦਰ ਅਣ ਦਿੱਸਣੀ ਸਾਂਝ ਬਣਾਉਣਾ ਸੀ। ਇਹ ਗਾਵਣ, ਬਣਾਵਨਹਾਰ ਤੇ ਗਾਵਣਹਾਰ ਆਪਣੇ ਰੋਜ਼ ਦੇ ਆਹਰਾਂ ਵਿਚ ਈ ਅੱਖਰਾਂ ਨੂੰ ਸੁਰ ਨਾਲ ਜੋੜਦੇ ਤੇ ਮਨ ਪ੍ਰਚਾਉਂਦੇ ਸਨ। ਗਾਵਣ ਦਾ ਕੰਮ ਮਨ ਪ੍ਰਚਾਵਣ ਹਾ, ਮਨ ਨੂੰ ਖੁਸ਼ ਕਰਨਾ। ਗਾਵਣ ਸੁਖ ਦਿੰਦਾ ਕੁੱਲ ਲੋਕਾਈ ਨੂੰ। ਗਾਵਣ ਸਿਆਣ ਕਰਵੇਂਦਾ ਏ ਖਲਕਤ ਨੂੰ ਕੁੱਲ ਕੁਦਰਤ ਦੀ ਤੇ ਏਸ ਕਾਇਨਾਤ ਅੰਦਰ ਵਸੇਂਦੀ ਹਰ ਸ਼ੈਅ ਦੀ। ਸਮਝੋ ਤਾਂ ਗਾਵਣ ਇਲਮ ਦਾ ਇਕ ਰੰਗ ਵੀ ਸੀ। ਜਿਉਂਦਿਆਂ ਜੀਆਂ ਅੰਦਰ ਨਿੱਕੀ ਮੋਟੀ ਝੜਪ ਵੀ ਹੋਣੀ, ਪਰ ਜਦੋਂ ਸਭਨਾਂ ਨੇ ਸੰਗ ਗਾਉਣਾ ਤਾਂ ਮਨ ਦੀ ਮੈਲ ਧੁੱਪ ਵਹਿਣੀ। ਮਤਾਂ ਅਜੇ ਗੱਲ ਦੀ ਵੰਡ ਨਾ ਹੋਈ ਆਹੀ "ਗਾਲ੍ਹ" ਤੇ "ਗਾਵਣ" ਵਿਚ। ਕੌਣ ਜਾਣੇ ਕਿਹੜੀ ਘੜੀ ਆਹੀ ਜਿਸ ਕੁਦਰਤ ਕੰਨੋਵਿਜੋਗ ਕੇ ਜੀਅ ਨੂੰ "ਮੈਂ" ਦਾ ਬੰਦੀਵਾਨ ਕੀਤਾ। "ਮੈਂ" ਵੱਖ ਹੋਈ ਤਾਂ "ਮੈਂ" ਆਪਣੀ ਵੱਖ ਪਛਾਣ ਲੱਭਣ ਟੁਰੀ। ਏਸ "ਮੈਂ ਪਛਾਣ" ਨੇ ਮੇਰ ਤੇਰ ਦਾ ਜਿਲ੍ਹਣ ਬਣਾਇਆ ਤੇ ਟੁਰਦਾ ਜੀਵਨ ਖਲੋ ਗਿਆ। ਜੀਵਨ ਦਾ ਗਾਵਣ ਇੱਕ ਪਾਸੇ ਗਾਲ੍ਹ ਤੋਂ ਗਿਲਾਨ ਬਣਿਆ ਤੇ ਝਗੜੇ ਝੇੜੇ ਸ਼ੁਰੂ ਹੋਏ। ਦੂਜੇ ਪਾਸੇ ਕੁੱਲ ਦਾ ਸੰਗ ਗਾਵਣ, ਕੁੱਲ ਕੰਨੋਵਿਛੜ ਕੇ "ਮੈਂ" ਦੇ ਲੇਖੇ ਲੱਗਾ। ਹੁਣ ਗਾਵਣ ਬਦਰੰਗ ਹੋਇਆ ਤੇ ਦੂਈ ਦਾ ਵਿਖਾਲਾ ਕਰਨ ਲੱਗਾ। ਮਤਾਂ ਏਸ ਪੌੜੀ ਅੰਦਰ ਉਸੇ ਚੱਲਦੇ ਬੇਰੰਗ ਗਾਵਣ ਦਾ ਟਕਰਾਅ ਹੋਵੇ ਕੁਦਰਤ ਦੇ ਗਾਵਣ ਨਾਲ। ਕੁਦਰਤ ਦੇ ਅਨੇਕਾਂ ਸੁਰਤਾਲ ਸੁਣਦੇ ਹਾਂ, ਪਾਣੀ ਦੇ ਵਰ੍ਹਨ ਤੇ ਵਗਣ ਵਿਚ, ਵਾਅ ਦੀ ਚੁੱਪ ਤੇ ਸ਼ੋਰ ਅੰਦਰ। ਵਾਜ ਕੁਦਰਤ ਦੀ ਦਾਨ ਕੀਤੀ ਹੈ ਜੋ ਕੁੱਲ ਇਕਾਈ ਦੀ ਸਿਫਤ ਸਲਾਹ ਲਈ ਹੈ। ***ਚਲਦਾ।***

# ਲੋਕ ਸੰਪਰਕ ਦੀ ਕਲਾ ਦੇ ਮਿਰਗ ਤੇ ਮਿਰਗਾਈਆਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਜਦੋਂ ਕਦੀ ਵੀ ਲੋਕ ਸੰਪਰਕ ਅਧਿਕਾਰੀਆਂ ਦੀ ਗੱਲ ਹੁੰਦੀ ਹੈ ਮੈਨੂੰ ਆਪਣੇ ਬਚਪਨ ਸਮੇਂ ਖੰਨਾ-ਸੰਘੋਲ ਮਾਰਗ ਉੱਤੇ ਚੁੰਗੀਆਂ ਭਰਦੇ ਹਿਰਨ ਚੇਤੇ ਆ ਜਾਂਦੇ ਹਨ। ਉਨ੍ਹਾਂ ਬਾਰੇ ਗਾਈ ਜਾ ਰਹੀ ਲੋਕ ਬੋਲੀ ਦੇ ਹੇਠ ਲਿਖੇ ਸ਼ਬਦਾਂ ਸਮੇਤ:

ਹੀਰਿਆ ਹਰਨਾ, ਬਾਗੀਂ ਚਰਨਾ
ਤੇਰੇ ਸਿੰਗਾਂ 'ਤੇ ਕੀ ਕੁਛ ਲਿਖਿਆ
ਮਿਰਗ ਤੇ ਮਿਰਗਾਈਆਂ

ਲੋਕ ਸੰਪਰਕ ਨੂੰ ਪਰਨਾਏ ਜੀਉੜੇ ਨੱਚਣ-ਗਾਉਣ, ਲਿਖਣ-ਲਿਖਾਉਣ, ਪੱਤਰਕਾਰਤਾ ਤੇ ਜਨ-ਸੰਚਾਰ ਵਿਧੀਆਂ ਰਾਹੀਂ ਦੂਰ-ਦੂਰ ਤੱਕ ਚੁੰਗੀਆਂ ਭਰਦੇ ਆਮ ਲੋਕਾਂ ਦੇ ਰਾਹ ਦਸੇਰੇ ਬਣਦੇ ਹਨ। ਉਜਾਗਰ ਸਿੰਘ ਦੀ ਪੁਸਤਕ 'ਲੋਕ ਸੰਪਰਕ ਪੰਜਾਬ ਦੇ 52 ਰਤਨ' ਇਨ੍ਹਾਂ ਕਲਾਕਾਰਾਂ ਦੀ ਮਿਹਨਤ ਦਾ ਸ਼ੀਸ਼ਾ ਵੀ ਹੈ ਤੇ 40-50 ਸਾਲਾਂ ਦੀ ਰਾਜਨੀਤਕ ਪੇਸ਼ਕਾਰੀ ਵੀ। ਇਨ੍ਹਾਂ ਵਿਚ ਨੰਦ ਲਾਲ ਨੂਰਪੁਰੀ ਦਾ ਵਿਦਿਆਰਥੀ ਗੁਰਦੇਵ ਸਿੰਘ ਮਾਨ ਵੀ ਹੈ, ਨਿੱਕੀ ਕਹਾਣੀ ਦਾ ਬਾਦਸ਼ਾਹ ਕੁਲਵੰਤ ਸਿੰਘ ਵਿਰਕ ਵੀ ਤੇ ਸੁਖਾਵੇਂ ਸੁਥਰੇ ਵਿਅੰਗ ਦਾ ਮਾਲਕ ਗੁਰਨਾਮ ਸਿੰਘ ਤੀਰ ਵੀ। ਮੇਰੇ ਕੋਲੋਂ ਪੜ੍ਹੇ ਹੋਏ ਨਵਦੀਪ ਗਿੱਲ, ਅਜੀਤ ਕੰਵਲ ਹਮਦਰਦ ਤੇ ਰਣਦੀਪ ਆਹਲੂਵਾਲੀਆ ਤੇ ਉਨ੍ਹਾਂ ਦੇ ਸਮਕਾਲੀ ਓਪਿੰਦਰ ਸਿੰਘ ਲਾਂਬਾ, ਮੇਘਾ ਸਿੰਘ, ਫੂਲ ਚੰਦ ਮਾਨਵ, ਅਮਰਜੀਤ ਵੜੈਚ, ਆਦਿ ਦੋ ਦਰਜਨ ਅਜਿਹੇ ਚਿਹਰੇ ਵੀ ਜਿਨ੍ਹਾਂ ਦੀ ਕਾਰਗੁਜ਼ਾਰੀ ਨੂੰ ਮੈਂ ਇਸ ਰਚਨਾ ਰਾਹੀਂ ਜਾਣਿਆ ਹੈ।

ਭਾਵੇਂ ਬਰਜਿੰਦਰ ਸਿੰਘ ਹਮਦਰਦ ਦੇ ਕਹਿਕਹੇ ਲੇਖਕ ਦੀ ਪਹੁੰਚ ਤੋਂ ਦੂਰ ਰਹੇ ਹਨ ਪਰ ਪੰਜਾਬੀ ਪਤੱਰਕਾਰੀ ਦੇ ਪਿਤਾਮਾ ਸਾਧੂ ਸਿੰਘ ਹਮਦਰਦ ਦੀ ਸ਼ਮੂਲੀਅਤ ਨਾਲ 'ਹਾਥੀ ਕੇ ਪਾਓਂ ਮੇਂ ਸਭ ਕਾ ਪਾਉ' ਵਿਚ ਹੋ ਜਾਣਾ ਸੀ। ਇਸ ਪੁਸਤਕ ਵੱਲ ਮੇਰਾ ਧਿਆਨ ਇਸ ਵਿਚ ਮੇਰੇ ਹਾਣੀ ਤਰਲੋਚਨ ਸਿੰਘ ਦੀ ਹਾਜ਼ਰੀ ਨੇ ਖਿੱਚਿਆ ਹੈ ਨਹੀਂ ਤਾਂ ਉਜਾਗਰ ਸਿੰਘ ਵਲੋਂ ਪਿਆਰ ਨਾਲ ਭੇਜੀ ਇਹ ਰਚਨਾ ਮੇਰੇ ਕੋਲ ਪੰਜ ਮਹੀਨੇ ਤੋਂ ਪਈ ਸੀ। ਮੇਰੇ ਨਾਲੋਂ 15 ਸਾਲ ਛੋਟਾ ਉਜਾਗਰ ਸਿੰਘ ਸਾਬਕਾ ਮੰਤਰੀਆਂ ਜਸਦੇਵ ਸਿੰਘ ਸੰਧੂ ਤੇ ਕੈਪਟਨ ਕੰਵਲਜੀਤ ਸਿੰਘ ਦਾ ਹੀ ਪੀ.ਆਰ.ਓ. ਨਹੀਂ ਰਿਹਾ ਧੜੱਲੇਦਾਰ ਮੁੱਖ ਮੰਤਰੀ ਬੇਅੰਤ ਸਿੰਘ ਦਾ ਖਾਸਲ-ਖਾਸ ਵੀ ਰਹਿ ਚੁੱਕਾ ਹੈ।

ਇਹ ਸਤਰਾਂ ਲਿਖਣ ਦਾ ਸਬੱਬ ਤਰਲੋਚਨ



ਸਿੰਘ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਅੰਗਰੇਜ਼ੀ ਭਾਸ਼ਾ ਵਿਚ ਛਪੀ ਵਧੀਆ ਪੁਸਤਕ ੰ. ਠਅਰਲੋਚਹਅਨ ੰਨਿਗਹ: 1 8ਸਿਟੋਰਚਿ ਝੋਰ-ਨਏ ਬਣੀ। ਜਿਸਦੇ ਲੋਕ ਅਰਪਣ ਦੀ ਰਸਮ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 5 ਜਨਵਰੀ 2024 ਨੂੰ ਮਹਾਤਮਾ ਗਾਂਧੀ ਇੰਸਟੀਚਿਊਟ ਆਫ ਪਬਲਿਕ ਐਡਮਨਿਸਟ੍ਰੇਸ਼ਨ ਚੰਡੀਗੜ੍ਹ ਵਿਚ ਨਿਭਾਈ। ਮੈਂ ਇਸ ਰਚਨਾ ਬਾਰੇ ਆਪਣੀ ਟਿੱਪਣੀ ਆਪਣੇ ਸਮਿਆਂ ਦੇ ਮਿੱਤਰ ਡਾ. ਗੁਰਚਰਨ ਸਿੰਘ ਦੇ ਤਰਲੋਚਨ ਸਿੰਘ ਬਾਰੇ ਲਿਖੇ ਸ਼ਬਦਾਂ ਨਾਲ ਸ਼ੁਰੂ ਕਰਦਾ ਹਾਂ:

ਹਰ ਕੋਈ ਦੋ ਅੱਖੀਆਂ ਦਾ ਮਾਲਕ, ਪਰ ਇਹ ਮੇਰਾ ਯਾਰ
ਨਾ ਕਰਕੇ ਵੀ ਓਦਾਂ ਵੀ ਹੈ, ਤ੍ਰੈਲੋਚਨ ਸਰਕਾਰ
ਮਿਰਜ਼ੇ ਵਰਗਾ ਕੱਦ, ਬੁੱਤ ਉਸਦਾ, ਚਿਹਰੇ ਖਿੜੀ ਬਹਾਰ
ਬੋਲੇ, ਕਹੇ ਫੁੱਲਾਂ ਦੀ ਵਰਖਾ, ਤੁਰਦਾ ਜਾਪੇ ਸ਼ਾਹ ਅਸਵਾਰ।

ਜ਼ਿਲ੍ਹਾ ਜਿਹਲਮ ਦੇ ਪਿੰਡ ਹੰਡਿਆਲਾ ਦਾ ਇਹ ਜੰਮਪਲ ਦੇਸ਼ ਵੰਡ ਸਮੇਂ ਏਧਰ ਆਇਆ ਤਾਂ 14 ਸਾਲਾਂ ਦਾ ਸੀ। ਉਸਨੇ ਰੋਜ਼ੀ ਰੋਟੀ ਲਈ ਪਟਿਆਲਾ ਵਿਖੇ ਬਾਲ ਮਜ਼ਦੂਰੀ ਵੀ ਕੀਤੀ ਪਰ ਲੋਕ ਸੰਪਰਕ ਦਾ ਰਾਹ ਅਪਣਾ ਕੇ ਦੁਨੀਆ ਭਰ ਦੀ ਸੈਰ ਵੀ। ਇਸ ਮਾਰਗ 'ਤੇ ਚਲਦਿਆਂ ਉਹ ਗਿਆਨੀ ਜ਼ੈਲ ਸਿੰਘ ਰਾਸ਼ਟਰਪਤੀ ਦੇ ਪ੍ਰੈੱਸ ਸੈਕਟਰੀ ਦੀ ਪਦਵੀ ਤੱਕ ਪਹੁੰਚਿਆ। ਹੋਰ ਗੱਲਾਂ ਕਰਨ ਤੋਂ ਪਹਿਲਾਂ ਮੈਂ ਉਸ ਵੇਲੇ ਦਾ ਉਹ ਕਿੱਸਾ ਦੱਸਣਾ ਚਾਹਾਂਗਾ ਜਿਹੜਾ ਲੋਕ ਸੰਪਰਕ ਕਲਾਕਾਰੀ ਦੀ ਸਿਖਰ ਹੈ। ਜਿਸਦਾ ਸਬੰਧ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ ਨੀਲਾ ਤਾਰਾ ਅਪ੍ਰੇਸ਼ਨ ਕਰਵਾਏ ਜਾਣ ਵਿਚ ਗਿਆਨੀ ਜੀ ਦਾ ਹੁੰਗਾਰਾ ਹੋਣ ਨਾਲ ਹੈ। ਇਹ ਗੱਲ ਧੁਖਦੀ-ਧੁਖਦੀ ਏਥੋਂ ਤੱਕ ਪਹੁੰਚੀ ਕਿ ਉਸਨੂੰ ਅਕਾਲ ਤਖ਼ਤ ਵਲੋਂ ਦੋਸ਼ੀ ਦਰਸਾ ਕੇ ਤਨਖਾਹੀਆ ਕਰਾਰ ਦਿੱਤਾ ਜਾਵੇ। ਤਰਲੋਚਨ ਸਿੰਘ ਤੁਰੰਤ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਗਿਆ ਤੇ ਉਨਾ ਚਿਰ ਉਥੇ ਹੀ ਟਿਕਿਆ ਰਿਹਾ ਜਦੋਂ ਤੱਕ ਇਸ ਅਫਵਾਹ ਉੱਤੇ ਪੂਰੀ ਤਰ੍ਹਾਂ ਮਿੱਟੀ ਨਹੀਂ ਪੈ ਗਈ।

ਉਂਝ ਤਰਲੋਚਨ ਸਿੰਘ ਜਿਥੇ ਵੀ ਰਿਹਾ ਉਸਨੇ ਪੰਥਕ ਹਿੱਤ ਨਹੀਂ ਵਿਸਾਰੇ। ਪੰਜਾਬ ਦੇ ਸੈਰ-ਸਪਾਟਾ ਵਿਭਾਗ ਦਾ ਮੁਖੀ ਹੁੰਦਿਆਂ ਮਹਾਰਾਜਾ ਰਣਜੀਤ ਸਿੰਘ ਮਿਊਜ਼ੀਅਮ ਦੀ ਸਥਾਪਨਾ ਕਰਵਾਈ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦ ਵਿਚ ਉਸਦੇ ਜੱਦੀ ਪੁਸ਼ਤੀ ਪਿੰਡ ਖਟਕੜ ਕਲਾਂ ਵਿਚ ਇਸੇ ਤਰ੍ਹਾਂ ਦੇ ਉਪਰਾਲੇ ਨੂੰ ਸਿਰੇ ਚਾੜ੍ਹਿਆ।

ਇਨ੍ਹਾਂ ਗਤੀਵਿਧੀਆਂ ਸਦਕਾ ਉਹ ਕੌਮੀ ਘੱਟ-ਗਿਣਤੀ ਕਮਿਸ਼ਨ ਦਾ ਚੇਅਰਮੈਨ ਵੀ ਬਣਿਆ ਤੇ ਦੇਸ਼ ਦੀ ਰਾਜ ਸਭਾ ਦਾ ਮੈਂਬਰ ਵੀ। ਉਸਦੀਆਂ ਕਲਗੀਆਂ ਵਿਚ ਪਦਮ ਭੂਸ਼ਣ ਵਜੋਂ ਸਨਮਾਨੇ ਜਾਣਾ ਵੀ ਸ਼ਾਮਲ ਹੈ, ਜਿਨ੍ਹਾਂ ਨੂੰ ਮੈਂ ਹੀਰੇ ਹਰਨ ਦੇ ਸਿੰਗਾਂ ਉੱਤੇ ਲਿਖੀਆਂ ਮਿਰਗ ਤੇ ਮਿਰਗਾਈਆਂ ਕਹਿੰਦਾ ਹਾਂ।

ਜਿਥੋਂ ਤੱਕ ਲੋਕ ਸੰਪਰਕ ਦੀ ਕਲਾ ਨੂੰ ਹੀਰੇ ਹਰਨ ਦੇ ਸਿੰਗਾਂ ਨਾਲ ਮਾਪਣ ਦਾ ਸਬੰਧ ਹੈ ਮੇਰੇ ਕੋਲ ਇੱਕ ਨਿੱਜੀ ਟਿੱਪਣੀ ਵੀ ਹੈ। ਮੈਂ ਭਾਰਤ ਸਰਕਾਰ ਦੇ ਕ੍ਰਿਸ਼ੀ ਮੰਤਰਾਲੇ ਵਿਚ ਸੰਪਾਦਕ ਸਾਂ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਡਾ. ਚੀਮਾ ਮੈਨੂੰ ਉੱਥੋਂ ਦੇ ਸੰਚਾਰ ਕੇਂਦਰ ਦਾ ਮੁਖੀ ਬਣਾ ਕੇ ਲੁਧਿਆਣਾ ਲੈ ਗਿਆ। ਜਦੋਂ ਮੈਂ ਕਿਸੇ ਕੰਮ ਲੁਧਿਆਣਾ ਤੋਂ ਨਵੀਂ ਦਿੱਲੀ ਗਿਆ ਤਾਂ ਇਕ ਸਮਾਗਮ ਵਿਚ ਤਤਕਾਲੀ ਕੈਬਨਿਟ ਸੈਕਟਰੀ ਐਸ. ਐਸ. ਗਰੇਵਾਲ ਮਿਲ ਗਿਆ। ਉਸਨੇ ਮੇਰੇ ਦਿੱਲੀ ਤੋਂ ਗੁਆਚਣ ਬਾਰੇ ਪੁੱਛਿਆ ਤਾਂ ਮੈਂ ਬੜੇ ਮਾਣ ਨਾਲ ਦੱਸਿਆ ਕਿ ਮੈਨੂੰ ਡਾ. ਚੀਮਾ ਆਪਣਾ ਪੀ.ਆਰ.ਓ. ਬਣਾ ਕੇ ਲੁਧਿਆਣਾ ਲੈ ਗਿਆ ਹੈ। 'ਕੀ ਚੀਮਾ ਨੂੰ ਵੀ ਕਿਸੇ ਹੋਰ ਪੀ.ਆਰ.ਓ. ਦੀ ਲੋੜ ਸੀ' ਏਨਾ ਕਹਿ ਕੇ ਗਰੇਵਾਲ ਤਾਂ ਤੁਰ ਗਿਆ ਪਰ ਮੈਨੂੰ ਸਮਝ ਆਈ ਕਿ ਜ਼ਿਲ੍ਹਾ ਖੇਤੀਬਾੜੀ ਅਫਸਰ ਦੀਆਂ ਪੌੜੀਆਂ ਰਾਹੀਂ ਵਾਈਸ ਚਾਂਸਲਰ ਬਣਨ ਵਿਚ ਡਾ. ਚੀਮਾ ਲੋਕ ਸੰਪਰਕ ਵਿਧੀ ਦਾ ਵੀ ਹੱਥ ਸੀ।

ਡਾ. ਚੀਮਾ ਤਾਂ ਆਪਣੇ ਜੀਵਨ ਦਾ ਪੈਂਡਾ ਤੇਜ਼ੀ ਨਾਲ ਤੈਅ ਕਰ ਕੇ ਆਪਣੇ 60ਵਿਆਂ ਵਿਚ ਹੀ ਤੁਰ ਗਿਆ ਪਰ ਤਰਲੋਚਨ ਸਿੰਘ 90ਵਿਆਂ ਵਿਚ ਵੀ ਰਿਸ਼ਟ-ਪੁਸ਼ਟ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰਸੱਟ ਦਾ ਮੈਨੇਜਿੰਗ ਟਰੱਸਟੀ ਐਸ.ਪੀ. ਸਿੰਘ ਉਬਰਾਇ ਵਲੋਂ ਉਸਦੀ ਪੈੜ ਨੱਪਣਾ ਤੇ ਇਸਨੂੰ ਬਿਆਨ ਕਰਨ ਲਈ ਪ੍ਰਭਲੀਨ ਸਿੰਘ ਵਰਗੇ ਸੂਝਵਾਨ ਨੂੰ ਫੜਨਾ ਤਰਲੋਚਨ ਸਿੰਘ ਦੀਆਂ ਮੰਜ਼ਿਲਾਂ ਦੇ ਜਾਰੀ ਰਹਿਣ ਦਾ ਸੰਕੇਤ ਹੈ। ਉਸਦੀ ਅਜੋਕੀ ਡੀਲ ਡੌਲ ਤੇ ਮਿਰਜ਼ੇ ਵਰਗਾ ਕੱਦ ਵੇਖਣਾ ਹੋਵੇ ਤਾਂ 11 ਫਰਵਰੀ ਨੂੰ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵਲੋਂ ਨਵਯੁਗ ਫਾਰਮ ਮਹਿਰੌਲੀ ਵਿਖੇ ਮਨਾਈ ਜਾ ਰਹੀ ਧੁੱਪ ਦੀ ਮਹਿਫਲ ਸਮੇਂ ਉਸਨੂੰ ਮਿਲਿਆ ਜਾ ਸਕਦਾ ਹੈ ਜਿੱਥੇ ਉਹ ਮੁੱਖ ਮਹਿਮਾਨ ਹੋਵੇਗਾ। ਖੁੱਲ੍ਹਾ ਸੱਦਾ ਹੈ।

### ਪੰਜਾਬੀ ਟ੍ਰਿਬਿਊਨ ਦੀ ਪ੍ਰਥਮ ਮਹਿਲਾ ਸੰਪਾਦਕ

15 ਅਗਸਤ 1978 ਨੂੰ ਚੰਡੀਗੜ੍ਹ ਤੋਂ ਜਾਰੀ ਹੋਈ ਪੰਜਾਬੀ ਟ੍ਰਿਬਿਊਨ ਦਾ ਚਾਰਜ ਟ੍ਰਿਬਿਊਨ ਅਮਲੇ ਦੀ ਅਰਵਿੰਦਰ ਪਾਲ ਕੌਰ ਨੂੰ ਸੌਂਪਿਆ ਜਾਣਾ ਮਹਿਲਾ ਪ੍ਰਤਿਭਾ ਨੂੰ ਪਹਿਚਾਨਣਾ ਹੈ। ਉਸ ਤੋਂ ਪਹਿਲਾਂ ਇਸ ਅਖਬਾਰ ਦੀ ਕਮਾਂਡ 10 ਸੰਪਾਦਕਾਂ ਦੇ ਹੱਥ ਰਹੀ ਹੈ ਪਰ ਉਹ ਸਾਰੇ ਮਰਦ ਸਨ। ਅਰਵਿੰਦਰ ਪਾਲ ਇਸ ਲੜੀ ਵਿਚ ਪਹਿਲੀ ਮਹਿਲਾ ਹੈ। ਇਸ ਤੋਂ ਪਿੱਛੋਂ ਕਿਸੇ ਮਹਿਲਾ ਦੀ ਵਾਰੀ ਕਦੋਂ ਆਉਂਦੀ ਹੈ ਸਮੇਂ ਨੇ ਦੱਸਣਾ ਹੈ। ਹਾਲ ਦੀ ਘੜੀ ਅਰਵਿੰਦਰ ਦਾ ਸ਼ੁਭ ਸਵਾਗਤ ਹੈ।

**ਅੰਤਿਕਾ**

—ਗੁਰੂ ਅੰਗਦ ਦੇਵ ਜੀ—

ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥

# ਗਾਥਾ ਗਧੇ ਦੀ !

**ਚਰਨਜੀਤ ਭੁੱਲਰ**

ਚੰਡੀਗੜ੍ਹ: ਪੰਡਿਤ ਨਹਿਰੂ ਕਿਤੇ ਪਰਲੋਕਪੁਰੀ ਵਿਚੋਂ ਖਿੜਕੀ ਖੋਲ੍ਹ ਅੱਜ ਹੇਠਾਂ ਝਾਕਣ ਤਾਂ ਜ਼ਰੂਰ ਮੱਥੇ 'ਤੇ ਹੱਥ ਮਾਰਨਗੇ, 'ਓਹ ਮੇਰਿਆ ਰੱਬਾ! ਏਨੇ ਗਧੇ ਕਿੱਥੋਂ ਭੇਜ ਦਿੱਤੇ।' ਪੰਡਿਤ ਜੀ! ਹੁਣ ਰੱਬ ਨੂੰ ਕਾਹਦੇ ਉਲਾਂਭੇ, ਤੁਸਾਂ ਲੋਕ ਰਾਜ ਦੇ ਬੂਟੇ ਨੂੰ ਪਾਣੀ ਪਾਇਆ, ਕਿੰਨਾ ਸੋਹਣਾ ਬੋਹੜ ਬਣਾਇਆ। ਬੋਹੜ ਦੀ ਸੰਘਣੀ ਛਾਂ ਹੇਠ, ਹੁਣ ਗਧੇ ਬੈਠਣ ਜਾਂ ਘੋੜੇ, ਤੁਸਾਂ ਫ਼ਿਕਰ ਨਹੀਓਂ ਕਰਨਾ, ਬੱਸ ਘੋੜੇ ਵੇਚ ਕੇ ਸੌਂ ਜਾਓ। ਵੋਟਾਂ ਦੀ ਗ਼ਰਜ਼ ਵੇਲੇ ਗਧੇ ਨੂੰ ਬਾਪ ਤੇ ਬਾਪ ਨੂੰ ਗਧਾ ਕਹਿੰਦੇ ਨੇ। ਇਨ੍ਹਾਂ ਨੂੰ ਦੇਖ ਇੰਜ ਲੱਗਦੈ ਕਿ ਮੁੰਨੀ ਤਾਂ ਐਵੇਂ ਬਦਨਾਮ ਐ।

'ਡਿਕਸ਼ਨਰੀ ਆਫ਼ ਨਿਹੰਗ ਸਿੰਘਜ਼' ਵਿਚ ਗਧੇ ਨੂੰ ਸੁਲਤਾਨ ਲਿਖਿਐ। ਫੇਰ ਕਿਉਂ ਨਾ ਮਾਣ ਕਰੀਏ, ਸਾਡੀ ਤਾਂ ਸਿਆਸਤ ਹੀ ਸੁਲਤਾਨਾਂ ਨਾਲ ਭਰੀ ਪਈ ਹੈ। ਜਮਹੂਰੀਅਤ ਵੀ ਗਧੇਪਣ ਦੇ ਅਹਿਸਾਸ 'ਚ ਗੜੁੱਚ ਹੈ। 'ਅੱਲ੍ਹਾ ਮਿਹਰਬਾਨ, ਗਧਾ ਪਹਿਲਵਾਨ।' ਚੋਣ ਅਖਾੜੇ 'ਚ ਦੁਲੱਤੀਆਂ ਮਾਰਨ ਦੀ ਸਭ ਜੀਵਾਂ ਨੂੰ ਖੁੱਲ੍ਹ ਐ। ਨਾਲੇ ਪੜਦਾਦੇ ਅਰਸਤੂ ਨੇ ਖ਼ੁਦ ਕਿਹਾ, 'ਮਨੁੱਖ ਤਾਂ ਸਮਾਜਿਕ ਜੀਵ ਐ।'

ਕਵੀ ਕੁਮਾਰ ਵਿਸ਼ਵਾਸ ਵੀ ਇਹੋ ਕਹਿ ਰਹੇ ਨੇ,

'ਗਧੇ ਹਸ ਰਹੇ, ਆਦਮੀ ਰੋ ਰਹਾ ਹੈ,
ਹਿੰਦੋਸਤਾਂ ਮੇਂ ਯੇਹ ਕਯਾ ਹੋ ਰਹਾ ਹੈ।'

ਕਵਿਤਾ ਨੂੰ ਛੱਡੋ, ਔਹ ਰਾਜ ਬਰਾੜ ਤੋਂ ਸੁਣੋ,

'ਸਾਡੇ ਸਿਰ 'ਤੇ ਅੱਜ ਕੱਲ੍ਹ ਇਲਜ਼ਾਮ ਬੜੇ ਹੋ ਗਏ
ਤੁਸੀਂ ਮਸ਼ਹੂਰ ਬੜੇ ਹੋ ਗਏ, ਅਸਾਂ ਬਦਨਾਮ ਬੜੇ ਹੋ ਗਏ।'

ਸਫ਼ਰ, ਕਿਵੇਂ ਸਮਾਜਵਾਦ ਤੋਂ ਚੱਲੇ, 'ਹਿਣਕਨਵਾਦ' ਤਕ ਪਹੁੰਚ ਗਏ। ਇੱਕ ਵਾਰੀ ਨੇਤਾ ਜੀ ਆਪਣੇ ਕੁੱਤੇ ਨਾਲ ਜਾ ਰਹੇ ਸਨ, ਕਿਸੇ ਗੁਸਤਾਖ਼ ਮੱਲ ਨੇ ਪੁੱਛਿਆ ਕਿ ਹਜ਼ੂਰ, ਗਧੇ ਨਾਲ ਕਿਧਰ ਚੱਲੇ ਹੋ। ਨੇਤਾ ਜੀ ਅੱਗ ਬਬੂਲਾ ਹੋਏ, 'ਏਹ ਗਧਾ ਨਹੀਂ, ਕੁੱਤਾ ਹੈ।'

'ਮੁਆਫ਼ ਕਰਨਾ, ਮੈਂ ਕੁੱਤੇ ਨੂੰ ਪੁੱਛਿਆ,' ਗੁਸਤਾਖ਼ ਮੱਲ ਨੇ ਅੱਗਿਓਂ ਜੁਆਬ ਦਿੱਤਾ।

ਜਮਹੂਰੀ ਤਰੀਕੇ ਨਾਲ ਥਾਪੇ ਨਵੇਂ ਮੁੱਖ ਮੰਤਰੀ ਨੇ ਲੰਘੇ ਦਿਨੀਂ ਇੰਜ ਬਿਆਨ ਕੀਤੈ, 'ਮੈਂ ਪ੍ਰਧਾਨ ਸੇਵਕ ਕੋ ਭਾਵਭਿੰਨੀ ਸ਼ਰਧਾਂਜਲੀ ਦੇਤਾ ਹੂੰ।' ਹੁਣ ਕੌਣ ਸਮਝਾਏ ਕਿ ਬਈ! ਜਿਉਂਦੇ ਜੀਅ ਨੂੰ ਸ਼ਰਧਾ ਭੇਟ ਹੁੰਦੀ ਹੈ, ਸ਼ਰਧਾਂਜਲੀ ਨਹੀਂ। ਸਰਵਨ ਭੱਟੀ ਨੇ ਕਰਾਚੀ ਅਦਾਲਤ 'ਚ ਪਟੀਸ਼ਨ ਪਾਈ ਹੈ ਕਿ 'ਗਧਾ ਮਿਹਨਤੀ ਤੇ ਮਾਸੂਮ ਜਾਨਵਰ ਹੈ, ਇਸ ਨੂੰ ਭ੍ਰਿਸ਼ਟ ਸਿਆਸਤਦਾਨਾਂ ਨਾਲ ਜੋੜਨਾ ਗ਼ਲਤ ਹੈ। ਕਿਥੇ ਸੰਜਮੀ ਤੇ ਸੰਤੋਖੀ ਜਾਨਵਰ, ਕਿੱਥੇ ਏਹ ਨੇਤਾ। ਗਧੇ ਦੀ ਵਫ਼ਾਦਾਰੀ ਦਾ ਕੋਈ ਮੁਕਾਬਲਾ ਨਹੀਂ।'

ਇਹਨੂੰ ਸਰਵਨ ਭੱਟੀ ਨਹੀਂ, ਅਸਲ ਵਿਚ ਸਰਵਣ ਪੁੱਤ ਕਹੋ, ਜਿਨ੍ਹਾਂ ਤੋਂ ਗਧਾ ਜਾਤੀ ਦਾ ਅਪਮਾਨ ਝੱਲ ਨਾ ਹੋਇਆ। ਭੱਟੀ ਸਾਹਿਬ ਨੇ ਤਾਂ ਸਚਮੁੱਚ ਗਧਾ ਜਾਤੀ ਦਾ ਮਾਣ 'ਚ ਸਿਰ ਉਚਾ ਕੀਤੈ। ਦੇਖਣਾ ਹੋਵੇਗਾ ਕਿ ਕਰਾਚੀ ਅਦਾਲਤ ਵਿੱਚੋਂ ਗਧਿਆਂ ਨੂੰ ਨਿਆਂ ਮਿਲਦਾ ਹੈ ਜਾਂ ਨਹੀਂ। ਸੰਨੀ ਦਿਓਲ ਨੇ ਤਾਂ ਇਹੋ ਰਟ ਲਾਈ ਹੈ, 'ਤਾਰੀਖ਼ ਪੇ ਤਾਰੀਖ਼।'

ਏਨਾ ਜ਼ਰੂਰ ਐ ਕਿ ਅਦਾਲਤ 'ਚ ਵਕੀਲ ਸਰਵਨ ਭੱਟੀ ਨੇ ਬੇਜ਼ਬਾਨ ਗਧਿਆਂ ਦਾ ਠੋਕ ਕੇ ਪੱਖ ਰੱਖਿਆ, 'ਮਾਈ ਲਾਰਡ, ਗਧਾ ਬੇਕਸੂਰ ਜਾਨਵਰ ਐ, ਨੇਤਾਵਾਂ ਵਾਂਗੂੰ ਕਿਸ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਲੀਡਰਾਂ ਨਾਲ ਗਧੇ ਦੀ ਤੁਲਨਾ ਕਰਨੀ, ਗਧੇ ਦੀ ਤੌਹੀਨ ਹੈ। ਇਸ ਨਾਲ ਗਧਿਆਂ ਦੀ ਸਾਖ ਨੂੰ ਧੱਕਾ ਲੱਗਦੈ।' ਵੈਸੇ ਪਾਕਿਸਤਾਨ ਦੀ ਇਕਾਨਮੀ ਗਧਿਆਂ ਨਾਲ ਚੱਲਦੀ ਹੈ। ਦੁਨੀਆਂ 'ਚੋਂ ਪਾਕਿਸਤਾਨ ਗਧਿਆਂ ਦੀ ਗਿਣਤੀ ਦੇ ਲਿਹਾਜ਼ ਨਾਲ ਤੀਜੇ ਨੰਬਰ 'ਤੇ ਹੈ ਅਤੇ ਚੀਨ ਨੂੰ ਆਪਣੇ ਗਧੇ ਵੀ ਵੇਚਦਾ ਹੈ। ਗਧਾ, ਧੋਬੀ ਦਾ ਬੋਝ ਵੀ ਉਠਾਉਂਦਾ ਹੈ ਅਤੇ ਘੁਮਿਆਰ ਦਾ ਵੀ।

ਕ੍ਰਿਸ਼ਨ ਚੰਦਰ ਦੇ ਨਾਵਲ 'ਇੱਕ ਗਧੇ ਦੀ ਆਤਮ ਕਥਾ' ਵਿਚਲੇ ਗਧੇ ਵਾਂਗ ਧੋਬੀ ਦਾ ਗਧਾ ਵੀ ਬੋਲ ਪਾਉਂਦਾ ਤਾਂ 'ਕੁਲੀ' ਫ਼ਿਲਮ ਵਿਚਲੇ ਇਸ ਗਾਣੇ ਦੀ ਜ਼ਰੂਰ ਹੇਕ ਲਾਉਂਦਾ,

'ਲੋਗ ਆਤੇ ਹੈਂ, ਲੋਗ ਜਾਤੇ ਹੈਂ
ਸਾਰੀ ਦੁਨੀਆਂ ਕਾ ਬੋਝ ਹਮ ਉਠਾਤੇ ਹੈਂ।'

ਕਈ ਨਸਲੀ ਗਧੇ ਬੜੇ ਮਹਿੰਗੇ ਵਿਕਦੇ ਨੇ, ਨੇਤਾਵਾਂ ਦੇ ਮੁੱਲ ਦਾ ਤਾਂ ਪਤਾ ਨਹੀਂ। ਅਹਿਮਦਾਬਾਦ ਕੋਲ 'ਗਧਿਆਂ ਦਾ ਮੇਲਾ' ਵੀ ਲੱਗਦਾ ਹੈ। ਗੁਜਰਾਤੀ ਗਧਿਆਂ ਬਾਰੇ ਅਮਿਤਾਭ ਬੱਚਨ ਨੇ ਇੱਕ ਮਸ਼ਹੂਰੀ ਕੀਤੀ ਸੀ ਜਿਸ ਬਾਰੇ ਅਖਿਲੇਸ਼ ਯਾਦਵ ਨੇ ਵਿਵਾਦ ਵੀ ਛੇੜਿਆ ਸੀ। 'ਗਿਆਨੀ ਕੇ ਹਮ ਗੁਰੂ ਹੈਂ, ਮੂਰਖ ਕੇ ਹਮ ਦਾਸ।' ਜੈਪੁਰ ਨੇੜੇ ਇੱਕ 'ਗਧਾ ਉਤਸਵ' ਹੁੰਦਾ ਹੈ। ਦੁਨੀਆਂ ਭਰ 'ਚੋਂ ਗਧੇ ਵਿਕਣ ਲਈ ਆਉਂਦੇ ਨੇ।

ਕੇਰਾਂ ਇੱਕ ਨੇਤਾ 'ਗਧਾ ਉਤਸਵ' ਦਾ ਉਦਘਾਟਨ ਕਰਨ ਆਇਆ, ਉਸ ਨੇ ਸ਼ਿੰਗਾਰੇ ਹੋਏ ਗਧੇ ਨੂੰ ਗਲ ਨਾਲ ਲਾਇਆ, ਜਨਤਾ ਦਾ ਏਨਾ ਦਿਮਾਗ਼ ਘੁਮਾਇਆ, ਪਤਾ ਹੀ ਨਾ ਲੱਗੇ ਕਿ ਅਸਲੀ ਕਿਹੜੈ। ਵਰ੍ਹਿਆਂ ਤੋਂ 'ਗਧਾ ਉਤਸਵ' ਦਾ ਉਦਘਾਟਨੀ ਫੀਤਾ ਕੱਟਣ ਕੋਈ ਨੇਤਾ ਨਹੀਂ ਆਇਆ। ਸਭ ਨੂੰ ਡਰ ਐ, ਜਿਹੜਾ ਫੀਤਾ ਕੱਟੂ, ਉਹੀ ਚੋਣਾਂ ਹਾਰੂ। ਵੈਸੇ ਗਧੇ ਸਮਾਜ ਦੀ ਸੱਚੀ ਤਰਜਮਾਨੀ ਕਰਦੇ ਹਨ। ਸਮਾਜ ਦਾ ਅਸਲ ਸ਼ੀਸ਼ਾ ਗਧੇ ਹੀ ਨੇ। ਪਤਾ ਨਹੀਂ ਕਿਉਂ, ਚੋਣਾਂ ਵਾਲਾ ਮੇਲਾ ਦੇਖਣ ਮਗਰੋਂ ਗਧੇ ਪ੍ਰਤੀ ਇੱਜ਼ਤ ਮਨਾਂ ਮੂੰਹੇਂ ਵਧ ਜਾਂਦੀ ਹੈ। 'ਅਕਲਾਂ ਬਾਝੋਂ ਖੂਹ ਖ਼ਾਲੀ', ਦੇਸ਼ ਦਾ ਸਿਆਸੀ ਪਾਣੀ ਤਾਂ ਪੱਤਣ ਤਕ ਉਤਰਿਐ।

ਬੰਗਲੌਰ 'ਚ ਕੇਰਾਂ ਇੱਕ ਖੇਤਰੀ ਨੇਤਾ ਨੇ ਸਿਆਸਤ ਵਿਚਲੀ ਦਲ ਬਦਲੀ ਤੇ ਅਨੁਸ਼ਾਸਨਹੀਣਤਾ ਦੇ ਰੰਗ ਢੰਗ ਦੇਖ ਸ਼ਹਿਰ 'ਚੋਂ ਦੋ ਗਧੇ ਫੜੇ, ਉਨ੍ਹਾਂ ਨੂੰ ਫੁੱਲਾਂ ਨਾਲ ਲੱਦ ਦਿੱਤਾ। ਜਿਹੜਾ ਸਿਆਸਤ ਦੇ ਚਰਨੀਂ ਲੱਗਦੈ, ਉਸ ਨੂੰ ਰਾਜਨੀਤੀ ਅਜਬ ਨਸ਼ਾ ਚੜ੍ਹਾਉਂਦੀ ਐ, ਰੁਤਬੇ ਦਿਵਾਉਂਦੀ ਐ, ਸਬਜ਼ਬਾਗ ਵੀ ਦਿਖਾਉਂਦੀ ਹੈ। ਜਨਤਾ ਤੋਂ ਦੂਰੀ ਬਣਵਾਉਂਦੀ ਐ, ਨਾਲੇ ਹੱਸਣਾ ਵੀ ਭੁਲਾਉਂਦੀ ਹੈ। ਤਾਹੀਂ ਤਾਂ ਸਤਿੰਦਰ ਸਰਤਾਜ ਨੂੰ ਗਾਉਣਾ ਪੈ ਰਿਹੈ,

'ਕਿਤੇ ਨ੍ਹੀਂ ਤੇਰਾ ਰੁਤਬਾ ਘੱਟਦਾ, ਜੇ ਹੱਸ ਕੇ ਬੁਲਾ ਲਵੇਂ ਕਿਧਰੇ'

ਮਹਾਰਾਜਾ ਰਣਬੀਰ ਸਿੰਘ ਬੋਲਾ ਸੀ, ਪਰਜਾ ਦੇ ਬੁੱਲ੍ਹਾਂ ਦੀ ਹਰਕਤ ਤੋਂ ਕਹੀ ਗੱਲ ਸਮਝ ਲੈਂਦੇ ਸਨ। ਹੁਣ ਲੋਕ ਕੂਕਦੇ ਵੀ ਨੇ, ਵੋਟ-ਵਪਾਰੀ ਫਿਰ ਵੀ ਸਮਝਦੇ ਨਹੀਂ। ਵੋਟਰ ਪਾਤਸ਼ਾਹ ਨਾਲ ਤੋਕੜ ਮੱਝ ਵਰਗਾ ਸਲੂਕ ਹੁੰਦੈ। ਗੱਲ ਤਾਂ ਗਧਿਆਂ ਦੀ ਤੋਰੀ ਸੀ, ਵਿਚ ਤੋਕੜ ਮੱਝ ਆ ਵੜੀ।

ਮੇਨਕਾ ਗਾਂਧੀ ਫ਼ਰਮਾਏ ਸਨ ਕਿ ਮਿਸ਼ਰ ਦੀ ਰਾਣੀ ਗਧੀ ਦੇ ਦੁੱਧ ਨਾਲ ਨਹਾਉਂਦੀ ਹੈ। ਅਖੇ ਜੇ ਦੁੱਧ ਨ੍ਹੀਂ ਮਿਲਦਾ ਤਾਂ ਗਧੀ ਦੇ ਦੁੱਧ ਤੋਂ ਬਣੀ ਸਾਬਣ ਲੈ ਲਓ। ਗਧੇ ਦੀ ਖੱਲ ਤੋਂ ਚੀਨ ਮਰਦਾਨਗੀ ਵਾਲੀ ਦਵਾਈ ਬਣਾਉਂਦਾ ਹੈ।

ਕਿਸੇ ਬਾਬੇ ਦੇ ਟਿੱਲੇ 'ਤੇ ਸੰਗਤ ਗਾ ਰਹੀ ਹੈ,
'ਤੇਰਾ ਚੰਮ ਨਹੀਂ ਕਿਸੇ ਕੰਮ ਆਉਣਾ,
ਪਸ਼ੂਆਂ ਦੇ ਹੱਡ ਵਿੱਕਦੇ'

ਗੱਲ ਸੋਲ੍ਹਾਂ ਆਨੇ ਸੱਚ ਹੈ। ਤਾਹੀਂ ਤਾਂ ਗਧਾ ਜਾਤੀ ਦਾ ਕੇਸ ਕਰਾਚੀ ਅਦਾਲਤ ਤਕ ਪੁੱਜਾ ਹੈ। ਲੋਕ ਉਥੇ ਹੀ ਖੜ੍ਹੇ ਨੇ, ਜਿਥੇ ਨਹਿਰੂ ਛੱਡ ਕੇ ਗਿਆ ਸੀ। ਅੰਤ ਚਾਣਕਿਆ ਦੇ ਬੋਲਾਂ ਨਾਲ, 'ਬੇਸ਼ਰਮ ਬਾਦਸ਼ਾਹ ਅਤੇ ਸੁੱਤੀ ਹੋਈ ਜਨਤਾ, ਦੇਸ਼ ਲਈ ਘਾਤਕ ਹੁੰਦੇ ਹਨ।'

## ਫਰਕ

ਸਰਦਾਰ ਵਿਸਾਖਾ ਸਿੰਘ ਹੋਰੀਂ ਪੁੱਜ ਕੇ ਸ਼ਰੀਫ਼, ਸੰਜਮ ਅਤੇ ਰੱਬ ਦੇ ਭੈਅ ਵਿਚ ਰਹਿਣ ਵਾਲੇ ਇਨਸਾਨ ਸਨ, ਕਦੇ ਕੋਈ ਸਵਾਲੀ ਜਾਂ ਲੋੜਵੰਦ ਉਨ੍ਹਾਂ ਦੇ ਦਰ ਤੋਂ ਨਿਰਾਸ਼ ਹੋ ਕੇ ਨਹੀਂ ਸੀ ਗਿਆ। ਲੋੜਵੰਦਾਂ ਦੀ ਮਦਦ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਸਨ, ਰਾਤ ਬਰਾਤੇ ਕੋਈ ਰਾਹੀ ਆ ਜਾਵੇ ਤਾਂ ਪਿੰਡ ਵਾਲੇ ਉਸ ਨੂੰ ਕਹਿ ਦੇਂਦੇ ਸਨ ਕਿ ਉਸ ਘਰ ਚਲਾ ਜਾ ਤੈਨੂੰ ਪ੍ਰਸ਼ਾਦਾ ਪਾਣੀ ਤੇ ਮੰਜਾ ਬਿਸਤਰਾ ਮਿਲ ਜਾਵੇ ਦਿਨ ਚੜ੍ਹੇ ਆਪਣੀ ਮੰਜ਼ਿਲ ਵੱਲ ਚਲਾ ਜਾਵੀਂ। ਇਨ੍ਹਾਂ



**ਹਰਦੀਪ ਸਿੰਘ ਸੋਢੀ**
**ਫੋਨ: 480-794-0325**

ਗੁਣਾਂ ਕਰਕੇ ਸ਼ਾਇਦ ਵਾਹਿਗੁਰੂ ਦੀ ਇਸ ਪਰਿਵਾਰ ਉੱਪਰ ਬਹੁਤ ਕਿਰਪਾ ਸੀ। ਜ਼ਮੀਨ ਜਾਇਦਾਦ ਮੱਝਾਂ ਘੋੜੀਆਂ ਦੇ ਨਾਲ ਨਾਲ ਭਰਾਵਾਂ ਦਾ ਪਿਆਰ ਅਤੇ ਇਕੱਠ ਇਸ ਸੇਵਾ ਭਾਵਨਾ ਨੂੰ ਜਿਉਂਦੇ ਰੱਖਣ ਵਿਚ ਪੂਰਾ ਸਹਾਈ ਹੁੰਦਾ ਸੀ। ਸਮੇਂ ਨੇ ਕਰਵਟ ਬਦਲੀ ਦੇਸ਼ ਦੀ ਵੰਡ ਹੋ ਗਈ ਬਾਕੀ ਲੋਕਾਂ ਵਾਂਗ ਇਹ ਪਰਿਵਾਰ ਵੀ ਉੱਜੜ ਕੇ ਚੜ੍ਹਦੇ ਪੰਜਾਬ ਵਿਚ ਆ ਗਿਆ। ਸਰਦਾਰੀ ਉੱਧਰ ਹੀ ਰਹਿ ਗਈ, ਜ਼ਮੀਨ ਅਲਾਟ ਹੋਈ ਪਰ ਬੰਜਰ ਉਪਜਾਊ ਜ਼ਮੀਨਾਂ ਇਧਰ ਘੱਟ ਸਨ, ਮੱਝਾਂ ਘੋੜੀਆਂ ਘਰੇਲੂ ਸਾਮਾਨ ਆਦਿ ਦਾ ਤਾਂ ਨਾਮ ਹੀ ਨਾ ਲਵੋ ਫਿਰ ਵੀ ਪੁਰਾਣੀ ਸਰਦਾਰੀ ਦੇ ਗੁਣ ਹੋਣ ਕਾਰਨ ਆਮ ਲੋਕਾਂ ਨਾਲੋਂ ਜਲਦੀ ਪੈਰਾਂ 'ਤੇ ਖਲੋ ਗਏ। ਸੇਵਾ ਭਾਵਨਾ ਉਵੇਂ ਹੀ ਰਹੀ। ਲੋਕਾਂ ਨੇ ਉਨ੍ਹਾਂ ਨੂੰ ਸਮਾਜ ਸੇਵੀ ਦਾ ਨਾਮ ਦਿੱਤਾ। ਪੰਚਾਇਤਾਂ ਬਣਨ ਉਪਰੰਤ ਤਿੰਨ-ਚਾਰ ਵਾਰ ਸਰਪੰਚ ਵੀ ਸਰਬਸੰਮਤੀ ਨਾਲ ਬਣਦੇ ਰਹੇ ਨਿੱਕਾ ਮੋਟਾ ਝਗੜਾ ਪਿੰਡ ਵਿਚ ਹੀ ਨਿਬੇੜ ਦੇਣਾ। ਕਦੇ ਪਿੰਡ ਵਿਚ ਪੁਲਿਸ ਨੇ ਪੈਰ ਨਹੀਂ ਸੀ ਪਾਇਆ, ਸ਼ਰਾਫਤ ਦਾ ਡੰਕਾ ਵੱਜਦਾ ਸੀ ਪਰ ਇਹ ਜਲੌਅ ਜ਼ਿਆਦਾ ਦੇਰ ਨਾ ਰਿਹਾ। ਪਿੰਡ ਵਿਚੋਂ ਇਕ ਪਰਿਵਾਰ ਉੱਠਿਆ ਨਸ਼ੇ (ਸ਼ਰਾਬ ਅਫੀਮ) ਦੇ ਕਾਰੋਬਾਰ ਕਾਰਨ ਦਿਨਾਂ ਵਿਚ ਸਰਦਾਰ ਵਿਸਾਖਾ ਸਿੰਘ ਹੋਰਾਂ ਤੋਂ ਪੈਸੇ ਵਿਚ ਬਹੁਤ ਅੱਗੇ ਨਿਕਲ ਗਏ ਪਰ ਲਾਲਚ ਨੇ ਆਪਣੇ ਪਿੰਡ ਦੇ ਨਾਲ ਨਾਲ ਹੋਰ ਕਈ ਪਿੰਡਾਂ ਦੇ ਲੋਕ ਵੀ ਅਮਲੀ ਬਣਾ ਦਿੱਤੇ। ਸ਼ਰਾਬ ਪੀ ਕੇ ਡਾਂਗ ਸੋਟਾ ਅਕਸਰ ਹੋਣ ਲੱਗਾ। ਪੁਲਿਸ ਦਾ ਰੋਜ਼ ਪਿੰਡ ਆਉਣਾ ਨਵੇਂ ਬਣੇ ਅਮੀਰਾਂ ਦੇ ਘਰ ਕੁੱਕੜ ਵੱਢਣੇ ਤੇ ਥਾਣੇ ਤਹਿਸੀਲ ਵਿਚ ਨਵਿਆਂ ਅਮੀਰਾਂ ਦੀ ਚੌਧਰ ਦੀ ਤੂਤੀ ਬੋਲਣ ਲੱਗੀ। ਹੁਣ ਪਿੰਡ ਦੇ ਸਿਆਣੀ ਉਮਰ ਦੇ ਉਨ੍ਹਾਂ ਲੋਕਾਂ ਸਾਹਮਣੇ ਜਦੋਂ ਨਵੇਂ ਅਮੀਰਾਂ ਨੂੰ ਸਮਾਜ ਸੇਵੀ ਦੇ ਨਾਮ ਨਾਲ ਬੁਲਾਇਆ ਜਾਂਦਾ ਤਾਂ ਉਨ੍ਹਾਂ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਤੇ ਲੋਕ ਹੱਟੀ ਭੱਠੀ 'ਤੇ ਗੱਲਾਂ ਕਰਦੇ, 'ਬਾਈ ਅਸਲ ਸਮਾਜ ਸੇਵੀ ਨੂੰ ਹੁਣ ਕੋਈ ਨਹੀਂ ਪੁੱਛਦਾ ਹੁਣ ਤਾਂ ਜਿਸ ਕੋਲ ਚਾਰ ਦਵਾਨੀਆਂ ਹਨ ਉਹੀ ਸਮਾਜ ਸੇਵੀ ਹੈ।' ਨਾਲੇ ਝੂਰਦੇ ਕਿ ਸਾਡੇ ਵੇਖਦਿਆਂ ਵੇਖਦਿਆਂ ਕਿੰਨਾ 'ਫਰਕ' ਪੈ ਗਿਆ ਸਮਾਜਸੇਵੀ ਦੇ ਅਰਥਾਂ ਵਿਚ।

# ਸਿੱਖ ਨਾਂਵਾਂ ਬਾਰੇ ਜੰਮੂ ਕਸ਼ਮੀਰ ਅਦਾਲਤ ਦਾ ਬੇਲੋੜਾ ਵਿਵਾਦ

ਭਾਵੇਂ ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਵਿਲੀਅਮ ਸ਼ੇਕਸਪੀਅਰ ਨੇ ਕਿਹੈ ਕਿ ਨਾਂਵਾਂ ਵਿਚ ਕੀ ਰੱਖਿਐ, ਪਰ ਜੰਮੂ ਅਤੇ ਕਸ਼ਮੀਰ ਹਾਈ ਕੋਰਟ ਨੇ ਸਿੱਖ-ਨਾਂਵਾਂ ਬਾਰੇ ਇਕ ਬੇਲੋੜਾ ਵਿਵਾਦ ਖੜਾ ਕਰ ਦਿੱਤੈ।

ਬੇਸ਼ੱਕ ਅਦਾਲਤ ਦੇ ਇਕ ਬੈਂਚ, ਜਿਸ ਵਿਚ ਜਸਟਿਸ ਵਸੀਮ ਸਾਦਿਕ ਨਾਰਗਲ ਸ਼ਾਮਿਲ ਸਨ, ਦਾ ਸੋਮਵਾਰ (15 ਜਨਵਰੀ) ਦਾ ਇਹ ਫੈਸਲਾ ਇਕ ਜ਼ਿਲ੍ਹਾ-ਪੱਧਰੀ ਧਾਰਮਿਕ ਚੋਣ ਸਬੰਧੀ ਪਟੀਸ਼ਨ ਬਾਰੇ ਹੈ, ਪਰ ਇਸ ਵਿਚਲਾ ਵਿਆਪਕ ਬਿਆਨ ਪੂਰੀ ਸਿੱਖ ਕੌਮ ਨੂੰ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਪ੍ਰਭਾਵਿਤ ਕਰਨ ਵਾਲਾ ਹੈ।

ਸੁਭਾਵਕ ਹੀ ਹੈ ਕਿ ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਸਖਤ ਵਿਰੋਧ ਹੋਇਐ।

ਅਖਨੂਰ ਜ਼ਿਲ੍ਹਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿਚ ਹਾਰੇ ਇਕ ਉਮੀਦਵਾਰ ਸੇਵਾ-ਮੁਕਤ ਸਰਕਾਰੀ ਕਰਮਚਾਰੀ ਸੁਖਜੀਤ ਸਿੰਘ ਨੇ ਚੋਣ ਵਿਰੁੱਧ ਇਕ ਪਟੀਸ਼ਨ ਪਾਈ। ਉਸ ਨੇ ਤਰਕ ਦਿੱਤਾ ਕਿ ਚੋਣ ਸੂਚੀ ਵਿਚ ਗੈਰ-ਸਿੱਖ ਵੋਟਰਾਂ ਦੇ ਨਾਮ ਵੀ ਸ਼ਾਮਿਲ ਕੀਤੇ ਗਏ ਸਨ। ਇਸ ਸਬੰਧੀ ਸਬੂਤ ਵਜੋਂ ਪਟੀਸ਼ਨਕਰਤਾ ਨੇ ਕਿਹਾ ਕਿ ਕਈ ਵੋਟਰਾਂ ਦੇ ਨਾਂਵਾਂ ਮਗਰ 'ਸਿੰਘ' ਜਾਂ 'ਕੌਰ' ਦਾ ਸਰਨੇਮ ਜਾਂ ਪਿਛੇਤਰ ਨਹੀਂ ਸੀ। ਉਸ ਨੇ ਹੋਰ ਵੀ ਕਈ ਇਤਰਾਜ਼ ਉਠਾਏ ਕਿ ਗੈਰ-ਸਿੱਖਾਂ ਦੀ ਧਾਰਮਿਕ ਚੋਣ ਵਿਚ ਸ਼ਮੂਲੀਅਤ ਨਾਲ ਸਾਰੀ ਚੋਣ ਪ੍ਰਕਿਰਿਆ ਦੀ ਸਾਖ 'ਤੇ ਹੀ ਆਂਚ ਆਈ ਹੈ; ਸੂਚੀ ਵਿਚ ਦੋਹਰੀਆਂ ਐਂਟਰੀਆਂ ਹੋਈਆਂ ਹਨ; ਕਈ ਮਰੇ ਵੋਟਰਾਂ ਦੀਆਂ ਵੋਟਾਂ ਭੁਗਤੀਆਂ ਹਨ ਅਤੇ 'ਸਿੰਘ' ਜਾਂ 'ਕੌਰ' ਦਾ ਨਾਮ ਨਾਲ ਨਾ ਹੋਣਾ 1975 ਦੇ ਜੰਮੂ ਅਤੇ ਕਸ਼ਮੀਰ ਸਿੱਖ ਅਤੇ ਧਾਰਮਿਕ ਵਕਫ/ਧਰਮ ਅਰਥ ਭੇਟਾ ਨਿਯਮਾਂ ਦੀ ਅਵੱਗਿਆ ਕਰਨ ਬਰਾਬਰ ਹੈ।

ਐਪੀਲੇਟ ਅਥਾਰਿਟੀ ਦੁਆਰਾ ਆਪਣੀ ਪਟੀਸ਼ਨ ਖਾਰਜ ਹੋਣ ਉਪਰੰਤ ਅਰਜ਼ੀਕਾਰ ਹਾਈ ਕੋਰਟ ਵਿਚ ਪੁੱਜਾ ਪਰ ਓਥੇ ਵੀ ਉਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਅਤੇ ਐਪੀਲੇਟ ਅਥਾਰਿਟੀ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਗਿਆ।

ਹਾਈ ਕੋਰਟ ਦੇ ਬੈਂਚ ਨੇ ਪੁੱਛਿਆ ਅਤੇ ਕਿਹਾ ਕਿ ਅਰਜ਼ੀਕਾਰ ਨੇ ਪਹਿਲਾਂ ਦਿੱਤੇ ਗਏ ਸਮੇਂ ਦੌਰਾਨ ਇਤਰਾਜ਼ ਕਿਉਂ ਨਹੀਂ ਦਰਜ ਕਰਵਾਏ; ਉਸ ਨੇ ਪੂਰੀ ਚੋਣ ਪ੍ਰਕਿਰਿਆ ਵਿਚ ਹਿੱਸਾ ਵੀ ਲਿਆ ਪਰ ਹੁਣ ਜਦ ਸਭ ਕੁਝ ਦਾ ਫੈਸਲਾ ਹੋ ਗਿਐ ਤਾਂ ਉਹ ਕਿੰਤੂ-ਪ੍ਰੰਤੂ ਕਰਨ ਲੱਗ ਪਿਐ।

ਪਰ ਕੋਰਟ ਦੀ ਜਿਸ ਟਿੱਪਣੀ ਨੇ ਸਿੱਖ ਹਲਕਿਆਂ ਵਿਚ ਹਲਚਲ ਮਚਾਈ ਹੈ, ਉਹ ਹੈ- "ਕਈ ਲੋਕ ਹਨ ਜੋ ਆਪਣੇ ਨਾਂਵਾਂ ਨਾਲ 'ਸਿੰਘ' ਜਾਂ 'ਕੌਰ' ਨਹੀਂ ਲਾਉਂਦੇ ਪਰ ਫਿਰ ਵੀ ਉਹ ਸਿੱਖਾਂ ਵਜੋਂ ਪਹਿਚਾਣੇ/ਪ੍ਰਵਾਨੇ ਜਾਂਦੇ ਹਨ ਕਿਉਂਕਿ ਉਹ ਸਿੱਖ ਧਰਮ ਮੰਨਦੇ ਅਤੇ ਪ੍ਰਚਾਰਦੇ ਹਨ। ਸਰਕਾਰੀ ਤੌਰ 'ਤੇ ਸਿੱਖ ਮੰਨੇ ਜਾਂ ਪ੍ਰਵਾਨਤ ਕੀਤੇ ਜਾਣ ਲਈ 'ਸਿੰਘ' ਜਾਂ 'ਕੌਰ' ਦਾ ਸਰਨੇਮ ਲਗਾਉਣਾ ਲਾਜ਼ਮੀ (ਮੈਂਡੇਟਰੀ) ਨਹੀਂ ਹੈ"।

ਕੋਰਟ ਨੇ ਇਸ ਸਬੰਧੀ 1973 ਦੇ ਐਕਟ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ "ਅਰਜ਼ੀਕਰਤਾ ਦਾ ਦਾਅਵਾ ਇਸ ਐਕਟ ਵਿਚਲੀ ਪਰਿਭਾਸ਼ਾ ਨਾਲ ਮੇਲ ਨਹੀਂ ਖਾਂਦਾ ਅਤੇ



ਇਸ ਲਈ ਇਹ ਪ੍ਰਵਾਨਤ ਨਹੀਂ ਅਤੇ ਕਾਨੂੰਨ ਦੀਆਂ ਨਜ਼ਰਾਂ ਸਾਹਮਣੇ ਟਿਕਦਾ ਨਹੀਂ"।

ਇਸ ਟਿੱਪਣੀ ਨੇ ਭਸੂੜੀ ਪਾ ਦਿੱਤੀ ਹੈ। ਭਾਵੇਂ ਇਹ ਫੈਸਲਾ ਇਕ ਜ਼ਿਲ੍ਹਾ-ਪੱਧਰੀ ਧਾਰਮਿਕ ਚੋਣ ਸਬੰਧੀ ਹੈ ਪਰ ਇਸ ਵਿਚ ਸਿੱਖਾਂ ਦੇ ਨਾਂਵਾਂ ਪਿੱਛੇ ਲੱਗਦੇ 'ਸਿੰਘ' ਅਤੇ 'ਕੌਰ' ਪਿਛੇਤਰਾਂ ਦਾ ਮਸਲਾ ਸ਼ਾਮਿਲ ਹੋਣ ਕਾਰਨ ਇਹ ਪੂਰੀ ਸਿੱਖ ਕੌਮ ਨੂੰ ਪ੍ਰਭਾਵਿਤ ਕਰਦਾ ਹੈ।

ਅਸੀਂ ਮੰਨਦੇ ਹਾਂ ਕਿ ਅਜਿਹੇ ਕਈ ਸਿੱਖ ਹਨ ਜੋ ਆਪਣੇ ਨਾਮ ਮਗਰ ਆਪਣੀ ਮਰਜ਼ੀ ਨਾਲ ਇਹ ਪਿਛੇਤਰ ਨਹੀਂ ਲਗਾਉਂਦੇ। ਵੈਸੇ ਭਾਵੇਂ ਭਾਸ਼ਾ ਅਨੁਸਾਰ ਇਹ ਪਿਛੇਤਰ ਹੀ ਹਨ ਪਰ ਉਂਝ ਸਿੱਖ ਨਾਂਵਾਂ ਦਾ ਇਹ ਅਨਿੱਖੜਵਾਂ ਅੰਗ ਹਨ।

ਅਦਾਲਤ ਨੂੰ ਅਜਿਹੀ ਵਿਵਾਦਪੂਰਨ ਟਿੱਪਣੀ ਕਰਨ ਤੋਂ ਬਚਣਾ ਚਾਹੀਦਾ ਸੀ। ਇਸ ਫੈਸਲੇ ਦਾ ਸਿੱਖ ਹਲਕਿਆਂ ਵਿਚ ਵਿਰੋਧ ਹੋਇਐ। ਸਿੱਖਾਂ ਦੇ ਧਾਰਮਿਕ ਅਤੇ ਸੰਸਾਰਕ ਮਸਲਿਆਂ ਨਾਲ ਸਬੰਧਤ ਸਿੱਖੀ ਦਾ ਸਰਬਉੱਚ ਤਖਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੋਰਾਂ ਵਲੋਂ ਵੀ ਇਸ 'ਤੇ ਇਤਰਾਜ਼ ਕੀਤਾ ਗਿਐ। ਉਨ੍ਹਾਂ ਕਿਹਾ ਕਿ ਹਾਈ ਕੋਰਟ ਦੁਆਰਾ ਸਿੱਖ ਪਛਾਣ ਦੇ ਸਬੰਧ 'ਚ ਸੁਣਾਏ ਫੈਸਲੇ 'ਤੇ ਕਾਨੂੰਨੀ ਆਧਾਰ 'ਤੇ ਚਾਰਾਜੋਈ ਕਰਨ ਅਤੇ ਇਸ ਫੈਸਲੇ ਨੂੰ ਮਨਸੂਖ ਕਰਵਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਜਾਵੇਗੀ।

ਓਧਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹੈ ਕਿ ਸਿੱਖ ਦਾ ਨਾਮ 'ਸਿੰਘ' ਜਾਂ 'ਕੌਰ' ਤੋਂ ਬਿਨਾਂ ਅਧੂਰਾ ਹੈ। ਅਦਾਲਤ ਦੇ ਫੈਸਲੇ ਉਪਰ ਇਤਰਾਜ਼ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਦੀ ਪਰਿਭਾਸ਼ਾ ਦੁਨਿਆਵੀ ਅਦਾਲਤਾਂ ਦੇ ਅਧੀਨ ਨਹੀਂ ਹੈ, ਸਗੋਂ ਇਹ ਗੁਰੂ ਦੀ ਬਖਸ਼ੀ ਰਹਿਣੀ ਉਪਰ ਆਧਾਰਤ ਹੈ। ਇਸ ਪਿੱਛੇ ਸਿੱਖਾਂ ਦਾ ਸ਼ਾਨਾਮੱਤਾ ਇਤਿਹਾਸ, ਸਿਧਾਂਤ ਅਤੇ ਪਰੰਪਰਾਂਵਾਂ ਹਨ। ਸਿੱਖ ਦਾ ਨਾਮ ਸਿੰਘ ਜਾਂ ਕੌਰ ਤੋਂ ਬਿਨਾਂ ਕਿਆਸ ਹੀ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਅਦਾਲਤ ਦੀ ਟਿੱਪਣੀ ਨੂੰ ਸਿਧੇ ਤੌਰ 'ਤੇ ਸਿੱਖ ਕਦਰਾਂ-ਕੀਮਤਾਂ, ਸਿੱਖ ਰਹਿਣੀ ਦੇ ਵਿਰੁੱਧ, ਸਿੱਖ ਸਿਧਾਂਤਾਂ ਤੇ ਰਵਾਇਤਾਂ ਦੇ ਉਲੰਘਣ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲਾ ਕਿਹੈ, ਬੇਸ਼ੱਕ ਇਹ ਅਖਨੂਰ ਦੀ ਇਕ ਜ਼ਿਲ੍ਹਾ ਪੱਧਰੀ ਧਾਰਮਿਕ ਚੋਣ ਉਪਰ ਆਧਾਰਤ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਮਾਹਿਰਾਂ ਨਾਲ ਸਲਾਹ ਉਪਰੰਤ ਯੋਗ ਕਾਰਵਾਈ ਕੀਤੀ ਜਾਵੇਗੀ।


ਸਾਡਾ ਮੱਤ ਹੈ ਕਿ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ 'ਚ ਖੰਡੇ-ਬਾਟੇ ਦੀ ਪਾਹੁਲ ਨਾਲ ਸਿੱਖਾਂ ਨੂੰ 'ਸਿੰਘ' ਅਤੇ 'ਕੌਰ' ਨਾਮ ਬਖਸ਼ੇ ਸਨ। 'ਸਿੰਘ' ਬੰਦਿਆਂ ਵਾਸਤੇ ਅਤੇ 'ਕੌਰ' ਬੀਬੀਆਂ ਵਾਸਤੇ ਲਗਾਇਆ ਜਾਂਦੈ। ਇਹ ਸਿੱਖ ਦੀ ਪਛਾਣ ਹੈ। ਇਹ ਕੋਈ 'ਕੁੱਲ-ਨਾਮ' (ਸਰਨੇਮ) ਨਹੀਂ ਹੈ ਸਗੋਂ ਗੁਰੂ ਦੁਆਰਾ ਬਖਸ਼ਿਸ਼ ਇਕ ਪਦਵੀ/ਰੁਤਬਾ ਹੈ!

ਇਸ ਨੂੰ ਖੋਰਾ ਲਗਾਉਣਾ ਸਿੱਖੀ ਨੂੰ ਲਿੱਸਾ ਕਰਨ ਤੁਲ ਹੈ। ਵੈਸੇ ਤਾਂ ਮਰਜ਼ੀ ਮੁਤਾਬਕ ਵੀ ਸਿੱਖ ਨਾਮ ਪੂਰਾ ਹੀ ਹੋਣਾ ਚਾਹੀਦੈ ਪਰ ਅਦਾਲਤ ਦੇ ਫੈਸਲੇ ਬੜੇ ਦੂਰਗਾਮੀ ਸਿਟਿਆਂ ਵਾਲੇ ਹੁੰਦੇ ਹਨ, ਇਨ੍ਹਾਂ ਟਿੱਪਣੀਆਂ ਨਾਲ ਪੈਦਾ ਹੋਣ ਵਾਲੇ ਬੇਲੋੜੇ ਵਿਵਾਦ ਤੋਂ ਤਾਂ ਬਚਣਾ ਹੀ ਚਾਹੀਦੈ ਪਰ ਇਸ ਦੀ ਨਵਿਰਤੀ ਲਈ ਕਾਨੂੰਨੀ ਚਾਰਾਜੋਈ ਤਾਂ ਹਰ ਹਾਲਤ ਵਿਚ ਕਰਨੀ ਚਾਹੀਦੀ ਹੈ।

# ਸਟ੍ਰੈੱਸ (ਤਣਾਅ) ਘਟਾਓ-ਜ਼ਿੰਦਗੀ ਬਚਾਓ

***"ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈੱਸ ਦੇ ਸਕਦੀ ਹੈ। ਸਟ੍ਰੈੱਸ ਜਾਂ ਤਣਾਅ ਵਧ ਜਾਣ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲਤ ਲੱਗਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾ ਰਹੇ ਹਨ। ਜਿਸ ਨਾਲ ਸਟ੍ਰੈੱਸ ਦੀ ਹਾਲਤ ਵਿਚ ਹਰ ਜਾਨਵਰ ਦਾ ਵਿਵਹਾਰ ਵੀ ਬਦਲ ਜਾਂਦਾ ਹੈ"- ਅਨਿਲ ਧੀਰ।***

ਹੈਲਥ ਮੀਡੀਆ ਕੈਨੇਡਾ : ਅੱਜ ਵਿਸ਼ਵ ਭਰ ਵਿਚ ਲੋਕਾਂ ਦੀ ਮਾਨਸਿਕ ਸਮੱਸਿਆਵਾਂ ਪ੍ਰਤੀ ਜਾਗਰੂਕਤਾ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਅੱਜ ਹਰ ਤੀਸਰਾ ਵਿਅਕਤੀ ਮਾਨਸਿਕ ਸਮੱਸਿਆ ਤਣਾਅ ਭਾਵ ਸਟ੍ਰੈੱਸ ਦਾ ਸ਼ਿਕਾਰ ਹੋ ਚੁੱਕਾ ਹੈ। ਵਰਕ-ਪਲੇਸ ਸਟ੍ਰੈੱਸ 77%, ਆਰਥਿਕ ਤੰਗੀ 81%, ਸਿਹਤ-ਸੰਬੰਧੀ 75%, ਵਾਤਾਵਰਣ ਤਬਦੀਲੀ 58% ਦਾ ਆਂਕੜਾ ਦੇਖਣ ਨੂੰ ਮਿਲ ਰਿਹਾ ਹੈ। ਸਟ੍ਰੈੱਸ ਕਿਸੇ ਵੀ ਤਬਦੀਲੀ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਹੈ



ਅਨਿਲ ਧੀਰ

ਜਿਸ ਲਈ ਵਿਵਸਥਾ ਦੀ ਜ਼ਰੂਰਤ ਹੁੰਦੀ ਹੈ। ਸਰੀਰ ਇਹ ਬਦਲਾਅ, 'ਤੇ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਨਾਲ ਪ੍ਰਤੀਕਿਰਿਆ ਕਰਦਾ ਹੈ। ਅੱਜ ਸਟ੍ਰੈੱਸ ਯਾਨਿ ਤਣਾਅ ਜ਼ਿੰਦਗੀ ਦਾ ਇੱਕ ਆਮ ਹਿੱਸਾ ਬਣਦਾ ਜਾ ਰਿਹਾ ਹੈ। ਕੋਈ ਵੀ ਘਟਨਾ, ਦੁਰਘਟਨਾ, ਜਾਂ ਵਿਚਾਰ, ਗੁੱਸਾ, ਘਬਰਾਹਟ ਅਤੇ ਨਿਰਾਸ਼ਾ, ਸਟ੍ਰੈੱਸ ਦੇ ਸਕਦੀ ਹੈ। ਤੁਸੀਂ ਆਪਣੇ ਮਾਹੌਲ, ਆਪਣੇ ਸਰੀਰ ਅਤੇ ਵਿਚਾਰਾਂ ਦੁਆਰਾ ਸਟ੍ਰੈੱਸ ਮਹਿਸੂਸ ਕਰਦੇ ਹੋ। ਇੱਥੋਂ ਤੱਕ ਕਿ ਸਕਾਰਾਤਮਕ ਜ਼ਿੰਦਗੀ ਵੀ ਬਦਲ ਜਾਂਦੀ ਹੈ। ਜਿਵੇਂ ਤਰੱਕੀ ਅਤੇ ਬੱਚੇ ਦਾ ਜਨਮ ਵੀ ਤਣਾਅ ਪੈਦਾ ਕਰ ਦਿੰਦਾ ਹੈ। ਲੰਬੇ ਸਮੇਂ ਤੱਕ ਰਹਿਣ ਵਾਲਾ ਸਟ੍ਰੈੱਸ ਬਿਮਾਰੀਆਂ ਵੀ ਪੈਦਾ ਕਰ ਸਕਦਾ ਹੈ। ਜੀਵ-ਵਿਗਿਆਨ ਵਿਚ ਤਣਾਅ ਸਰੀਰਕ ਜਾਂ ਮਾਨਸਿਕ ਸਿਹਤ ਲਈ ਖਤਰਿਆਂ ਦੇ ਪ੍ਰਤੀ ਸਰੀਰ ਦੀ ਪ੍ਰਤੀਕਿਰਿਆ ਹੈ। ਗੰਭੀਰ ਤਣਾਅ ਕਾਰਡੀਓ ਵੈਸਕੁਲਰ ਬਿਮਾਰੀ, ਚਿੰਤਾ ਅਤੇ ਉਦਾਸੀ ਨਾਲ ਜੁੜ ਜਾਂਦੀ ਹੈ। ਘਰੇਲੂ ਹਿੰਸਾ ਤੇ ਲੜਾਈ ਨਾਲ ਜੁੜੀਆਂ ਘਟਨਾਵਾਂ ਦਾ ਸਟ੍ਰੈੱਸ ਅਤੇ ਸਦਮੇ ਤੋਂ ਬਾਅਦ ਪੀਟੀ ਐਸਡੀ ਦਾ ਕਾਰਨ ਬਣਦੇ ਹਨ। ਵਿਸ਼ਵ ਭਰ ਵਿਚ ਕਈ ਮਿਲੀਅਨ ਲੋਕ ਇਸ ਨਾਲ ਪ੍ਰਭਾਵਿਤ ਹਨ। ਵੱਧ ਤਣਾਅ ਦੀ ਹਾਲਤ ਵਿਚ ਵਿਅਕਤੀ ਦਾ ਵਿਵਹਾਰ ਸੰਵੇਦਨਸ਼ੀਲ ਹੋ ਜਾਣ ਨਾਲ ਨਸ਼ੀਲੇ ਪਦਾਰਥਾਂ ਦੀ ਲਤ ਲੱਗਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਇਨਸਾਨ ਦੇ ਨਾਲ-ਨਾਲ ਪਾਲਤੂ ਜਾਨਵਰ ਕੁੱਤੇ-ਬਿੱਲੀਆਂ ਵਿਚ ਵੀ ਤਣਾਅ ਦੇ ਲੱਛਣ ਦੇਖੇ ਜਾਂਦੇ ਹਨ। ਸਟ੍ਰੈੱਸ ਦੀ ਹਾਲਤ ਵਿਚ ਜਾਨਵਰਾਂ ਦਾ ਵਿਵਹਾਰ ਵੀ ਬਦਲ ਜਾਂਦਾ ਹੈ।

ਸਟ੍ਰੈੱਸ ਦੇ ਆਮ ਕਾਰਨ, ਪੈਸਾ, ਕੰਮ, ਆਰਥਿਕਤਾ, ਪਰਿਵਾਰਕ ਜ਼ਿੰਮੇਵਾਰੀਆਂ, ਰਿਸ਼ਤੇ, ਨਿੱਜੀ ਸਿਹਤ ਦੇ ਮੁੱਦੇ, ਮਕਾਨ ਦੇ ਖਰਚੇ, ਜੌਬ ਦੀ ਚਿੰਤਾ, ਨਿੱਜੀ ਸੁਰੱਖਿਆ, ਪਰਿਵਾਰਕ ਸਿਹਤ ਸਮੱਸਿਆਵਾਂ, ਨੂੰ ਮੰਨਿਆ ਗਿਆ ਹੈ। ਸੋਚਣ ਦਾ ਨੇਗੇਟਿਵ ਤਰੀਕਾ ਅਤੇ ਵੱਖ ਹੁਨਰ ਚਿੰਤਾ ਵਧਾ ਰਿਹਾ ਹੈ। ਮਾਡਰਨ ਲਾਈਫ ਸਟਾਈਲ ਵਿਚ ਇਨਸਾਨ ਸਰੀਰਕ ਤਣਾਅ- ਜਿਵੇਂ ਸੱਟ, ਇਨਫੈਕਸ਼ਨ, ਸਰਜਰੀ, ਦੂਸ਼ਿਤ ਵਾਤਾਵਰਣ, ਰੇਡੀਏਸ਼ਨ, ਵਧ ਰਿਹਾ ਸ਼ੋਰ, ਵਾਇਰਲ ਇਨਫੈਕਸ਼ਨ, ਥਕਾਵਟ, ਡਾਇਬਟੀਜ਼, ਹਾਰਮੋਨਲ ਬਦਲਾਅ, ਐਲਰਜੀ, ਸੰਵੇਦਨਸ਼ੀਲਤਾ, ਅਣਚਾਹੇ ਸਿਗਰੇਟ-ਇੰਡਸਟਰੀਅਲ ਧੂੰਏਂ ਦਾ ਅਸਰ, ਸਰੀਰ ਅੰਦਰ ਖੁਰਾਕੀ ਤੱਤਾਂ ਦੀ ਕਮੀ ਕਾਰਨ ਘੇਰੇ ਵਿਚ ਆ ਰਿਹਾ ਹੈ। ਮਨੋ-ਵਿਗਿਆਨਕ ਤਣਾਅ ਨਾਰਾਜ਼ਗੀ, ਡਰ, ਨਿਰਾਸ਼ਾ, ਉਦਾਸੀ, ਗੁੱਸਾ, ਬੋਧਿਕ ਤਣਾਅ, ਸਮੇਂ ਦੀ ਤੇਜ਼ ਰਫਤਾਰ, ਚਿੰਤਾ, ਸ਼ਰਮ, ਈਰਖਾ, ਵਿਰੋਧ, ਸਵੈ-ਆਲੋਚਨਾ, ਘਬਰਾਹਟ, ਕੰਟ੍ਰੋਲ ਤੋਂ ਬਾਹਰ ਹੋਣਾ, ਧੋਖਾਧੜੀ, ਹੋ ਜਾਣ ਨਾਲ ਦੇਖਿਆ ਜਾ ਰਿਹਾ ਹੈ। ਸਟ੍ਰੈੱਸ ਸਕਾਰਾਤਮਕ ਵੀ ਹੋ ਸਕਦਾ ਹੈ, ਜਿਵੇਂ ਕਿ ਡੈੱਡਲਾਈਨ ਨੂੰ ਪੂਰਾ ਕਰਨ ਅਤੇ ਸੰਭਾਵਿਤ ਖਤਰੇ ਤੋਂ ਬਚਣ ਲਈ ਮਦਦ ਵੀ ਕਰਦਾ ਹੈ।

**ਸਟ੍ਰੈੱਸ ਘਟਾਓ ਜ਼ਿੰਦਗੀ ਬਚਾਓ:**

- ਆਮ ਤਣਾਅ ਦੀ ਹਾਲਤ ਵਿਚ ਮਨ-ਪਸੰਦ ਸੰਗੀਤ ਯਾਨਿ ਨਵੇਂ-ਪੁਰਾਣੇ ਗੀਤ, ਗ਼ਜ਼ਲਾਂ, ਕਵਾਲੀਆਂ, ਇੰਸਟਰੂਮੈਂਟਲ ਸੰਗੀਤ ਸੁਣੋ। ਸਟ੍ਰੈੱਸ ਹਾਰਮੋਨ ਕੋਰਟੀਸੋਲ ਨੂੰ ਘਟਾ ਕੇ ਬਲੱਡ-ਪ੍ਰੈੱਸ਼ਰ ਨੂੰ ਘੱਟ ਕਰ ਕੇ ਸਰੀਰ ਨੂੰ



ਰੀਲੈਕਸ ਕਰਦਾ ਹੈ। ਸਰੀਰ ਅਤੇ ਮਨ 'ਤੇ ਸਕਾਰਾਤਮਕ ਅਸਰ ਪਾਉਂਦਾ ਹੈ।

- ਸਟ੍ਰੈੱਸ ਰਹਿਣ ਦੀ ਹਾਲਤ ਵਿਚ ਆਪਣੇ ਚੰਗੇ ਦੋਸਤ-ਮਿੱਤਰਾਂ ਨਾਲ ਗੱਲਬਾਤ ਕਰੋ। ਜ਼ਿੰਦਗੀ ਵਿਚ ਚੰਗੇ ਦੋਸਤ ਬੜੇ ਮਹੱਤਵਪੂਰਨ ਹੁੰਦੇ ਹਨ ਜੋ ਸਮੱਸਿਆ ਦੂਰ ਕਰਨ ਵਿਚ ਮਦਦ ਵੀ ਕਰਦੇ ਹਨ। ਘਰ ਵਿਚ ਪਰਿਵਾਰ ਦੇ ਮੈਂਬਰਾਂ ਨਾਲ ਆਪਣੀ ਟੈਨਸ਼ਨ ਬਾਰੇ ਮਸ਼ਵਰਾ ਕਰਨ ਨਾਲ ਰੀਲੈਕਸ ਮਹਿਸੂਸ ਕਰੋ।
- ਰੂਟੀਨ ਦੀ ਟੈਨਸ਼ਨ ਵਿਚ ਆਪਣੇ-ਆਪ ਨੂੰ ਸ਼ਾਤਮਈ ਸਮਾਂ ਦੇ ਕੇ ਵਿਚਾਰ ਕਰੋ, ਕੋਈ ਵੀ ਫੇਸਲਾ ਲੈਣ ਤੋਂ ਪਹਿਲਾਂ ਪਲੱਸ-ਮਾਈਨਸ ਬਾਰੇ ਗੌਰ ਕਰੋ। ਅਧੂਰੇ ਕੰਮ ਨੂੰ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ।
- ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਪੌਸ਼ਟਿਕ ਖੁਰਾਕ ਲਵੋ। ਜੰਕ-ਫੂਡ, ਤੰਬਾਕੂ, ਸ਼ਰਾਬ ਤਣਾਅ ਵਧਾ ਸਕਦੀ ਹੈ। ਸ਼ੁਗਰ ਲੀਮਿਟ ਵਿਚ ਖਾਓ। ਤੰਦਰੁਸਤ ਦਿਮਾਗ ਲਈ ਭੋਜਨ ਵਿਚ ਓਮੇਗਾ 3-6-9 ਨੂੰ ਸ਼ਾਮਿਲ ਕਰੋ। ਵਿਟਾਮਿਨ ਸਪਲੀਮੈਂਟਸ, ਆਪਣੇ ਫੇਮਿਲੀ ਡਾਕਟਰ ਦੀ ਸਲਾਹ ਨਾਲ ਸ਼ੁਰੂ ਕਰੋ।
- ਚੰਗੇ ਕਾਮੇਡੀ ਸੀਰੀਅਲ ਵਾਚ ਕਰੋ। ਹੱਸਣ ਨਾਲ ਸਰੀਰ ਅੰਦਰ ਐਂਡਰੋਫਿਨ ਰੀਲੀਜ਼ ਹੋਣ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨ ਸਕੋਰਟੀਸੋਲ ਅਤੇ ਐਡਰਨਾਲੀਨ ਦੇ ਪੱਧਰ ਨੂੰ ਘੱਟ ਹੋ ਜਾਣ ਨਾਲ ਤੁਹਾਡਾ ਮਨ ਆਰਾਮ ਮਹਿਸੂਸ ਕਰਦਾ ਹੈ।
- ਐਨਰਜੀ ਡ੍ਰਿੰਕਸ, ਕਾਫੀ, ਬਲੈਕ ਚਾਹ ਦੀ ਥਾਂ ਗ੍ਰੀਨ-ਟੀ ਪੀਣ ਦੀ ਆਦਤ ਪਾ ਲਵੋ। ਕਿਉਂਕਿ ਜ਼ਿਆਦਾ ਕੈਫੀਨ ਕੁੱਝ ਸਮੇਂ ਲਈ ਸਪਾਈ ਪੈਦਾ ਕਰਦੀ ਹੈ ਜੋ ਹਾਈ ਪੋਥਲਮਿਕ-ਪੀਟੂਟਰੀ- ਐਡਰੀਨਲ ਧੁਰੇ ਨੂੰ ਓਵਰਡ੍ਰਾਈਵ ਵਿਚ ਜਾਣ ਦਾ ਕਾਰਨ ਵੀ ਬਣ ਸਕਦਾ ਹੈ। ਜਦਕਿ ਗ੍ਰੀਨ-ਟੀ ਅੰਦਰ ਮੌਜੂਦ ਐਂਟੀ ਆਕਸੀਡੈਂਟਸ ਤੇ ਅਮੀਨੋ ਐਸਿਡ ਤੰਤੂ ਪ੍ਰਣਾਲੀ ਨੂੰ ਰੀਲੈਕਸ ਕਰਦਾ ਹੈ।
- ਗਰਮ ਦੁੱਧ, ਤਾਜ਼ੇ ਫਲਾਂ ਦਾ ਰਸ, ਨਮਕੀਨ ਲੱਸੀ ਤੇ ਸ਼ਿਕੰਜੀ, ਮਿਕਸ ਵੈਜੀਟੇਬਲ, ਚਿਕਨ ਸੂਪ ਸਾਦਾ ਪਾਣੀ ਜ਼ਿਆਦਾ ਪੀ ਕੇ ਟੈਨਸ਼ਨ ਘਟਾਓ।
- ਡੇਲੀ ਰੂਟੀਨ ਵਿਚ ਵਰਕ-ਆਊਟ, ਯੋਗਾ, ਸੈਰ, ਦਿਮਾਗੀ ਕਸਰਤ, ਅਤੇ ਬਿਮਾਰੀ ਦੀ ਹਾਲਤ ਵਿਚ ਫਿਜ਼ੀਓ ਥੇਰਾਪਿਸਟ ਦੀ ਸਲਾਹ ਨਾਲ ਸ਼ੁਰੂ ਕਰੋ।
- ਕਾਂਟੀਨੇਂਟਲ ਸ਼ਿਫਟਾਂ ਨੇ ਵਰਕਰਾਂ ਦੀ ਨੀਂਦ ਖਰਾਬ ਕਰ ਦਿੱਤੀ ਹੈ। ਸਰੀਰ ਨੂੰ ਪੂਰੀ ਨੀਂਦ ਨਾ ਮਿਲਣ ਦੀ ਹਾਲਤ ਵਿਚ ਵਿਅਕਤੀ ਤਣਾਅ ਦੇ ਘੇਰੇ ਵਿਚ ਰਹਿੰਦਾ ਹੈ। ਦਿਮਾਗ ਨੂੰ ਪੂਰਾ ਆਰਾਮ ਨਹੀਂ ਮਿਲਦਾ। ਤੰਦਰੁਸਤ ਮਨ ਅਤੇ ਸਰੀਰ ਲਈ ਡੇਲੀ 8-10 ਘੰਟੇ ਦੀ ਨੀਂਦ ਲੈਣੀ ਜ਼ਰੂਰੀ ਹੈ।
- ਜੇ ਪਾਲਤੂ ਕੁੱਤੇ-ਬਿੱਲੀਆਂ ਦਾ ਵਿਵਹਾਰ ਬਦਲ ਜਾਵੇ ਤਾਂ ਉਨ੍ਹਾਂ ਦੀ ਖੁਰਾਕ ਦੇ ਨਾਲ-ਨਾਲ ਡੇਲੀ ਉਨ੍ਹਾਂ ਨਾਲ ਖੇਡੋ, ਪਿਆਰ ਕਰੋ ਅਤੇ ਸੈਰ ਕਰਾਓ। ਲੰਮੇ ਸਮੇਂ ਤੱਕ ਪਾਲਤੂ ਜਾਨਵਰਾਂ ਦੇ ਖਰਾਬ ਵਿਵਹਾਰ ਲਈ ਵੇਟਨਰੀ ਸਲਾਹ ਲਵੋ।

ਨੋਟ: ਟੈਨਸ਼ਨ ਦੇ ਸ਼ਿਕਾਰ ਬੱਚੇ, ਸੀਨੀਅਰਸ ਅਤੇ ਗਰਭਵਤੀ ਔਰਤਾਂ ਦਾ ਖਾਸ ਧਿਆਨ ਰੱਖੋ। ਨ ਅਤੇ ਸਰੀਰ ਦੀ ਬਿਮਾਰੀ ਦੀ ਹਾਲਤ ਵਿਚ ਡਾਕਟਰੀ ਇਲਾਜ ਨਾਲ ਸਟ੍ਰੈੱਸ ਕੰਟਰੋਲ ਕਰਨਾ ਚਾਹੀਦਾ ਹੈ। ਦਿਲ ਦੀ ਆਮ ਸਮੱਸਿਆ ਦੇ ਲੱਛਣ ਸਾਹ ਚੜ੍ਹਨਾ, ਛਾਤੀ ਵਿਚ ਦਰਦ, ਅਨਿਯਮਿਤ ਧੜਕਨ ਅਤੇ ਚੱਕਰ ਆਉਣ ਦੀ ਸ਼ਿਕਾਇਤ ਵਿਚ ਤੁਹਾਡਾ ਫੇਮਿਲੀ ਡਾਕਟਰ ਸਟ੍ਰੈੱਸ ਟੈਸਟ ਦੇ ਨਾਲ ਕਈ ਹੋਰ ਜਾਂਚ ਲਈ ਵੀ ਕਹਿ ਸਕਦੇ ਹਨ।

# ਸੰਸਕਾਰਾਂ ਦੀ ਜਕੜ ਵਿਚ ਫਸੀ ਔਰਤ ਦੀ ਵੇਦਨਾ ਦਾ ਬਿਰਤਾਂਤ ਸਿਰਜਦੀਆਂ ਕਹਾਣੀਆਂ

## ਮਰਿਆ ਨਹੀਂ ਜਿਊਂਦਾ ਹਾਂ (ਕਹਾਣੀ ਸੰਗ੍ਰਹਿ)

ਲੇਖਕ: ਦਵਿੰਦਰ ਕੌਰ ਗੁਰਾਇਆ
ਪੰਨੇ-80 ਮੁੱਲ- 250 ਰੁਪਏ
ਯੂਨੀਸਟਾਰ ਬੁਕਸ, ਚੰਡੀਗੜ੍ਹ

'ਮਰਿਆ ਨਹੀਂ ਜਿਊਂਦਾ ਹਾਂ' ਪੰਜਾਬੀ ਕਵਿਤਾ ਦੇ ਖੇਤਰ ਵਿਚ ਚੰਗਾ ਨਾਂ-ਥਾਂ ਰੱਖਣ ਵਾਲੀ ਪਰਵਾਸੀ ਲੇਖਿਕਾ ਦਵਿੰਦਰ ਕੌਰ ਗੁਰਾਇਆ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ। ਉਸ ਦੀਆਂ ਕਹਾਣੀਆਂ ਅਨੇਕਾਂ ਤਰ੍ਹਾਂ ਦੀਆਂ ਮਨੋ-ਸਮਾਜਿਕ ਸਮੱਸਿਆਵਾਂ ਨਾਲ ਜੂਝ ਰਹੇ ਅਜੋਕੇ ਮਨੁੱਖ ਅੰਦਰਲੀਆਂ ਮਨੋ-ਸੰਵੇਦਨਾਵਾਂ, ਦੁਵਿਧਾਵਾਂ, ਤਣਾਵਾਂ, ਚਿੰਤਾਵਾਂ ਤੇ ਸ਼ੰਕਾਵਾਂ ਨੂੰ ਉਨ੍ਹਾਂ ਦੀ ਤੀਬਰਤਾ ਤੇ ਤੀਖਣਤਾ ਸਮੇਤ ਰੂਪਮਾਨ ਕਰਦੀਆਂ ਹਨ ਤਾਂ ਸਮਕਾਲੀਨ ਸਮਾਜਿਕ, ਆਰਥਿਕ ਤੇ ਰਾਜਨੀਤਕ ਵਿਵਸਥਾ ਦਾ ਮਨੁੱਖਤਾ ਵਿਰੋਧੀ ਖਾਸਾ ਆਪ ਮੁਹਾਰੇ ਉੱਘੜਣ ਲੱਗ ਪੈਂਦਾ ਹੈ। ਇਹ ਕਹਾਣੀਆਂ ਮਨੁੱਖੀ ਆਜ਼ਾਦੀ ਵਿਚ ਬਾਧਕ ਬਣੇ ਸਮਕਾਲ ਨੂੰ ਗੰਭੀਰ ਸੁਆਲਾਂ ਦੇ ਘੇਰੇ ਵਿਚ ਲਿਆ ਕੇ

ਨਿਰੰਜਣ ਬੋਹਾ
ਫੋਨ: 89682-82700

ਅਜਿਹੀਆਂ ਭਵਿੱਖਮੁਖੀ ਤਬਦੀਲੀਆਂ ਚਾਹੁੰਦੀਆਂ ਹਨ, ਜਿਹੜੀਆਂ ਮਨੁੱਖ ਨੂੰ ਆਪਣੀ ਹੋਣੀ ਆਪ ਘੜਣ ਦੀ ਪ੍ਰੇਰਣਾ ਦੇਣ ਵਾਲੀਆਂ ਹੋਣ। ਜਿੱਥੇ ਉਸ ਦੀਆਂ ਕਹਾਣੀਆਂ ਪਰਿਵਾਰਕ ਤੇ ਸਮਾਜਿਕ ਸੰਸਕਾਰਾਂ ਦੇ ਨਾਂ 'ਤੇ ਔਰਤ ਵਰਗ ਨਾਲ ਹੋ ਰਹੀਆਂ ਅਮਾਨਵੀ ਜ਼ਿਆਦਤੀਆਂ ਦਾ ਮੁੱਦਾ ਉਚੇਚੇ ਤੌਰ 'ਤੇ ਉਭਾਰਦੀਆਂ ਹਨ, ਉੱਥੇ ਇਹ ਉਨ੍ਹਾਂ ਦੇ ਹਿੱਸੇ ਦੇ ਮਨੁੱਖੀ ਅਧਿਕਾਰਾਂ ਦੀ ਪੁਰਜ਼ੋਰ ਵਕਾਲਤ ਵੀ ਕਰਦੀਆਂ ਹਨ।

ਸੰਗ੍ਰਹਿ ਦੀ ਕਹਾਣੀ 'ਬੇਰੀ' ਉਨ੍ਹਾਂ ਸਮਾਜਿਕ ਦਬਾਵਾਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਔਰਤ ਵਰਗ ਨੂੰ ਉਸਦੇ ਹਿੱਸੇ ਦੀ ਆਜ਼ਾਦੀ ਤੋਂ ਦੂਰ ਰੱਖਦੇ ਹਨ। ਕਹਾਣੀ ਦੀ ਪਾਤਰ ਮਿੰਦੋ ਕਿਸੇ ਸਰੀਰਕ ਨੁਕਸ ਕਾਰਨ 'ਮਾਂ' ਨਹੀਂ ਬਣ ਸਕਦੀ ਤਾਂ ਉਹ ਆਪਣੇ ਸਹੁਰੇ ਪਰਿਵਾਰ ਦੇ ਨਾਲ ਨਾਲ ਪੇਕੇ ਪਰਿਵਾਰ ਲਈ ਵੀ ਬੇ-ਲੋੜੀ ਵਸਤ ਬਣ ਕੇ ਰਹਿ ਜਾਂਦੀ ਹੈ। ਜਦੋਂ ਉਸਦਾ ਭਰਾ ਉਸਦੇ ਪਿਤਾ ਦੇ ਵਿਰੋਧ ਦੇ ਬਾਵਜੂਦ ਘਰ ਵਿਚ ਲੱਗੀ ਬੇਰੀ ਨੂੰ ਵੱਢ ਦਿੰਦਾ ਹੈ ਤਾਂ ਉਹ ਆਪਣੀ ਸਮਾਜਿਕ ਹੋਂਦ ਨੂੰ ਫਲ ਰਹਿਤ ਕੰਡਿਆਲੀ ਬੇਰੀ ਨਾਲ ਤੁਲਣਾਉਂਦਿਆਂ ਬੇਹੱਦ ਨਿਰਾਸ਼ ਹੋ ਜਾਂਦੀ ਹੈ। ਕਹਾਣੀਕਾਰਾ ਉਸਨੂੰ ਉਸਦੇ ਹਾਲ 'ਤੇ ਹੀ ਨਹੀਂ ਛੱਡਣਾ ਚਾਹੁੰਦੀ, ਇਸ ਲਈ ਉਹ ਦੂਰੋਂ ਸੁਣਾਈ ਦਿੰਦੀ ਕਿਸੇ ਹੋਰ ਔਰਤ ਦੀ ਆਵਾਜ਼ "ਜੇ ਮੈਂ ਤੇਰਾ ਟੱਬਰ ਸੰਭਾਲ ਸਕਦੀ ਤਾਂ ਆਪਣੇ ਆਪ ਨੂੰ ਵੀ ਸੰਭਾਲ ਸਕਦੀ ਹਾਂ" ਨੂੰ ਪ੍ਰੇਰਕ ਸ਼ਕਤੀ ਵਜੋਂ ਗ੍ਰਹਿਣ ਕਰ ਕੇ ਆਪਣੀ ਰਹਿੰਦੀ ਜ਼ਿੰਦਗੀ ਬਿਨਾਂ ਕਿਸੇ ਸਹਾਰੇ ਤੋਂ ਆਪਣੇ ਦਮ 'ਤੇ ਜਿਉਣ ਦਾ ਦ੍ਰਿੜ ਸੰਕਲਪੀ ਫੈਸਲਾ ਲੈਣ ਵਿਚ ਸਫ਼ਲ ਹੋ ਜਾਂਦੀ ਹੈ।

ਕਹਾਣੀ 'ਕੁਝ ਆਪਣੇ ਪਲ' ਦੀ ਬਿਰਤਾਂਤਕਾਰ ਪਾਤਰ ਆਪਣੇ ਅਤੀਤ ਤੋਂ ਵਰਤਮਾਨ ਤੱਕ ਦਾ ਸਫ਼ਰ ਕਰਦਿਆਂ ਮਹਿਸੂਸ ਕਰਦੀ ਹੈ ਕਿ ਉਸਦੇ ਜੀਵਨ ਵਿਚੋਂ ਸਕੂਨ ਦੇ ਆਪਣੇ ਪਲ ਗੁਆਚ ਗਏ ਹਨ ਤੇ ਘਰ ਵਿਚ ਰਹਿੰਦਿਆਂ ਵੀ ਉਸਦੀ ਹਾਲਤ ਬੇ-ਘਰਿਆਂ ਵਰਗੀ ਹੈ। ਕਹਾਣੀ 'ਹੱਥ ਦੀ ਛੋਹ' ਔਰਤ ਦੀ ਸਮਾਜਿਕ ਹੋਂਦ ਨਾਲ ਜੁੜੇ ਇਕ ਹੋਰ ਮਨੋ-ਸਮਾਜਿਕ




ਮਸਲੇ ਨੂੰ ਉਭਾਰਦੀ ਹੈ। ਇਸ ਕਹਾਣੀ ਮੁਤਾਬਕ ਧੀ ਨੂੰ ਜਨਮ ਲੈਣ ਸਮੇਂ ਹੀ ਦਿੱਤੀ ਸੰਸਕਾਰਾਂ ਦੀ ਗੁੜ੍ਹਤੀ ਕਈ ਵਾਰ ਸਾਰੀ ਉਮਰ ਲਈ ਹੀ ਉਸਦੀ ਜ਼ੁਬਾਨ ਠਾਕ ਦਿੰਦੀ ਹੈ। ਆਪਣੇ ਅੰਤਿਮ ਸਾਹ ਗਿਣ ਰਹੀ ਕਹਾਣੀ ਦੀ ਇਹ ਪਾਤਰ ਜਦੋਂ ਆਪਣੇ ਅਤੀਤ ਦੇ ਮੁਹੱਬਤੀ ਪਲਾਂ ਨੂੰ ਯਾਦ ਕਰਦੀ ਹੈ ਤਾਂ ਉਸਨੂੰ ਬਹੁਤ ਅਫਸੋਸ ਹੁੰਦਾ ਹੈ ਕਿ ਸੰਸਕਾਰਾਂ ਦੀ ਜਕੜ ਕਾਰਨ ਉਹ ਆਪਣੀਆਂ ਮੁਹੱਬਤੀ ਭਾਵਨਾਵਾਂ ਦਾ ਸਮੇਂ ਸਿਰ ਇਜ਼ਹਾਰ ਨਹੀਂ ਕਰ ਸਕੀ।

ਕਹਾਣੀ 'ਰੀਝਾਂ ਦਾ ਮੁੱਲ' ਦੀ ਪਾਤਰ ਮਿੰਦੀ ਨੂੰ ਆਪਣੀ ਭੈਣ ਬਿੰਦਰ ਦੀਆਂ ਬੇ-ਲਗਾਮ ਰੀਝਾਂ ਦਾ ਮੁੱਲ ਆਪਣੇ ਨਾਲ ਹੋਏ ਸਮੂਹਿਕ ਬਲਾਤਕਾਰ ਤੋਂ ਬਾਅਦ ਆਪਣੀ ਜਾਨ ਦੇ ਕੇ ਚੁਕਾਉਣਾ ਪੈਂਦਾ ਹੈ ਤਾਂ ਉਸਦੀ ਭੈਣ ਰਾਣੋ ਨੂੰ ਵੀ ਪਰਿਵਾਰ ਦੀਆਂ ਵਧੀਆਂ ਇੱਛਾਵਾਂ ਕਾਰਨ ਅਜਿਹੀ ਹੀ ਹੋਣੀ ਵਿਚੋਂ ਲੰਘਣਾ ਪੈਂਦਾ ਹੈ। ਮਿੰਦੀ ਦੀ ਮੌਤ ਤੋਂ ਬਾਅਦ ਉਸਦੇ ਮਾਪਿਆਂ ਵੱਲੋਂ ਮੋਟੀ ਕਮਾਈ ਦੇ ਲਾਲਚ ਵਿਚ ਉਸਦੀ ਭੈਣ ਰਾਣੋਂ ਨੂੰ ਉਸਦੀ ਭੂਆ ਦੇ ਜੁਆਈ ਨਾਲ ਭੇਜਣ ਦੀ ਗੱਲ ਸੁਭਾਵਿਕਤਾ ਦੇ ਦਾਇਰੇ ਵਿਚ ਨਹੀਂ ਆਉਂਦੀ। ਮਾਪੇ ਕਿੰਨੇ ਵੀ ਲਾਲਚੀ ਹੋਣ ਆਪਣੀ ਧੀ ਨੂੰ ਉਸ ਵਿਅਕਤੀ ਨਾਲ ਨਹੀਂ ਭੇਜ ਸਕਦੇ ਜੋ ਉਨ੍ਹਾਂ ਦੀ ਵੱਡੀ ਧੀ ਦੇ ਕਤਲ ਦਾ ਵੀ ਜ਼ਿੰਮੇਵਾਰ ਰਿਹਾ ਹੋਵੇ।

ਸੰਗ੍ਰਹਿ ਦੀ ਕਹਾਣੀ 'ਚਾਚੀ ਵੀਰੋ' ਦਾ ਪਾਠ ਕਰਦਿਆਂ ਮੈਨੂੰ ਬਲਦੇਵ ਸਿੰਘ ਸੜਕਨਾਮਾ ਦੀ ਕਹਾਣੀ 'ਤੇ ਅਧਾਰਿਤ ਅਨੇਕਾਂ ਸਟੇਜਾਂ 'ਤੇ ਖੇਡਿਆ ਨਾਟਕ 'ਮਿੱਟੀ ਰੁਦਨ ਕਰੇ' ਦੀ ਪਾਤਰ ਜੱਸੀ ਦਾ ਰੁਦਨ ਸੁਣਾਈ ਦੇ ਰਿਹਾ ਹੈ। ਇਸ ਕਹਾਣੀ ਦੀ ਪਾਤਰ ਵੀਰੋਂ ਵੀ ਜੱਸੀ ਵਾਂਗ ਹੀ ਆਪਣੀ ਜ਼ਿੰਦਗੀ ਨੂੰ ਨਰਕ ਬਣਾਉਣ ਵਾਲੇ ਨਸ਼ੇੜੀ ਪਤੀ ਨਾਲ ਦੁਬਾਰਾ ਮੇਲ ਹੋਣ ਦਾ ਸਦਮਾ ਬਰਦਾਸ਼ਤ ਕਰਨ ਦੀ ਸਥਿਤੀ ਵਿਚ ਨਹੀਂ ਹੈ। ਦਵਿੰਦਰ ਗੁਰਾਇਆ ਦੀ ਇਹ ਕਹਾਣੀ ਸਾਰੇ ਸਮਾਜ ਨੂੰ ਇਸ ਗੰਭੀਰ ਸੁਆਲ ਦੇ ਰੂ-ਬਰੂ ਕਰਦੀ ਹੈ ਕਿ ਵੀਰੋ ਤੇ ਜੱਸੀ ਵਰਗੀਆਂ ਮਜ਼ਲੂਮ ਔਰਤਾਂ ਕਦੋਂ ਤੱਕ ਪਰਿਵਾਰਕ ਸੰਸਕਾਰਾਂ ਦੀ ਚੱਕੀ ਵਿਚ ਪਿਸਦਿਆਂ ਦਿਲ ਕੰਬਾਊ ਰੁਦਨ ਕਰਦੀਆਂ ਰਹਿਣਗੀਆਂ।

ਕਹਾਣੀ 'ਤੂੰ ਇਸ ਨੂੰ ਵੰਡ ਆਖਦੀ ਏ' ਦਾ ਸਿਰਲੇਖ ਹੀ ਆਪਣੇ ਆਪ ਵਿਚ ਉਸ ਤਲਖ ਸੁਆਲ ਵਰਗਾ ਹੈ ਜੋ ਦੇਸ਼ ਦੇ ਹਾਕਮਾਂ ਤੋਂ ਜੁਆਬ ਚਾਹੁੰਦਾ ਹੈ ਕਿ ਸੰਨ ਸੰਤਾਲੀ ਵਿਚ ਲੱਖਾਂ ਮਨੁੱਖੀ ਜਾਨਾਂ ਗੁਆ ਕੇ ਮਿਲੀ ਆਜ਼ਾਦੀ ਦੇ ਮਾਨਵੀ ਅਰਥ ਕੀ ਹਨ? ਕਹਾਣੀ ਅਨੁਸਾਰ ਧਰਮ 'ਤੇ ਆਧਾਰਿਤ ਸੰਤਾਲੀ ਦੀ ਵੰਡ ਦੌਰਾਨ ਵਾਪਰੇ ਅਧਰਮੀ ਵਰਤਾਰਿਆਂ ਨੇ ਜਿੱਥੇ ਮੱਖੋ ਤੇ ਉਸਦੀ ਭਰਜਾਈ ਜੈਨਾਫ਼ਰ ਨੂੰ ਜਿਉਂਦੇ ਜੀਅ ਹੀ ਕਈ ਕਈ ਵਾਰ ਮਾਰਿਆ, ਉੱਥੇ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ 'ਤੇ ਵੀ ਆਪਣੇ ਧਾਰਮਿਕ ਠੱਪੇ ਲਾਉਣ ਦੀ ਕੋਸ਼ਿਸ਼ ਕੀਤੀ। ਧਰਮ ਦੀ ਇਸ ਹਿੰਸਕ ਜ਼ਿਆਦਤੀ ਦੇ ਸਤਾਏ ਜੈਨਾਫਰ ਦੇ ਪਤੀ ਬਸੀਰੇ ਦਾ ਇਹ ਵਿਰਲਾਪ, "ਮਾਰ ਦਿਓ ਮੈਨੂੰ, ਮੈ ਮੌਤ ਤੋਂ ਨਹੀਂ ਡਰਦਾ, ਮੈਂ ਤਾਂ ਬਸ ਧਰਮ ਤੇ ਮਜ਼੍ਹਬ ਤੋਂ ਡਰਦਾ ਹਾਂ" ਪਾਠਕਾਂ ਦੇ ਕੰਨਾਂ ਵਿਚ ਗੂੰਜਦਾ ਹੈ ਤਾਂ ਧਰਮ ਦੇ ਕਥਿਤ ਠੇਕੇਦਾਰ ਸਹਿਜ ਸੁਭਾਅ ਹੀ ਉਨ੍ਹਾਂ ਦੀ ਨਫਰਤ ਦੇ ਪਾਤਰ ਬਣ ਜਾਂਦੇ ਹਨ।

ਇਸ ਤਰ੍ਹਾਂ ਸੰਗ੍ਰਹਿ ਦੀਆਂ ਛੇ ਕਹਾਣੀਆਂ ਦੇ ਕੇਂਦਰ ਵਿਚ ਉਹ ਔਰਤ ਹੈ ਜੋ ਸਮਾਜਿਕ ਬਣਤਰ ਦੀਆਂ ਮਰਦ ਪ੍ਰਧਾਨ ਕੀਮਤਾਂ ਕਾਰਨ ਵੱਡੀਆਂ ਦੁਖਾਂਤਕ ਸਥਿਤੀਆਂ ਵਿਚੋਂ ਲੰਘ ਰਹੀ ਹੈ। ਸੰਗ੍ਰਹਿ ਦੀ ਟਾਈਟਲ ਕਹਾਣੀ 'ਮਰਿਆਂ ਨਹੀਂ ਜਿਉਂਦਾ ਹਾਂ' ਮੌਜੂਦਾ ਪੂੰਜੀ ਪ੍ਰਸਤ ਸਮਾਜ ਵਿਚ ਪੁਰਸ਼ ਵਰਗ ਨਾਲ ਹੋਣ ਵਾਲੇ ਅਨਿਆਂ ਨੂੰ ਵੀ ਆਪਣੇ ਫੋਕਸ ਵਿਚ ਰੱਖਦੀ ਹੈ। ਇਹ ਕਹਾਣੀ ਸਮਾਜ ਲਈ ਕੁਝ ਕਰਨ ਦੀ ਤੀਬਰ ਇੱਛਾ ਰੱਖਣ ਵਾਲੇ ਉਸ ਬਹੁ-ਪ੍ਰਤਿਭਾਵਾਨ ਪ੍ਰੋਫੈਸਰ ਦੀ ਮਾਨਸਿਕ ਕੁੰਠਾ ਤੱਕ ਪਹੁੰਚਦੀ ਹੈ ਜੋ ਆਪਣੇ ਘਰ ਪਰਿਵਾਰਕ ਮੈਂਬਰਾਂ ਦੀ ਨਜ਼ਰ ਵਿਚ ਬਾਕੀ ਸਮਾਜ ਤੋਂ ਪਛੜਿਆ ਤੇ ਨਖਿੱਧ ਜੀਵ ਬਣਿਆ ਹੋਇਆ ਹੈ। ਘਰ ਤੋਂ ਬਾਹਰ ਉਸਦਾ ਪੂਰਾ ਮਾਣ-ਸਨਮਾਨ ਹੈ ਪਰ ਆਪਣੇ ਪੇਕਿਆਂ ਦੀ ਅਮੀਰੀ 'ਤੇ ਮਾਣ ਵਾਲੀ ਉਸਦੀ ਪਤਨੀ ਉਸਨੂੰ ਵਾਰ-ਵਾਰ ਅਹਿਸਾਸ ਕਰਾਉਂਦੀ ਹੈ ਕਿ ਉਹ ਆਪਣੇ ਪਰਿਵਾਰਕ ਫਰਜ਼ਾਂ ਦੀ ਪੂਰਤੀ ਕਰਨ ਦੇ ਯੋਗ ਨਹੀਂ ਹੈ। ਉਸਨੂੰ ਪ੍ਰਤਿਭਾਵਾਨ ਮਨੁੱਖ ਵਜੋਂ ਪਛਾਣਦੀ ਕਹਾਣੀ ਦੀ ਬਿਰਤਾਂਤਕਾਰ ਪਾਤਰ ਦੇ ਬੋਲ ਘੜੀ ਦੋ ਘੜੀ ਲਈ ਉਸਨੂੰ ਮਾਨਸਿਕ ਰਾਹਤ ਜ਼ਰੂਰ ਦਿੰਦੇ ਨੇ ਪਰ ਘਰ ਵਿਚ ਹੋ ਰਹੇ ਨਿਰਾਦਰ ਕਾਰਨ ਪੈਦਾ ਹੋਈ ਮਾਨਸਿਕ ਕੁੰਠਾਂ ਅੰਤ ਉਸਨੂੰ ਮੌਤ ਦੇ ਮੂੰਹ ਵਿਚ ਲੈ ਜਾਂਦੀ ਹੈ। ਕਹਾਣੀ ਦੀ ਖ਼ੂਬਸੂਰਤੀ ਇਸ ਤੱਥ ਵਿਚ ਹੈ ਕਿ ਉਹ ਸਰੀਰਕ ਤੌਰ 'ਤੇ ਮਰ ਕੇ ਵੀ ਸਮਾਜ ਨੂੰ ਆਪਣੀ ਵਿਚਾਰਧਾਰਕ ਮੌਜੂਦਗੀ ਦਾ ਅਹਿਸਾਸ ਕਰਾਉਂਦਾ ਰਹਿੰਦਾ ਹੈ।

ਕਹਾਣੀਕਾਰ ਨੇ ਔਰਤ ਦੇ ਅੰਤਰ ਮਨ ਦੀ ਵੇਦਨਾ ਤੇ ਸੰਵੇਦਨਾ ਦੀ ਜਿਹੜੀ ਸ਼ਿੱਦਤ ਬਿਆਨੀ ਕੀਤੀ ਹੈ ਉਹ ਇਸ ਪੁਸਤਕ ਦਾ ਵਿਸ਼ੇਸ਼ ਹਾਸਲ ਹੈ। ਭਾਵੇਂ ਕਹਾਣੀ 'ਰੀਝਾਂ ਦਾ ਮੁੱਲ' ਤੇ 'ਚਾਚੀ ਵੀਰੋ' ਦੀਆ ਸੰਗਠਨਾਤਕ ਜੁਗਤਾਂ ਵਿਚ ਮੌਕਾ ਮੇਲ ਦੀ ਜੁਗਤ ਵੀ ਵਰਤੀ ਗਈ ਹੈ ਪਰ ਇਨ੍ਹਾਂ ਵਿਚਲਾ ਕਹਾਣੀ ਰਸ ਕਹਾਣੀਆਂ ਦੀ ਪੜ੍ਹਨ ਯੋਗਤਾ ਨੂੰ ਬਣਾਈ ਰੱਖਦਾ ਹੈ। ਉਹ ਵਾਸ ਤੇ ਪਰਵਾਸ ਦੋਵਾਂ ਤਰ੍ਹਾਂ ਦੇ ਵਸੇਬਿਆਂ ਬਾਰੇ ਭਰੋਸੇਯੋਗ ਅਨੁਭਵ ਰੱਖਣ ਵਾਲੀ ਕਹਾਣੀਕਾਰਾ ਹੈ ਪਰ ਇਸ ਸੰਗ੍ਰਹਿ ਵਿਚ ਉਸ ਆਪਣੇ ਅਵਚੇਤਨ ਵਿਚ ਪਏ ਵਾਸ ਦੀ ਕਹਾਣੀ ਹੀ ਛੋਹੀ ਹੈ। ਉਮੀਦ ਹੈ ਉਸਦੇ ਅਗਲੇ ਕਹਾਣੀ ਸੰਗ੍ਰਹਿ ਵਿਚ ਪਰਵਾਸੀ ਜੀਵਨ ਦੇ ਮਨੋ-ਸਮਾਜਿਕ ਮਸਲਿਆਂ ਬਾਰੇ ਉਸਦੇ ਨਵੇਂ ਨਰੋਏ ਅਨੁਭਵ ਵੀ ਆਪਣੀ ਅਭਿਵਿਅਕਤੀ ਕਰਨ ਦਾ ਮੌਕਾ ਜ਼ਰੂਰ ਹਾਸਲ ਕਰਨਗੇ।

ਉਸ ਦੀਆਂ ਕਹਾਣੀਆਂ ਵਿਚਲਾ ਕਥਾ ਰਸ ਪਾਠਕ ਦਾ ਧਿਆਨ ਕਹਾਣੀ ਤੋਂ ਬਾਹਰ ਨਹੀਂ ਜਾਣ ਦੇਂਦਾ। ਕੁਲ ਮਿਲਾ ਕੇ ਉਸ ਦੀਆਂ ਕਹਾਣੀਆਂ ਵੱਲੋਂ ਸਿਰਜਿਆ ਗਿਆ ਪ੍ਰਵਚਨ ਮਾਨਵੀ ਰਿਸ਼ਤਿਆਂ ਨੂੰ ਨਿੱਘ ਪ੍ਰਦਾਨ ਕਰਨ ਵਾਲਾ ਸਾਬਤ ਹੁੰਦਾ ਹੈ। ਉਸਦੇ ਇਸ ਪਲੇਠੇ ਕਹਾਣੀ ਸੰਗ੍ਰਹਿ ਦਾ ਹਾਰਦਿਕ ਸਵਾਗਤ ਹੈ।

# ਭਾਰਤ ਦੇ ਲਚਕੀਲੇਪਣ ਅਤੇ ਏਕਤਾ ਦਾ ਜਸ਼ਨ: ਗਣਤੰਤਰ ਦਿਵਸ 2024

ਜਦੋਂ ਭਾਰਤ 26 ਜਨਵਰੀ, 2024 ਨੂੰ ਆਪਣਾ 75ਵਾਂ ਗਣਤੰਤਰ ਦਿਵਸ ਮਨਾਉਣ ਦੀ ਤਿਆਰੀ ਕਰ ਰਿਹਾ ਹੈ, ਦੇਸ਼ ਇਤਿਹਾਸ ਅਤੇ ਤਰੱਕੀ ਦੇ ਚੌਰਾਹੇ 'ਤੇ ਖੜ੍ਹਾ ਹੈ। ਇਹ ਦਿਨ, ਜੋ ਹਰ ਭਾਰਤੀ ਦੀ ਯਾਦ ਵਿਚ ਲਿਖਿਆ ਜਾਂਦਾ ਹੈ, 1950 ਵਿਚ ਭਾਰਤ ਦੇ ਸੰਵਿਧਾਨ ਨੂੰ ਅਪਣਾਉਣ ਦਾ ਪ੍ਰਤੀਕ ਹੈ। ਜਿਸ ਨੇ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਜਨਮ ਦੀ

ਵੀਰਪਾਲ ਕੌਰ

ਘੋਸ਼ਣਾ ਕੀਤੀ ਹੈ। ਦਾਰਜੀਲਿੰਗ ਪਰੇਡ ਅਤੇ ਦੇਸ਼ ਭਗਤੀ ਦੇ ਜੋਸ਼ ਤੋਂ ਇਲਾਵਾ ਗਣਤੰਤਰ ਦਿਵਸ ਇੱਕ ਵਿਭਿੰਨ ਅਤੇ ਗਤੀਸ਼ੀਲ ਰਾਸ਼ਟਰ ਦੀ ਯਾਤਰਾ ਨੂੰ ਦਰਸਾਉਣ ਲਈ ਇੱਕ ਸੋਲੋਮਨ ਓਕੇਸ਼ਨ ਵਜੋਂ ਕੰਮ ਕਰਦਾ ਹੈ ਜਿਸ ਨੇ ਚੁਣੌਤੀਆਂ ਨੂੰ ਪਾਰ ਕੀਤਾ ਹੈ। ਇਸ ਦਿਨ ਜਿੱਤ ਦਾ ਜਸ਼ਨ ਮਨਾਇਆ ਹੈ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਹੈ।

ਡਾ. ਬੀ. ਆਰ. ਅੰਬੇਡਕਰ ਨੇ ਗਣਤੰਤਰ ਦਿਵਸ ਨੂੰ ਸਮਾਜਿਕ ਨਿਆਂ ਅਤੇ ਸਮਾਨਤਾ ਲਈ ਭਾਰਤ ਦੇ ਸੰਘਰਸ਼ ਦੇ ਸਿੱਟੇ ਵਜੋਂ ਦੇਖਿਆ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਸੰਵਿਧਾਨ ਨੂੰ ਲਾਗੂ ਕਰਨ ਦਾ ਪ੍ਰਤੀਕ ਹੈ ਜੋ ਸਮਾਵੇਸ਼ੀ ਸ਼ਾਸਨ ਲਈ ਇਕ ਢਾਂਚਾ ਪ੍ਰਦਾਨ ਕਰਦਾ ਹੈ ਅਤੇ ਸਾਰੇ ਨਾਗਰਿਕਾਂ, ਖਾਸ ਕਰਕੇ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਪਏ ਲੋਕਾਂ ਨੂੰ ਬੁਨਿਆਦੀ ਅਧਿਕਾਰਾਂ ਦੀ ਗਰੰਟੀ ਦਿੰਦਾ ਹੈ।

ਇਸੇ ਤਰ੍ਹਾਂ ਮਹਾਤਮਾ ਗਾਂਧੀ ਨੇ ਗਣਤੰਤਰ ਦਿਵਸ ਦੀ ਕਲਪਨਾ ਭਾਰਤ ਦੀ ਆਜ਼ਾਦੀ ਦੇ ਜਸ਼ਨ ਵਜੋਂ ਕੀਤੀ ਸੀ ਜੋ ਅਹਿੰਸਾ ਅਤੇ ਫਿਰਕੂ ਸਦਭਾਵਨਾ ਨਾਲ ਦਰਸਾਇਆ ਗਿਆ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਇਹ ਦਿਨ ਸੱਚਾਈ, ਨਿਆਂ ਅਤੇ ਸਾਰਿਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੋਣਾ ਚਾਹੀਦਾ ਹੈ ਜੋ ਅਸਲ ਵਿਚ ਲੋਕਤੰਤਰੀ ਰਾਸ਼ਟਰ ਨੂੰ ਮਜ਼ਬੂਤ ਕਰਨ ਵਾਲੀਆਂ ਮੁੱਖ ਕਦਰਾਂ-ਕੀਮਤਾਂ ਨੂੰ ਮੂਰਤੀਮਾਨ ਕਰਦਾ ਹੈ।

ਗਣਤੰਤਰ ਦਿਵਸ ਸਿਰਫ ਇਕ ਰਸਮੀ ਜਸ਼ਨ ਨਹੀਂ ਹੈ ਬਲਕਿ ਇਹ ਭਾਰਤ ਦੇ ਇਤਿਹਾਸ ਦੇ ਇਕ ਮਹੱਤਵਪੂਰਨ ਪਲ ਦੀ ਯਾਦ ਹੈ। 1950 'ਚ ਭਾਰਤ ਸਰਕਾਰ ਐਕਟ (1935) ਦੀ ਥਾਂ ਭਾਰਤ ਦਾ ਸੰਵਿਧਾਨ ਲਾਗੂ ਹੁੰਦੇ ਹੀ ਬਸਤੀਵਾਦ ਦੀਆਂ ਬੇੜੀਆਂ ਹਟਾ ਦਿੱਤੀਆਂ ਗਈਆਂ। ਸੰਵਿਧਾਨ ਦੇ ਮੁੱਖ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਨੇ ਇਕ ਦਸਤਾਵੇਜ਼ ਤਿਆਰ ਕਰਨ ਵਿਚ ਡਰਾਫਟਿੰਗ ਕਮੇਟੀ ਦੀ ਅਗਵਾਈ ਕੀਤੀ ਜਿਸ ਵਿਚ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤਾਂ ਨੂੰ ਸਥਾਪਤ ਕੀਤਾ ਗਿਆ ਸੀ। ਇਸ ਪਰਿਵਰਤਨ ਨੇ ਭਾਰਤ ਦੇ ਸੰਵਿਧਾਨਕ ਰਾਜਸ਼ਾਹੀ ਤੋਂ ਇਕ ਪ੍ਰਭੂਸੱਤਾ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਵਿਚ ਤਬਦੀਲੀ ਨੂੰ ਦਰਸਾਇਆ।

75ਵੇਂ ਗਣਤੰਤਰ ਦਿਵਸ ਦਾ ਥੀਮ: ਭਾਰਤ- ਲੋਕਤੰਤਰ ਦੀ ਮਾਂ (ਭਹਅਰਅਟ:ੋਕਟਅਨਟਰਅ ਕਿ ਅਟਰਿਕਅ) ਅਤੇ ਵਿਕਸਿਤ ਭਾਰਤ (ਧੲਵੲਲੋਪੲਦ ੀਨਦਿਅ)। ਇਹ ਥੀਮ ਵਿਸ਼ਵ ਦੇ ਸਭ ਤੋਂ ਵੱਡੇ ਦੇਸ਼ ਵਜੋਂ ਭਾਰਤ ਦੇ ਅਸਲ ਸੁਭਾਅ ਨੂੰ ਉਜਾਗਰ ਕਰਦਾ ਹੈ।

ਗਣਤੰਤਰ ਦਿਵਸ ਸਮਾਰੋਹ ਦਾ ਕੇਂਦਰ ਨਵੀਂ ਦਿੱਲੀ ਦੇ ਰਾਜਪਥ 'ਤੇ ਆਈਕੋਨਿਕ ਪਰੇਡ ਵਿਚ ਹੈ। ਇਸ ਵਿਚ ਭਾਰਤੀ ਫੌਜ ਦੀਆਂ ਵੱਖ-ਵੱਖ ਕੰਪਨੀਆਂ ਆਪਣੀ ਪ੍ਰਤਿਭਾ ਪੇਸ਼ ਕਰਦੀਆਂ ਹਨ ਤੇ ਭਾਰਤ ਦੀ ਸੈਨਿਕ ਸ਼ਕਤੀ ਤੇ ਬਲ ਨੂੰ ਦਰਸਾਉਂਦੀਆਂ ਹਨ ਅਤੇ ਇਸਦੇ ਨਾਲ ਹੀ ਭਾਰਤ ਦੀ ਸੱਭਿਆਚਾਰਕ ਵੰਨ-ਸੁਵੰਨਤਾ ਨੂੰ ਵੀ ਪੇਸ਼ ਕਰਦੀਆਂ ਹਨ। ਵੱਖ-ਵੱਖ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲਾ ਇਹ ਜਸ਼ਨ ਭਾਰਤ ਦੀ ਵਿਭਿੰਨਤਾ ਵਿਚ ਏਕਤਾ ਦਾ ਇੱਕ ਦ੍ਰਿਸ਼ਟੀਕੋਣ ਸਬੂਤ ਹੈ। ਸੰਵਿਧਾਨ ਇਸ ਵਿਭਿੰਨਤਾ ਨੂੰ ਮਾਨਤਾ ਅਤੇ ਸਤਿਕਾਰ ਦਿੰਦਾ ਹੈ।

ਗਣਤੰਤਰ ਦਿਵਸ ਦੀ ਸ਼ਾਨ ਦਾ ਅਨੰਦ ਲੈਣ ਦੇ ਨਾਲ ਹੀ ਇਹ ਸਿੱਖਣਾ ਵੀ ਲਾਜ਼ਮੀ ਬਣ ਜਾਂਦਾ ਹੈ ਕਿ ਹਰ ਭਾਰਤੀ ਨਾਗਰਿਕ ਆਪਣੇ ਦੇਸ਼ ਪ੍ਰਤੀ ਬਣਦਾ ਸਤਿਕਾਰ ਤੇ ਕਾਰਜ ਪ੍ਰਤੀ ਸੰਵੇਦਨਸ਼ੀਲ ਬਣਨ। ਆਰਥਿਕ ਰੁਕਾਵਟਾਂ, ਸਮਾਜਿਕ ਅਸਮਾਨਤਾਵਾਂ ਅਤੇ ਵਾਤਾਵਰਣ ਸੰਬੰਧੀ ਚਿੰਤਾਵਾਂ ਦੀ ਜਾਂਚ ਪ੍ਰਤੀ ਸੁਚੇਤ ਰਹਿਣ ਤੇ ਬਣਦਾ ਯੋਗਦਾਨ ਪਾਉਣ। ਗਣਤੰਤਰ




ਦਿਵਸ ਸਿਰਫ ਭਾਰਤ ਦੁਆਰਾ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਬਾਰੇ ਨਹੀਂ ਹੈ ਬਲਕਿ ਉਨ੍ਹਾਂ ਚੁਣੌਤੀਆਂ ਨੂੰ ਪਛਾਣਨ ਅਤੇ ਹੱਲ ਕਰਨ ਬਾਰੇ ਵੀ ਹੈ ਜੋ ਭਾਰਤ ਦੇ ਨਾਗਰਿਕ ਹੋਣ ਦੇ ਨਾਤੇ ਅਸੀਂ ਆਪਸੀ ਏਕਤਾ ਤੇ ਅਖੰਡਤਾ ਨਾਲ ਹੱਲ ਕਰ ਸਕੀਏ।

ਭਾਰਤ ਦੇ ਨੌਜਵਾਨ ਆਪਣੀ ਊਰਜਾ, ਨਵੀਨਤਾ ਅਤੇ ਆਦਰਸ਼ਾਂ ਨਾਲ ਰਾਸ਼ਟਰ ਦੀ ਕਿਸਮਤ ਨੂੰ ਆਕਾਰ ਦੇਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਗਣਤੰਤਰ ਦਿਵਸ ਨੌਜਵਾਨ ਪੀੜ੍ਹੀ 'ਤੇ ਜ਼ਿੰਮੇਵਾਰੀ ਲਈ ਵਿਚਾਰ ਕਰਨ ਦਾ ਇਕ ਮੌਕਾ ਹੈ। ਉਨ੍ਹਾਂ ਨੂੰ ਸਿੱਖਿਅਤ ਕਰਨ ਲਈ ਸਮਰੱਥ ਬਣਾਉਣਾ, ਰੁਜ਼ਗਾਰ ਦੇ ਸਾਰਥਕ ਮੌਕੇ ਪ੍ਰਦਾਨ ਕਰਨਾ ਅਤੇ ਸਰਗਰਮ ਨਾਗਰਿਕ ਭਾਗੀਦਾਰੀ ਨੂੰ ਵਧਾਉਣਾ ਇੱਕ ਸੰਭਾਵਿਤ ਅਤੇ ਸਮਾਵੇਸ਼ੀ ਭਾਰਤ ਦੇ ਨਿਰਮਾਣ ਲਈ ਜ਼ਰੂਰੀ ਹੈ। ਨੌਜਵਾਨਾਂ ਨੂੰ ਆਧੁਨਿਕ ਸੰਸਾਰ ਦੀ ਚੁਣੌਤੀ ਨਾਲ ਨਜਿੱਠਣ ਲਈ ਸਾਧਨਾਂ ਨਾਲ ਲੈਸ ਹੋਣਾ ਚਾਹੀਦਾ ਹੈ। ਸੰਵਿਧਾਨ ਵਿਚ ਸ਼ਾਮਲ ਕਦਰਾਂ-ਕੀਮਤਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ।

ਵਿਸ਼ਵੀਕਰਨ ਦੇ ਯੁੱਗ ਵਿਚ ਗਣਤੰਤਰ ਦਿਵਸ ਦਾ ਇਕ ਵਿਆਪਕ ਮਹੱਤਵ ਹੈ ਕਿਉਂਕਿ ਭਾਰਤ ਵਿਸ਼ਵ ਭਾਈਚਾਰੇ ਨਾਲ ਜੁੜਿਆ ਹੋਇਆ ਹੈ। ਸਾਂਝੀ ਚੁਣੌਤੀ ਨਾਲ ਨਜਿੱਠਣ ਲਈ ਕੂਟਨੀਤਕ ਸੰਬੰਧਾਂ ਨੂੰ ਮਜ਼ਬੂਤ ਕਰਨਾ ਅਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਮਹੱਤਵਪੂਰਨ ਹੈ। ਜਿੱਥੇ ਜਲਵਾਯੂ ਪਰਿਵਰਤਨ, ਮਹਾਂਮਾਰੀ ਜਾਂ ਖੇਤਰੀ ਟਕਰਾਅ ਦੀ ਗੱਲ ਆਉਂਦੀ ਹੈ ਉੱਥੇ ਭਾਰਤ ਦੀ ਭੂਮਿਕਾ ਆਪਣੀਆਂ ਸਰਹੱਦਾਂ ਤੋਂ ਪਾਰ ਹੈ। ਗਲੋਬਲ ਭਾਈਵਾਲੀ ਵਿਚ ਹਿੱਸਾ ਲੈਂਦੇ ਹੋਏ ਭਾਰਤ ਨਾ ਸਿਰਫ ਗਲੋਬਲ ਸੁਝਾਵਾਂ ਵਿਚ ਯੋਗਦਾਨ ਪਾਉਂਦਾ ਹੈ ਬਲਕਿ ਸ਼ਾਂਤੀ, ਸਹਿਯੋਗ ਅਤੇ ਸਾਂਝੀ ਤਰੱਕੀ ਪ੍ਰਤੀ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਵਿਸ਼ਵ ਮੰਚ 'ਤੇ ਆਪਣੀ ਸਥਿਤੀ ਵੀ ਦਿਖਾਉਂਦਾ ਹੈ।

ਗਣਤੰਤਰ ਦਿਵਸ ਭਾਰਤ ਦੇ ਅਤੀਤ ਦਾ ਜਸ਼ਨ ਹੈ। ਇਸ ਦੇ ਵਰਤਮਾਨ ਦਾ ਪ੍ਰਤੀਬਿੰਬ ਹੈ ਅਤੇ ਇਸਦੇ ਭਵਿੱਖ ਪ੍ਰਤੀ ਵਚਨਬੱਧਤਾ ਹੈ। ਇਹ ਇੱਕ ਅਜਿਹਾ ਦਿਨ ਹੈ ਜਦੋਂ ਤਿਰੰਗਾ ਨਾ ਸਿਰਫ ਆਜ਼ਾਦੀ ਦੇ ਪ੍ਰਤੀਕ ਵਜੋਂ ਬਲਕਿ ਉਮੀਦ ਅਤੇ ਏਕਤਾ ਦੀ ਕਿਰਨ ਵਜੋਂ ਲਹਿਰਾਇਆ ਜਾਂਦਾ ਹੈ। ਜਿਵੇਂ ਕਿ ਉਹ ਮਹਾਨ ਰਾਸ਼ਟਰ ਨੂੰ ਪਰਿਭਾਸ਼ਿਤ ਕਰਨ ਵਾਲੀ ਲਚਕੀਲੇਪਣ, ਵਿਭਿੰਨਤਾ ਅਤੇ ਲੋਕਤੰਤਰੀ ਭਾਵਨਾ ਦਾ ਜਸ਼ਨ ਮਨਾਉਂਦੇ ਹਨ। ਆਓ ਅਸੀਂ ਸੰਵਿਧਾਨ ਵਿਚ ਦਰਜ ਸਿਧਾਂਤਾਂ ਨੂੰ ਕਾਇਮ ਰੱਖਣ ਦਾ ਵੀ ਸੰਕਲਪ ਕਰੀਏ। ਇਸ ਗਣਤੰਤਰ ਦਿਵਸ 'ਤੇ ਦੇਸ਼ ਭਗਤੀ ਦੇ ਗੀਤ ਹਰ ਭਾਰਤੀ ਦੇ ਦਿਲਾਂ ਨੂੰ ਗੂੰਜਣ ਅਤੇ ਇੱਕ ਅਜਿਹੇ ਰਾਸ਼ਟਰ ਦੇ ਨਿਰਮਾਣ ਲਈ ਸਮੂਹਿਕ ਯਤਨਾਂ ਨੂੰ ਪ੍ਰੇਰਿਤ ਕਰਨ ਜੋ ਨਿਆਂ, ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੀਆਂ ਪਿਆਰੀਆਂ ਕਦਰਾਂ ਕੀਮਤਾਂ ਦੇ ਸਬੂਤ ਵਜੋਂ ਖੜ੍ਹਾ ਹੈ।

# ਵਾਤਾਵਰਨ ਨਾਲ ਛੇੜ-ਛਾੜ ਬਹੁਤ ਮਹਿੰਗੀ

ਹਿਮਾਲਿਆ ਦੀ ਪਰਬਤਮਾਲਾ ਦਾ ਕੋਈ ਸਾਨੀ ਨਹੀਂ ਹੈ ਤੇ ਅਕਸਰ ਮੈਂ ਉਥੇ ਜਾਂਦਾ ਰਹਿੰਦਾ ਹਾਂ ਪਰ ਨਾਲ ਹੀ ਇਹ ਦੇਖ ਕੇ ਮਨ ਬੜਾ ਖਰਾਬ ਹੁੰਦਾ ਹੈ ਕਿ ਕਿਵੇਂ ਵਿਕਾਸ ਦੇ ਨਾਂ 'ਤੇ ਬੇਰੋਕ ਅਤੇ ਗ਼ੈਰ-ਯੋਜਨਾਬੱਧ ਸਰਗਰਮੀਆਂ ਜ਼ਰੀਏ ਚੌਗਿਰਦੇ ਨੂੰ ਲਗਾਤਾਰ ਬਰਬਾਦ ਕੀਤਾ ਜਾ ਰਿਹਾ ਹੈ। ਕੌਮੀ ਸੁਰੱਖਿਆ ਦੇ ਨਾਂ 'ਤੇ ਪ੍ਰੋਜੈਕਟਾਂ ਨੂੰ ਸਹੀ ਠਹਿਰਾਉਣ ਜਾਂ ਧਾਰਮਿਕ ਸੈਰ-ਸਪਾਟੇ ਦੇ ਦੂਰ ਦਰਾਜ਼ ਖੇਤਰਾਂ ਤੱਕ ਫੈਲ ਜਾਣ ਕਰ ਕੇ ਵਾਤਾਵਰਨ ਦਾ ਨਿਘਾਰ ਸਭ ਹੱਦਾਂ ਬੰਨੇ ਟੱਪ ਗਿਆ ਹੈ।

ਹਿਮਾਲਿਆਈ ਖਿੱਤੇ ਅੰਦਰ ਧਰਤ ਦੀ ਸਤਹਿ ਹੇਠਲੀਆਂ ਟੈਕਟੌਨਿਕ ਪਲੇਟਾਂ ਦੀ ਤਿੱਬਤ ਦੀ ਪਠਾਰ ਨਾਲ ਟੱਕਰ ਕਰ ਕੇ ਇਹ ਪਹਾੜ ਅਜੇ ਵੀ

**ਸ਼ਿਆਮ ਸਰਨ**

ਥੋੜ੍ਹਾ ਥੋੜ੍ਹਾ ਕਰ ਕੇ ਉਤਾਂਹ ਉਠ ਰਹੇ ਹਨ ਅਤੇ ਖਿੱਤੇ ਦੇ ਬਦਲ ਰਹੇ ਮੁਹਾਂਦਰੇ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਰਾਜ ਮਾਰਗਾਂ ਅਤੇ ਪਣ-ਬਿਜਲੀ ਪ੍ਰੋਜੈਕਟਾਂ ਦੇ ਨਿਰਮਾਣ ਲਈ ਕੀਤੇ ਜਾਂਦੇ ਵਿਸਫੋਟਾਂ ਕਰ ਕੇ ਇਹ ਧਰਾਤਲ ਬਹੁਤ ਅਸਥਿਰ ਹੋ ਗਿਆ ਹੈ ਜਿਸ ਦੇ ਸਿੱਟੇ ਵਜੋਂ ਅਕਸਰ ਢਿੱਗਾਂ ਤੇ ਤੋਦੇ ਡਿੱਗਣ ਅਤੇ ਅਚਨਚੇਤ ਹੜ੍ਹ ਆਉਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸੰਪਰਕ (ਕੁਨੈਕਟੀਵਿਟੀ) ਵਿਚ ਸੁਧਾਰ, ਬਿਜਲੀ ਦੀ ਸਪਲਾਈ ਅਤੇ ਆਰਥਿਕ ਸਰਗਰਮੀ ਵਿਚ ਇਜ਼ਾਫ਼ੇ ਰਾਹੀਂ ਮੁਕਾਮੀ ਲੋਕਾਂ ਨੂੰ ਹੋਇਆ ਫਾਇਦਾ ਬਹੁਤਾ ਸਮਾਂ ਨਹੀਂ ਚੱਲ ਸਕਣਾ ਕਿਉਂਕਿ ਇਸ ਕਰ ਕੇ ਜੋਸ਼ੀਮੱਠ ਵਿਚ ਜ਼ਮੀਨ ਧਸਣ ਜਾਂ ਉਤਰਾਖੰਡ ਵਿਚ ਯਮੁਨੋਤਰੀ ਲਈ ਬਣਨ ਵਾਲੇ ਕੌਮੀ ਰਾਜਮਾਰਗ 'ਤੇ ਬਣ ਰਹੀ ਸਿਲਕਿਆਰਾ ਸੁਰੰਗ ਬੈਠ ਜਾਣ ਜਿਹੀਆਂ ਕੁਦਰਤੀ ਆਫ਼ਤਾਂ ਦਾ ਵਰਤਾਰਾ ਤੇਜ਼ ਹੋ ਰਿਹਾ ਹੈ। ਇਸ ਤੋਂ ਪਹਿਲਾਂ ਇਸੇ ਖਿੱਤੇ ਅੰਦਰ 2013 ਵਿਚ ਕੇਦਾਰਨਾਥ ਵਿਚ ਹੜ੍ਹ ਆਏ ਸਨ ਜਿਨ੍ਹਾਂ ਨਾਲ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਸੀ; ਫਿਰ ਵੀ ਇਸ ਤੋਂ ਕੋਈ ਸਬਕ ਨਹੀਂ ਲਿਆ ਗਿਆ।

ਕੇਦਾਰਨਾਥ ਵਿਚ ਆਈ ਉਸ ਆਫ਼ਤ ਦਾ ਪੋਸਟ-ਮਾਰਟਮ ਕਰਨ ਵਾਲੀ ਟੀਮ ਨਾਲ ਮੈਂ ਵੀ ਜੁੜਿਆ ਹੋਇਆ ਸਾਂ। ਇਸ ਦੇ ਕੁਝ ਸਿੱਟੇ ਬਹੁਤ ਪ੍ਰੇਸ਼ਾਨ ਕਰਨ ਵਾਲੇ ਹਨ। ਮੌਸਮ ਵਿਭਾਗ ਵਲੋਂ ਕੇਦਾਰਨਾਥ ਖੇਤਰ ਵਿਚ ਤੂਫ਼ਾਨ ਤੇ ਭਾਰੀ ਮੀਂਹ ਅਤੇ ਕੇਦਾਰਨਾਥ ਵਿਚ ਰਹਿ ਰਹੇ ਸ਼ਰਧਾਲੂਆਂ ਲਈ ਸੰਭਾਵੀ ਖ਼ਤਰੇ ਦੀ ਭਵਿੱਖਬਾਣੀ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਜ਼ਾਹਿਰਾ ਤੌਰ 'ਤੇ ਸਰੋਕਾਰ ਇਹ ਸੀ ਕਿ ਜੇ ਮੌਸਮ ਵਿਭਾਗ ਦੀ ਭਵਿੱਖਬਾਣੀ ਮੰਨ ਕੇ ਇਲਾਕਾ ਖਾਲੀ ਕਰਾਇਆ ਜਾਂਦਾ ਤਾਂ ਇਸ ਨਾਲ ਧਾਰਮਿਕ ਸੈਰ-ਸਪਾਟੇ ਤੋਂ ਹੋਣ ਵਾਲੀ ਆਮਦਨ ਪ੍ਰਭਾਵਿਤ ਹੋ ਸਕਦੀ ਸੀ। ਇਹ ਗੱਲ ਸਾਹਮਣੇ ਆਈ ਕਿ ਬਹੁਤੇ ਯਾਤਰੀਆਂ ਦੀਆਂ ਮੌਤਾਂ ਗੈਸਟ ਹਾਊਸ ਤੋਂ ਬਾਹਰ ਅਤਿ ਦੀ ਠੰਢ ਵਿਚ ਰਹਿਣ ਕਰ ਕੇ ਹੋਈਆਂ ਸਨ। ਯਾਤਰੀਆਂ ਕੋਲ ਜ਼ਿਆਦਾ ਗਰਮ ਕੱਪੜੇ ਵੀ ਨਹੀਂ ਸਨ। 18 ਹਜ਼ਾਰ ਫੁੱਟ ਦੀ ਉਚਾਈ 'ਤੇ ਹਜ਼ਾਰਾਂ ਦੀ ਤਾਦਾਦ ਵਿਚ ਯਾਤਰੂ ਆਰਜ਼ੀ ਟਿਕਾਣਿਆਂ 'ਤੇ ਰਹਿ ਰਹੇ ਸਨ। ਕਿਸੇ ਨੇ ਇਹ ਪੁੱਛਣ ਦੀ ਜ਼ਹਿਮਤ ਨਾ ਕੀਤੀ ਕਿ ਇੰਨੀ ਉਚਾਈ 'ਤੇ ਕਿੰਨੇ ਕੁ ਯਾਤਰੀਆਂ ਨੂੰ ਸੰਭਾਲਿਆ ਜਾ ਸਕਦਾ ਹੈ।

ਇਹ ਸਪਸ਼ਟ ਨਹੀਂ ਹੋਇਆ ਕਿ ਕੀ ਕੇਦਾਰਨਾਥ ਹੜ੍ਹਾਂ ਦੇ ਪੋਸਟ-ਮਾਰਟਮ ਤੋਂ ਬਾਅਦ ਧਾਰਮਿਕ ਸੈਰ-ਸਪਾਟੇ ਦੇ ਪ੍ਰਬੰਧਨ ਵਿਚ ਕੋਈ ਵੱਡੀ ਤਬਦੀਲੀ ਆ ਸਕੀ ਹੈ ਜਾਂ ਨਹੀਂ। ਮੇਰਾ ਨਹੀਂ ਖਿਆਲ ਕਿ ਅਜਿਹਾ ਕੁਝ ਹੋਇਆ ਹੈ। ਇਹ ਚੇਤੇ ਰਹੇ ਕਿ ਕੇਦਾਰਨਾਥ ਹੜ੍ਹਾਂ ਦੇ ਸਿੱਟੇ ਵਜੋਂ ਗੰਗੋਤਰੀ ਰਾਜਮਾਰਗ 'ਤੇ ਪੈਂਦੇ ਬਹੁਤੇ ਗੈਸਟ ਹਾਊਸ, ਹੋਟਲ ਅਤੇ ਚਾਹ ਦੀਆਂ ਦੁਕਾਨਾਂ ਰੁੜ੍ਹ ਗਈਆਂ ਸਨ। ਨਦੀ ਦੇ ਕੰਢਿਆਂ 'ਤੇ ਇਹ ਟਿਕਾਣੇ ਬਣਾਉਣ ਦੀ ਆਗਿਆ ਸ਼ੁਰੂ ਵਿਚ ਹੀ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਇਸ ਆਫ਼ਤ ਦੇ ਸਿੱਟੇ ਵਜੋਂ ਇਹ ਐਲਾਨ ਕੀਤਾ ਗਿਆ ਸੀ ਕਿ ਨਦੀ ਦੇ ਕੰਢੇ ਦੇ ਮੱਧ ਤੋਂ ਘੱਟੋ-ਘੱਟ 100 ਮੀਟਰ ਦੂਰ ਤੱਕ ਕੋਈ ਉਸਾਰੀ ਨਹੀਂ ਕੀਤੀ ਜਾਵੇਗੀ ਅਤੇ ਇਸ ਤੋਂ 300 ਮੀਟਰ ਦੇ ਦਾਇਰੇ ਨੂੰ ਨਿਯਮਤ ਜ਼ੋਨ ਕਰਾਰ ਦਿੱਤਾ ਗਿਆ। ਜਦੋਂ ਕੁਝ ਸਾਲਾਂ ਬਾਅਦ ਮੈਂ ਗੰਗੋਤਰੀ ਰਾਜਮਾਰਗ 'ਤੇ ਵਾਪਸ ਗਿਆ ਤਾਂ ਦੇਖਿਆ- ਨਦੀ ਦੇ ਕੰਢਿਆਂ 'ਤੇ ਪਹਿਲਾਂ ਵਾਂਗ ਹੀ ਗੈਸਟ ਹਾਊਸ, ਹੋਟਲ ਅਤੇ ਚਾਹ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਸਨ।



ਮੇਰਾ ਤਰਕ ਇਹ ਨਹੀਂ ਹੈ ਕਿ ਹਿਮਾਲਿਆਈ ਖਿੱਤੇ ਅੰਦਰ ਕੋਈ ਆਰਥਿਕ ਸਰਗਰਮੀ ਨਹੀਂ ਹੋਣੀ ਚਾਹੀਦੀ, ਨਾ ਹੀ ਇਹ ਕਿ ਕੌਮੀ ਸੁਰੱਖਿਆ ਦੀਆਂ ਮੰਗਾਂ ਨੂੰ ਮੁਖ਼ਾਤਬ ਨਾ ਹੋਇਆ ਜਾਵੇ। ਸਾਡੇ ਮੁਲਕ ਅੰਦਰ ਸਾਡੇ ਜੀਵਨ ਉਪਰ ਧਰਮ ਦਾ ਬਹੁਤ ਜ਼ਿਆਦਾ ਪ੍ਰਭਾਵ ਹੋਣ ਕਰ ਕੇ ਧਾਰਮਿਕ ਯਾਤਰਾਵਾਂ ਨੂੰ ਵਾਜਬਿ ਸਰਗਰਮੀ ਗਿਣਿਆ ਜਾਂਦਾ ਹੈ। ਬਹਰਹਾਲ, ਇਹ ਲੇਖਾ ਜੋਖਾ ਤਾਂ ਕਰਨਾ ਹੀ ਪੈਣਾ ਹੈ ਕਿ ਇਨ੍ਹਾਂ ਸਭ ਸਰਗਰਮੀਆਂ ਦਾ ਹਿਮਾਲਿਆਈ ਖਿੱਤੇ ਦੇ ਚੌਗਿਰਦੇ ਉਪਰ ਕੀ ਪ੍ਰਭਾਵ ਪੈ ਰਿਹਾ ਹੈ। ਕਿਸੇ ਵੀ ਤਰ੍ਹਾਂ ਦਾ ਪ੍ਰੋਜੈਕਟ ਹੋਵੇ, ਉਸ ਦੇ ਵਾਤਾਵਰਨ ਪ੍ਰਭਾਵ ਦੇ ਗਹਿਰੇ ਅਧਿਐਨ ਕਰਨ ਤੋਂ ਬਾਅਦ ਹੀ ਉਸ ਨੂੰ ਪ੍ਰਵਾਨਗੀ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਜਾਂਦੀ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਤੈਅਸ਼ੁਦਾ ਨੇਮਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ ਜੋ ਅਕਸਰ ਹੁੰਦਾ ਨਹੀਂ ਹੈ।

ਜਦੋਂ ਵੀ ਕਦੇ ਪੁਟਾਈ ਦਾ ਵੱਡਾ ਕਾਰਜ ਵਿੱਢਿਆ ਜਾਂਦਾ ਹੈ ਤਾਂ ਮਲਬੇ ਨੂੰ ਟਿਕਾਣੇ ਲਾਉਣ ਬਾਰੇ ਸਖ਼ਤ ਨੇਮ ਤੈਅ ਕੀਤੇ ਗਏ ਹਨ। ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਨਿਰਮਾਣ ਕਾਰਜ ਵਾਲੀ ਥਾਂ ਦੇ ਆਸ-ਪਾਸ ਹੀ ਮਲਬਾ ਸੁੱਟ ਦਿੱਤਾ ਜਾਂਦਾ ਹੈ। ਇਸ ਨਾਲ ਇਲਾਕੇ ਦੇ ਕੁਦਰਤੀ ਵਹਾਓ ਵਿਚ ਰੁਕਾਵਟ ਆ ਜਾਂਦੀ ਹੈ ਜਿਸ ਨਾਲ ਉਪਰਲੇ ਖੇਤਰਾਂ ਵਿਚ ਪਾਣੀ ਭਰਨ ਅਤੇ ਹੇਠਲੇ ਖੇਤਰਾਂ ਵਿਚ ਸੋਕਾ ਪੈਣ ਕਰ ਕੇ ਮੁਕਾਮੀ ਭਾਈਚਾਰਿਆਂ ਅਤੇ ਉਨ੍ਹਾਂ ਦੀ ਰੋਜ਼ੀ ਰੋਟੀ ਉਪਰ ਬਹੁਤ ਮਾੜਾ ਅਸਰ ਪੈਂਦਾ ਹੈ। ਵਿਸਫੋਟ ਵਾਲੀਆਂ ਥਾਵਾਂ ਵਿਚਕਾਰ ਢੁਕਵੀਂ ਦੂਰੀ ਬਰਕਰਾਰ ਰੱਖਣ ਬਾਰੇ ਵੀ ਸਖ਼ਤ ਨੇਮ ਬਣੇ ਹੋਏ ਹਨ। ਮੈਨੂੰ ਯਾਦ ਹੈ, 2004 ਤੋਂ 2015 ਤੱਕ ਸਰਹੱਦੀ ਸਹਾਇਕ ਢਾਂਚੇ ਦੇ ਸਰਵੇ ਕਰਵਾਉਣ ਸਮੇਂ ਇਹ ਤੈਅ ਹੋਇਆ ਸੀ ਕਿ ਵਿਸਫੋਟ ਵਾਲੀਆਂ ਥਾਵਾਂ ਵਿਚਕਾਰ 12 ਕਿਲੋਮੀਟਰ ਦਾ ਫ਼ਾਸਲਾ ਰੱਖਿਆ ਜਾਵੇ ਪਰ ਕਈ ਵਾਰ ਕਿਸੇ ਸੜਕ ਪ੍ਰੋਜੈਕਟ ਜਲਦੀ ਨੇਪਰੇ ਚਾੜ੍ਹਨ ਦੇ ਦਬਾਓ ਕਰ ਕੇ ਇਹ ਫ਼ਾਸਲਾ 3 ਕਿਲੋਮੀਟਰ ਤੱਕ ਰਹਿ ਜਾਂਦਾ ਸੀ। ਇਸ ਕਰ ਕੇ ਵੀ ਪਹਿਲਾਂ ਤੋਂ ਹੀ ਕਮਜ਼ੋਰ ਪੈ ਚੁੱਕੇ ਹਿਮਾਲਿਆਈ ਧਰਾਤਲ ਉਪਰ ਕਾਫ਼ੀ ਅਸਰ ਪਿਆ ਹੋ ਸਕਦਾ ਹੈ।

ਜੰਗਲਾਤ ਸੁਰੱਖਿਆ ਐਕਟ-2023 ਵਿਚ ਸੋਧਾਂ ਕਰ ਕੇ ਹਿਮਾਲਿਆਈ ਖਿੱਤੇ ਅੰਦਰ ਪ੍ਰੋਜੈਕਟ ਸਰਗਰਮੀ 'ਤੇ ਲੱਗੀਆਂ ਬੰਦਸ਼ਾਂ ਨਰਮ ਕਰ ਦਿੱਤੀਆਂ ਗਈਆਂ ਹਨ ਜਿਵੇਂ ਕੌਮਾਂਤਰੀ ਸਰਹੱਦ, ਚੀਨ ਅਤੇ ਪਾਕਿਸਤਾਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ ਤੋਂ 100 ਕਿਲੋਮੀਟਰ ਤੱਕ ਕੌਮੀ ਸੁਰੱਖਿਆ ਦੇ ਕਿਸੇ ਵੀ ਪ੍ਰੋਜੈਕਟ ਨੂੰ ਇਸ ਤੋਂ ਕਾਨੂੰਨੀ ਛੋਟ ਦਿੱਤੀ ਗਈ ਹੈ। ਇਹ ਆਪਣੇ ਪੈਰਾਂ 'ਤੇ ਕੁਹਾੜੀ ਮਾਰਨ ਵਰਗੀ ਗੱਲ ਹੈ ਕਿਉਂਕਿ ਜੇ ਸੜਕਾਂ ਸਣੇ ਉਸਾਰਿਆ ਗਿਆ ਸਰਹੱਦੀ ਸਹਾਇਕ ਢਾਂਚਾ ਅਕਸਰ ਹੜ੍ਹਾਂ ਜਾਂ ਢਿੱਗਾਂ ਨਾਲ ਵਹਿ ਜਾਂਦਾ ਹੈ ਜਾਂ ਨੁਕਸਾਨਿਆ ਜਾਂਦਾ ਹੈ ਤਾਂ ਰੱਖਿਆ ਤਿਆਰੀਆਂ 'ਤੇ ਮਾੜਾ ਅਸਰ ਪਵੇਗਾ। ਪਹਿਲਾਂ ਵੀ ਕਿਸੇ ਵਜ਼ਨਦਾਰ ਕੇਸ ਵਿਚ ਸਰਕਾਰ ਰੱਖਿਆ ਲੋੜਾਂ ਦੇ ਮੱਦੇਨਜ਼ਰ ਅਜਿਹੀਆਂ ਛੋਟਾਂ ਹਾਸਲ ਕਰਨ ਵਿਚ ਕਾਮਯਾਬ ਹੋ ਜਾਂਦੀ ਸੀ। ਇਹ ਗੱਲ ਅੱਖੜਦੀ ਹੈ ਕਿ ਸੋਧੇ ਹੋਏ ਕਾਨੂੰਨ ਵਿਚ ਜੰਗਲੀ ਖੇਤਰਾਂ ਅੰਦਰ ਈਕੋ-ਟੂਰਿਜ਼ਮ, ਸਫ਼ਾਰੀਆਂ ਅਤੇ ਚਿੜੀਆ ਘਰਾਂ ਨੂੰ ਜਾਇਜ਼ ਸਰਗਰਮੀਆਂ ਦੀ ਸੰਗਿਆ ਦਿੱਤੀ ਗਈ ਹੈ। ਕੋਈ ਕੁਦਰਤੀ ਜੰਗਲ ਪਹਿਲਾਂ ਹੀ ਜਾਨਵਰਾਂ ਲਈ ਕੁਦਰਤੀ ਠਾਹਰ ਹੁੰਦੀ ਹੈ; ਫਿਰ ਭਲਾ, ਜੰਗਲ ਵਿਚ ਚਿੜੀਆ ਘਰ ਬਣਾਉਣ ਦੀ ਕੀ ਤੁਕ ਬਣਦੀ ਹੈ?

ਹੁਣ ਸਾਨੂੰ ਵਾਤਾਵਰਨ ਮੰਤਰਾਲੇ ਦੀ ਅਜਿਹੀ ਚਿੱਠੀ ਹਾਸਲ ਹੋਈ ਹੈ ਜਿਸ ਵਿਚ ਗੋਆ ਅਤੇ ਮਸੂਰੀ ਵਿਚ ਪ੍ਰਾਈਵੇਟ ਹੋਮਸਟੈੱਡ (ਫਾਰਮਹਾਊਸ) ਅਤੇ ਡੀਮਡ ਫਾਰੈਸਟ (ਜੰਗਲੀ ਦਰਜੇ ਵਾਲੀਆਂ ਥਾਵਾਂ) ਕਾਇਮ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਨਾਲ ਇਨ੍ਹਾਂ ਪਹਾੜੀ ਖੇਤਰਾਂ ਅੰਦਰ ਬਚੀਆਂ ਹੋਈਆਂ ਹਰਿਆਵਲ ਥਾਵਾਂ ਦੇ ਵਪਾਰਕ ਸ਼ੋਸ਼ਣ ਦਾ ਰਾਹ ਖੁੱਲ੍ਹ ਸਕਦਾ ਹੈ। ਭਾਰਤ ਦੇ ਕੁੱਲ ਖੇਤਰ ਦਾ 23 ਫ਼ੀਸਦ ਰਕਬਾ ਜੰਗਲੀ ਖੇਤਰ ਅਧੀਨ ਆਉਂਦਾ ਹੈ ਅਤੇ ਇਤਿਹਾਸਕ ਤੌਰ 'ਤੇ ਦੇਖਣ ਵਿਚ ਆਇਆ ਹੈ ਕਿ ਸੰਸਦੀ ਕਾਰਵਾਈ ਅਤੇ ਨਿਆਂਇਕ ਸਰਗਰਮੀ ਸਦਕਾ ਖੜ੍ਹੀ ਕੀਤੀ ਵਾੜਬੰਦੀ ਜ਼ਰੀਏ ਭਾਰਤ ਦੇ ਇਸ ਬਚੇ ਖੁਚੇ ਜੰਗਲੀ ਰਕਬੇ ਦੀ ਰਾਖੀ ਹੋ ਸਕੀ ਹੈ।

ਜੰਗਲੀ ਕਵਰ ਵਿਚ ਵਾਧਾ ਕਰਨ ਦੀਆਂ ਯੋਜਨਾਵਾਂ ਵੀ ਬਣਾਈਆਂ ਗਈਆਂ ਹਨ ਤਾਂ ਕਿ 2.5 ਤੋਂ 3 ਅਰਬ ਟਨ ਦੇ ਕਾਰਬਨ ਡਾਇਆਕਸਾਈਡ ਗੈਸਾਂ ਦੀ ਨਿਕਾਸੀ ਨੂੰ ਸੋਖ ਲਈ ਕਾਰਬਨ ਸਿੰਕ ਕਾਇਮ ਕੀਤਾ ਜਾ ਸਕੇ। ਹਾਲ ਹੀ ਵਿਚ ਕੀਤੇ ਗਏ ਇਹ ਨੀਤੀਗਤ ਉਪਰਾਲੇ ਇਸ ਟੀਚੇ ਨਾਲ ਬਿਲਕੁੱਲ ਮੇਲ ਨਹੀਂ ਖਾਂਦੇ।

# ਹਿਰਾਸਤੀ ਤਸ਼ੱਦਦ ਦਾ ਕਲੰਕ ਅਤੇ ਭਾਰਤੀ ਜਮਹੂਰੀਅਤ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿਚ ਪੁਲਿਸ ਅਫਸਰਾਂ ਨੂੰ ਡੰਡੇ ਦੀ ਵਰਤੋਂ ਛੱਡਣ ਦੀ ਸਲਾਹ ਦਿੱਤੀ ਹੈ ਤੇ ਨਾਲ ਹੀ ਉਨ੍ਹਾਂ ਐਲਾਨ ਕੀਤਾ ਹੈ ਕਿ ਨਵੇਂ ਫ਼ੌਜਦਾਰੀ ਕਾਨੂੰਨ 'ਨਾਗਰਿਕ, ਸਨਮਾਨ ਅਤੇ ਨਿਆਂ' ਨੂੰ ਤਰਜੀਹ ਦੇ ਕੇ ਘੜੇ ਗਏ ਹਨ। ਸਾਡੇ ਦੇਸ਼ ਦੇ ਮੱਥੇ 'ਤੇ ਵਾਰ-ਵਾਰ ਹਿਰਾਸਤੀ ਤਸ਼ੱਦਦ ਦਾ ਕਲੰਕ ਲੱਗਦਾ ਰਿਹਾ ਹੈ ਜਿਸ ਕਰ ਕੇ ਇਸ ਦੀ ਰੋਕਥਾਮ ਲਈ ਵਿਆਪਕ ਅਤੇ ਨਿਰਪੱਖ ਕਾਨੂੰਨ ਤਿਆਰ ਕਰਨ

**ਅਸ਼ਵਨੀ ਕੁਮਾਰ**

ਦੀ ਚਿਰਾਂ ਤੋਂ ਕੀਤੀ ਜਾ ਰਹੀ ਉਡੀਕ ਮੁੱਕਦੀ ਨਜ਼ਰ ਆ ਰਹੀ ਹੈ। ਨਵੇਂ ਸਾਲ ਮੌਕੇ ਸਾਡੇ ਦੇਸ਼ ਨੂੰ ਆਪਣਾ ਲੋਕਰਾਜ ਕਿਰਦਾਰ ਮੁੜ ਸਥਾਪਤ ਕਰਨ ਦਾ ਮੌਕਾ ਹੈ ਤਾਂ ਕਿ ਮਨੁੱਖੀ ਗੌਰਵ ਨੂੰ ਸਭ ਤੋਂ ਮੁੱਢਲੇ ਹੱਕ ਪ੍ਰਤੀ ਅਡੋਲ ਵਚਨਬੱਧਤਾ ਦੀ ਦਿਸ਼ਾ ਵਿਚ ਅੱਗੇ ਵਧਿਆ ਜਾ ਸਕੇ।

ਤਸ਼ੱਦਦ ਦੇ ਅਪਰਾਧ ਦੇ ਵੱਖ-ਵੱਖ ਪੱਖਾਂ ਨੂੰ ਮੁਖ਼ਾਤਿਬ, ਚਿਰਾਂ ਤੋਂ ਉਡੀਕਿਆ ਜਾ ਰਿਹਾ ਇਹ ਵਿਆਪਕ ਕਾਨੂੰਨ ਧਾਰਾ 21 ਅਧੀਨ ਗਾਰੰਟੀਸ਼ੁਦਾ ਜੀਵਨ ਅਤੇ ਗੌਰਵ ਦੇ ਅਧਿਕਾਰ ਨੂੰ ਅਗਾਂਹ ਵਧਾਵੇਗਾ। ਇਸ ਕਾਨੂੰਨ ਸਦਕਾ ਭਾਰਤ ਤਸ਼ੱਦਦ ਖ਼ਿਲਾਫ਼ ਸੰਯੁਕਤ ਰਾਸ਼ਟਰ ਅਹਿਦਨਾਮੇ (ਯੂ.ਐਨ.ਸੀ.ਏ.ਟੀ.) ਉਪਰ ਸਹੀ ਪਾਉਣ ਦੇ ਯੋਗ ਬਣ ਸਕੇਗਾ ਜੋ ਨਿਰਪੱਖ ਘਰੋਗੀ ਕਾਨੂੰਨ ਦੀ ਅਣਹੋਂਦ ਵਿਚ ਸੰਭਵ ਨਹੀਂ ਸੀ ਹੋ ਸਕਣਾ। ਭਾਰਤ ਇਸ ਅਹਿਦਨਾਮੇ ਦੀ ਪ੍ਰੋੜਤਾ ਨਾ ਕੀਤੇ ਜਾਣ ਕਰ ਕੇ ਸੰਯੁਕਤ ਰਾਸ਼ਟਰ ਦੀਆਂ ਮਨੁੱਖੀ ਅਧਿਕਾਰਾਂ ਬਾਰੇ ਸਮੀਖਿਆ ਮੀਟਿੰਗਾਂ ਵਿਚ ਵਾਰ-ਵਾਰ ਸ਼ਰਮਿੰਦਗੀ ਤੋਂ ਹੁਣ ਬਚ ਸਕੇਗਾ। ਸਿਤਮ ਦੀ ਗੱਲ ਇਹ ਹੈ ਕਿ ਭਾਰਤ ਤੀਜੀ ਦੁਨੀਆ ਦਾ ਪਹਿਲਾ ਮੁਲਕ ਸੀ ਜਿਸ ਨੇ 8 ਦਸੰਬਰ 1977 ਨੂੰ ਸੰਯੁਕਤ ਰਾਸ਼ਟਰ ਵਿਚ ਮਤਾ ਨੰਬਰ 32/64 ਦੀ ਹਮਾਇਤ ਕੀਤੀ ਸੀ ਜਿਸ ਵਿਚ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਆਪਣੇ ਤੌਰ 'ਤੇ ਤਸ਼ੱਦਦ ਖ਼ਿਲਾਫ਼ ਐਲਾਨਨਾਮੇ ਦੀ ਪਾਲਣਾ ਕਰਨ। ਅਗਲੇ ਕਈ ਸਾਲਾਂ ਦੌਰਾਨ ਭਾਰਤ ਨੇ ਕਿਸੇ ਨਾ ਕਿਸੇ ਤਰੀਕੇ ਤਸ਼ੱਦਦ ਦੀ ਰੋਕਥਾਮ ਬਾਬਤ ਬਹੁਤ ਸਾਰੀਆਂ ਕੌਮਾਂਤਰੀ ਸੰਧੀਆਂ 'ਤੇ ਸਹੀ ਪਾਈ ਅਤੇ ਇਸ ਅਲਾਮਤ ਦੇ ਖ਼ਾਤਮੇ ਦੀ ਇੱਛਾ ਜਤਾਈ। ਭਾਰਤੀ ਸੰਵਿਧਾਨ ਦੀ ਧਾਰਾ 51 ਸੀ ਅਤੇ 253 ਕੌਮਾਂਤਰੀ ਕਾਨੂੰਨਾਂ ਦਾ ਸਤਿਕਾਰ ਕਰਨਾ ਲਾਜ਼ਮੀ ਕਰਾਰ ਦਿੰਦਾ ਹੈ। ਲੋਕਰਾਜ ਅਤੇ ਮਨੁੱਖੀ ਅਧਿਕਾਰਾਂ 'ਤੇ ਆਧਾਰਿਤ ਨਵੇਂ ਆਲਮੀ ਨਿਜ਼ਾਮ ਦੀ ਰੂਪ-ਰੇਖਾ ਵਿਚ ਭਾਰਤ ਦੀ ਬਣਦੀ ਭੂਮਿਕਾ ਦੀ ਵਾਜਬਿ ਖਾਹਿਸ਼ ਦੇ ਮੱਦੇਨਜ਼ਰ, ਇਹ ਮੁਲਕ ਆਪਣੇ ਆਪ ਨੂੰ ਅੰਗੋਲਾ, ਬਹਾਮਾਸ, ਬਰੂਨੇਈ, ਗਾਂਬੀਆ, ਹੈਤੀ, ਪਲਾਊ ਅਤੇ ਸੂਡਾਨ ਜਿਹੇ ਮੁਲਕਾਂ ਦੀ ਕਤਾਰ ਵਿਚ ਖੜ੍ਹਾ ਨਹੀਂ ਦੇਖ ਸਕਦਾ ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਦੇ ਅਹਿਦਨਾਮੇ ਦੀ ਪ੍ਰੋੜਤਾ ਨਹੀਂ ਕੀਤੀ।

ਇਹ ਗੱਲ ਵੀ ਪ੍ਰਸੰਗਿਕ ਹੈ ਕਿ ਪਾਰਲੀਮੈਂਟ ਦੀ ਸਿਲੈਕਟ ਕਮੇਟੀ ਨੇ ਹਿਰਾਸਤੀ ਤਸ਼ੱਦਦ ਦੀ ਰੋਕਥਾਮ ਲਈ ਲਈ ਅਜਿਹੇ ਵਿਆਪਕ ਤੇ ਨਿਰਪੱਖ ਕਾਨੂੰਨ ਦੀ ਲੋੜ ਦਰਸਾਈ ਸੀ ਅਤੇ ਤਸ਼ੱਦਦ ਦੀ ਰੋਕਥਾਮ ਬਾਰੇ ਬਿੱਲ-2010 'ਤੇ ਬਹਿਸ ਦੌਰਾਨ ਆਮ ਸਹਿਮਤੀ ਦਾ ਮੁਜ਼ਾਹਰਾ ਕਰਦੇ ਹੋਏ ਅਜਿਹਾ ਕਾਨੂੰਨ ਬਣਾਉਣ ਦੀ ਸਿਫਾਰਸ਼ ਕੀਤੀ ਸੀ। ਮੰਦੇ ਭਾਗੀਂ 14 ਸਾਲਾਂ ਬਾਅਦ ਵੀ ਦੇਸ਼ ਨੂੰ ਹਿਰਾਸਤੀ ਤਸ਼ੱਦਦ ਖ਼ਿਲਾਫ਼ ਅਜਿਹੇ ਅਹਿਮ ਕਾਨੂੰਨ ਦੀ ਉਡੀਕ ਹੈ। ਭਾਰਤ ਦੇ ਲਾਅ ਕਮਿਸ਼ਨ ਨੇ ਆਪਣੀ 273ਵੀਂ ਰਿਪੋਰਟ (2017) ਵਿਚ ਅਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਸੁਪਰੀਮ ਕੋਰਟ ਵਿਚ ਦਾਖ਼ਲ ਕਰਵਾਏ ਆਪਣੇ ਹਲਫ਼ਨਾਮੇ ਵਿਚ ਇਸ ਤਰ੍ਹਾਂ ਦਾ ਕਾਨੂੰਨ ਬਣਾਉਣ ਦੀ ਪ੍ਰੋੜਤਾ ਕੀਤੀ ਸੀ। ਹਿਰਾਸਤੀ ਤਸ਼ੱਦਦ ਦੀਆਂ ਕਾਰਵਾਈਆਂ ਨਾਲ ਜੁੜੇ ਬਹੁਤ ਸਾਰੇ ਮੁੱਦਿਆਂ ਨੂੰ ਮੁਖ਼ਾਤਿਬ ਹੋਣ ਲਈ ਮੌਜੂਦਾ ਫ਼ੌਜਦਾਰੀ ਕਾਨੂੰਨਾਂ ਦੀਆਂ ਨਾਕਾਫ਼ੀ ਧਾਰਾਵਾਂ ਦੀ ਕਾਂਟ-ਛਾਂਟ ਕਰਨ ਦੀ ਬਜਾਇ (ਯੂ.ਐਨ.ਸੀ.ਏ.ਟੀ.) ਦੀ ਤਰਜ਼ 'ਤੇ ਵਿਆਪਕ ਤਸ਼ੱਦਦ ਵਿਰੋਧੀ ਕਾਨੂੰਨ ਬਣਾਉਣ ਦੀ ਲੋੜ ਆਪਣੇ ਆਪ ਉਜਾਗਰ ਹੋ ਰਹੀ ਹੈ।

ਇਸ ਵਿਚ ਤਸ਼ੱਦਦ ਨੂੰ ਵਿਸ਼ੇਸ਼ ਅਪਰਾਧ ਦੇ ਵਿਆਪਕ ਰੂਪ ਵਿਚ ਪਰਿਭਾਸ਼ਿਤ ਕਰਨਾ, ਪੁਲਿਸ ਅਧਿਕਾਰੀਆਂ ਸਣੇ ਦਾਗੀ ਸਰਕਾਰੀ ਅਫਸਰਾਂ ਤੇ ਮੁਲਾਜ਼ਮਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨਾ, ਹਿਰਾਸਤੀ ਤਸ਼ੱਦਦ ਖ਼ਿਲਾਫ਼ ਸ਼ਿਕਾਇਤਾਂ ਦਰਜ ਕਰਨ ਦੇ ਤੌਰ ਤਰੀਕੇ, ਸੁਤੰਤਰ ਤੇ ਸਾਫ਼ ਸੁਥਰੀ ਤਫ਼ਤੀਸ਼ ਯਕੀਨੀ ਬਣਾਉਣਾ, ਸਬੂਤ ਪੇਸ਼ ਕਰਨ ਦੀ ਜ਼ਿੰਮੇਵਾਰੀ ਦਾ ਸਵਾਲ, ਹਿਰਾਸਤੀ ਤਸ਼ੱਦਦ ਦੇ ਪੀੜਤਾਂ ਤੇ ਗਵਾਹਾਂ ਦੇ ਅੰਤਰਿਮ ਮੁਆਵਜ਼ੇ ਤੇ ਮੁੜ-ਵਸੇਬੇ ਦੀ ਵਿਵਸਥਾ, ਪੀੜਤਾਂ ਨੂੰ ਦਿੱਤੇ ਜਾਣ ਵਾਲੇ ਮੁਆਵਜ਼ੇ ਦਾ ਫ਼ੈਸਲਾ ਕਰਨਾ, ਅਜਿਹੇ ਮੁਕੱਦਮਿਆਂ ਤੇ ਉਨ੍ਹਾਂ ਦੇ ਨਿਬੇੜੇ ਦੇ ਸਬੰਧ ਵਿਚ ਆਉਣ ਵਾਲੀਆਂ ਸ਼ਿਕਾਇਤਾਂ ਨਜਿੱਠਣ ਦਾ ਪ੍ਰਬੰਧ ਕਰਨਾ, ਪੀੜਤਾਂ, ਗਵਾਹਾਂ ਤੇ ਸ਼ਿਕਾਇਤਕਰਤਾਵਾਂ ਦੀ ਸੁਰੱਖਿਆ; ਪੁਲਿਸ ਅਧਿਕਾਰੀਆਂ ਤੇ ਸਰਕਾਰੀ ਅਫਸਰਾਂ ਨੂੰ ਕਾਰਗਰ ਤੇ ਬਾਮੌਕਾ ਜਾਂਚ ਤੇ ਪੁੱਛ ਪੜਤਾਲ ਦੇ ਵਿਗਿਆਨਕ ਤੌਰ-ਤਰੀਕਿਆਂ ਦੀ ਵਰਤੋਂ ਲਈ ਸੁਚੇਤ ਅਤੇ ਉਤਸ਼ਾਹਿਤ ਕਰਨਾ ਆਉਂਦਾ ਹੈ। ਯੂਰੋਪੀਅਨ ਜੱਜਾਂ ਦੀ ਸਲਾਹਕਾਰ ਕੌਂਸਲ ਨੇ ਆਪਣੇ ਮਤਾ ਨੰਬਰ 18 (2015) ਵਿਚ ਨੀਤੀ ਦੇ ਔਜ਼ਾਰ ਦੇ ਰੂਪ ਵਿਚ ਕਾਨੂੰਨ ਬਣਾਉਣ ਦੀ ਲੋੜ ਦੀ ਪ੍ਰੋੜਤਾ ਕੀਤੀ ਸੀ। ਲੋੜੀਂਦੀ ਕਾਨੂੰਨਸਾਜ਼ੀ ਨਾਲ ਦੇਸ਼ ਦੀ ਸੰਵਿਧਾਨਵਾਦ ਅਤੇ ਲੋਕਰਾਜ ਪ੍ਰਤੀ ਵਚਨਬੱਧਤਾ ਤਾਂ ਹੋਰ ਪੱਕੀ ਹੋਵੇਗੀ ਸਗੋਂ ਇਸ ਨਾਲ ਕਾਨੂੰਨ ਤੋਂ ਭਗੌੜੇ ਹੋ ਕੇ ਵਿਦੇਸ਼ਾਂ ਵਿਚ ਬੈਠੇ ਦੇਸ਼ ਦੇ ਨਾਗਰਿਕਾਂ ਨੂੰ ਇਸ ਬਿਨਾਅ 'ਤੇ ਭਾਰਤ ਵਿਚ ਨਿਆਂ ਦਾ ਸਾਹਮਣਾ ਕਰਨ ਤੋਂ ਬਚਣ ਦੀ ਖੁੱਲ੍ਹ ਨਹੀਂ ਮਿਲ ਸਕੇਗੀ ਕਿ ਉਨ੍ਹਾਂ ਨੂੰ ਭਾਰਤ ਵਿਚ ਹਿਰਾਸਤ ਦੌਰਾਨ ਤਸ਼ੱਦਦ ਹੋਣ ਦਾ ਖ਼ਦਸ਼ਾ ਹੈ।

ਤਸ਼ੱਦਦ ਦਾ ਅਪਰਾਧ ਆਤਮਾ 'ਤੇ ਦਾਗ ਪਾ ਦਿੰਦਾ ਹੈ, ਸਰੀਰ ਦਾ ਸਤਿਆਨਾਸ ਕਰ ਦਿੰਦਾ ਹੈ, ਮਨੁੱਖੀ ਇੱਛਾ ਸ਼ਕਤੀ ਨੂੰ ਤੋੜ ਦਿੰਦਾ ਹੈ ਅਤੇ ਪੀੜਤ ਦਾ ਅਮਾਨਵੀਕਰਨ ਕਰਦਾ ਹੈ। ਜਿਵੇਂ ਲੇਖਕ ਮਾਰੀਆ ਪੋਪੋਵਾ ਨੇ ਲਿਖਿਆ ਹੈ, "ਇਹ (ਤਸ਼ੱਦਦ) ਆਪਣੇ ਪਿੱਛੇ ਦਮਘੋਟੂ ਜੇਲ੍ਹ ਵਿਚ ਬੰਦ ਪੀੜਤ ਛੱਡ ਜਾਂਦਾ ਹੈ ਜਿਸ ਵਿਚ ਉਸ ਦੀ ਜ਼ਮੀਰ ਦੀਆਂ ਕੰਧ ਪਾੜਵੀਆਂ ਚੀਕਾਂ ਸੁਣਾਈ ਦਿੰਦੀਆਂ ਹਨ... ਤੇ ਉਸ ਦੇ ਧੁਰ ਅੰਦਰ ਬੇਗਾਨਗੀ ਦਾ ਅਹਿਸਾਸ ਭਰ ਜਾਂਦਾ ਹੈ ਜੋ ਬਰਫ਼ ਨਾਲੋਂ ਯਖ਼ ਅਤੇ ਪੱਥਰਾਂ ਨਾਲੋਂ ਭਾਰੀ ਹੁੰਦਾ ਹੈ।" ਇਸ ਕਰ ਕੇ ਕਿਸੇ ਵੀ ਜਗ੍ਹਾ 'ਤੇ ਕਿਸੇ ਵੀ ਰੂਪ ਵਿਚ ਤਸ਼ੱਦਦ ਖ਼ਿਲਾਫ਼ ਸਮੂਹਿਕ ਅਹਿਦ ਦੇ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਬੇਰੁਖ਼ੀ, ਵਿਧਾਨਕ ਢਿੱਲ-ਮੱਠ ਅਤੇ ਨਿਆਂਇਕ ਅਸਾਵੇਂਪਣ ਲਈ ਕੋਈ ਗੁੰਜਾਇਸ਼ ਨਹੀਂ ਹੈ। ਤਸ਼ੱਦਦ ਵਿਰੋਧੀ ਕਾਨੂੰਨ ਭਾਰਤੀ ਕਾਰਜਪਾਲਿਕਾ, ਵਿਧਾਨਪਾਲਿਕਾ ਅਤੇ ਨਿਆਂਪਾਲਿਕਾ ਦੀ ਸਾਂਝੀ ਜ਼ਿੰਮੇਵਾਰੀ ਹੈ ਜਿਨ੍ਹਾਂ ਨੂੰ ਸੰਵਿਧਾਨਕ ਸ਼ਾਸਨ ਦੇ ਪਹਿਲੇ ਅਸੂਲ ਮੁਤਾਬਕ ਰਾਸ਼ਟਰੀ ਉਦੇਸ਼ਾਂ ਦੀ ਪੂਰਤੀ ਲਈ ਮਿਲ ਜੁਲ ਕੇ ਕੰਮ ਕਰਨ ਦਾ ਜ਼ਿੰਮਾ ਦਿੱਤਾ ਗਿਆ ਹੈ।

ਬਿਨਾਂ ਸ਼ੱਕ, ਸ਼ਾਨਾਮੱਤੇ ਸੰਵਿਧਾਨ ਦੇ ਆਦਰਸ਼ਾਂ ਤੋਂ ਪ੍ਰੇਰਿਤ ਕੋਈ ਰਾਸ਼ਟਰ ਆਪਣੀਆਂ ਏਜੰਸੀਆਂ ਦੀ ਹਿਰਾਸਤ ਵਿਚ ਤਸ਼ੱਦਦ ਦੁਆਰਾ ਵਿਅਕਤੀਗਤ ਮਾਣ-ਸਨਮਾਨ ਦੇ ਬੇਕਿਰਕ ਘਾਣ ਨੂੰ ਰੋਕਣ ਲਈ ਕਾਨੂੰਨੀ ਢਾਂਚੇ ਦੀ ਅਯੋਗਤਾ ਪ੍ਰਤੀ ਅਸੰਵੇਦਨਸ਼ੀਲ ਉਦਾਸੀਨਤਾ ਦਾ ਬੋਝ ਨਹੀਂ ਚੁੱਕ ਸਕਦਾ। ਆਲਮੀ ਖੇਤਰ ਵਿਚ ਭਾਰਤ ਦੀ ਪ੍ਰਮੁੱਖਤਾ ਇਸ ਦੇ ਉਸ ਲੋਕਰਾਜੀ ਭਵਨ ਦੀ ਸ਼ਕਤੀ ਟਿਕੀ ਹੋਵੇਗੀ ਜਿਸ ਨੂੰ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਅਤੇ ਰਾਜਕੀ ਸ਼ਕਤੀ ਦੀ ਜਵਾਬਦੇਹੀ ਤੋਂ ਪੋਸ਼ਣ ਮਿਲਦਾ ਹੈ। ਇਹੋ ਜਿਹੇ ਬਹੁਤ ਕਾਰਨਾਂ ਕਰ ਕੇ ਪ੍ਰਭਾਵਸ਼ਾਲੀ ਤਸ਼ੱਦਦ ਵਿਰੋਧੀ ਕਾਨੂੰਨ ਦਾ ਤਰਕ ਹਰ ਸੰਦੇਹ ਤੋਂ ਮੁਕਤ ਹੈ। ਸਵਾਲ ਹੈ: ਕੀ ਸੰਵਿਧਾਨਕ ਅਕੀਦੇ ਦੇ ਪਾਲਣਹਾਰ, ਗਣਰਾਜ ਦੀ ਜ਼ਮੀਰ ਦੀ ਤਸਦੀਕ ਕਰਨਗੇ? ਅਗਾਂਹ ਵਧਦੇ ਇਸ ਰਾਸ਼ਟਰ ਦੀ ਲਚਕ ਦੀ ਪਰਖ ਇਸ ਗੱਲ ਤੋਂ ਕੀਤੀ ਜਾਵੇਗੀ ਕਿ ਦੇਸ਼ ਦੀ ਕਿਸਮਤ ਨੂੰ ਰੇਖਾਂਕਿਤ ਕਰਨ ਅਤੇ ਇਸ ਦੇ ਲੋਕਤੰਤਰ ਨੂੰ ਸੁਰਜੀਤ ਕਰਨ ਦੇ ਜ਼ਿੰਮੇਵਾਰ ਲੋਕ ਆਪਣੇ ਫ਼ਰਜ਼ਾਂ 'ਤੇ ਪੂਰਾ ਉਤਰਦੇ ਹਨ ਕਿ ਨਹੀਂ।

# ਫਿਲਮਾਂ, ਗੀਤਾਂ ਦੀ ਸਰਗਮ ਅਤੇ ਦੇਸ਼ ਭਗਤੀ

ਮੇਰੀ ਜ਼ਿੰਦਗੀ ਦੀ ਪਹਿਲੀ ਫਿਲਮ ਸੀ 'ਹਕੀਕਤ'। ਚੇਤਨ ਆਨੰਦ ਦੀ ਇਹ ਫਿਲਮ ਸਾਡੇ ਸਕੂਲ ਦੇ ਗਰਾਊਂਡ ਵਿਚ ਆਰਜ਼ੀ ਸਕਰੀਨ ਉਤੇ ਦਿਖਾਈ ਗਈ ਸੀ। ਉਦੋਂ ਭਾਰਤ ਅਤੇ ਚੀਨ ਦੀ ਜੰਗ ਹੋ ਕੇ ਹਟੀ ਸੀ, ਇਸ ਲਈ ਇਸ ਫਿਲਮ ਦੇ ਨਿਰਮਾਤਾਵਾਂ ਨੇ ਇਸ ਨੂੰ ਆਪਣੇ ਚੇਤਨ ਨਜ਼ਰੀਏ ਨਾਲ ਹਕੀਕੀ ਜਾਮਾ ਪਹਿਨਾਉਣ ਦੀ ਖ਼ੂਬਸੂਰਤ ਕੋਸ਼ਿਸ਼ ਕੀਤੀ ਸੀ। ਹਕੀਕੀ ਤੌਰ 'ਤੇ ਇਸ ਜੰਗ ਵਿਚ ਚੀਨ ਭਾਰੂ ਰਿਹਾ ਸੀ ਪਰ ਇਸ ਦੇ ਬਾਵਜੂਦ ਸਾਡੇ ਫਿਲਮਸਾਜ਼ ਨੇ ਭਾਰਤੀ ਫ਼ੌਜ ਦੇ ਜਵਾਨਾਂ ਦੀ ਸ਼ਹੀਦੀ ਨੂੰ ਬਹੁਤ ਹੀ ਮਾਰਮਿਕ ਢੰਗ ਨਾਲ ਪੇਸ਼ ਕੀਤਾ ਸੀ।

**ਸੁਖਮਿੰਦਰ ਸੇਖੋਂ**
ਫੋਨ: +91-98145-07693

ਫ਼ੌਜ ਦੀਆਂ ਕਈ ਮਜਬੂਰੀਆਂ ਹੁੰਦੀਆਂ ਹਨ। ਫ਼ੌਜ ਨੂੰ ਦੇਸ਼ ਦੇ ਪ੍ਰਮੁੱਖ ਨੇਤਾਵਾਂ ਤੋਂ ਇਲਾਵਾ ਆਪਣੇ ਉੱਚ ਅਧਿਕਾਰੀਆਂ ਦੇ ਹੁਕਮ ਦੀ ਵੀ ਉਡੀਕ ਰਹਿੰਦੀ ਹੈ। ਅਦਾਕਾਰ ਬਲਰਾਜ ਸਾਹਨੀ ਆਪਣੇ ਉੱਚ ਅਫਸਰ ਜਯੰਤ ਦੇ ਹੁਕਮਾਂ ਦਾ ਇੰਤਜ਼ਾਰ ਕਰਦਾ ਹੈ ਪਰ ਉਸ ਨੂੰ ਉਪਰੋਂ ਹੁਕਮ ਨਹੀਂ ਮਿਲਦਾ। ਬਲਰਾਜ ਕਾਹਲਾ ਪੈਂਦਾ ਹੈ ਪਰ ਕਰ ਕੀ ਸਕਦਾ ਹੈ? ਖੈਰ, ਲੜਾਈ ਆਰੰਭ ਹੁੰਦੀ ਹੈ। ਮੁੱਖ ਪਾਤਰ ਧਰਮਿੰਦਰ ਅਤੇ ਉਸ ਦੇ ਸਾਥੀ ਫ਼ੌਜੀ ਬਹੁਤ ਬਹਾਦਰੀ ਨਾਲ ਲੜਦੇ ਹੋਏ ਅੰਤ ਸ਼ਹੀਦ ਹੋ ਜਾਂਦੇ ਹਨ। ਇਸ ਦੌਰਾਨ ਅਦਾਕਾਰਾ ਪ੍ਰੀਆ ਫ਼ੌਜੀਆਂ ਦੀ ਮਦਦ ਕਰਦਿਆਂ ਅਦਾਕਾਰ ਧਰਮਿੰਦਰ ਨਾਲ ਪ੍ਰੇਮ ਵੀ ਕਰਨ ਲੱਗਦੀ ਹੈ। ਫ਼ੌਜੀਆਂ ਦੀਆਂ ਮਜਬੂਰੀਆਂ, ਬੇਵਸੀਆਂ ਤੇ ਵਿਯੋਗਪੁਣੇ ਨੂੰ ਦਰਸਾਉਂਦਾ ਸਮੂਹਿਕ ਗੀਤ ਗੌਲਣਯੋਗ ਬਣਦਾ ਹੈ- 'ਹੋ ਕੇ ਮਜਬੂਰ ਮੁਝੇ ਉਸ ਨੇ ਬੁਲਾਇਆ ਹੋਗਾ।' ਇਸ ਫਿਲਮ ਦਾ ਅੰਤ ਕੈਫ਼ੀ ਆਜ਼ਮੀ ਦੇ ਬੋਲਾਂ ਤੇ ਮਦਨ ਮੋਹਨ ਦੇ ਸੰਗੀਤ ਨਾਲ ਸਜਿਆ ਤੇ ਮੁਹੰਮਦ ਰਫ਼ੀ ਦਾ ਗਾਇਆ ਅਮਰ ਗੀਤ ਤਾਂ ਦਰਸ਼ਕਾਂ ਦਾ ਜਿਥੇ ਲਹੂ ਖੌਲਣ ਲਾ ਦਿੰਦਾ ਹੈ ਉਥੇ ਜਜ਼ਬਾਤੀ ਵੀ ਕਰ ਦਿੰਦਾ ਹੈ।

ਚੇਤਨ ਆਨੰਦ ਦੀ ਹੀ ਇਕ ਹੋਰ ਫਿਲਮ 'ਹਿੰਦੁਸਤਾਨ ਕੀ ਕਸਮ' ਵੀ ਦੇਸ਼ ਭਗਤੀ ਨਾਲ ਹੀ ਸਬੰਧਤ ਸੀ। ਬੇਸ਼ੱਕ ਇਹ 'ਹਕੀਕਤ' ਫਿਲਮ ਜਿੰਨਾ ਨਾਮਣਾ ਤਾਂ ਨਾ ਖੱਟ ਸਕੀ ਪਰ ਰਾਜ ਕੁਮਾਰ ਵੱਲੋਂ ਬੋਲਿਆ ਇਸ ਦਾ ਇੱਕ ਸੰਵਾਦ ਹਾਲੇ ਵੀ ਦਰਸ਼ਕਾਂ ਦੇ ਕੰਨਾਂ ਵਿਚ ਗੂੰਜਦਾ ਹੈ- "ਜਵਾਬ ਦੇਨੇ ਆਊਂਗਾ, ਹਿੰਦੁਸਤਾਨ ਕੀ ਕਸਮ।"

ਜਦੋਂ ਦੇਸ਼ ਆਜ਼ਾਦ ਨਹੀਂ ਸੀ ਹੋਇਆ ਤੇ ਅਸੀਂ ਅੰਗਰੇਜ਼ਾਂ ਦੇ ਗ਼ੁਲਾਮ ਸਾਂ, ਉਦੋਂ ਵੀ ਟਾਵੀਆਂ ਟਾਵੀਆਂ ਦੇਸ਼ ਭਗਤੀ ਦੀਆਂ ਫਿਲਮਾਂ ਬਣਦੀਆਂ ਸਨ ਪਰ ਮੁਲਕ ਦੀ ਆਜ਼ਾਦੀ ਉਪਰੰਤ ਤਾਂ ਇਨ੍ਹਾਂ ਦਾ ਕਾਫ਼ੀ ਗਿਣਤੀ ਵਿਚ ਨਿਰਮਾਣ ਹੋਣ ਲੱਗਾ। ਸਾਡੇ ਦੇਸ਼ ਭਗਤਾਂ ਸੁਭਾਸ਼ ਚੰਦਰ ਬੋਸ, ਸਰਦਾਰ ਪਟੇਲ, ਮੰਗਲ ਪਾਂਡੇ, ਚੰਦਰ ਸ਼ੇਖਰ ਆਜ਼ਾਦ, ਊਧਮ ਸਿੰਘ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਆਦਿ 'ਤੇ ਅਨੇਕਾਂ ਫਿਲਮਾਂ ਬਣੀਆਂ। ਊਧਮ ਸਿੰਘ ਤੇ ਭਗਤ ਸਿੰਘ ਦੀਆਂ ਜੀਵਨੀਆਂ 'ਤੇ ਪੰਜਾਬੀ ਫਿਲਮਾਂ ਦਾ ਵੀ ਨਿਰਮਾਣ ਹੋਇਆ ਪਰ ਇਕੱਲੇ ਭਗਤ ਸਿੰਘ ਦੇ ਜੀਵਨ 'ਤੇ ਸਭ ਤੋਂ ਵੱਧ ਫਿਲਮਾਂ ਦਰਸ਼ਕਾਂ ਸਨਮੁੱਖ ਹੋਈਆਂ। ਇਨ੍ਹਾਂ ਵਿਚ ਦਿਲੀਪ ਕੁਮਾਰ, ਮਨੋਜ ਕੁਮਾਰ, ਅਜੇ ਦੇਵਗਨ, ਬਾਬੀ ਦਿਓਲ ਆਦਿ ਕਈ ਅਦਾਕਾਰਾਂ ਨੇ ਭਗਤ ਸਿੰਘ ਦੇ ਕਿਰਦਾਰ ਨੂੰ ਹਿੰਦੀ ਸਿਨਮਾ ਸਕਰੀਨ 'ਤੇ ਸਜੀਵ ਕੀਤਾ। ਇਨ੍ਹਾਂ ਫਿਲਮਾਂ ਦਾ ਗੀਤ ਸੰਗੀਤ ਵੀ ਮੰਨਣ ਤੇ ਮਾਣਨਯੋਗ ਸੀ।

ਮਨੋਜ ਕੁਮਾਰ ਦੀ ਫਿਲਮ 'ਸ਼ਹੀਦ' ਦੇ ਗੀਤ ਤਾਂ ਅੱਜ ਵੀ ਹਰ ਇੱਕ ਸਰੋਤੇ ਅੰਦਰ ਮੁੜ ਕੇ ਦੇਸ਼ ਭਗਤੀ ਦਾ ਜਜ਼ਬਾ ਭਰਨ ਵਿਚ ਸਫਲ ਹੋ ਜਾਂਦੇ ਹਨ; ਮਸਲਨ 'ਮੇਰਾ ਰੰਗ ਦੇ ਬਸੰਤੀ ਚੋਲਾ ਨੀ ਮਾਏ ਰੰਗ ਦੇ ਬਸੰਤੀ ਚੋਲਾ' ਜਾਂ ਫਿਰ 'ਐ ਵਤਨ ਐ ਵਤਨ ਹਮਕੋ ਤੇਰੀ ਕਸਮ ਤੇਰੇ ਕਦਮੋਂ ਮੇ ਜਾਂ ਤੱਕ ਲੁਟਾ ਜਾਏਂਗੇ' ਅਤੇ 'ਫੂਲ ਕਯਾ ਚੀਜ਼ ਹੈ ਭੇਟ ਅਪਨੇ ਸਰੋਂ ਕੀ ਚੜ੍ਹਾ ਜਾਏਂਗੇ।' ਰਾਮਾ ਨੰਦ ਸਾਗਰ ਦੀ ਫਿਲਮ 'ਆਂਖੇ' ਤੇ 'ਲਲਕਾਰ' ਵੀ ਚਾਹੇ ਦਰਸ਼ਕਾਂ ਅੰਦਰ ਦੇਸ਼ ਭਗਤੀ ਜਗਾਉਣ ਦਾ ਜ਼ਰੀਆ ਬਣਦੀਆਂ ਹਨ ਪਰ ਇਨ੍ਹਾਂ ਫਿਲਮਾਂ ਜਾਂ ਅਜਿਹੀਆਂ ਹੀ ਹੋਰ ਬਹੁਤ ਸਾਰੀਆਂ ਫਿਲਮਾਂ ਜਿਵੇਂ 'ਕਰਮਾ', 'ਤਹਿਲਕਾ' ਆਦਿ ਵਿਚ ਪਤਾ ਹੀ ਨਹੀਂ ਲਗਦਾ ਕਿ ਇਹ ਕਿਸ ਮੁਲਕ ਜਾਂ ਦੇਸ਼ ਵਿਰੁੱਧ ਲੜਾਈ ਦੀ ਗੱਲ ਕਰਦੀਆਂ ਹਨ। ਹਾਂ, ਇਸ ਤਰ੍ਹਾਂ ਦੀਆਂ ਫਿਲਮਾਂ ਵਿਚੋਂ ਦੇਸ਼ ਦੇ ਗੱਦਾਰਾਂ ਤੇ ਮੁਲਕ ਨੂੰ ਵੇਚਣ ਜਾਂ ਨਿਲਾਮ ਕਰਨ ਵਾਲੇ ਸਮੱਗਲਰ ਕਿਸਮ ਦੇ ਅਨਸਰਾਂ ਦੀ ਪਛਾਣ ਜ਼ਰੂਰ ਹੁੰਦੀ ਹੈ ਅਤੇ ਕਿਤੇ-ਕਿਤੇ ਇਨ੍ਹਾਂ ਦੇ ਕਿਸੇ ਗੀਤ ਜਾਂ ਦ੍ਰਿਸ਼ ਵਿਚੋਂ ਵੀ ਦੇਸ਼ ਭਗਤੀ ਦੇ ਅੰਸ਼ ਦੇਖੇ ਜਾ ਸਕਦੇ ਹਨ।



ਫਿਲਮ 'ਰੰਗ ਦੇ ਬਸੰਤੀ ਦੀ ਝਲਕ।

ਰਾਮਾ ਨੰਦ ਸਾਗਰ ਦੀ 'ਲਲਕਾਰ' ਤਾਂ ਕੋਈ ਖ਼ਾਸ ਨਹੀਂ ਚੱਲ ਸਕੀ ਪਰ 'ਆਂਖੇ' ਨੇ ਜ਼ਰੂਰ ਫਿਲਮ ਜਗਤ ਵਿਚ ਤਹਿਲਕਾ ਮਚਾ ਦਿੱਤਾ ਸੀ। ਧਰਮਿੰਦਰ, ਮਾਲਾ ਸਿਨਹਾ, ਕੁਮਕੁਮ, ਜੀਵਨ, ਮਹਿਮੂਦ ਆਦਿ ਅਦਾਕਾਰਾਂ ਦੀ ਇਸ ਫਿਲਮ ਵਿਚ ਸਾਹਿਰ ਵੱਲੋਂ ਰਚਿਤ ਗੀਤ ਸੱਚਮੁੱਚ ਹੀ ਜਿੱਥੇ ਦਰਸ਼ਕਾਂ ਨੂੰ ਦੇਸ਼ ਭਗਤੀ ਵਿਚ ਵਹਾਅ ਕੇ ਲੈ ਜਾਂਦਾ ਹੈ ਉੱਥੇ ਇਸ ਫਿਲਮ ਦੇ ਟਾਇਟਲ ਨਾਲ ਵੀ ਨਿਆਂ ਕਰਦਾ ਪ੍ਰਤੀਤ ਹੁੰਦਾ ਹੈ- 'ਉਸ ਮੁਲਕ ਕੀ ਸਰਹੱਦ ਕੋ ਕੋਈ ਛੂਹ ਨਹੀਂ ਸਕਤਾ, ਜਿਸ ਮੁਲਕ ਕੀ ਸਰਹੱਦ ਕੀ ਨਿਗੇਬਾਨ ਹੈਂ ਆਂਖੇ।' ਫਿਲਮ 'ਫੂਲ ਬਨੇ ਅੰਗਾਰੇ', 'ਹਮ ਦੋਨੋਂ', 'ਸਾਤ ਹਿੰਦੁਸਤਾਨੀ', 'ਦੇਸ਼ ਪ੍ਰੇਮੀ', 'ਲੀਡਰ', 'ਕ੍ਰਾਂਤੀ', 'ਹਮ ਏਕ ਹੈਂ', 'ਪੁਕਾਰ' ਆਦਿ ਫਿਲਮਾਂ ਵਿਚ ਵੀ ਦੇਸ਼ ਭਗਤੀ ਦੇ ਝਲਕਾਰੇ ਦੇਖੇ ਜਾ ਸਕਦੇ ਹਨ। ਪੋਰਸ, ਲਕਸ਼ਮੀ ਬਾਈ, ਟੀਪੂ ਸੁਲਤਾਨ ਆਦਿ ਯੋਧਿਆਂ ਦੀਆਂ ਫਿਲਮਾਂ ਨੂੰ ਵੀ ਦੇਸ਼ ਭਗਤੀ ਦੀ ਸ਼੍ਰੇਣੀ ਵਿਚ ਹੀ ਰੱਖਿਆ ਜਾ ਸਕਦਾ ਹੈ। ਮਨੋਜ ਕੁਮਾਰ ਨਿਰਮਾਣਤ ਫਿਲਮਾਂ ਵਿਚ ਹੀਰੋ ਮਨੋਜ ਕੁਮਾਰ ਦਾ ਆਮ ਕਰਕੇ ਨਾਂ ਭਰਤ ਹੀ ਹੁੰਦਾ ਸੀ। ਉਂਜ ਵੀ ਉਸ ਦੀਆਂ ਬਹੁਤੀਆਂ ਫਿਲਮਾਂ ਵਿਚੋਂ ਦੇਸ਼ ਭਗਤੀ ਦੀ ਰੰਗਤ ਮਿਲਦੀ ਹੈ।

ਫਿਲਮ 'ਕ੍ਰਾਂਤੀ' ਵਿਚ ਦਿਲੀਪ ਕੁਮਾਰ, ਖ਼ੁਦ ਮਨੋਜ ਤੇ ਸ਼ਤਰੂਘਨ ਸਿਨਹਾ ਨੂੰ ਅੰਗਰੇਜ਼ਾਂ ਵਿਰੁੱਧ ਲੜਦਾ ਦਿਖਾਇਆ ਗਿਆ ਹੈ। ਸ਼ਸ਼ੀ ਕਪੂਰ ਦਾ ਕਿਰਦਾਰ ਵਿਰੋਧੀ ਸੀ ਪਰ ਇਸ ਫਿਲਮ ਨੂੰ ਦੇਖ ਕੇ 'ਕ੍ਰਾਂਤੀ' ਦੇ ਅਰਥਾਂ ਨੂੰ ਮੁੜ ਵਿਚਾਰਨ ਦੀ ਲੋੜ ਪੈਂਦੀ ਮਹਿਸੂਸ ਹੁੰਦੀ ਹੈ। ਹਾਂ, ਇਸੇ ਫਿਲਮਸਾਜ਼ ਦੀ ਇੱਕ ਹੋਰ ਫਿਲਮ 'ਪੂਰਬ ਔਰ ਪਸ਼ਚਿਮ' ਬੇਸ਼ੱਕ ਕਿਸੇ ਹੋਰ ਕਾਰਨਾਂ ਕਰ ਕੇ ਚਰਚਿਤ ਰਹੀ ਪਰ ਇਸ ਫਿਲਮ ਵਿਚ ਵੀ ਦੇਸ਼ ਭਗਤੀ ਵੇਖਣ ਨੂੰ ਮਿਲਦੀ ਹੈ। ਇਸ ਫਿਲਮ ਦਾ ਇੱਕ ਗੀਤ ਤਾਂ ਵਾਕਿਆ ਹੀ ਇਸ ਦਿਸ਼ਾ ਵੱਲ ਵਧੀਆ ਕਦਮ ਸਾਬਤ ਹੋਇਆ ਹੈ- 'ਹੈ ਪ੍ਰੀਤ ਜਹਾਂ ਕੀ ਰੀਤ ਸਦਾ, ਮੈਂ ਗੀਤ ਵਹਾਂ ਕੇ ਗਾਤਾ ਹੂੰ, ਭਾਰਤ ਕਾ ਰਹਿਨੇ ਵਾਲਾ ਹੂੰ, ਭਾਰਤ ਕੀ ਬਾਤ ਸੁਨਾਤਾ ਹੂੰ।'

ਹੋਰਨਾਂ ਫਿਲਮਾਂ ਤੋਂ ਇਲਾਵਾ ਆਮਿਰ ਖਾਨ ਦੀ 'ਮੰਗਲ ਪਾਂਡੇ' ਵੀ ਇਤਿਹਾਸਕ ਤਜਰਬਾ ਸੀ ਪਰ ਓਮ ਮਹਿਰਾ ਦੀ 'ਰੰਗ ਦੇ ਬਸੰਤੀ' ਨੂੰ ਦੇਸ਼ ਭਗਤੀ ਦੇ ਨਵੇਂ ਪ੍ਰਸੰਗ ਵਿਚ ਪੇਸ਼ ਕੀਤਾ ਗਿਆ। ਇਸ ਫਿਲਮ ਦਾ ਪਹਿਲਾ ਅੱਧ ਤਾਂ ਬੇਸ਼ੱਕ ਆਮ ਦਰਸ਼ਕਾਂ ਨੂੰ ਖੱਪਖਾਨਾ ਹੀ ਲੱਗਿਆ ਹੋਵੇਗਾ ਪਰ ਇੰਟਰਵਲ ਤੋਂ ਬਾਅਦ ਇਹ ਫਿਲਮ ਜਿਸ ਤਰ੍ਹਾਂ ਦਾ ਮੋੜ ਕੱਟਦੀ ਹੈ, ਉੱਥੇ ਨੇਤਾਵਾਂ ਤੇ ਨੌਕਰਸ਼ਾਹੀ ਦੀ ਅਖੌਤੀ ਦੇਸ਼ ਭਗਤੀ ਦਾ ਪਰਦਾਫਾਸ਼ ਕਰ ਜਾਂਦੀ ਹੈ। ਸੁਨੀਲ ਦੱਤ ਪ੍ਰੋਡਕਸ਼ਨ 'ਮੁਝੇ ਜੀਨੇ ਦੋ' ਬੇਸ਼ੱਕ ਦੇਸ਼ ਭਗਤੀ ਨਾਲ ਵਾਬਸਤਾ ਨਹੀਂ ਸੀ ਪਰ ਇਸ ਫਿਲਮ ਦਾ ਇੱਕ ਗੀਤ ਜੋ ਮੁਹੰਮਦ ਰਫ਼ੀ ਨੇ ਗਾਇਆ ਉਹ ਭਾਰਤ ਦੀ ਆਜ਼ਾਦ ਫਿਜ਼ਾ ਵਿਚ ਗੂੰਜ ਉੱਠਦਾ ਹੈ- 'ਅਬ ਕੋਈ ਗੁਲਸ਼ਨ ਨਾ ਉਜੜੇ ਅਬ ਵਤਨ ਆਜ਼ਾਦ ਹੈ।' ਇਵੇਂ ਹੀ ਵਿਭਿੰਨ ਫਿਲਮਾਂ ਦੇ ਗੀਤ ਵੀ ਵੇਖਣ ਯੋਗ ਹਨ- 'ਵਤਨ ਪੇ ਜੋ ਫਿਦਾ ਹੋਗਾ ਅਮਰ ਵੋ ਨੌਂ ਜਵਾਂ ਹੋਗਾ' ਜਾਂ ਫਿਰ 'ਕਿਸੀ ਹਿੰਦੂ ਕੀ ਨਹੀਂ ਹੈ ਕਿਸੀ ਮੁਸਲਿਮ ਕੀ ਨਹੀਂ ਹੈ ਹਿੰਦ ਜਿਸਕਾ ਨਾਮ ਸ਼ਹੀਦੋਂ ਕੀ ਜ਼ਮੀਂ ਹੈ।' ਜੇ.ਪੀ. ਦੱਤਾ ਦੀਆਂ ਫਿਲਮਾਂ ਵਿਸ਼ੇਸ਼ ਤੌਰ 'ਤੇ 'ਬਾਰਡਰ' ਵੀ ਦਰਸ਼ਕਾਂ ਵੱਲੋਂ ਪਸੰਦ ਕੀਤੀ ਗਈ।

ਦੇਸ਼ ਭਗਤੀ ਦੀਆਂ ਫਿਲਮਾਂ ਦੀ ਕਤਾਰ ਵਿਚ ਜੇਕਰ ਸਾਰਿਆਂ ਤੋਂ ਉੱਪਰ ਰੱਖਣਾ ਹੋਵੇ ਤਾਂ ਉਸ ਫਿਲਮ ਦਾ ਨਾਂ 'ਗਾਂਧੀ' ਹੀ ਹੋਵੇਗਾ। ਵਿਦੇਸ਼ੀ ਤੇ ਭਾਰਤੀ ਫਿਲਮਸਾਜ਼, ਨਿਰਦੇਸ਼ਕ ਤੇ ਅਦਾਕਾਰਾਂ ਨਾਲ ਸੰਜੋਈ ਇਸ ਫਿਲਮ ਨੂੰ ਸਿਰਫ਼ ਦੇਸ਼ ਭਗਤੀ ਦੀ ਮਸ਼ਾਲ ਜਗਾਉਂਦੀ ਫਿਲਮ ਹੀ ਨਹੀਂ ਕਿਹਾ ਜਾ ਸਕਦਾ ਹੈ ਬਲਕਿ ਹਰ ਇੱਕ ਫਿਲਮ ਪ੍ਰੇਮੀ ਤੇ ਭਾਰਤੀ ਨਾਗਰਿਕ ਕੋਲ ਇਸ ਨੂੰ ਇੱਕ ਮਾਡਲ ਦੇ ਤੌਰ 'ਤੇ ਵੀ ਰੱਖਿਆ ਜਾ ਸਕਦਾ ਹੈ। ਬੇਸ਼ੱਕ ਭਗਤ ਸਿੰਘ 'ਤੇ ਬਣੀਆਂ ਕਾਫ਼ੀ ਫਿਲਮਾਂ ਵਿਚੋਂ ਦੋ ਇੱਕ ਫਿਲਮਾਂ ਵੀ ਉੱਤਮ ਦਰਜੇ ਦੀਆਂ ਸਨ ਪਰ 'ਗਾਂਧੀ' ਫਿਲਮ ਨੂੰ ਮਾਅਰਕੇ ਦੀ ਦੱਸਣ ਵਿਚ ਕਿਸੇ ਨੂੰ ਕੋਈ ਗੁਰੇਜ਼ ਜਾਂ ਇਤਰਾਜ਼ ਨਹੀਂ ਹੋਵੇਗਾ। ਮਹਾਤਮਾ ਗਾਂਧੀ ਤੇ ਹੋਰਨਾਂ ਇਤਿਹਾਸਕ ਪਾਤਰਾਂ ਨੂੰ ਕਿਵੇਂ ਜੀਵਿਆ ਗਿਆ, ਉਹ ਆਪਣੇ ਆਪ ਵਿਚ ਮਿਸਾਲ ਸੀ। ਇਸ ਦਾ ਨਿਰਦੇਸ਼ਨ, ਬਿਰਤਾਂਤ ਤੇ ਤਕਨੀਕੀ ਪੱਖ ਤਾਂ ਉਸ ਤੋਂ ਵੀ ਉੱਤਮ ਸੀ।

ਜੇਕਰ ਅੱਜ ਵੀ ਕਲਾਤਮਕ, ਸੰਦੇਸ਼ਾਤਮਕ ਫਿਲਮਾਂ ਦਾ ਨਿਰਮਾਣ ਹੁੰਦਾ ਰਹੇ ਤਾਂ ਸ਼ਾਇਦ ਨੇਤਾ ਤੇ ਅਫਸਰਸ਼ਾਹੀ ਵੀ ਕੁੱਝ ਸੇਧ ਲੈ ਸਕੇ। ਸਾਰ ਤੱਤ 'ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ' ਇਹ ਸਾਰਾ ਕੁੱਝ ਤਦੇ ਸੰਭਵ ਹੋਵੇਗਾ ਜੇਕਰ ਅਸੀਂ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਤੋਂ ਮੁਕਤ ਕਰ ਲਿਆ ਅਤੇ ਆਪਣੇ ਦੇਸ਼ ਭਗਤੀ ਦੇ ਜਜ਼ਬੇ ਨੂੰ ਪ੍ਰਚੰਡ ਕਰਨ ਦੀ ਸਹੁੰ ਖਾ ਲਵਾਂਗੇ। ਅੱਜ ਸਾਡੇ ਫਿਲਮਸਾਜ਼ਾਂ ਤੇ ਕਲਾਕਾਰਾਂ ਨੂੰ ਦੇਸ਼ ਭਗਤੀ ਨਾਲ ਲਬਰੇਜ਼ ਗੀਤ ਸੰਗੀਤ ਤੇ ਫਿਲਮਾਂ ਬਣਾਉਣ ਦੀ ਬਹੁਤ ਜ਼ਰੂਰਤ ਹੈ।

# ਅਦਾਕਾਰਾ ਰਸਿਕਾ ਦੁੱਗਲ ਦਾ ਸਬਰ ਤੇ ਸੰਜਮ

ਅਦਾਕਾਰੀ ਦੇ ਖੇਤਰ ਵਿਚ ਰਸਿਕਾ ਦੁੱਗਲ ਆਪਣੀ ਮਿਸਾਲ ਆਪ ਹੈ। ਫਿਲਮਾਂ ਦੀ ਚੋਣ ਦੇ ਮਾਮਲੇ 'ਤੇ ਉਸ ਨੇ ਕਦੀ ਕਾਹਲ ਨਹੀਂ ਕੀਤੀ। ਉਸ ਨੇ ਸਦਾ ਹੀ ਸਬਰ ਅਤੇ ਸੰਜਮ ਦਾ ਪੱਲਾ ਘੁੱਟ ਕੇ ਫੜੀ ਰੱਖਿਆ ਹੈ। ਇਸੇ ਕਰ ਕੇ ਅੱਜ ਉਸ ਦੀ ਗਿਣਤੀ ਅਜਿਹੀਆਂ ਅਦਾਕਾਰਾਵਾਂ ਵਿਚ ਹੁੰਦੀ ਹੈ ਜਿਨ੍ਹਾਂ ਨੇ ਫਿਲਮਾਂ ਵਿਚ ਬਹੁਤ ਸਾਰਥਕ, ਸੰਜੀਦਾ ਅਤੇ ਸੁਨਹਿਰੇ ਵਾਲੇ ਕਿਰਦਾਰ ਨਿਭਾਏ ਹਨ। ਉਸ ਦਾ ਆਖਣਾ ਹੈ ਕਿ ਅਦਾਕਾਰੀ ਉਸ ਲਈ ਸਾਹ ਲੈਣ ਵਾਂਗ ਹੈ। ਉਹ ਇਹ ਸਾਹ ਬਹੁਤ ਸਹਿਜ ਅਤੇ ਸੰਤੋਖ ਨਾਲ ਲੈਂਦੀ ਹੈ। ਸ਼ਾਇਦ ਇਸੇ ਪਹੁੰਚ ਕਰ ਕੇ ਉਹ ਫਿਲਮਾਂ ਦੀ ਅੰਨ੍ਹੀ ਦੌੜ ਵਿਚ ਕਦੀ ਸ਼ਾਮਿਲ ਨਹੀਂ ਹੋਈ ਸਗੋਂ ਉਹ ਸਦਾ ਮੜਕ ਨਾਲ ਤੁਰਦੀ ਰਹੀ ਹੈ। 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ' ਮੁਹਾਵਰਾ ਉਸ ਦੀ ਸ਼ਖ਼ਸੀਅਤ ਨੂੰ ਬਾਖ਼ੂਬੀ ਉਭਾਰਦਾ ਹੈ।

**ਆਮਨਾ ਕੌਰ**

ਇਹ ਨਹੀਂ ਕਿ ਰਸਿਕਾ ਦੁੱਗਲ ਹਾਸੇ-ਠੱਠੇ ਵਾਲੇ ਕਿਰਦਾਰ ਨਿਭਾਉਣ ਲਈ ਰਾਜ਼ੀ ਨਹੀਂ, ਉਸ ਨੇ ਅਜਿਹੇ ਕਿਰਦਾਰਾਂ ਵਿਚ ਵੀ ਉਸੇ ਜੀਅ-ਜਾਨ ਨਾਲ ਕੰਮ ਕੀਤਾ ਹੈ। ਜ਼ੀ-5 ਵਾਲਾ ਲੜੀਵਾਰ 'ਹਿਊਮਰਸਲੀ ਯੂਅਰਸ' ਇਸ ਦੀ ਉਮਦਾ ਮਿਸਾਲ ਹੈ। ਇਸ ਲੜੀਵਾਰ ਵਿਚ ਉਹ ਅਦਾਕਾਰ ਵਿਪੁਲ ਗੋਇਲ ਨਾਲ ਦਿਖਾਈ ਦਿੱਤੀ ਹੈ। ਇਸ ਕਿਰਦਾਰ ਨੂੰ ਨਿਭਾਉਣ ਦੇ ਤਜਰਬੇ ਬਾਰੇ ਪੁੱਛਣ 'ਤੇ ਉਹ ਆਖਦੀ ਹੈ, "ਇਹ ਤਾਜ਼ੀ ਹਵਾ ਦੇ ਬੁੱਲੇ ਵਾਂਗ ਹੈ ਜੋ ਤੁਹਾਡੀਆਂ ਨਾੜਾਂ ਅੰਦਰ ਤਾਜ਼ਗੀ ਧੂੜ ਦਿੰਦਾ ਹੈ।"



ਅਦਾਕਾਰਾ ਰਸਿਕਾ ਦੁੱਗਲ ਦੀਆਂ ਦੋ ਤਸਵੀਰਾਂ।

ਰਸਿਕਾ ਦੁੱਗਲ ਨੇ ਫਿਲਮਾਂ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਫਿਲਮ 'ਅਨਵਰ' (2007) ਵਿਚ ਛੋਟੇ ਜਿਹੇ ਰੋਲ ਨਾਲ ਕੀਤੀ ਸੀ। 2007 ਵਿਚ ਹੀ ਉਸ ਦੀ ਇਕ ਹੋਰ ਫਿਲਮ 'ਨੋ ਸਮੋਕਿੰਗ' ਰਿਲੀਜ਼ ਹੋਈ। ਇਸ ਨਾਲ ਉਸ ਦੀ ਗੁੱਡੀ ਚੜ੍ਹ ਗਈ। ਇਸ ਫਿਲਮ ਵਿਚ ਉਸ ਦੀ ਅਦਾਕਾਰੀ ਦੀ ਬਹੁਤ ਤਾਰੀਫ ਹੋਈ। ਇਸ ਤੋਂ ਬਾਅਦ ਦੀਆਂ ਕਈ ਫਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ ਵਿਚ 'ਹਾਈਜੈਕ', 'ਅਗਿਆਤ', 'ਬੈਂਕਸ ਮਾਂ', 'ਔਰੰਗਜ਼ੇਬ' ਆਦਿ ਸ਼ਾਮਿਲ ਹਨ ਪਰ 2015 ਵਿਚ ਰਿਲੀਜ਼ ਹੋਈ ਫਿਲਮ 'ਕਿੱਸਾ' ਨੇ ਉਸ ਦੀਆਂ ਧੁੰਮਾਂ ਪੁਆ ਦਿੱਤੀਆਂ। ਇਸ ਫਿਲਮ ਵਿਚ ਇਰਫਾਨ ਖਾਨ, ਤਿਲੋਤਮਾ ਸ਼ੋਮੇ ਅਤੇ ਟਿਸਕਾ ਚੋਪੜਾ ਉਸ ਦੇ ਸਾਥੀ ਕਲਾਕਾਰ ਸਨ। ਨੰਦਿਤਾ ਦਾਸ ਦੀ ਫਿਲਮ 'ਮੰਟੋ' ਵਿਚ ਉਸ ਨੇ ਯਾਦਗਾਰੀ ਰੋਲ ਨਿਭਾਇਆ। ਸਾਲ 2018 ਵਿਚ ਆਈ ਇਸ ਫਿਲਮ ਵਿਚ ਉਸ ਨੇ ਪ੍ਰਸਿੱਧ ਅਫਸਾਨਾ ਨਿਗਾਰ ਸਆਦਤ ਹਸਨ ਮੰਟੋ ਦੀ ਪਤਨੀ ਦਾ ਕਿਰਦਾਰ ਨਿਭਾਇਆ ਸੀ।

'ਮਿਰਜ਼ਾਪੁਰ', 'ਮੇਡ ਇਨ ਹੈਵਨ', 'ਦਿੱਲੀ ਕ੍ਰਾਈਮ', 'ਆਊਟ ਆਫ ਲਵ', 'ਏ ਸੂਟੇਬਲ ਬੁਆਏ', 'ਓਕੇ ਕੰਪਿਊਟਰ' ਵਰਗੀਆਂ ਵੈੱਬ ਸੀਰੀਜ਼ ਵਿਚ ਵੀ ਉਹਨੇ ਆਪਣੀ ਕਲਾ ਦੇ ਜੌਹਰ ਦਿਖਾਏ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020